ਐਤਵਾਰ, 19 ਨਵੰਬਰ, 2023
4 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 169

# ਨਵਾਂ ਜ਼ਮਾਨਾ

DAILY NAWAN ZAMANA • SUNDAY, 19 NOVEMBER, 2023 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ 8+6 : 14


## ਕ੍ਰਿਕਟ ਵਰਲਡ ਕੱਪ ਦਾ ਫਾਈਨਲ ਅੱਜ

**ਨਵੀਂ ਦਿੱਲੀ :** ਅਹਿਮਦਾਬਾਦ 'ਚ ਐਤਵਾਰ ਦੁਪਹਿਰ 2 ਵਜੇ ਭਾਰਤ-ਆਸਟ੍ਰੇਲੀਆ ਵਰਲਡ ਕੱਪ ਦਾ ਫਾਈਨਲ ਮੈਚ ਖੇਡਿਆ ਜਾਵੇਗਾ। ਮੈਚ ਦੇਖਣ ਲਈ ਦੇਸ਼, ਦੁਨੀਆ ਤੋਂ ਫੈਨਜ਼ ਜਹਾਜ਼ਾਂ ਰਾਹੀਂ ਪਹੁੰਚ ਰਹੇ ਹਨ, ਹੋਟਲਾਂ ਦੀ ਬੁਕਿੰਗ ਲਈ ਲੋਕ ਟੁੱਟ ਪਏ। ਅਹਿਮਦਾਬਾਦ ਅਤੇ ਕਰੀਬੀ ਸ਼ਹਿਰਾਂ ਦੇ ਫਾਈਵ, ਥ੍ਰੀ ਸਟਾਰ ਅਤੇ ਹੋਰ ਹੋਟਲਾਂ ਦੇ ਕਮਰਿਆਂ ਦੀ ਡਿਮਾਂਡ ਅਸਮਾਨ 'ਤੇ ਪਹੁੰਚ ਗਈ ਹੈ। ਲੋਕਾਂ 'ਚ ਕ੍ਰੇਜ਼ ਏਨਾ ਜ਼ਬਰਦਸਤ ਹੈ ਕਿ ਐਤਵਾਰ ਰਾਤ ਲਈ ਟਾਪ 5 ਸਟਾਰ ਹੋਟਲ ਦਾ ਕਿਰਾਇਆ 10-11 ਹਜ਼ਾਰ ਦੇ ਬਜਾਏ 3 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਪ੍ਰਯਾਗਰਾਜ, ਮੁੰਬਈ, ਅਹਿਮਦਾਬਾਦ 'ਚ ਭਾਰਤ ਦੀ ਜਿੱਤ ਲਈ ਪ੍ਰਾਰਥਨਾਵਾਂ ਹੋ ਰਹੀਆਂ ਹਨ। ਰੇਲਵੇ ਨੇ ਦਿੱਲੀ ਅਤੇ ਮੁੰਬਈ ਤੋਂ ਅਹਿਮਦਾਬਾਦ ਤੱਕ ਲਈ ਸਪੈਸ਼ਲ ਰੇਲ ਗੱਡੀਆਂ ਚਲਾਈਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਆਸਟ੍ਰੇਲੀਆ ਦੇ ਉਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਰਿਚਰਡ ਮਾਰਲੇਸ ਵੀ ਸ਼ਾਮਲ ਹੋਣਗੇ।

## ਮਾਨ ਦੇ ਓ ਐੱਸ ਡੀ ਮਨਜੀਤ ਸਿੱਧੂ ਵੱਲੋਂ ਅਸਤੀਫਾ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐੱਸ ਡੀ ਮਨਜੀਤ ਸਿੰਘ ਸਿੱਧੂ ਨੇ ਅਸਤੀਫਾ ਦੇ ਦਿੱਤਾ ਹੈ। ਮੁੱਖ ਮੰਤਰੀ ਸਕੱਤਰੇਤ ਦੇ ਸੂਤਰਾਂ ਮੁਤਾਬਕ ਉਨ੍ਹਾ ਦਾ ਅਸਤੀਫਾ ਸ਼ੁੱਕਰਵਾਰ ਰਾਤ ਨੂੰ ਮਿਲਿਆ ਅਤੇ ਸਵੀਕਾਰ ਕਰ ਲਿਆ ਗਿਆ। ਉਨ੍ਹਾ ਸਿਹਤ ਸਮੱਸਿਆਵਾਂ ਦਾ ਹਵਾਲਾ ਦਿੰਦੇ ਹੋਏ ਅਸਤੀਫਾ ਦਿੱਤਾ ਹੈ। ਉਹ ਮੁੱਖ ਮੰਤਰੀ ਭਗਵੰਤ ਮਾਨ ਦੇ ਨਜ਼ਦੀਕੀ ਦੋਸਤਾਂ 'ਚੋਂ ਸਨ। ਹਾਲਾਂਕਿ ਉਨ੍ਹਾ ਦੀ ਨਿਯੁਕਤੀ 'ਚ ਕਾਫੀ ਦੇਰੀ ਹੋਈ ਸੀ ਅਤੇ ਉਨ੍ਹਾ ਨੂੰ ਇਸ ਸਾਲ ਜਨਵਰੀ 'ਚ ਹੀ ਓ ਐੱਸ ਡੀ ਲਾਇਆ ਗਿਆ ਸੀ।

## ਰਾਸ਼ਿਦ ਉਰਫ਼ ਗੇਡਾ ਦਾ ਐਨਕਾਊਂਟਰ

**ਝਾਂਸੀ :** ਐੱਸ ਟੀ ਐੱਫ਼ ਦੀ ਟੀਮ ਨੇ ਸਵਾ ਲੱਖ ਰੁਪਏ ਦੇ ਇਨਾਮੀ ਅਤੇ ਪਿੰਟੂ ਸੇਂਗਰ ਹੱਤਿਆ ਕਾਂਡ ਦੇ ਦੋਸ਼ੀ ਰਾਸ਼ਿਦ ਕਾਲੀਆ ਉਰਫ ਗੇਡਾ ਨੂੰ ਝਾਂਸੀ 'ਚ ਮੁਕਾਬਲੇ ਤੋਂ ਬਾਅਦ ਮਾਰ ਦਿੱਤਾ। ਮੁਕਾਬਲਾ ਜ਼ਿਲ੍ਹੇ ਦੇ ਮਊਰਾਨੀਪੁਰ ਇਲਾਕੇ 'ਚ ਸ਼ਨੀਵਾਰ ਸਵੇਰੇ ਹੋਇਆ। ਉੱਤਰ ਪ੍ਰਦੇਸ਼ ਐੱਸ ਟੀ ਐੱਫ ਨੇ ਇੱਕ ਬਿਆਨ 'ਚ ਦੱਸਿਆ ਕਿ ਉਸ ਦੀ ਪਛਾਣ ਰਾਸ਼ਿਦ ਕਾਲੀਆ (45) ਦੇ ਰੂਪ 'ਚ ਹੋਈ ਹੈ। ਮੁਕਾਬਲੇ ਦੌਰਾਨ ਉਸ ਨੂੰ ਪੁਲਸ ਦੀ ਗੋਲੀ ਲੱਗੀ ਤੇ ਉਸ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਉਸ ਖਿਲਾਫ਼ ਕਾਨਪੁਰ ਅਤੇ ਝਾਂਸੀ 'ਚ ਲੁੱਟ, ਹੱਤਿਆ ਅਤੇ ਹੱਤਿਆ ਦੀ ਕੋਸ਼ਿਸ਼ ਸਮੇਤ 13 ਮਾਮਲੇ ਦਰਜ ਹਨ।

## ਸੜਕ ਹਾਦਸੇ 'ਚ 5 ਲੋਕਾਂ ਦੀ ਮੌਤ

**ਨਵੀਂ ਦਿੱਲੀ :** ਝਾਰਖੰਡ ਦੇ ਗਿਰੀਡੀਹ ਜ਼ਿਲ੍ਹੇ 'ਚ ਸ਼ਨੀਵਾਰ ਸਵੇਰੇ ਇੱਕ ਸੜਕ ਹਾਦਸਾ ਹੋ ਗਿਆ। ਗਿਰੀਡੀਹ 'ਚ ਬਾਰਾਤ ਤੋਂ ਵਾਪਸ ਆ ਰਿਹਾ ਇੱਕ ਵਾਹਨ ਦਰੱਖ਼ਤ ਨਾਲ ਟਕਰਾਅ ਗਿਆ। ਇਸ ਘਟਨਾ 'ਚ ਪੰਜ ਲੋਕਾਂ ਦੀ ਮੌਤ ਹੋ ਗਈ। ਇਹ ਹਾਦਸਾ ਮੁਫ਼ਸਿਲ ਥਾਣਾ ਦੇ ਬਾਘਮਾਰਾ ਕੋਲ ਹੋਇਆ। ਘਟਨਾ ਤੋਂ ਬਾਅਦ ਸੂਚਨਾ ਮਿਲਦੇ ਹੀ ਮੁਫਸਿਲ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ 'ਚ ਭਰਤੀ ਕਰਵਾਇਆ। ਇਸ ਦੇ ਨਾਲ ਹੀ ਸਾਰੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਵੀ ਹਸਪਤਾਲ ਪਹੁੰਚਾਇਆ। ਮਰਨ ਵਾਲਿਆਂ 'ਚ ਝਾਰਖੰਡ ਮੁਕਤੀ ਮੋਰਚਾ (ਘੱਟ-ਗਿਣਤੀ ਮੋਰਚਾ) ਦੇ ਜ਼ਿਲ੍ਹਾ ਉਪ ਪ੍ਰਧਾਨ ਅਸਗਰ ਅੰਸਾਰੀ ਦੇ 31 ਸਾਲਾ ਭਤੀਜੇ ਸਗੀਰ ਅੰਸਾਰੀ ਤੋਂ ਇਲਾਵਾ 70 ਸਾਲਾ ਦੇ ਯੂਸੁਫ਼ ਮਿਆਂ ਗਜੋਡੀਹ, 55 ਸਾਲ ਦੇ ਇਮਤਿਆਜ ਅੰਸਾਰ, 35 ਸਾਲ ਦੇ ਸੁਭਾਨ ਅੰਸਾਰੀ ਸ਼ਾਮਲ ਹਨ।

## ‘ਸੁਪਰੀਮ ਕੋਰਟ ਕਰਾਨੀਕਲ' ਲਾਂਚ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਆਪਣੇ ਕੰਮਕਾਜ ਦੇ ਤਰੀਕਿਆਂ, ਮੌਜੂਦਾ ਸੁਣਵਾਈਆਂ ਅਤੇ ਉਪਲੱਬਧੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਮਹੀਨਾਵਾਰ ਨਿਊਜ਼ ਲੈਟਰ ਲਾਂਚ ਕੀਤਾ। ਇਸ ਨੂੰ ‘ਸੁਪਰੀਮ ਕੋਰਟ ਕਰਾਨੀਕਲ' ਨਾਂਅ ਦਿੱਤਾ ਗਿਆ ਹੈ। ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਕਿ ਮੈਨੂੰ ਯਕੀਨ ਹੈ ਕਿ ਇਹ ਨਿਊਜ਼ ਲੈਟਰ ਸੁਪਰੀਮ ਕੋਰਟ ਦੇ ਕੰਮ ਕਰਨ ਦੇ ਤਰੀਕਿਆਂ ਦੀ ਜਾਣਕਾਰੀ ਦੇਣ ਵਾਲਾ ਅਹਿਮ ਜ਼ਰੀਆ ਸਾਬਤ ਬਣਗੇ। ਇਸ ਨਾਲ ਕੋਰਟ ਰੂਮ ਦੇ ਅੰਦਰ ਅਤੇ ਬਾਹਰ ਦੀਆਂ ਸਾਰੀਆਂ ਜਾਣਕਾਰੀਆਂ ਲੋਕਾਂ ਨੂੰ ਮਿਲ ਸਕਣਗੀਆਂ। ਇਸ ਨਿਊਜ਼ ਲੈਟਰ ਤੋਂ ਪਹਿਲਾਂ ਐਡੀਸ਼ਨ ਦੇ ਪ੍ਰਕਾਸ਼ਨ ਤੋਂ ਪਹਿਲਾਂ ਸੀ ਜੇ ਆਈ ਨੇ ਜਾਣਕਾਰੀ ਦਿੱਤੀ ਕਿ ਇਸ ਨਿਊਜ਼ ਲੈਟਰ 'ਚ ਕੋਰਟ ਦੇ ਇਤਿਹਾਸ ਦੀ ਝਲਕ, ਦੇਸ਼ ਦੇ ਕਾਨੂੰਨੀ ਦ੍ਰਿਸ਼ ਨੂੰ ਪੇਸ਼ ਕਰਨ ਵਾਲੇ ਪ੍ਰਮੁੱਖ ਫੈਸਲਿਆਂ ਅਤੇ ਨਿਆਂ ਪਾਲਿਕਾ ਦੀ ਸਹੁੰ ਨੂੰ ਬਣਾਏ ਰੱਖਣ ਲਈ ਦਿਨ-ਰਾਤ ਕੰਮ ਕਰਨ ਵਾਲੇ ਬਿਹਤਰੀਨ ਲੋਕਾਂ ਦੀਆਂ ਕਹਾਣੀਆਂ ਮਿਲਣਗੀਆਂ।

# ਪੰਜਾਬ ਹਰ ਖੇਤਰ 'ਚ ਕਰ ਰਿਹੈ ਲਾਸਾਨੀ ਵਿਕਾਸ : ਮੁੱਖ ਮੰਤਰੀ

- ਭਗਵੰਤ ਮਾਨ ਤੇ ਕੇਜਰੀਵਾਲ ਨੇ ਪੰਜਾਬ 'ਚ ‘ਵਿਕਾਸ ਕ੍ਰਾਂਤੀ' ਦੇ ਯੁੱਗ ਦੀ ਕੀਤੀ ਸ਼ੁਰੂਆਤ
- ਹੁਸ਼ਿਆਰਪੁਰ ਲਈ 867 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ
- ‘ਆਪ' ਵੱਲੋਂ ਆਮ ਚੋਣਾਂ 'ਚ ਚੰਡੀਗੜ੍ਹ ਸਮੇਤ ਲੋਕ ਸਭਾ ਦੀਆਂ ਸਾਰੀਆਂ 14 ਸੀਟਾਂ ਜਿੱਤਣ ਦੀ ਪੇਸ਼ੀਨਗੋਈ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**

ਪੰਜਾਬ 'ਚ ‘ਵਿਕਾਸ ਕ੍ਰਾਂਤੀ' ਦੇ ਨਵੇਂ ਯੁੱਗ ਦਾ ਪਿੜ ਬੰਨ੍ਹਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹੁਸ਼ਿਆਰਪੁਰ ਦੇ ਲੋਕਾਂ ਨੂੰ 867 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ/ ਨੀਂਹ ਪੱਥਰ ਅਤੇ ਐਲਾਨ ਕਰ ਕੇ ਵੱਡਾ ਤੋਹਫ਼ਾ ਦਿੱਤਾ। ਦੋਵਾਂ ਆਗੂਆਂ ਨੇ 550 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਰਕਾਰੀ ਮੈਡੀਕਲ ਕਾਲਜ ਸਮੇਤ ਕਈ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ। ਸ਼ਹੀਦ ਊਧਮ ਸਿੰਘ ਦੇ ਨਾਂਅ 'ਤੇ ਬਣਨ ਵਾਲੇ ਇਸ ਕਾਲਜ 'ਚ ਐੱਮ ਬੀ ਬੀ ਐੱਸ ਦੀਆਂ 100 ਸੀਟਾਂ ਹੋਣਗੀਆਂ ਅਤੇ ਇਸ ਲਈ ਕੌਮੀ ਮੈਡੀਕਲ ਕਮਿਸ਼ਨ ਯੂ ਜੀ-ਐੱਮ ਐੱਸ ਆਰ-2023 ਤਹਿਤ 420 ਬਿਸਤਰਿਆਂ ਵਾਲਾ ਹਸਪਤਾਲ ਲੋੜੀਂਦਾ ਹੋਵੇਗਾ। ਦੋਵਾਂ ਮੁੱਖ ਮੰਤਰੀਆਂ ਨੇ ਪਿੰਡ ਖੁਰਾਲਗੜ੍ਹ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮੈਮੋਰੀਅਲ ਅਤੇ ਆਡੀਟੋਰੀਅਮ ਤੇ ਓਪਨ ਥੀਏਟਰ ਵੀ ਲੋਕਾਂ ਨੂੰ ਸਮਰਪਿਤ ਕੀਤਾ। ਇਸ ਮੌਕੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਇਸ ਖੇਤਰ ਨੂੰ ਅੱਖੋਂ-ਪਰੋਖੇ ਕਰਦੀਆਂ ਰਹੀਆਂ ਹਨ, ਪਰ ਉਨ੍ਹਾ ਦੀ ਸਰਕਾਰ ਇਸ ਖੇਤਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਅਰਵਿੰਦ ਕੇਜਰੀਵਾਲ ਨੂੰ ਇੱਕ ਮਹਾਨ ਅਤੇ ਕ੍ਰਾਂਤੀਕਾਰੀ ਨੇਤਾ ਦੱਸਿਆ, ਜਿਸ ਨੇ ਆਮ ਆਦਮੀ ਨੂੰ ਭਾਰਤੀ ਰਾਜਨੀਤੀ ਦੇ ਕੇਂਦਰੀ ਮੰਚ 'ਤੇ ਲਿਆਉਣ ਦਾ ਹੌਸਲਾ ਕੀਤਾ ਹੈ। ਮਾਨ ਨੇ ਕਿਹਾ ਕਿ ਅੱਜ ਸੂਬੇ ਦੇ ਕੋਨੇ-ਕੋਨੇ 'ਚ ਬੇਮਿਸਾਲ ਵਿਕਾਸ ਦੇਖਣ ਨੂੰ ਮਿਲ ਰਿਹਾ ਹੈ ਅਤੇ ਇਹ ਆਮ ਆਦਮੀ ਸਰਕਾਰ ਦੇ ਮਹਿਜ਼ 18 ਮਹੀਨੇ ਦੇ ਸ਼ਾਸਨ ਦਾ ਨਤੀਜਾ ਹੈ। ਉਹਨਾ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਨੇ ਸੂਬੇ ਨੂੰ ਬਰਬਾਦੀ ਵੱਲ ਲਿਆ ਖੜ੍ਹਾ ਕੀਤਾ ਹੈ ਅਤੇ ਹੁਣ ਉਹ ਬੇਸ਼ਰਮੀ ਨਾਲ ਨੈਤਿਕਤਾ ਦਾ ਰਾਗ ਅਲਾਪਣ ਲੱਗੀਆਂ ਹੋਈਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਬਾਦਲ ਅਤੇ ਉਸ ਦੇ ਸਾਥੀਆਂ ਨੇ ਸੂਬੇ ਦੇ ਹਿੱਤ ਵੇਚੇ ਹਨ, ਆਮ ਆਦਮੀ ਦਾ ਜੀਵਨ ਬਰਬਾਦ ਕਰ ਦਿੱਤਾ ਹੈ ਅਤੇ ਹੁਣ ਉਹ ਆਮ ਆਦਮੀ ਪਾਰਟੀ ਨੂੰ ਮਲੰਗਾਂ ਦੀ ਪਾਰਟੀ ਕਹਿ ਕੇ ਪੰਜਾਬ ਦੇ ਨੌਜਵਾਨਾਂ ਦਾ ਅਪਮਾਨ ਕਰ ਰਹੇ ਹਨ। ਉਨ੍ਹਾ ਕਿਹਾ ਕਿ ਪਾਰਟੀ ਕੋਲ ਬੁੱਧੀਜੀਵੀ ਨੇਤਾ ਹਨ।



ਮੁੱਖ ਮੰਤਰੀ ਨੇ ਭਵਿੱਖਬਾਣੀ ਕਰਦਿਆਂ ਕਿਹਾ ਕਿ ਲੋਕ ਇਨ੍ਹਾਂ ਤਾਨਾਸ਼ਾਹ ਆਗੂਆਂ ਤੋਂ ਏਨੇ ਅੱਕ ਚੁੱਕੇ ਹਨ ਕਿ ਉਨ੍ਹਾਂ ਨੇ

● ਬਾਕੀ ਸਫ਼ਾ 2 'ਤੇ

## ਰਾਖਵਾਂਕਰਨ ਮੁੱਦੇ 'ਤੇ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਦੀ ਖਿਚਾਈ

**ਚੰਡੀਗੜ੍ਹ :** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਦੇ ਲੋਕਾਂ ਨੂੰ ਪ੍ਰਾਈਵੇਟ ਨੌਕਰੀਆਂ 'ਚ 75 ਫੀਸਦੀ ਰਾਖਵਾਂਕਰਨ ਨੂੰ ਲੈ ਕੇ ਮਨੋਹਰ ਲਾਲ ਖੱਟਰ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਨੂੰ ਰੱਦ ਕਰ ਦਿੱਤਾ। 2020 'ਚ ਪਾਸ ਕੀਤੇ ਗਏ ਹਰਿਆਣਾ ਸਟੇਟ ਇੰਪਲਾਇਜ਼ ਆਫ ਲੋਕਲ ਕੈਂਡੀਡੇਟਸ ਐਕਟ ਦੇ ਤਹਿਤ 30,000 ਰੁਪਏ ਤੋਂ ਘੱਟ ਮਹੀਨਾ ਤਨਖਾਹ ਜਾਂ ਮਜ਼ਦੂਰੀ ਵਾਲੀ ਨਿੱਜੀ ਖੇਤਰ ਦੀਆਂ 75 ਫੀਸਦੀ ਨੌਕਰੀਆਂ ਸੂਬੇ ਦੇ ਲੋਕਾਂ ਲਈ ਰਾਖਵੀਆਂ ਕਰਨ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਲਈ ਪ੍ਰਮਾਣ ਪੱਤਰ ਜ਼ਰੂਰੀ ਕੀਤਾ ਗਿਆ ਸੀ। ਸੁਣਵਾਈ ਦੌਰਾਨ ਕੋਰਟ ਨੇ ਕਈ ਗੰਭੀਰ ਟਿੱਪਣੀਆਂ ਕੀਤੀਆਂ। ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਹਰਪ੍ਰੀਤ ਕੌਰ ਜੀਵਨ ਦੀ ਬੈਂਚ ਨੇ ਇਸ ਮਾਮਲੇ 'ਚ ਆਪਣਾ ਫੈਸਲਾ ਸੁਣਾਇਆ। ਕੋਰਟ ਨੇ ਕਿਹਾ ਕਿ ਸੂਬਾ ਸਰਕਾਰ ਦੇ ਵਿਧਾਇਕਾ ਦੀਆਂ ਸ਼ਕਤੀਆਂ ਰਾਸ਼ਟਰੀ ਹਿੱਤ ਲਈ ਹਾਨੀਕਾਰਕ ਨਹੀਂ ਹੋ ਸਕਦੀਆਂ। ਉਹ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੀਆਂ ਸ਼ਕਤੀਆਂ 'ਤੇ ਕਬਜ਼ਾ ਨਹੀਂ ਕਰ ਸਕਦੇ। ਇਸ ਮਾਮਲੇ 'ਤੇ ਸੁਣਵਾਈ ਦੌਰਾਨ ਕੋਰਟ ਨੇ ਕਿਹਾ, ਸੂਬਾ ਸਰਕਾਰ ਕਿਸੇ ਪ੍ਰਾਈਵੇਟ ਕੰਪਨੀ ਨੂੰ ਸਥਾਨਕ ਲੋਕਾਂ ਨੂੰ ਨਿਯੁਕਤ ਕਰਨ ਲਈ ਮਜਬੂਰ ਨਹੀਂ ਕਰ ਸਕਦੀ। ਇਸ ਨਾਲ ਇਸ ਤਰ੍ਹਾਂ ਦੀ ਰਵਾਇਤ ਸ਼ੁਰੂ ਹੋ ਜਾਵੇਗੀ ਕਿ ਇੱਕ ਸੂਬਾ ਦੂਜੇ ਸੂਬੇ ਲਈ ਦੀਵਾਰਾਂ ਖੜ੍ਹੀਆਂ ਕਰ ਸਕਦਾ ਹੈ। ਕੋਰਟ ਨੇ ਕਿਹਾ, ਸੂਬਾ ਸਰਕਾਰ ਪ੍ਰਾਈਵੇਟ ਕੰਪਨੀਆਂ ਨੂੰ ਇਸ ਤਰ੍ਹਾਂ ਦੇ ਕੰਮ ਲਈ ਨਹੀਂ ਕਹਿ ਸਕਦੀ ਜੋ ਭਾਰਤ ਦੇ ਸੰਵਿਧਾਨ ਦੇ ਤਹਿਤ ਕਰਨ ਤੋਂ ਮਨਾ ਕੀਤਾ ਗਿਆ ਹੈ। ਕੋਰਟ ਨੇ ਆਪਣੇ ਫੈਸਲੇ 'ਚ ਇਹ ਵੀ ਕਿਹਾ ਕਿ ਸੰਵਿਧਾਨ ਨਾਗਰਿਕਾਂ ਖਿਲਾਫ ਉਨ੍ਹਾ ਦੇ ਜਨਮ ਸਥਾਨ ਅਤੇ ਨਿਵਾਸ ਸਥਾਨ ਦੇ ਅਧਾਰ 'ਤੇ ਰੁਜ਼ਗਾਰ ਦੇ ਸੰਬੰਧ 'ਚ ਭੇਦਭਾਵ ਨੂੰ ਰੋਕਦਾ ਹੈ। ਕੋਰਟ ਨੇ ਇਹ ਵੀ ਕਿਹਾ ਕਿ ਵਿਅਕਤੀਆਂ ਅਤੇ ਮੁੱਦਿਆਂ ਪ੍ਰਤੀ ਦ੍ਰਿਸ਼ਟੀਕੋਣ ਨੂੰ ਸੰਵਿਧਾਨ ਦੀ ਭਾਵਨਾ ਅਨੁਸਾਰ ਪੜ੍ਹਿਆ ਜਾਣਾ ਚਾਹੀਦਾ, ਨਾ ਕਿ ਸਮਾਜ ਦੀ ਪਸੰਦ ਵਾਲਿਆਂ ਧਾਰਨਾਵਾਂ ਨੂੰ ਧਿਆਨ ਰੱਖਦੇ ਹੋਏ। ਬੈਂਚ ਨੇ ਕਿਹਾ, ‘ਜੇਕਰ ਅਦਾਲਤ ਆਪਣਾ ਅਧਿਕਾਰ ਗੁਆ ਦਿੰਦੀ ਹੈ ਤਾਂ ਲੋਕਤੰਤਰ ਖ਼ਤਰੇ ਵਿੱਚ ਪੈ ਜਾਵੇਗਾ।' ਕੋਰਟ ਨੇ ਕਿਹਾ, ਭਾਈਚਾਰਾ ਸ਼ਬਦ ਆਮ ਭਾਈਚਾਰੇ ਦੀ ਭਾਵਨਾ ਨੂੰ ਦਰਸਾਉਂਦਾ ਹੈ। ਸਾਰੇ ਭਾਰਤੀਆਂ ਨੂੰ ਗਲੇ ਲਾਉਣ ਲਈ ਹੈ। ਦੇਸ਼ ਦੇ ਦੂਜੇ ਸੂਬਿਆਂ ਦੇ ਨਾਗਰਿਕਾਂ ਲਈ ਅੱਖਾਂ ਨਹੀਂ ਬੰਦ ਕੀਤੀਆਂ ਜਾ ਸਕਦੀਆਂ।

## ਤਾਮਿਲਨਾਡੂ : ਰਾਜਪਾਲ ਵੱਲੋਂ ਵਾਪਸ ਭੇਜੇ 10 ਬਿੱਲਾਂ ਨੂੰ ਵਿਧਾਨ ਸਭਾ 'ਚ ਫਿਰ ਮਿਲੀ ਮਨਜ਼ੂਰੀ

**ਚੇਨਈ :** ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ 10 ਬਿੱਲਾਂ 'ਤੇ ਪੁਨਰਵਿਚਾਰ ਲਈ ਸ਼ਨੀਵਾਰ ਨੂੰ ਸੂਬੇ ਦੀ ਵਿਧਾਨ ਸਭਾ 'ਚ ਇੱਕ ਪ੍ਰਸਤਾਵ ਪੇਸ਼ ਕੀਤਾ। ਨਾਲ ਹੀ ਉਨ੍ਹਾ ਨੇ ਸੂਬਾ ਵਿਧਾਨ ਸਭਾ ਵੱਲੋਂ ਪਾਸ ਬਿੱਲਾਂ ਨੂੰ ਮਨਜ਼ੂਰੀ ਦੇਣ ਤੋਂ ਰੋਕਣ 'ਤੇ ਰਾਜਪਾਲ ਪ੍ਰਤੀ ਨਾਰਾਜ਼ਗੀ ਪ੍ਰਗਟ ਕੀਤੀ। ਹਾਲਾਂਕਿ ਬਾਅਦ 'ਚ ਚਰਚਾ ਤੋਂ ਬਾਅਦ ਸਾਰੇ ਬਿੱਲਾਂ ਨੂੰ ਫਿਰ ਤੋਂ ਸਵੀਕਾਰ ਕਰ ਲਿਆ ਗਿਆ। ਹੁਣ ਬਿੱਲਾਂ ਨੂੰ ਫਿਰ ਤੋਂ ਮਨਜ਼ੂਰੀ ਲਈ ਰਾਜਪਾਲ ਆਰ ਐੱਨ ਰਵੀ ਕੋਲ ਭੇਜਿਆ ਜਾਵੇਗਾ। ਇਸ ਤੋਂ ਪਹਿਲਾਂ ਸਦਨ 'ਚ ਸਟਾਲਿਨ ਨੇ ਪ੍ਰਸਤਾਵ ਪੇਸ਼ ਕਰਦੇ ਹੋਏ ਕਿਹਾ ਸੀ ਕਿ ਬਿਨਾਂ ਕੋਈ ਕਾਰਨ ਦੱਸੇ ਰਾਜਪਾਲ ਨੇ ਬਿੱਲਾਂ ਨੂੰ ਵਾਪਸ ਭੇਜ ਦਿੱਤਾ, ਜਦਕਿ ਸਾਲ 2020 ਅਤੇ 2023 'ਚ ਸਦਨ ਵੱਲੋਂ 2-2 ਬਿੱਲ ਪਾਸ ਕੀਤੇ ਗਏ ਸਨ, ਜਦਕਿ ਪਿਛਲੇ ਸਾਲ ਛੇ ਹੋਰ ਪਾਸ ਕੀਤੇ ਗਏ ਸਨ। ਉਨ੍ਹਾ ਕਿਹਾ ਸੀ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 200 ਦੇ ਤਹਿਤ ਜੇਕਰ ਸਦਨ 'ਚ ਬਿੱਲਾਂ ਨੂੰ ਫਿਰ ਤੋਂ ਪਾਸ ਕੀਤਾ ਜਾਂਦਾ ਹੈ ਅਤੇ ਮਨਜ਼ੂਰੀ ਲਈ ਰਾਜਪਾਲ ਕੋਲ ਜਾਂਦੇ ਹਨ ਤਾਂ ਇਸ 'ਤੇ ਉਹ ਰੋਕ ਨਹੀਂ ਲਾ ਸਕਦੇ। ਉਨ੍ਹਾ ਸਦਨ ਦਾ ਧਿਆਨ ਤਾਮਿਲਨਾਡੂ ਵਿਧਾਨ ਸਭਾ ਦੇ ਨਿਯਮ 143 'ਤੇ ਕੇਂਦਰਤ ਕਰਾਇਆ। ਉਨ੍ਹਾ ਕਿਹਾ ਸੀ ਕਿ ਇਸ ਨਿਯਮ ਅਨੁਸਾਰ ਸਦਨ ਫਿਰ ਤੋਂ ਬਿੱਲਾਂ 'ਤੇ ਪੁਨਰਵਿਚਾਰ ਕਰ ਸਕਦਾ ਹੈ। ਮੁੱਖ ਮੰਤਰੀ ਨੇ ਰਾਜਪਾਲ 'ਤੇ ਤਿੱਖਾ ਹਮਲਾ ਬੋਲਦੇ ਹੋਏ ਦੋਸ਼ ਲਾਇਆ ਕਿ ਰਾਜਪਾਲ ਸਰਕਾਰ ਦੇ ਬਿੱਲਾਂ ਨੂੰ ਰੋਕਣਾ ਚਾਹੁੰਦੇ ਹਨ। ਰਾਜਪਾਲ ਨੇ ਆਪਣੀ ਨਿੱਜੀ ਸਨਕ ਕਾਰਨ ਬਿੱਲਾਂ ਨੂੰ ਵਾਪਸ ਕੀਤਾ। ਬਿੱਲਾਂ ਨੂੰ ਮਨਜ਼ੂਰੀ ਨਾ ਦੇਣਾ ਅਲੋਕਤਾਂਤਰਿਕ ਅਤੇ ਜਨਵਿਰੋਧੀ ਹੈ। ਉਨ੍ਹਾ ਦੋਸ਼ ਲਾਇਆ ਕਿ ਕੇਂਦਰ ਸਰਕਾਰ ਰਾਜਪਾਲਾਂ ਜ਼ਰੀਏ ਗੈਰ-ਭਾਜਪਾ ਸ਼ਾਸਤ ਸੂਬਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ।

## ਭਾਜਪਾ ਇੰਡੀਅਨ ਕ੍ਰਿਕਟ ਟੀਮ ਦਾ ਭਗਵਾਂਕਰਨ ਕਰ ਰਹੀ : ਮਮਤਾ

**ਕੋਲਕਾਤਾ :** ਭਾਰਤੀ ਕ੍ਰਿਕਟ ਟੀਮ ਦੀ ਪ੍ਰੈਕਟਿਸ ਜਰਸੀ ਦੇ ਰੰਗ 'ਚ ਬਦਲਾਅ 'ਤੇ ਮਮਤਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਦੇਸ਼ ਦੇ ਸਭ ਤੋਂ ਪਸੰਦੀਦਾ ਖੇਡ ਦਾ ਭਗਵਾਂਕਰਨ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾ ਇਸ ਨੂੰ ਲੈ ਕੇ ਆਪਣਾ ਇਤਰਾਜ਼ ਪ੍ਰਗਟ ਕਰਦੇ ਹੋਏ ਕਿਹਾ, ‘ਉਹ ਪੂਰੇ ਦੇਸ਼ ਨੂੰ ਭਗਵਾਂ ਰੰਗ 'ਚ ਰੰਗਣ ਦੀ ਕੋਸ਼ਿਸ਼ ਕਰ ਰਹੇ ਹਨ। ਸਾਨੂੰ ਆਪਣੇ ਭਾਰਤੀ ਖਿਡਾਰੀਆਂ 'ਤੇ ਗਰਵ ਹੈ ਅਤੇ ਮੈਨੂੰ ਵਿਸ਼ਵਾਸ ਹੈ ਕਿ ਉਹ ਵਿਸ਼ਵ ਕੱਪ 'ਚ ਜਿੱਤ ਪ੍ਰਾਪਤ ਕਰਨਗੇ, ਪਰ ਭਾਜਪਾ ਉਥੇ ਵੀ ਭਗਵਾਂ ਰੰਗ ਲੈ ਕੇ ਆ ਗਈ ਅਤੇ ਸਾਡੇ ਲੜਕੇ ਹੁਣ ਭਗਵਾਂ ਰੰਗ ਦੀ ਜਰਸੀ 'ਚ ਅਭਿਆਸ ਕਰਦੇ ਹਨ। ਮੈਟਰੋ ਸਟੇਸ਼ਨਾਂ ਨੂੰ ਭਗਵਾਂ ਰੰਗ ਨਾਲ ਰੰਗਿਆ ਗਿਆ ਹੈ। ਇਹ ਸਵੀਕਾਰਯੋਗ ਨਹੀਂ ਹੈ।' ਮੱਧ ਕੋਲਕਾਤਾ ਦੇ ਪੋਸਤਾ ਬਾਜ਼ਾਰ 'ਚ ਇੱਕ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਬੈਨਰਜੀ ਨੇ ਦੋਸ਼ ਲਾਇਆ ਕਿ ਭਾਜਪਾ ਨੇ ਨਾ ਕੇਵਲ ਕ੍ਰਿਕਟ ਟੀਮ ਦੀ ਜਰਸੀ 'ਚ, ਬਲਕਿ ਮੈਟਰੋ ਸਟੇਸ਼ਨਾਂ 'ਤੇ ਪੇਂਟਿੰਗ 'ਚ ਵੀ ਭਗਵਾਂ ਰੰਗ ਜੋੜ ਦਿੱਤਾ ਹੈ। ਭਾਜਪਾ 'ਤੇ ਤਨਜ਼ ਕਰਦੇ ਹੋਏ ਉਨ੍ਹਾ ਕਿਹਾ ਕਿ ਰਾਸ਼ਟਰ ਦੇਸ਼ ਦੀ ਜਨਤਾ ਹੈ, ਨਾ ਕਿ ਕੇਵਲ ਇੱਕ ਪਾਰਟੀ ਦਾ।

## ਅਧੂਰੇ ਪੁਲ ਦਾ ਅਦਿੱਤਿਆ ਠਾਕਰੇ ਨੇ ਜ਼ਬਰਦਸਤੀ ਕੀਤਾ ਉਦਘਾਟਨ

- ਬੀ ਐੱਮ ਸੀ ਨੇ ਦਰਜ ਕੀਤੀ ਐੱਫ ਆਈ ਆਰ



**ਮੁੰਬਈ :** ਬਹੁਮੁੰਬਈ ਨਗਰ ਨਿਗਮ (ਬੀ ਐੱਮ ਸੀ) ਦੀ ਸ਼ਿਕਾਇਤ 'ਤੇ ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਗੁੱਟ ਦੇ ਨੇਤਾ ਅਤੇ ਵਿਧਾਇਕ ਅਦਿਤਿਆ ਠਾਕਰੇ, ਐੱਮ ਐੱਲ ਸੀ ਸੁਨੀਲ ਸ਼ਿੰਦੇ, ਸਚਿਨ ਅਹੀਰ, ਕਿਸ਼ੋਰੀ ਪੇਡਨੇਕਰ ਅਤੇ ਸਨੇਹਲ ਅੰਬੇਡਕਰ ਸਮੇਤ ਪਾਰਟੀ ਦੇ 20 ਹੋਰ ਨੇਤਾਵਾਂ ਅਤੇ ਵਰਕਰਾਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਇਹ ਮਾਮਲਾ ਅਧੂਰੇ ਡੇਲਿਸਲ ਰੋਡ ਪੁਲਸ ਨੂੰ ਜਨਤਾ ਲਈ ਖੁੱਲ੍ਹਾ ਐਲਾਨ ਕਰਨ ਨੂੰ ਲੈ ਕੇ ਕੀਤਾ ਗਿਆ ਹੈ। ਠਾਕਰੇ ਨੇ ਡੇਲਿਸਲ ਪੁਲ ਦੇ ਦੂਜੇ ਕੈਰੀਜਵੇ 'ਤੇ ਹੱਥ 'ਚ ਭਗਵਾਂ ਝੰਡਾ ਲੈ ਕੇ ਚੱਲਦੇ ਹੋਏ ਇੱਕ ਤਸਵੀਰ ਪੋਸਟ ਕੀਤੀ ਸੀ। ਇਸ 'ਚ ਉਨ੍ਹਾ ਨੇ ਲਿਖਿਆ ਸੀ, ‘ਅਸੀਂ ਖੋਖੇ ਸਰਕਾਰ (ਏਕਨਾਥ ਸ਼ਿੰਦੇ ਸਰਕਾਰ ਦਾ ਅਪਮਾਨਜਨਕ ਸੰਦਰਭ) ਦੇ ਵੀ ਆਈ ਪੀ ਨਹੀਂ ਚਾਹੁੰਦੇ। ਲੋਕ ਪ੍ਰੇਸ਼ਾਨ ਹਨ।' ਐਨ ਐਮ ਜੋਸ਼ੀ ਮਾਰਗ ਪੁਲਸ ਨੇ ਕਿਹਾ, ‘ਅਸੀਂ ਬੀ ਐੱਮ ਸੀ, ਪੁਲ ਵਿਭਾਗ ਦੇ ਅਧਿਕਾਰੀ ਪੁਰਸ਼ੋਤਮ ਝੰਗਲੇ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਹੈ। ਇਹ ਸਾਰੇ ਲੋਅਰ ਪਰੇਲ 'ਚ ਡੇਲਿਸਲ ਪੁਲ

● ਬਾਕੀ ਸਫ਼ਾ 2 'ਤੇ

## ਚੰਡੀਗੜ੍ਹ ਦੇ ਸਕੂਲਾਂ 'ਚ ਪੰਜਾਬੀ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀ ਖਤਮ ਕਰੋ : ਸੀ ਪੀ ਆਈ

**ਚੰਡੀਗੜ੍ਹ :** ਚੰਡੀਗੜ੍ਹ ਪ੍ਰਸ਼ਾਸਨ ਨੇ ਸਕੂਲਾਂ ਵਿੱਚ ਪੰਜਾਬ ਦੇ ਵਿਦਿਆਰਥੀਆਂ ਦੇ ਦਾਖਲਿਆਂ 'ਤੇ ਪਾਬੰਦੀ ਲਾਉਣ ਦੀ ਸੀ ਪੀ ਆਈ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਅਤੇ ਇਸ ਨੂੰ ਫੌਰਨ ਵਾਪਸ ਲੈਣ ਦੀ ਮੰਗ ਕੀਤੀ ਹੈ। ਇਥੇ ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਪ੍ਰਸ਼ਾਸਨ, ਜਿਹੜਾ ਮੋਦੀ ਦੀ ਕੇਂਦਰੀ ਭਾਜਪਾ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਹੈ, ਨੂੰ ਆਰ ਐੱਸ ਐੱਸ ਅਤੇ ਮੋਦੀ ਸਰਕਾਰ ਦੀ ਇਕ ਹੋਰ ਸਾਜ਼ਿਸ਼ ਕਰਾਰ ਦਿੱਤਾ ਹੈ। ਸਾਥੀ ਬਰਾੜ ਨੇ ਭਾਜਪਾ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਲਗਾਤਾਰ ਛੜਯੰਤਰਾਂ ਰਾਹੀਂ ਚੰਡੀਗੜ੍ਹ ਨੂੰ ਪੰਜਾਬ ਤੋਂ ਵੱਖ ਕਰਨ ਦੀ ਨੀਤੀ 'ਤੇ ਚੱਲ ਰਹੀ ਹੈ। ਬੀ ਬੀ ਐੱਮ ਬੀ ਦੀ ਮੈਨੇਜਮੈਂਟ ਵਿਚੋਂ ਪੰਜਾਬ ਨੂੰ ਕੱਢਣਾ, ਚੰਡੀਗੜ੍ਹ ਯੂਨੀਵਰਸਿਟੀ 'ਚੋਂ ਪੰਜਾਬ ਦੇ ਅਧਿਕਾਰ ਖਤਮ ਕਰਨੇ, ਚੰਡੀਗੜ੍ਹ ਪ੍ਰਸ਼ਾਸਨ 'ਚੋਂ ਅਫਸਰਾਂ ਅਤੇ ਮੁਲਾਜ਼ਮਾਂ ਦੀ ਭਰਤੀ 'ਚੋਂ ਪੰਜਾਬ ਦੇ ਅਧਿਕਾਰੀ ਘੱਟ ਕਰਨੇ ਆਦਿ ਅਨੇਕਾਂ ਕਦਮਾਂ ਰਾਹੀਂ ਹੌਲੀ-ਹੌਲੀ ਚੰਡੀਗੜ੍ਹ ਤੋਂ ਪੰਜਾਬ ਦਾ ਅਧਿਕਾਰ ਖਤਮ ਕਰਨ ਦੀ ਨੀਤੀ ਨੂੰ ਕਦੇ ਵੀ ਸਹਿਣ ਨਹੀਂ ਕੀਤਾ ਜਾ ਸਕਦਾ। ਉਹਨਾ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਸਾਰੀਆਂ ਰਾਜਸੀ ਸ਼ਕਤੀਆਂ ਨੂੰ ਨਾਲ ਲੈ ਕੇ ਜ਼ੋਰਦਾਰ ਸੰਘਰਸ਼ ਲੜਨ ਅਤੇ ਫੋਕੀ ਬਿਆਨਬਾਜ਼ੀ ਅਤੇ ਝੂਠੇ ਪ੍ਰਚਾਰ ਸਾਧਨਾਂ ਰਾਹੀਂ ਲੋਕਾਂ ਦੇ ਟੈਕਸਾਂ ਦਾ ਪੈਸਾ ਬਰਬਾਦ ਨਾ ਕਰਨ।

## ਸੁਰੰਗ ਹਾਦਸਾ : ‘ਹੈਲੋ-ਹੈਲੋ', ਦੋਵਾਂ ਪਾਸਿਓਂ ਬਹਿ ਤੁਰੇ ਅੱਥਰੂ...



**ਦੇਹਰਾਦੂਨ :** ਉਤਰਕਾਸ਼ੀ ਸੁਰੰਗ ਹਾਦਸੇ 'ਚ ਸੱਤ ਦਿਨਾ ਤੋਂ ਰੈਸਕਿਊ ਅਪ੍ਰੇਸ਼ਨ ਜਾਰੀ ਹੈ। ਇਸ ਦੌਰਾਨ ਲਗਾਤਾਰ ਆਗਰ ਮਸ਼ੀਨ ਜ਼ਰੀਏ ਡ੍ਰਿਲਿੰਗ ਕਰਕੇ ਮਜ਼ਦੂਰਾਂ ਨੂੰ ਬਾਹਰ ਕੱਢਣ ਲਈ ਯੁੱਧ ਪੱਧਰ 'ਤੇ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੌਰਾਨ ਸੁਰੰਗ 'ਚ ਫਸੇ ਲੋਕਾਂ ਦੇ ਪਰਵਾਰਕ ਮੈਂਬਰਾਂ 'ਚ ਚਿੰਤਾ ਵਧ ਰਹੀ ਹੈ। ਰੈਸਕਿਊ ਅਪ੍ਰੇਸ਼ਨ ਦਲ ਨੇ ਸੁਰੰਗ 'ਚ ਫਸੇ ਲੋਕਾਂ ਦੇ ਪਰਵਾਰਕ ਮੈਂਬਰਾਂ ਨਾਲ ਗੱਲ ਕਰਵਾਈ ਤਾਂ ਦੋਵਾਂ ਪਾਸੇ ਖੁਸ਼ੀ ਦੇ ਅੱਥਰੂ ਝਲਕ ਪਏ। ਉਤਰਕਾਸ਼ੀ ਦੇ ਸਿਲਕਿਆਰਾ ਸੁਰੰਗ 'ਚ ਫਸੇ ਮਨਜੀਤ ਕੁਮਾਰ (23) ਦੀ ਤੰਦਰੁਸਤੀ ਜਾਨਣ ਲਈ ਜਦ ਉਸ ਦੇ ਪਿਤਾ ਚੌਧਰ ਨੇ ਆਕਸੀਜਨ ਪਾਇਪ ਜ਼ਰੀਏ ਆਵਾਜ਼ ਦਿੱਤੀ ਤਾਂ ਮਨਜੀਤ ਨੇ ਤਤਕਾਲ ਹੀ ਜਵਾਬ ਦਿੱਤਾ। ਕਿਹਾ ਕਿ ਮੈਂ ਠੀਕ ਹਾਂ, ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਇੱਕ ਹੋਰ ਮਜ਼ਦੂਰ ਚੰਪਾਵਤ ਜ਼ਿਲ੍ਹੇ ਦੇ ਛੰਨੀ ਗੋਠ ਪਿੰਡ ਦੇ ਰਹਿਣ ਵਾਲੇ ਪੁਸ਼ਕਰ ਨਾਲ ਉਸ ਦੇ ਭਰਾ ਵਿਕਰਮ ਨੇ ਗੱਲ ਕੀਤੀ। ਪੁਸ਼ਕਰ ਨੇ ਖੁਦ ਤੋਂ ਜ਼ਿਆਦਾ ਆਪਣੀ ਮਾਂ ਦੀ ਚਿੰਤਾ ਕੀਤੀ। ‘ਮਾਂ ਕੋ ਮਤ ਬਤਾਨਾ, ਵੋ ਚਿੰਤਾ ਕਰੇਗੀ...' ਇਹ ਸ਼ਬਦ ਪਿਛਲੇ ਸੱਤ ਦਿਨਾ ਤੋਂ ਸੁਰੰਗ 'ਚ ਫਸੇ ਪੁਸ਼ਕਰ ਨੇ ਆਪਣੇ ਭਰਾ ਵਿਕਰਮ ਨੂੰ ਬੇਹੱਦ ਕਮਜ਼ੋਰ ਹੋ ਚੁੱਕੀ ਆਵਾਜ਼ 'ਚ ਕਹੇ। ਵਿਕਰਮ ਨੇ ਜਦ ਆਪਣੇ ਭਰਾ ਪੁਸ਼ਕਰ ਨਾਲ ਗੱਲ ਕੀਤੀ ਤਾਂ ਉਸ ਦੀ ਆਵਾਜ਼ ਬਹੁਤ ਘੱਟ ਆ ਰਹੀ

● ਬਾਕੀ ਸਫ਼ਾ 2 'ਤੇ

## ਤਿੰਨ ਦਿਨਾ ਵਿਸ਼ਾਲ ਧਰਨੇ 'ਚ ਸ਼ਾਮਲ ਹੋਣ ਦੀ ਅਪੀਲ

**ਪਟਿਆਲਾ :** ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਭਾਰਤ ਪੱਧਰ 'ਤੇ ਸਾਰੇ ਰਾਜਾਂ ਦੀਆਂ ਰਾਜਧਾਨੀਆਂ 'ਚ ਕਿਸਾਨ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਤਿੰਨ ਦਿਨ 26, 27 ਅਤੇ 28 ਨਵੰਬਰ ਨੂੰ ਮਹਾਂ ਪੜਾਵ ਦੇ ਰੂਪ 'ਚ ਵਿਸ਼ਾਲ ਧਰਨੇ ਲਾਏ ਜਾ ਰਹੇ ਹਨ ਅਤੇ ਗਵਰਨਰਾਂ ਨੂੰ ਮੰਗ ਪੱਤਰ ਸੌਂਪੇ ਜਾਣੇ ਹਨ। ਜਿਹਨਾਂ ਪ੍ਰਮੁੱਖ ਮੰਗਾਂ ਨੂੰ ਲੈ ਕੇ ਇਹ ਐਕਸ਼ਨ ਕੀਤੇ ਜਾ ਰਹੇ ਹਨ, ਉਹਨਾਂ ਵਿੱਚ ਭਾਰਤ ਸਰਕਾਰ ਦੀਆਂ ਕਾਰਪੋਰੇਟ ਪੱਖੀ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਅਤੇ ਕਿਸਾਨ ਵਿਰੋਧੀ ਨੀਤੀਆਂ ਰੋਕਣਾ, ਮਜ਼ਦੂਰ ਵਿਰੋਧੀ 4 ਲੇਬਰ ਕੋਡਜ਼ ਵਾਪਸ ਕਰਾਉਣੇ, ਮਹਿੰਗਾਈ, ਭ੍ਰਿਸ਼ਟਾਚਾਰ, ਰੋਜ਼ਗਾਰ, ਵਾਤਾਵਰਣ ਅਤੇ ਪਾਣੀ ਬਚਾਉਣਾ, ਫਿਰਕਾਪ੍ਰਸਤੀ ਫੈਲਾਉਣ ਦੀਆਂ ਚੱਲੀਆਂ ਜਾ ਰਹੀਆਂ ਕੁਚਾਲਾਂ ਨੂੰ ਰੋਕਣਾ, ਕਿਸਾਨਾਂ ਦੀਆਂ ਫਸਲਾਂ ਦੇ ਲਾਹੇਵੰਦ ਭਾਅ ਅਤੇ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ 26000 ਪ੍ਰਤੀ ਮਹੀਨਾ ਆਦਿ ਮੁੱਦੇ ਸ਼ਾਮਲ ਹਨ। ਬਰਾੜ ਅਤੇ ਧਾਲੀਵਾਲ ਨੇ ਏਟਕ ਨਾਲ ਸੰਬੰਧਤ ਸਾਰੀਆਂ ਜਥੇਬੰਦੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਏਟਕ ਵੱਲੋਂ ਤਿੰਨੇ ਦਿਨ ਵੱਡੇ ਜਥਿਆਂ ਦੇ ਰੂਪ 'ਚ ਮੋਹਾਲੀ ਵਿਖੇ ਮਹਾਂ ਪੜਾਵ 'ਚ ਸ਼ਾਮਲ ਹੋਣਾ ਯਕੀਨੀ ਬਣਾਇਆ ਜਾਵੇ। ਹਰ ਇੱਕ ਯੂਨੀਅਨ ਅਤੇ ਸੈਂਟਰਾਂ ਨੂੰ ਲੱਗੇ ਕੋਟੇ ਹਰ ਹਾਲਤ ਵਿੱਚ ਪੂਰੇ ਕੀਤੇ ਜਾਣ, ਤਾਂ ਕਿ ਭਵਿੱਖ 'ਚ ਦਰਪੇਸ਼ ਗੰਭੀਰ ਖਤਰਿਆਂ ਨੂੰ ਠੱਲ੍ਹਣ ਲਈ ਮੁਲਾਜ਼ਮ, ਮਜ਼ਦੂਰ, ਕਿਸਾਨ, ਨੌਜਵਾਨ, ਵਿਦਿਆਰਥੀ ਏਕਤਾ ਹੋਰ ਮਜ਼ਬੂਤ ਹੋ ਕੇ ਸਾਹਮਣੇ ਆਏ।

## ਵਿਸ਼ਵ 'ਚ 3.3 ਕਰੋੜ ਬੱਚਿਆਂ ਨੂੰ ਨਹੀਂ ਮਿਲੀ ਖਸਰੇ ਦੀ ਖੁਰਾਕ

**ਨਵੀਂ ਦਿੱਲੀ :** ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਅਤੇ ਅਮਰੀਕੀ ਰੋਗ ਕੰਟਰੋਲ ਰੋਕਥਾਮ ਕੇਂਦਰ (ਸੀ ਡੀ ਸੀ) ਦੀ ਰਿਪੋਰਟ ‘ਵਿਸ਼ਵ ਪੱਧਰ 'ਤੇ ਖਸਰਾ ਉਨਮੂਲਨ ਦੀ ਦਿਸ਼ਾ 'ਚ ਪ੍ਰਗਤੀ 2000-2022' ਅਨੁਸਾਰ ਪਿਛਲੇ ਸਾਲ ਦੁਨੀਆ ਭਰ 'ਚ ਖਸਰੇ ਦੇ ਮਾਮਲਿਆਂ 'ਚ 18 ਫੀਸਦੀ ਦਾ ਵਾਧਾ ਹੋਇਆ ਹੈ। ਬੀਤੇ ਸਾਲ 'ਚ 2.2 ਕਰੋੜ ਬੱਚੇ ਆਪਣੀ ਪਹਿਲੀ ਅਤੇ 1.1 ਕਰੋੜ ਬੱਚੇ ਆਪਣੀ ਦੂਜੀ ਖੁਰਾਕ ਲੈਣ ਤੋਂ ਵਾਂਝੇ ਰਹਿ ਗਏ। ਉਥੇ ਹੀ ਭਾਰਤ 10 ਪ੍ਰਮੁੱਖ ਦੇਸ਼ਾਂ 'ਚ ਸ਼ਾਮਲ ਹੈ, ਜਿੱਥੇ ਉਨ੍ਹਾ ਬੱਚਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ, ਜਿਨ੍ਹਾ ਨੇ ਇਸ ਸੰਕਰਮਣ ਬਿਮਾਰੀ ਤੋਂ ਬਚਾਅ ਦਾ ਪਹਿਲਾ ਟੀਕਾ ਨਹੀਂ ਲਿਆ। ਪਿਛਲੇ ਸਾਲ ਭਾਰਤ 'ਚ 11 ਲੱਖ ਬੱਚੇ ਇਸ ਮਹੱਤਵਪੂਰਨ ਖੁਰਾਕ ਤੋਂ ਵਾਂਝੇ ਰਹਿ ਗਏ। ਖਸਰਾ ਆਮ ਤੌਰ 'ਤੇ ਛੋਟੇ ਬੱਚਿਆਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਕਦੀ-ਕਦੀ ਉਸ ਲਈ ਜਾਨਲੇਵਾ ਵੀ ਸਾਬਿਤ ਹੁੰਦਾ ਹੈ। ਇਸ ਦੇ ਕਾਰਨ 2021 ਤੋਂ 2022 ਤੱਕ ਹੋਣ ਵਾਲੀਆਂ ਮੌਤਾਂ 'ਚ ਵਿਸ਼ਵ ਪੱਧਰ 'ਤੇ 43 ਫੀਸਦੀ ਦਾ ਵਾਧਾ ਹੋਇਆ ਹੈ। ਹਾਲਾਂਕਿ ਕੋਰੋਨਾ ਮਹਾਂਮਾਰੀ ਦੀ ਅਸਫ਼ਲਤਾ ਤੋਂ ਬਾਅਦ ਪਿਛਲੇ ਸਾਲ ਖਸਰਾ ਟੀਕਾਕਰਨ ਕਵਰੇਜ਼ 'ਚ ਕੁਝ ਸੁਧਾਰ ਹੋਇਆ। ਉਥੇ ਹੀ ਦੁਨੀਆ ਦਾ ਕੋਈ ਵੀ ਖੇਤਰ ਖਸਰਾ ਉਨਮੂਲਨ ਲਈ ਦੋਵੇਂ ਡੋਜ਼ ਦੇ 95 ਫੀਸਦੀ ਦੇ ਟੀਚੇ ਨੂੰ ਪੂਰਾ ਨਹੀਂ ਕਰ ਸਕਿਆ। ਪਿਛਲੇ ਸਾਲ 37 ਦੇਸ਼ਾਂ 'ਚ ਵਿਆਪਕ ਪੱਧਰ 'ਤੇ ਖਸਰੇ ਦਾ ਪ੍ਰਕੋਪ ਫੈਲਿਆ, ਜਿਨ੍ਹਾਂ 'ਚ ਅਫਰੀਕੀ ਦੇਸ਼ ਸਨ। ਘੱਟ ਇਨਕਮ ਵਾਲੇ ਦੇਸ਼ਾਂ 'ਚ ਜਿੱਥੇ ਖਸਰੇ ਨਾਲ ਮੌਤ ਦਾ ਜੋਖਮ ਵੱਧ ਹੈ, ਜਿੱਥੇ ਟੀਕਾਕਰਨ ਦਰ ਕੇਵਲ 66 ਫੀਸਦੀ ਦੇ ਨਾਲ ਸਭ ਤੋਂ ਘੱਟ ਬਣੀ ਹੋਈ ਹੈ। 2022 'ਚ ਖਸਰੇ ਦੇ ਟੀਕੇ ਦੀ ਪਹਿਲੀ ਖੁਰਾਕ ਲੈਣ ਤੋਂ ਵਾਂਝੇ ਰਹਿ ਗਏ ਬੱਚਿਆਂ 'ਚੋਂ ਅੱਧੇ ਤੋਂ ਵੱਧ ਸਿਰਫ਼ 10 ਦੇਸ਼ਾਂ ਅੰਗੋਲਾ, ਕਾਗੋ ਲੋਕਤੰਤਰਿਕ ਗਣਰਾਜ, ਇਥੋਪੀਆ, ਭਾਰਤ, ਇੰਡੋਨੇਸ਼ੀਆ, ਮੇਡਾਗਾਸਕਰ, ਨਾਈਜੀਰੀਆ, ਪਾਕਿਸਤਾਨ ਅਤੇ ਫਿਲਪਾਈਨਜ਼ 'ਚ ਰਹਿੰਦੇ ਹਨ।



## ਕੇਜਰੀਵਾਲ ਨੇ ਉਪ-ਰਾਜਪਾਲ ਕੋਲ ਭੇਜੀ ਰਿਪੋਰਟ

**ਮੁੱਖ ਸਕੱਤਰ ਨੂੰ ਹਟਾਉਣ ਖਿਲਾਫ ਸੀ ਬੀ ਆਈ ਜਾਂਚ ਦੀ ਕੀਤੀ ਮੰਗ**

**ਨਵੀਂ ਦਿੱਲੀ :** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵਿਜੀਲੈਂਸ ਮੰਤਰੀ ਆਤਿਸ਼ੀ ਦੀ ਰਿਪੋਰਟ ਲੈਫਟੀਨੈਂਟ ਗਵਰਨਰ ਨੂੰ ਭੇਜ ਦਿੱਤੀ ਹੈ, ਜਿਸ 'ਚ ਮੁੱਖ ਸਕੱਤਰ ਨਰੇਸ਼ ਕੁਮਾਰ 'ਤੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਆਪਣੇ ਪੁੱਤ ਦੀ ਹਿੱਸੇਦਾਰੀ ਵਾਲੀ ਕੰਪਨੀ ਅਤੇ ਆਈ ਐੱਲ ਬੀ ਐੱਸ ਵਿਚਾਲੇ ਲਾਭ ਲੈਣ ਲਈ ਸਹਿਯੋਗ ਕਰਾਉਣ ਦਾ ਦੋਸ਼ ਲਗਾਇਆ ਗਿਆ ਹੈ। ਇਹ ਰਿਪੋਰਟ ਵੀਰਵਾਰ ਨੂੰ ਵਿਜੀਲੈਂਸ ਮੰਤਰੀ ਨੇ ਕੇਜਰੀਵਾਲ ਨੂੰ ਸੌਂਪੀ। ਰਿਪੋਰਟ 'ਚ ਨਰੇਸ਼ ਕੁਮਾਰ ਨੂੰ ਮੁਅੱਤਲ ਕਰਨ ਅਤੇ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਤੋਂ ਜਾਂਚ ਕਰਵਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਮੁੱਖ ਸਕੱਤਰ ਨੇ ਰਿਪੋਰਟ 'ਚ ਦੋਸ਼ਾਂ ਨੂੰ ਹਾਸੋਹੀਣਾ ਅਤੇ ਬਕਵਾਸ ਕਰਾਰ ਦਿੱਤਾ ਹੈ। ਹੁਣ ਕੇਜਰੀਵਾਲ ਨੇ ਜਾਂਚ ਰਿਪੋਰਟ ਉਪ ਰਾਜਪਾਲ ਨੂੰ ਭੇਜ ਦਿੱਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸਕੱਤਰ ਦੇ ਬੇਟੇ ਦੀ ਕੰਪਨੀ ਨੂੰ ਕਥਿਤ ਤੌਰ 'ਤੇ ਦਿੱਲੀ ਸਰਕਾਰ ਦੇ ਆਈ ਐੱਲ ਬੀ ਐੱਸ ਹਸਪਤਾਲ ਤੋਂ ਬਿਨਾਂ ਟੈਂਡਰ ਏ ਆਈ ਸਾਫਟਵੇਅਰ ਬਣਾਉਣ ਦਾ ਕੰਮ ਸੌਂਪਿਆ ਗਿਆ। ਨਾਲ ਹੀ ਦੋਸ਼ ਲਾਇਆ ਕਿ ਇਸ ਕੋਸ਼ਿਸ਼ ਨਾਲ ਕੰਪਨੀ ਨੂੰ ਕਰੋੜਾਂ ਰੁਪਏ ਦਾ ਲਾਭ ਪਹੁੰਚਾਇਆ ਗਿਆ। ਮੁੱਖ ਸਕੱਤਰ ਨੇ ਰਿਪੋਰਟ ਵਿੱਚ ਦੋਸ਼ਾਂ ਨੂੰ ਹਾਸੋਹੀਣਾ ਅਤੇ ਬਕਵਾਸ ਕਰਾਰ ਦਿੱਤਾ ਹੈ। ਉਹ 30 ਨਵੰਬਰ ਨੂੰ ਸੇਵਾਮੁਕਤ ਹੋਣ ਵਾਲੇ ਹਨ।


## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਬਾਬਾ ਸ਼ਾਮ ਸਿੰਘ ਜੀ ਪਿੰਡ ਨਾਰਲਾ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ **ਖਿੱਖੀਵਿੰਡ** ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਲਖਵਿੰਦਰ ਸਿੰਘ ਗੋਲਣ** ਨਾਲ ਮੋਬਾਇਲ ਨੰਬਰ 98147-70122 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ


## ਅੱਜ-ਨਾਮਾ

ਅਦਾਲਤ ਕਹਿੰਦੀ ਕਿ ਕੁੱਤਾ ਜੇ ਵੱਢ ਜਾਵੇ,
ਹਰਜਾਨਾ ਉਹਦਾ ਸਰਕਾਰ ਹੀ ਭਰੂ ਬੇਲੀ।
ਇੱਕ ਇੱਕ ਕੱਟ ਦੀ ਦੱਸੀ ਹੈ ਰਕਮ ਨਾਲੇ,
ਦੁੱਖੜਾ ਮੱਠਾ ਇਹ ਪੀੜਤ ਦਾ ਕਰੂ ਬੇਲੀ।
ਇਲਾਜ ਕਰਨ ਦੇ ਬਾਰੇ ਕੁਝ ਕਿਹਾ ਸਿੱਧਾ,
ਬਗੈਰ ਇਲਾਜ ਦੇ ਕੋਈ ਨਹੀਂ ਮਰੂ ਬੇਲੀ।
ਮਾਨਸਿਕ ਪੀੜ ਦੀ ਰਹੀ ਕੁਝ ਗੱਲ ਬਾਕੀ,
ਸਦਮਾ ਉਸ ਦਾ ਜਿਹੜਾ ਕੋਈ ਜਰੂ ਬੇਲੀ।
ਆਵਾਰਾ ਕੁੱਤੇ ਵੀ ਘੱਟ ਨਹੀਂ ਤੁਰੇ ਫਿਰਦੇ,
ਨਿਕਲਿਆ ਉਨ੍ਹਾਂ ਦਾ ਕੋਈ ਨਾ ਹੱਲ ਬੇਲੀ।
ਪਾਲਤੂ ਕੁੱਤੇ ਵੀ ਘੱਟ ਨਹੀਂ ਕਹਿਰ ਵਾਲੇ,
ਕਿਸੇ ਥਾਂ ਰਹੀ ਨਾ ਕਹਿਣ ਦੀ ਗੱਲ ਬੇਲੀ।

-ਤੀਸ ਮਾਰ ਖਾਂ

## ਮਜ਼ਦੂਰ ਵਿਹੜਿਆਂ 'ਚ ਚਾਨਣ ਦਾ ਛੱਟਾ ਦੇਣ ਦੇ ਹੋਕੇ ਨਾਲ ਖੇਤਰੀ ਕਨਵੈਨਸ਼ਨ ਸੰਪੰਨ

- ਆਗੂਆਂ ਵੱਲੋਂ ਸੰਘਰਸ਼ ਤੇਜ਼ ਕਰਨ ਦਾ ਐਲਾਨ

**ਜਲੰਧਰ (ਗਿਆਨ ਸੈਦਪੁਰੀ)**

ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਮਜ਼ਦੂਰ ਵਰਗ ਨਾਲ ਨਿਗੂਣੀਆਂ ਜਿਹੀਆਂ ਸਹੂਲਤਾਂ ਦੇ ਨਾਂਅ 'ਤੇ ਕੀਤੇ ਜਾ ਰਹੇ ਅਹਿਸਾਨਾਂ ਨੂੰ ਇਸ ਵਰਗ ਦੇ ‘ਵਿਕਾਸ' ਦਾ ਧੂੰਆਂਧਾਰ ਪ੍ਰਚਾਰ ਕਰਕੇ ਕੀਤੀ ਜਾਂਦੀ ਮੱਕਾਰੀ ਦਾ ਪਰਦਾ ਫਾਸ਼ ਕਰਦਿਆਂ ਅਤੇ ਇਸ ਵਰਗ ਦੀ ਲਗਾਤਾਰ ਬਦਤਰ ਹੁੰਦੀ ਜਾ ਰਹੀ ਹਾਲਤ ਨੂੰ ਬਦਲਣ ਲਈ ਸੰਘਰਸ਼ ਦੀ ਧਾਰ ਨੂੰ ਤੇਜ਼ ਕਰਕੇ ਵਿਹੜਿਆਂ ਵਿੱਚ ਚਾਨਣ ਦਾ ਛੱਟਾ ਦੇਣ ਦੇ ਹੋਕੇ ਨਾਲ ਅੱਠ ਮਜ਼ਦੂਰ ਜਥੇਬੰਦੀਆਂ ਵੱਲੋਂ ਕੀਤੀ ਖੇਤਰੀ ਕਨਵੈਨਸ਼ਨ ਸਫ਼ਲਤਾ ਨਾਲ ਨੇਪਰੇ ਚੜ੍ਹੀ।

ਸ਼ਨੀਵਾਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਸਰਵਸਾਥੀ ਹਰਮੇਸ਼ ਮਾਲੜੀ, ਮੂਲ ਚੰਦ ਸਰਹਾਲੀ, ਹੰਸਰਾਜ ਪੱਬਵਾਂ, ਗਿਆਨ ਸੈਦਪੁਰੀ ਅਤੇ ਦਰਸ਼ਨ ਨਾਹਰ ਦੀ ਪ੍ਰਧਾਨਗੀ ਹੇਠ ਨੁਮਾਇੰਦਾ ਮਜ਼ਦੂਰ ਕਨਵੈਨਸ਼ਨ ਕਰਕੇ ਮਜ਼ਦੂਰ ਮੰਗਾਂ 'ਤੇ ਸੰਘਰਸ਼ ਤੇਜ਼ ਕਰਨ ਦਾ ਐਲਾਨ ਕੀਤਾ। ਮਜ਼ਦੂਰ ਆਗੂਆਂ ਨੇ ਇਸ ਮੌਕੇ ਪੰਜਾਬ ਸਰਕਾਰ ਨੂੰ ਆੜੇ ਹੱਥੀਂ ਲੈਂਦਿਆ ਕਿਹਾ ਕਿ ਪੰਜਾਬ ਸਰਕਾਰ ਨੇ ਮਜ਼ਦੂਰ ਵਰਗ ਨੂੰ ਬਿਲਕੁੱਲ ਦਰਕਿਨਾਰ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਸਰਕਾਰ ਨੂੰ ਵਾਅਦੇ ਯਾਦ ਕਰਾਉਣ ਲਈ ਤਿੱਖੇ ਸੰਘਰਸ਼ ਦੀ ਲੋੜ ਹੈ। ਸਾਂਝੇ ਮੋਰਚੇ ਨੇ ਐਲਾਨ ਕੀਤਾ ਕਿ 28-29 ਅਤੇ 30 ਨਵੰਬਰ ਨੂੰ ਸਾਰੇ ਵਿਧਾਇਕਾਂ ਨੂੰ ਮੰਗ ਪੱਤਰ ਦੇਣ ਤੋਂ ਬਾਅਦ 9 ਦਸੰਬਰ ਤੋਂ ਕੈਬਨਿਟ ਮੰਤਰੀ ਬਲਕਾਰ ਸਿੰਘ ਦੀ ਜਲੰਧਰ ਸਥਿਤ ਰਿਹਾਇਸ਼ ਅੱਗੇ ਦੁਆਬਾ ਜ਼ੋਨ ਦਾ ਤਿੰਨ ਦਿਨਾ ਧਰਨਾ ਲਾਇਆ ਜਾਵੇਗਾ। ਆਗੂਆਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਵਾਰ-ਵਾਰ ਮੀਟਿੰਗਾਂ ਦਾ ਸਮਾਂ ਤਹਿ ਕਰਕੇ ਮੀਟਿੰਗਾਂ ਨਾ ਕਰਨਾ ਅਤੇ ਕੈਬਨਿਟ ਸਬ-ਕਮੇਟੀ ਵੱਲੋਂ ਮੰਨੀਆਂ ਮੰਗਾਂ 'ਤੇ ਅਮਲ ਨਾ ਕਰਨਾ ਪੰਜਾਬ ਦੇ ਸਮੁੱਚੇ ਮਜ਼ਦੂਰ ਭਾਈਚਾਰੇ ਦਾ ਨਿਰਾਦਰ ਹੈ। ਉਨ੍ਹਾਂ ਕਿਹਾ ਕਿ ਇਸੇ ਕਰਕੇ ਭਰ ਸਿਆਲ ਦੀਆਂ ਠੰਢੀਆਂ ਰਾਤਾਂ ਵਿੱਚ ਵੀ ਮਜ਼ਦੂਰ ਧਰਨੇ ਲਾਉਣ ਲਈ ਮਜਬੂਰ ਹਨ।



ਇਸ ਮੌਕੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਹਰਮੇਸ਼ ਮਾਲੜੀ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਦਰਸ਼ਨ ਨਾਹਰ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਗੁਰਮੇਸ਼ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਗੁਰਨਾਮ ਸਿੰਘ ਦਾਊਦ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਹਰਪਾਲ ਬਿੱਟੂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਵੀਰ ਕੁਮਾਰ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ, ਕੁੱਲ ਹਿੰਦ ਮਜ਼ਦੂਰ ਯੂਨੀਅਨ ਦੇ ਆਗੂ ਮਹਿੰਦਰ ਰਾਮ ਫੁਗਲਾਣਾ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਨਿਰੰਜਨ ਦਾਸ ਮੇਹਲੀ ਨੇ ਸੰਬੋਧਨ ਕੀਤਾ। ਇਸ ਮੌਕੇ ਸਾਂਝੇ ਮਜ਼ਦੂਰ ਮੋਰਚੇ ਨੇ ਇਜ਼ਰਾਈਲ ਵੱਲੋਂ ਫਲਸਤੀਨੀ ਲੋਕਾਂ ਦੇ ਕੀਤੇ ਜਾ ਰਹੇ ਕਤਲੇਆਮ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ 16 ਨਵੰਬਰ 1915 ਨੂੰ ਬਰਤਾਨਵੀ ਸਾਮਰਾਜ ਵੱਲੋਂ ਕਰਤਾਰ ਸਿੰਘ ਸਰਾਭਾ ਸਮੇਤ ਛੇ ਹੋਰਨਾਂ ਗਦਰੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸਟੇਜ ਸਕੱਤਰ ਦੇ ਫਰਜ਼ ਬਲਦੇਵ ਸਿੰਘ ਨੂਰਪੁਰੀ ਨੇ ਬਾਖੂਬੀ ਨਿਭਾਏ।

## ਅੰਮ੍ਰਿਤਸਰ ਦੀ ਅਦਾਲਤ 'ਚ ਪੇਸ਼ ਹੋਏ ਸੰਜੇ ਸਿੰਘ

**ਅੰਮ੍ਰਿਤਸਰ :** ਜੇਲ੍ਹ 'ਚ ਬੰਦ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੂੰ ਸ਼ਨੀਵਾਰ ਅੰਮ੍ਰਿਤਸਰ ਅਦਾਲਤ 'ਚ ਪੇਸ਼ ਕੀਤਾ ਗਿਆ। ਉਹਨਾ ਨੂੰ ਅਦਾਲਤ 'ਚ ਪੇਸ਼ ਕਰਨ ਲਈ ਤਿਹਾੜ ਜੇਲ੍ਹ ਤੋਂ ਇੱਥੇ ਜੰਮੂ ਤਵੀ ਟਰੇਨ ਰਾਹੀਂ ਹੀ ਲਿਆਂਦਾ ਗਿਆ। ਉਨ੍ਹਾ ਨੂੰ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਖਲ ਮਾਣਹਾਨੀ ਦੇ ਕੇਸ ਦੇ ਸੰਬੰਧ 'ਚ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਦੌਰਾਨ ਸੰਜੇ ਸਿੰਘ ਨੇ ਕਿਹਾ ਕਿ ਮੋਦੀ ਦੀ ਤਾਨਾਸ਼ਾਹੀ ਖਿਲਾਫ ਲੜਾਈ ਜਾਰੀ ਰਹੇਗੀ। ਮੈਂ ਕਿਸੇ ਜੇਲ੍ਹ ਜਾਂ ਝੂਠੇ ਕੇਸ ਤੋਂ ਨਹੀਂ ਡਰਦਾ। ਅਕਾਲੀ ਆਗੂ ਬਿਕਰਮ ਮਜੀਠੀਆ ਵੱਲੋਂ ‘ਆਪ' ਦੇ ਸੰਸਦ ਮੈਂਬਰ ਸੰਜੇ ਸਿੰਘ ਖਿਲਾਫ ਦਾਖਲ ਮਾਣਹਾਨੀ ਦੇ ਕੇਸ 'ਚ ਮਜੀਠੀਆ ਅਤੇ ਸੰਜੇ ਸਿੰਘ ਅਦਾਲਤ ਵਿੱਚ ਪੇਸ਼ ਹੋਏ, ਜਿੱਥੇ ਜੱਜ ਨੇ ਕੇਸ ਦੀ ਸੁਣਵਾਈ ਲਈ ਅਗਲੀ ਤਰੀਕ 16 ਦਸੰਬਰ ਪਾ ਦਿੱਤੀ। ਇਸ ਮੌਕੇ ਸੰਜੇ ਸਿੰਘ ਨੇ ਕਿਹਾ ਕਿ ਉਹ ਕਿਸੇ ਝੂਠੇ ਕੇਸ ਤੋਂ ਡਰਨ ਵਾਲੇ ਨਹੀਂ ਹਨ। ਜ਼ਿਕਰਯੋਗ ਹੈ ਕਿ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਹੋਰ ਨੇਤਾਵਾਂ ਨੇ ਨਸ਼ਾ ਤਸਕਰੀ ਦੇ ਦੋਸ਼ ਲਾਏ ਸਨ। ਇਸ ਮਾਮਲੇ 'ਚ ਸਾਬਕਾ ਕੈਬਨਿਟ ਮੰਤਰੀ ਨੇ ਅਦਾਲਤ 'ਚ ‘ਆਪ' ਆਗੂਆਂ ਖਿਲਾਫ ਮਾਣਹਾਨੀ ਦਾ ਕੇਸ ਦਾਖਲ ਕੀਤਾ ਸੀ, ਜਿਸ 'ਚ ‘ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਹੋਰ ਨੇਤਾਵਾਂ ਨੇ ਮਾਫੀ ਮੰਗੀ ਸੀ, ਜਦਕਿ ਸੰਜੇ ਸਿੰਘ ਇਸ ਮਾਮਲੇ 'ਚ ਅਜੇ ਵੀ ਕੇਸ ਲੜ ਰਹੇ ਹਨ।

## ਮਾਡਰਨ ਕਾਲਜ ਬੀਰ ਕਲਾਂ 'ਚ ਯੁਵਕ ਮੇਲਾ 20 ਤੇ 21 ਨੂੰ



**ਚੀਮਾ ਮੰਡੀ (ਰਵਿੰਦਰ ਚੀਮਾ)**-ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ 20 ਤੇ 21 ਨਵੰਬਰ ਨੂੰ ਜ਼ਿਲ੍ਹਾ ਪੱਧਰੀ ਯੁਵਕ ਮੇਲਾ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸੰਗਰੂਰ ਅਰੁਣ ਕੁਮਾਰ ਤੇ ਸੰਸਥਾ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਯੁਵਕ ਮੇਲੇ ਦੀ ਤਿਆਰੀ ਦਾ ਜਾਇਜ਼ਾ ਲੈਣ ਲਈ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਸੰਗਰੂਰ ਅਰੁਣ ਕੁਮਾਰ ਤੇ ਸੰਸਥਾ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਵੱਲੋਂ ਕਾਲਜ ਦਾ ਦੌਰਾ ਕੀਤਾ ਗਿਆ ਤੇ ਯੁਵਕ ਮੇਲੇ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਕਾਲਜ ਸਟਾਫ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਸਹਾਇਕ ਡਾਇਰੈਕਟਰ ਅਰੁਣ ਕੁਮਾਰ ਨੇ ਕਿਹਾ ਕਿ 20 ਨਵੰਬਰ ਨੂੰ ਹੋਣ ਵਾਲੇ ਮੁਕਾਬਲਿਆਂ ਵਿੱਚ ਗਿੱਧਾ, ਲੋਕਗੀਤ, ਵਾਰ ਗਾਇਨ, ਕਵੀਸ਼ਰੀ, ਮੋਨੋਐਕਟਿੰਗ, ਲੁੱਡੀ, ਪੋਸਟਰ ਬਣਾਉਣਾ, ਕੋਲਾਜ ਬਣਾਉਣਾ, ਕਲੇਅ ਮਾਡਲਿੰਗ, ਕਾਰਟੂਨਿੰਗ, ਰੰਗੋਲੀ, ਸੰਮੀ ਸ਼ਾਮਲ ਹੈ ਤੇ 21 ਨਵੰਬਰ ਨੂੰ ਭੰਗੜਾ, ਲੋਕਸਾਜ ਮੁਕਾਬਲੇ, ਭਾਸ਼ਣ ਪ੍ਰਤੀਯੋਗਤਾ, ਪੁਰਾਤਨ ਪਹਿਰਾਵਾ, ਗਤਕਾ, ਰਵਾਇਤੀ ਲੋਕ ਕਲਾ ਮੁਕਾਬਲਾ (ਟ੍ਰਡੀਸ਼ਨਲ ਆਰਟ ਕੰਪੀਟੀਸ਼ਨ), ਫੁਲਕਾਰੀ, ਨਾਲੇ ਬੁਣਨਾ, ਪੀੜ੍ਹੀ ਬੁਣਨਾ, ਛਿੱਕੂ ਬੁਣਨਾ, ਪੱਖੀ ਬੁਣਨਾ, ਬੇਕਾਰ ਵਸਤੂਆਂ ਦਾ ਸਦਉਪਯੋਗ ਸ਼ਾਮਲ ਹੋਣਗੇ। ਇਸ ਮੇਲੇ ਦਾ ਉਦਘਾਟਨ ਕੈਬਨਿਟ ਮੰਤਰੀ ਪੰਜਾਬ ਅਮਨ ਅਰੋੜਾ, ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਵੱਲੋਂ ਕੀਤਾ ਜਾਵੇਗਾ।

## ਸਟੇਟ ਪੱਧਰੀ ਟੀਮ ਨੇ ਡੇਂਗੂ ਵਿਰੋਧੀ ਮੁਹਿੰਮ ਦਾ ਲਿਆ ਜਾਇਜ਼ਾ




**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਹਤ ਤੇ ਪਰਵਾਰ ਭਲਾਈ ਮੰਤਰੀ, ਪੰਜਾਬ, ਡਾ. ਬਲਵੀਰ ਸਿੰਘ ਅਤੇ ਡਾਇਰੈਕਟਰ, ਸਿਹਤ ਤੇ ਪਰਵਾਰ ਭਲਾਈ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ "ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ" ਮੁਹਿੰਮ ਤਹਿਤ ਡੇਂਗੂ ਵਿਰੋਧੀ ਗਤੀਵਿਧੀਆਂ ਲਗਾਤਾਰ ਜਾਰੀ ਹਨ। ਇਸੇ ਲੜੀ ਤਹਿਤ ਅੱਜ ਸਟੇਟ ਪੱਧਰੀ ਟੀਮ ਵਲੋਂ ਜ਼ਿਲ੍ਹੇ ਅਧੀਨ ਡੇਂਗੂ ਸਬੰਧੀ ਗਤੀਵਿਧੀਆਂ ਦਾ ਜਾਇਜ਼ਾ ਲਿਆ ਗਿਆ। ਇਸ ਟੀਮ ਵਿਚ ਡਾ. ਅਰਸ਼ਦੀਪ ਕੌਰ ਸਟੇਟ ਪ੍ਰੋਗਰਾਮ ਅਫਸਰ, ਬਲਜੀਤ ਕੌਰ ਸਹਾਇਕ ਪ੍ਰੋਗਰਾਮ ਅਫਸਰ, ਨਜਤਿੰਦਰ ਸਿੰਘ ਸਟੇਟ ਇੰਟਮੋਲੋਜਿਸਟ ਤੇ ਅੰਮ੍ਰਿਤਪਾਲ ਕੌਰ ਜ਼ੋਨਲ ਇੰਟਮੋਲੋਜਿਸਟ ਸ਼ਾਮਲ ਸਨ। ਟੀਮ ਵਲੋਂ ਮਦਰਾਸੀ ਕਲੋਨੀ, ਪਿੰਡ ਬੁਚੜੇ, ਸਰਹਿੰਦ ਸ਼ਹਿਰ, ਫਤਹਿਗੜ੍ਹ ਸਾਹਿਬ, ਜ਼ਿਲ੍ਹਾ ਹਸਪਤਾਲ ਤੇ ਹੋਰ ਥਾਵਾਂ ਦਾ ਦੌਰਾ ਕੀਤਾ। ਇਸ ਮੌਕੇ ਬ੍ਰੀਡ ਚੈਕਿੰਗ ਕੀਤੀ ਗਈ, ਚੈਕਿੰਗ ਦੌਰਾਨ ਮਿਲੇ ਮੱਛਰ ਦੇ ਲਾਰਵੇ ਨੂੰ ਮੌਕੇ 'ਤੇ ਨਸ਼ਟ ਕਰਵਾਇਆ ਗਿਆ ਤੇ ਆਮ ਲੋਕਾਂ ਨੂੰ ਡੇਂਗੂ ਸੰਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾ. ਅਰਸ਼ਦੀਪ ਕੌਰ ਨੇ ਕਿਹਾ ਕਿ ਡੇਂਗੂ ਦਾ ਮੱਛਰ 7 ਤੋਂ 10 ਦਿਨ ਵਿਚ ਅੰਡੇ ਤੋਂ ਪੂਰਾ ਮੱਛਰ ਬਣਦਾ ਹੈ, ਇਸ ਲਈ ਹਰ ਸ਼ੁੱਕਰਵਾਰ ਨੂੰ ਡੇਂਗੂ ਦਾ ਲਾਰਵਾ ਪੈਦਾ ਹੋਣ ਵਾਲੀਆ ਥਾਵਾਂ ਜਿਵੇਂ ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟ੍ਰੇਆਂ ਆਦਿ ਨੂੰ ਸਾਫ ਕਰਨਾ ਤੇ ਸੁਕਾਉਣਾ ਚਾਹੀਦਾ ਹੈ। ਇਸ ਮੌਕੇ ਡਾ. ਗੁਰਪ੍ਰੀਤ ਕੌਰ ਐਪੀਡੀਮੋਲੋਜਿਸਟ ਨੇ ਦੱਸਿਆ ਕਿ ਸਰਕਾਰ ਵੱਲੋਂ ਡੇਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਜੇਲ੍ਹ ਬੰਦੀਆਂ ਨੂੰ ਕੋਰਸ ਪੂਰਾ ਕਰਨ 'ਤੇ ਸਰਟੀਫਿਕੇਟ ਵੰਡੇ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ 'ਅੰਧੇਰੋ ਸੇ ਉਜਾਲੋਂ ਕੀ ਓਰ' ਮੁਹਿੰਮ ਸ਼ੁਰੂ ਕੀਤੀ ਗਈ ਸੀ, ਜਿਸ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਸਾਰੇ ਇੱਟਾਂ ਦੇ ਭੱਠਿਆਂ ਉੱਪਰ ਕੰਮ ਕਰ ਰਹੇ ਜਾਂ ਪੜ੍ਹਾਈ ਨਾ ਕਰ ਰਹੇ ਬੱਚਿਆਂ ਦਾ ਜਾਇਜ਼ਾ ਲਿਆ ਗਿਆ ਅਤੇ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਉਨ੍ਹਾਂ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ ਦਾ ਉਪਰਾਲਾ ਕੀਤਾ ਗਿਆ, ਜਿਸ ਦਾ ਸਿਹਰਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਦੇ ਹਿੱਸੇ ਆਇਆ। ਹੁਣ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਫਿਰ ਇਸੇ ਤਰ੍ਹਾਂ ਦਾ ਉਪਰਾਲਾ ਕੀਤਾ ਗਿਆ ਹੈ ਜਿਸ ਨੂੰ ਕਿ ਅੰਧੇਰੋ ਸੇ ਉਜਾਲੋਂ ਕੀ ਓਰ ਦਾ ਭਾਗ 2 ਦਾ ਨਾਮ ਦਿੱਤਾ ਜਾ ਸਕਦਾ ਹੈ।ਇਸੇ ਲੜੀ ਤਹਿਤ ਹੁਣ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਬੰਦੀ ਸਸ਼ਕਤੀਕਰਨ ਮੁਹਿੰਮ ਚਲਾਈ ਗਈ ਜਿਸ ਤਹਿਤ ਜੇਲ੍ਹ ਵਿੱਚ ਬੰਦ ਕੈਦੀਆਂ ਤੇ ਹਵਾਲਾਤੀਆਂ ਦੇ ਸਮੇਂ ਸਮੇਂ ਸਿਰ ਹੁਨਰ ਵਿਕਾਸ ਲਈ ਕੋਰਸ ਕਰਵਾਏ ਜਾ ਰਹੇ ਹਨ, ਜਿਸ ਨਾਲ ਉਹ ਜੇਲ੍ਹ ਤੋਂ ਰਿਹਾਅ ਹੋ ਕੇ ਆਪਣਾ ਸਵੈ-ਰੁਜ਼ਗਾਰ ਕਰ ਸਕਣ ਤੇ ਆਪਣੇ ਆਪ ਨੂੰ ਸਮਾਜ ਵਿੱਚ ਢਾਲ ਸਕਣ।ਇਸੇ ਲੜੀ ਤਹਿਤ ਡੀਸੀਐੱਮ ਸਕੂਲਜ਼ ਗਰੁੱਪ ਫਿਰੋਜ਼ਪੁਰ ਦੇ ਸਹਿਯੋਗ ਨਾਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਸੈਂਟਰਲ ਜੇਲ੍ਹ ਫਿਰੋਜ਼ਪੁਰ ਵਿੱਚ ਬੰਦੀਆਂ ਦੇ ਕੰਪਿਊਟਰ ਕੋਰਸ ਸ਼ੁਰੂ ਕਰਵਾਏ ਗਏ ਸਨ ਅਤੇ ਆਰਐੱਸਈਟੀਆਈ ਸੰਸਥਾ ਦੇ ਸਹਿਯੋਗ ਨਾਲ ਵੀ ਜੇਲ੍ਹ ਦੇ ਕੈਦੀਆਂ ਨੂੰ ਵੱਖ ਵੱਖ ਕੋਰਸਾਂ ਦੀ ਸਿਖਲਾਈ ਦਿੱਤੀ ਗਈ।ਇਨ੍ਹਾਂ ਕੋਰਸਾਂ ਦੇ ਪੂਰਾ ਹੋਣ ਉਪਰੰਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਬੰਦੀਆਂ ਨੂੰ ਸਰਟੀਫਿਕੇਟ ਵੰਡੇ ਗਏ।

## ਗੁਰਪੁਰਬ ਸੰਬੰਧੀ ਪ੍ਰਭਾਤ ਫੇਰੀਆਂ ਸ਼ੁਰੂ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਪ੍ਰਭਾਤ ਫੇਰੀਆਂ ਸ਼ੁਰੂ ਹੋ ਚੁੱਕੀਆਂ ਹਨ। ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਤੋਂ ਤੜਕੇ 4 ਵਜੇ ਆਰੰਭ ਹੁੰਦੀ ਇਸ ਪ੍ਰਭਾਤ ਫੇਰੀ 'ਚ ਸੰਗਤ ਨਾਮ ਸਿਮਰਨ ਤੇ ਬਾਣੀ ਦਾ ਜਾਪ ਕਰਦੇ ਹੋਏ ਸ਼ਹਿਰ ਦੀ ਪ੍ਰੀਕਰਮਾ ਕਰਦੀ ਹੈ। ਗੁਰਦੁਆਰਾ ਸਾਹਿਬ ਦੇ ਮੈਨੇਜਰ ਗੁਰਬਖ਼ਸ਼ ਸਿੰਘ ਅਨੁਸਾਰ ਬਾਬਾ ਮੋਹਣ ਸਿੰਘ ਦੀ ਦੇਖ-ਰੇਖ 'ਚ ਪ੍ਰਭਾਤ ਫੇਰੀ 'ਚ ਸ਼ਾਮਲ ਸੰਗਤ ਸ਼ਰਧਾਲੂਆਂ ਦੇ ਸੱਦੇ 'ਤੇ ਉਨ੍ਹਾਂ ਦੇ ਘਰ 'ਚ ਜਾ ਕੇ ਸੁੱਖ ਸ਼ਾਂਤੀ ਲਈ ਅਰਦਾਸ ਕਰਦੀ ਹੈ। ਰੋਜ਼ਾਨਾ ਪ੍ਰਭਾਤ ਫੇਰੀ ਦੀ ਸਮਾਪਤੀ ਉਪਰੰਤ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸੰਗਤਾਂ ਲਈ ਵੱਖ ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਜਾਂਦੇ ਹਨ। ਇਹ ਪ੍ਰਭਾਤ ਫੇਰੀ ਦਾ ਪ੍ਰਵਾਹ ਰੋਜ਼ਾਨਾ 27 ਨਵੰਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੱਕ ਨਿਰਵਿਘਨ ਜਾਰੀ ਰਹੇਗਾ ਤੇ ਇਸ ਦਿਨ ਪਵਿੱਤਰ ਦਿਹਾੜਾ ਸੰਗਤਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।

## ਮੋਬਾਇਲ ਤੇ ਨਗਦੀ ਵਾਪਸ ਕਰਕੇ ਭੁਪਿੰਦਰ ਸੈਨ ਨੇ ਪੇਸ਼ ਕੀਤੀ ਇਮਾਨਦਾਰੀ ਦੀ ਮਿਸਾਲ



**ਲਹਿਰਾ ਮੁਹੱਬਤ (ਪੱਤਰ ਪ੍ਰੇਰਕ)**-ਥਰਮਲ ਪਲਾਂਟ ਦੇ ਠੇਕਾ ਮੁਲਾਜ਼ਮ ਨੇ ਲੱਭਿਆ ਟੱਚ ਮੋਬਇਲ ਫੋਨ ਵਾਪਸ ਕਰਕੇ ਇਮਾਨਦਾਰੀ ਦੀ ਮਿਸਾਲ ਪੇਸ਼ ਕੀਤੀ ਹੈ। ਲਹਿਰਾ ਮੁਹੱਬਤ ਤੋਂ ਪੱਤਰਕਾਰ ਭੀਮ ਸੈਨ ਹਦਵਾਰੀਆ ਦੇ ਸਪੁੱਤਰ ਭੁਪਿੰਦਰ ਸੈਨ (ਥਰਮਲ ਠੇਕਾ ਮੁਲਾਜ਼ਮ) ਨੂੰ ਅੱਜ ਸਵੇਰੇ ਅਖਬਾਰ ਵੰਡਦੇ ਸਮੇਂ ਪਿੰਡ ਲਹਿਰਾ ਮੁਹੱਬਤ ਵਿਖੇ ਮੇਨ ਸੜਕ 'ਤੇ ਡਿੱਗਿਆ ਪਿਆ ਟੱਚ ਮੋਬਾਇਲ ਫੋਨ ਮਿਲਿਆ, ਜੋ ਉਸ ਨੇ ਅਸਲ ਮਾਲਕ ਦਾ ਪਤਾ ਲਗਾਉਣ ਉਪਰੰਤ ਉਸ ਨੂੰ ਇੱਥੇ ਬੁਲਾ ਕੇ ਮਿਲੀ ਨਗਦੀ ਸਮੇਤ ਮੋਬਾਇਲ ਉਸ ਨੂੰ ਸੌਂਪ ਦਿੱਤਾ। ਜਾਣਕਾਰੀ ਅਨੁਸਾਰ ਸੋਨੂੰ ਰਾਮ ਪੁੱਤਰ ਕੁਲਦੀਪ ਸਿੰਘ ਤੇ ਜਗਤਾਰ ਰਾਮ ਪੁੱਤਰ ਜੀਤਾ ਰਾਮ, ਵਾਸੀਅਨ ਬਾਲਿਆਂਵਾਲੀ (ਬਠਿੰਡਾ), ਜੋ ਸਵੇਰੇ ਸਾਢੇ ਪੰਜ ਵਜੇ ਆਪਣੇ ਪਿੰਡ ਤੋਂ ਮੋਟਰਸਾਈਕਲ ਰਾਹੀਂ ਵਾਇਆ ਲਹਿਰਾ ਮੁਹੱਬਤ ਹੋ ਕੇ ਬਠਿੰਡਾ ਜਾ ਰਹੇ ਸਨ, ਇਸ ਦੌਰਾਨ ਸੋਨੂੰ ਰਾਮ ਦਾ ਮੋਬਾਇਲ ਫੋਨ ਰਸਤੇ ਵਿੱਚ ਡਿੱਗ ਗਿਆ। ਸਵੇਰੇ ਛੇ-ਕੁ ਵਜੇ ਡਿੱਗਿਆ ਹੋਇਆ ਮੋਬਾਇਲ ਤੇ ਨਗਦੀ ਮੇਨ ਸੜਕ ਲਹਿਰਾ ਮੁਹੱਬਤ ਤੋਂ ਭੁਪਿੰਦਰ ਸੈਨ ਨੂੰ ਲੱਭ ਗਏ। ਡਿੱਗਿਆ ਸਾਮਾਨ ਵਾਪਸ ਮਿਲਣ 'ਤੇ ਸੋਨੂੰ ਰਾਮ ਨੇ ਭੁਪਿੰਦਰ ਸੈਨ ਦਾ ਸ਼ੁਕਰੀਆ ਕਰਦਿਆਂ ਕਿਹਾ ਕਿ ਉਸ ਨੂੰ ਉਮੀਦ ਨਹੀਂ ਸੀ ਕਿ ਉਸ ਦਾ ਡਿੱਗਿਆ ਮੋਬਾਇਲ ਤੇ ਪੈਸੇ ਉਸ ਨੂੰ ਮਿਲ ਜਾਣਗੇ, ਪ੍ਰੰਤੂ ਇੱਕ ਭਲੇ ਇਨਸਾਨ ਦੀ ਇਮਾਨਦਾਰੀ ਤੇ ਜ਼ਿੰਦਾਦਿਲੀ ਇਨਸਾਨੀਅਤ ਸਦਕਾ ਉਸ ਦਾ ਮੋਬਾਇਲ ਤੇ ਨਗਦੀ ਉਸ ਨੂੰ ਮਿਲ ਗਏ ਹਨ।

## ਡੀ ਏ ਵੀ ਕਾਲਜ 'ਚ 'ਜੀ ਐੱਸ ਟੀ ਸਸਟੇਨੇਬਿਲਟੀ ਇੰਪਰੇਟਿਵ' ਵਿਸ਼ੇ 'ਤੇ ਲੈਕਚਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਡੀ.ਏ.ਵੀ. ਕਾਲਜ ਵਿਖੇ ਪ੍ਰਿੰਸੀਪਲ ਸੁਭਾਸ਼ ਗੁਪਤਾ ਦੀ ਅਗਵਾਈ ਹੇਠ ਕਾਲਜ ਦੇ ਵਣਜ ਵਿਭਾਗ ਵੱਲੋਂ 'ਜੀ.ਐੱਸ.ਟੀ. ਸਸਟੇਨੇਬਿਲਟੀ ਇੰਪਰੇਟਿਵ' ਵਿਸ਼ੇ ਉੱਤੇ ਇੱਕ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ, ਜਿਸ ਦੇ ਮੁੱਖ ਬੁਲਾਰੇ ਦੇ ਰੂਪ ਵਿੱਚ ਸ਼੍ਰੀ ਪੁਲਕਿਤ ਅਸੀਜਾ (ਸੀ.ਏ.) ਨੇ ਸ਼ਿਰਕਤ ਕੀਤੀ। ਉਨ੍ਹਾ ਜੀ.ਐੱਸ.ਟੀ. ਦੀ ਬੁਨਿਆਦ ਨੂੰ ਬਹੁਤ ਹੀ ਸਰਲ ਤਰੀਕੇ ਨਾਲ ਸਮਝਾਇਆ ਤੇ ਵਿਹਾਰਕ ਤੌਰ 'ਤੇ ਸੰਕਲਪਾਂ ਬਾਰੇ ਵਿਸਥਾਰ ਨਾਲ ਦੱਸਿਆ। ਇਸ ਸਮਾਗਮ ਦੀ ਸ਼ੁਰੂਆਤ ਡੀ.ਏ.ਵੀ. ਗਾਨ ਨਾਲ ਕੀਤੀ ਗਈ। ਲੈਕਚਰ ਕਾਫ਼ੀ ਜਾਣਕਾਰੀ ਭਰਪੂਰ ਤੇ ਪ੍ਰਭਾਵੀ ਰਿਹਾ, ਜਿਸ ਵਿੱਚ ਵਿਦਿਆਰਥੀਆਂ ਨੇ ਭਰਪੂਰ ਜਾਣਕਾਰੀ ਹਾਸਲ ਕੀਤੀ। ਮੁੱਖ ਬੁਲਾਰੇ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਸੈਸ਼ਨ ਦੇ ਅੰਤ ਵਿੱਚ ਪ੍ਰਿੰਸੀਪਲ ਸੁਭਾਸ਼ ਗੁਪਤਾ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਸ਼੍ਰੀ ਪੁਲਕਿਤ ਅਸੀਜਾ ਦੇ ਮਾਤਾ-ਪਿਤਾ ਸ਼੍ਰੀ ਐੱਸ ਸੀ ਅਸੀਜਾ ਤੇ ਸ਼੍ਰੀਮਤੀ ਨਿਸ਼ਾ ਅਸੀਜਾ ਅਤੇ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਵੱਲੋਂ ਮੰਗਾਂ ਨੂੰ ਲੈ ਕੇ ਮੀਟਿੰਗ

**ਪਟਿਆਲਾ** : ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੀ ਮੀਟਿੰਗ ਨਿਰਮਲ ਸਿੰਘ ਧਾਲੀਵਾਲ ਦੀ ਕਨਵੀਨਰਸ਼ਿਪ ਹੇਠ ਪੀ ਆਰ ਟੀ ਸੀ ਦੇ ਵਰਕਰਾਂ ਦੇ ਅਤੀ ਜ਼ਰੂਰੀ ਮਸਲੇ ਵਿਚਾਰਨ ਲਈ ਹੋਈ। ਮੀਟਿੰਗ 'ਚ ਬਲਦੇਵ ਰਾਜ ਬੱਤਾ, ਬਿਕਰਮਜੀਤ ਸ਼ਰਮਾ, ਨਸੀਬ ਚੰਦ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਵੱਖ-ਵੱਖ ਜਥੇਬੰਦੀਆਂ ਨਾਲ ਸੰਬੰਧਤ ਏਟਕ, ਇੰਟਕ, ਕਰਮਚਾਰੀ ਦਲ, ਐੱਸ ਸੀ/ ਬੀ ਸੀ, ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਦੇ ਪ੍ਰਮੁੱਖ ਆਗੂ ਸ਼ਾਮਲ ਸਨ। ਮੀਟਿੰਗ ਨੇ ਬਹੁਤ ਹੀ ਗੰਭੀਰਤਾ ਨਾਲ ਪੀ ਆਰ ਟੀ ਸੀ ਮੈਨੇਜਮੈਂਟ ਵੱਲੋਂ ਵਰਕਰਾਂ ਦੇ ਜ਼ਰੂਰੀ ਅਤੇ ਕਾਨੂੰਨੀ ਤੌਰ 'ਤੇ ਵਾਜਬ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨ ਦਾ ਸਖ਼ਤ ਨੋਟਿਸ ਲਿਆ ਅਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਕਿਰਦਾਰ ਦਾ ਵਰਕਰਾਂ 'ਤੇ ਪੈ ਰਹੇ ਅਸਰ ਬਾਰੇ ਵੀ ਚਰਚਾ ਕੀਤੀ। ਐਕਸ਼ਨ ਕਮੇਟੀ ਨੇ ਫੈਸਲਾ ਕੀਤਾ ਕਿ ਮੈਨੇਜਮੈਂਟ ਨੂੰ ਮੁੱਖ ਮੰਗਾਂ ਸੰਬੰਧੀ ਨੋਟਿਸ ਦਿੱਤਾ ਜਾਵੇ ਅਤੇ ਜੇਕਰ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਐਜੀਟੇਸ਼ਨ ਸ਼ੁਰੂ ਕਰ ਦਿੱਤੀ ਜਾਵੇਗੀ। ਜਿਨ੍ਹਾਂ ਮੰਗਾਂ ਸੰਬੰਧੀ ਨੋਟਿਸ ਦਿੱਤਾ ਜਾ ਰਿਹਾ ਹੈ, ਉਹਨਾਂ ਵਿੱਚ ਸਿੱਧੇ ਕੰਟਰੈਕਟ 'ਤੇ ਕੰਮ ਕਰ ਰਹੇ 600 ਤੋਂ ਵੱਧ ਮੁਲਾਜ਼ਮਾਂ ਨੂੰ ਤੁਰੰਤ ਰੈਗੂਲਰ ਕਰਨਾ, ਆਊਟਸੋਰਸ ਵਰਕਰਾਂ ਨੂੰ ਪੀ ਆਰ ਟੀ ਸੀ ਰੂਲਜ਼ 1981 ਅਧੀਨ ਪੱਕਾ ਕਰਨ ਦਾ ਅਮਲ ਸ਼ੁਰੂ ਕਰਨਾ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ, ਵਰਕਰਾਂ ਦੇ 200 ਕਰੋੜ ਤੋਂ ਵੱਧ ਦੇ ਬਕਾਏ ਅਦਾ ਕਰਨਾ, 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿੰਦੇ ਵਰਕਰਾਂ ਨੂੰ ਪੈਨਸ਼ਨ ਦੇਣਾ ਅਤੇ ਕਿਲੋਮੀਟਰ ਸਕੀਮ ਬੱਸਾਂ ਦੀ ਬਜਾਏ ਆਪਣੀਆਂ 500 ਬੱਸਾਂ ਪਾਉਣਾ ਆਦਿ ਸ਼ਾਮਲ ਹਨ।

## 17ਵਾਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਅੱਜ ਤੋਂ

**ਜਲੰਧਰ (ਸ਼ੈਲੀ ਐਲਬਰਟ)**-17ਵਾਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਯਾਦਗਾਰੀ ਟੂਰਨਾਮੈਂਟ ਰਾਏ ਮਾਤਾ ਪ੍ਰਕਾਸ਼ ਕੌਰ ਕੱਪ 19 ਨਵੰਬਰ ਤੋਂ 26 ਨਵੰਬਰ ਤੱਕ ਜਲੰਧਰ ਦੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਕਰਵਾਇਆ ਜਾਵੇਗਾ। ਇਸ ਸੰਬੰਧੀ ਪ੍ਰਬੰਧਕੀ ਕਮੇਟੀ ਦੇ ਮੁਖੀ ਹਰਕਮਲ ਸਿੰਘ ਕਪੂਰ ਨੇ ਦੱਸਿਆ ਕਿ ਇਹ ਟੂਰਨਾਮੈਂਟ 19 ਸਾਲ ਤੋਂ ਘੱਟ ਦੇ ਸਕੂਲੀ ਖਿਡਾਰੀਆਂ ਲਈ ਕਰਵਾਇਆ ਜਾਂਦਾ ਹੈ। ਇਸ ਟੂਰਨਾਮੈਂਟ ਵਿੱਚ ਇਕ ਜਨਵਰੀ 2004 ਤੋਂ ਬਾਅਦ ਦੇ ਜਨਮੇ ਖਿਡਾਰੀ ਹੀ ਭਾਗ ਲੈ ਰਹੇ ਹਨ। ਇਹ ਟੂਰਨਾਮੈਂਟ ਹਾਕੀ ਇੰਡੀਆ ਤੋਂ ਮਾਨਤਾ ਪ੍ਰਾਪਤ ਹੈ। ਉਨ੍ਹਾਂ ਦੱਸਿਆ ਕਿ ਇਸ ਟੂਰਨਾਮੈਂਟ ਨੇ ਉਭਰਦੇ ਖਿਡਾਰੀਆਂ ਨੂੰ ਇਕ ਬੇਹਤਰੀਨ ਪਲੇਟਫਾਰਮ ਦਿੱਤਾ ਹੈ, ਇਸ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਖਿਡਾਰੀ ਇਸ ਸਮੇਂ ਭਾਰਤੀ ਹਾਕੀ ਟੀਮ ਦੀ ਪ੍ਰਤੀਨਿਧਤਾ ਕਰ ਰਹੇ ਹਨ। ਜਿਨ੍ਹਾਂ ਵਿੱਚ ਭਾਰਤੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਸਾਬਕਾ ਕਪਤਾਨ ਮਨਪ੍ਰੀਤ ਸਿੰਘ, ਭਾਰਤੀ ਹਾਕੀ ਟੀਮ ਦੇ ਉਪ ਕਪਤਾਨ ਹਾਰਦਿਕ ਸਿੰਘ ਪ੍ਰਮੁੱਖ ਹਨ। ਇਹ ਟੂਰਨਾਮੈਂਟ ਲੀਗ ਕਮ ਨਾਕ ਆਊਟ ਆਧਾਰ 'ਤੇ ਖੇਡਿਆ ਜਾਵੇਗਾ। ਇਸ ਟੂਰਨਾਮੈਂਟ ਵਿੱਚ ਦੇਸ਼ ਭਰ ਵਿਚੋਂ 12 ਬੇਹਤਰੀਨ ਟੀਮਾਂ ਭਾਗ ਲੈ ਰਹੀਆਂ ਹਨ।

## ਸਾਨੂੰ ਆਪਣੇ ਗੁਰੂਆਂ ਵੱਲੋਂ ਦਰਸਾਏ ਮਾਰਗ 'ਤੇ ਚੱਲਣਾ ਚਾਹੀਦੈ : ਬਾਬਾ ਸੋਹਣ ਸਲਾਣਾ



**ਅਮਲੋਹ (ਲਖਵਰਿੰਦਰ ਸਿੰਘ, ਹਰਚਰਨ ਉੱਪਲ)**-ਭਾਈ ਮਨਪ੍ਰੀਤ ਸਿੰਘ ਬਾਲੀ ਵੱਲੋਂ ਕਰਵਾਏ ਗਏ ਧਾਰਮਿਕ ਸਮਾਗਮ ਮੌਕੇ ਬਾਬਾ ਸੋਹਣ ਸਿੰਘ ਸਲਾਣਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਵੱਡੀ ਗਿਣਤੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬਾਬਾ ਸੋਹਣ ਸਿੰਘ ਸਲਾਣਾ ਨੇ ਭਾਈ ਬਾਲੀ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਕੀਤੇ ਜਾਂਦੇ ਕੰਮਾਂ ਦੀ ਸ਼ਲਾਘਾ ਵੀ ਕੀਤੀ ਤੇ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਵੱਲੋਂ ਦਰਸਾਏ ਮਾਰਗ 'ਤੇ ਚੱਲਦੇ ਹੋਏ ਆਪਣੇ ਜੀਵਨ ਨੂੰ ਸਫਲਾ ਕਰਨਾ ਚਾਹੀਦਾ ਹੈ ਅਤੇ ਮਾਨਵਤਾ ਦੀ ਭਲਾਈ ਲਈ ਕੰਮ ਕਰਨੇ ਚਾਹੀਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਿੱਖੀ ਸਰੂਪ ਧਾਰਨ ਕਰਕੇ ਗੁਰੂ ਵਾਲੇ ਬਣਨ। ਇਸ ਮੌਕੇ ਭਾਈ ਮਨਪ੍ਰੀਤ ਸਿੰਘ ਬਾਲੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ, ਉਥੇ ਹੀ ਸੰਤਾਂ ਮਹਾਪੁਰਸ਼ਾਂ ਦਾ ਸਨਮਾਨ ਵੀ ਕੀਤਾ ਗਿਆ।

## ਮਾਤਾ ਸਾਹਿਬ ਕੌਰ ਪਬਲਿਕ ਸਕੂਲ 'ਚ ਬਾਲ ਦਿਵਸ ਮਨਾਇਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਮਾਤਾ ਸਾਹਿਬ ਕੌਰ ਸੀਨੀ. ਸੈਕੰ. ਪਬਲਿਕ ਸਕੂਲ ਗੁਰੂ ਹਰਸਹਾਏ ਵਿਖੇ ਬੜੀ ਧੂਮ-ਧਾਮ ਨਾਲ ਬਾਲ ਦਿਵਸ ਮਨਾਇਆ ਗਿਆ। ਇਸ ਦਿਨ ਦੀ ਸ਼ੁਰੂਆਤ ਸਵੇਰ ਦੀ ਸਭਾ ਨਾਲ ਹੋਈ। ਸਵੇਰ ਦੀ ਸਭਾ ਵਿੱਚ ਸਾਰੇ ਅਧਿਆਪਕ ਸਾਹਿਬਾਨਾਂ ਨੇ ਵੱਖਰੇ-ਵੱਖਰੇ ਢੰਗ ਨਾਲ ਬੱਚਿਆਂ ਨੂੰ ਬਾਲ ਦਿਵਸ ਦੀ ਵਿਸ਼ੇਸ਼ਤਾ ਸਮਝਾਈ ਤੇ ਇਸ ਦਿਨ ਦੀਆਂ ਵਧਾਈਆਂ ਦਿੱਤੀਆਂ। ਇਸ ਦਿਨ ਨੂੰ ਮੁੱਖ ਰੱਖਦੇ ਹੋਏ ਅਧਿਆਪਕ ਸਾਹਿਬਾਨਾਂ ਨੇ ਸਵੇਰ ਦੀ ਸਭਾ ਵਿੱਚ ਭਾਸ਼ਣ, ਕਵਿਤਾਵਾਂ, ਗੀਤ, ਸ਼ਬਦ ਗਾਇਨ ਪੇਸ਼ ਕੀਤੇ। ਇਸ ਤੋਂ ਇਲਾਵਾ ਬੱਚਿਆਂ ਦੇ ਮਨੋਰੰਜਨ ਵਾਸਤੇ ਸਕੂਲ ਵਿੱਚ ਵੱਖ-ਵੱਖ ਖੇਡਾਂ ਕਰਵਾਈਆਂ ਗਈਆਂ। ਖੇਡਾਂ ਦੇ ਜੇਤੂਆਂ ਨੂੰ ਪ੍ਰਿੰਸੀਪਲ ਸਾਹਿਬਾਨ ਵੱਲੋਂ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਨੀਲਾਕਸ਼ੀ ਗੁਪਤਾ ਨੇ ਵਿਦਿਆਰਥੀਆਂ ਨੂੰ ਸੰਬੋਧਤ ਕਰਦੇ ਹੋਏ ਉਨ੍ਹਾਂ ਨੂੰ ਹਮੇਸ਼ਾ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਤੇ ਜ਼ਿੰਦਗੀ ਵਿੱਚ ਹਮੇਸ਼ਾ ਸੱਚ ਤੇ ਇਮਾਨਦਾਰੀ ਦੇ ਰਸਤੇ ਉੱਪਰ ਚੱਲਣ ਲਈ ਕਿਹਾ। ਬਾਲ ਦਿਵਸ ਨੂੰ ਮੁੱਖ ਰੱਖਦੇ ਹੋਏ ਕਲਾਸ ਇੰਚਾਰਜ ਵੱਲੋਂ ਹਰ ਜਮਾਤ ਵਿੱਚ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ। ਬੱਚਿਆਂ ਦੇ ਮਨੋਰੰਜਨ ਲਈ ਜਮਾਤ 'ਚ ਕਈ ਤਰ੍ਹਾਂ ਦੀਆਂ ਗਤੀ-ਵਿਧੀਆਂ ਕਰਵਾਈਆਂ ਗਈਆਂ। ਮਾਤਾ ਸਾਹਿਬ ਕੌਰ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਵੀ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨੀਲਾਕਸ਼ੀ ਗੁਪਤਾ, ਸਕੂਲ ਕਮੇਟੀ ਦੇ ਮੈਂਬਰ ਮਹੀਪਾਲ ਸਿੰਘ, ਕਮਲਪਾਲ ਸਿੰਘ, ਗੁਰਿੰਦਰ ਸਿੰਘ, ਸਮੂਹ ਸਕੂਲ ਸਟਾਫ ਹਾਜ਼ਰ ਰਿਹਾ ਤੇ ਬੱਚਿਆਂ ਨੂੰ ਬਾਲ ਦਿਵਸ ਦੀ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਜੀਵਨ 'ਚ ਅੱਗੇ ਵਧਣ ਦਾ ਆਸ਼ੀਰਵਾਦ ਦਿੱਤਾ।

## ਐੱਮ ਪੀ ਅਮਰ ਸਿੰਘ ਤੇ ਰਾਜਾ ਗਿੱਲ ਨੇ ਪੰਚਾਇਤਾਂ ਨੂੰ ਗ੍ਰਾਂਟਾਂ ਦੇ ਚੈੱਕ ਸੌਂਪੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਤੋਂ ਐੱਮ. ਪੀ. ਡਾ. ਅਮਰ ਸਿੰਘ ਵੱਲੋਂ ਮਾਛੀਵਾੜਾ ਬਲਾਕ ਦੇ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਚੈੱਕ ਸੌਂਪੇ ਗਏ। ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਐੱਮ. ਪੀ. ਡਾ. ਅਮਰ ਸਿੰਘ ਨੇ ਪਿੰਡ ਪਵਾਤ ਨੂੰ ਧਰਮਸ਼ਾਲਾ ਦੇ ਨਿਰਮਾਣ ਲਈ 3 ਲੱਖ ਰੁਪਏ, ਪਿੰਡ ਹੇੜੀਆਂ ਨੂੰ ਗਲੀਆਂ-ਨਾਲੀਆਂ ਦੇ ਨਿਰਮਾਣ ਲਈ 3 ਲੱਖ ਰੁਪਏ ਤੇ ਪਿੰਡ ਮੁਸ਼ਕਾਬਾਦ ਨੂੰ ਵੀ 2 ਲੱਖ ਰੁਪਏ ਦੀ ਗ੍ਰਾਂਟ ਦਿੱਤੀ। ਇਸ ਮੌਕੇ ਐੱਮ. ਪੀ. ਅਮਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਲਈ, ਜੋ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ, ਉਹ ਪੰਚਾਇਤਾਂ ਸੁਚੱਜੇ ਢੰਗ ਨਾਲ ਖਰਚਣ। ਉਨ੍ਹਾ ਕਿਹਾ ਕਿ ਕਾਂਗਰਸ ਪਾਰਟੀ ਦਾ ਉਦੇਸ਼ ਲੋਕ ਸੇਵਾ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਹੈ, ਜਿਸ ਲਈ ਉਹ ਹਮੇਸ਼ਾ ਤਤਪਰ ਰਹਿੰਦੇ ਹਨ। ਇਸ ਮੌਕੇ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਐੱਮ. ਪੀ. ਅਖਤਿਆਰੀ ਕੋਟੇ 'ਚੋਂ ਹਲਕਾ ਸਮਰਾਲਾ ਦੇ ਪਿੰਡਾਂ ਨੂੰ ਉਨ੍ਹਾਂ ਵੱਲੋਂ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਗ੍ਰਾਂਟ ਦਿਵਾਈ ਗਈ ਹੈ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਚੇਅਰਮੈਨ ਜਗਜੀਤ ਸਿੰਘ ਪ੍ਰਿਥੀਪੁਰ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਸੁਖਜਿੰਦਰ ਸਿੰਘ ਮਾਨ, ਅਮਨਦੀਪ ਸਿੰਘ ਗੁਰੋਂ ਆਦਿ ਮੌਜੂਦ ਸਨ।

## ਐੱਸ ਆਰ ਐੱਸ ਵਿੱਦਿਆਪੀਠ 'ਚ ਅੱਖਾਂ ਦਾ ਮੁਫਤ ਕੈਂਪ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐੱਸ. ਆਰ. ਐੱਸ. ਵਿੱਦਿਆਪੀਠ ਵਿੱਚ ਅੱਖਾਂ ਦੇ ਫਰੀ ਚੈੱਕਅਪ ਕਰਨ ਲਈ ਟੀਮ ਰੋਟਰੀ ਕਲੱਬ ਰਾਇਲ ਪਟਿਆਲਾ ਦੇ ਪ੍ਰੈਜ਼ੀਡੈਂਟ ਡਾ. ਇੰਦਰਜੀਤ ਤੇ ਸੈਕਟਰੀ ਸੁਕਲ ਚੰਦ ਵੱਲੋਂ ਵਿਜਨ ਸਪਰਿੰਗ ਫਰਾਮ ਨੋਇਡਾ ਸੈਕਟਰ-15 ਦੇ ਅੱਖਾਂ ਦੇ ਸਪੈਸ਼ਲਿਸਟ ਡਾ. ਮੁਨੀਸ਼ ਕੁਮਾਰ ਤੇ ਡਾ. ਯਾਸ਼ਿਕਾ ਸ਼ਰਮਾ ਪੁੱਜੇ। ਉਨ੍ਹਾਂ ਅਧਿਆਪਕਾਂ, ਵਿਦਿਆਰਥੀਆਂ ਤੇ ਹੋਰ ਸਾਰੇ ਸਹਿਕਰਮੀਆਂ ਦਾ ਫਰੀ ਚੈੱਕਅਪ ਕੀਤਾ ਤੇ ਉਨ੍ਹਾਂ ਨੂੰ ਅੱਖਾਂ ਦੀ ਸੰਭਾਲ ਬਾਰੇ ਉੱਚਿਤ ਜਾਣਕਾਰੀ ਦਿੱਤੀ। ਸਕੂਲ ਦੇ ਮੁੱਖ ਅਧਿਆਪਕ ਮਿਸ ਮਿਲੀ ਬੋਸ ਤੇ ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ ਵੱਲੋਂ ਸਾਰੀ ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਦਾ ਕੈਂਪ ਲਗਾਉਣ ਲਈ ਦਿਲੋਂ ਧੰਨਵਾਦ ਕੀਤਾ।




## ਕਿੱਲੋ ਅਫੀਮ ਸਮੇਤ ਮੁਲਜ਼ਮ ਗ੍ਰਿਫਤਾਰ



**ਰਾਜਪੁਰਾ (ਰਮੇਸ਼ ਕਟਾਰੀਆ)**
ਡੀ ਐੱਸ ਪੀ ਸ੍ਰੀ ਸੁਰਿੰਦਰ ਮੋਹਨ ਦੇ ਦਿਸ਼ਾ ਨਿਰਦੇਸ਼ਾਂ ਤੇ ਇੰਸਪੈਕਟਰ ਕਿਰਪਾਲ ਸਿੰਘ ਮੁੱਖ ਅਫਸਰ ਥਾਣਾ ਸਦਰ ਦੀ ਅਗਵਾਈ ਹੇਠ ਪੁਲਸ ਨੇ ਇੱਕ ਕਿੱਲੋ ਅਫੀਮ ਸਮੇਤ ਇੱਕ ਮੁਲਜ਼ਮ ਨੂੰ ਕਾਬੂ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਸੁਰਿੰਦਰ ਮੋਹਨ ਡੀ ਐੱਸ ਪੀ ਰਾਜਪੁਰਾ ਨੇ ਕਿਹਾ ਕਿ ਉਕਤ ਆਰੋਪੀ ਜੋ ਕਿ ਬੱਸ ਰਾਹੀਂ ਲੁਧਿਆਣਾ ਜਾ ਰਿਹਾ ਸੀ ਤੇ ਪੁਲਸ ਮੁਲਾਜ਼ਮਾਂ ਨੂੰ ਵੇਖ ਕੇ ਪੈਦਲ ਹੀ ਤੁਰ ਪਿਆ, ਜਿਸ ਕਾਰਨ ਪੁਲਸ ਨੂੰ ਸ਼ੱਕ ਪਿਆ ਤਾਂ ਇਸ ਦੀ ਚੈਕਿੰਗ ਦੌਰਾਨ ਇੱਕ ਕਿੱਲੋ ਅਫੀਮ ਮਿਲੀ। ਉਨ੍ਹਾਂ ਦੱਸਿਆ ਕਿ ਆਰੋਪੀ ਜਾਕਿਰ ਅਲੀ, ਜੋ ਉੱਤਰ ਪ੍ਰਦੇਸ ਦਾ ਨਿਵਾਸੀ ਹੈ ਤੇ ਪਹਿਲਾਂ ਵੀ ਪੰਜਾਬ ਵਿੱਚ ਕਈ ਵਾਰ ਆ ਚੁੱਕਿਆ ਹੈ। ਪੁਲਸ ਨੇ ਮੁਕੱਦਮਾ ਦਰਜ ਕਰ ਕੇ ਦੋ ਦਿਨ ਦਾ ਰਿਮਾਂਡ ਹਾਸਲ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਯਾਦ ਰਹੇ ਸਦਰ ਪੁਲਸ ਕੁਝ ਦਿਨਾਂ ਵਿੱਚ 17 ਕਿੱਲੋ ਤੋਂ ਜ਼ਿਆਦਾ ਅਫੀਮ ਪਕੜ ਚੁੱਕੀ ਹੈ।

## ...ਸਫ਼ਾ 1 ਦੇ ਬਾਕੀ

### ਪੰਜਾਬ ਹਰ ਖੇਤਰ 'ਚ...

ਆਉਣ ਵਾਲੀਆਂ ਆਮ ਚੋਣਾਂ 'ਚ ਸੂਬੇ ਦੀਆਂ ਸਾਰੀਆਂ 13 ਅਤੇ ਚੰਡੀਗੜ੍ਹ ਦੀ ਇੱਕ ਸੀਟ 'ਆਪ' ਦੀ ਝੋਲੀ 'ਚ ਪਾਉਣ ਦਾ ਮਨ ਬਣਾ ਲਿਆ ਹੈ। ਉਨ੍ਹਾ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਅੰਕੜਾ 13-0 ਦਾ ਹੋਵੇਗਾ। ਅਕਾਲੀ ਦਲ ਦੇ ਮੁਖੀ ਵੱਲੋਂ ਉਨ੍ਹਾ ਖਿਲਾਫ ਮਾਣਹਾਨੀ ਦਾ ਕੋਈ ਵੀ ਕੇਸ ਦਾਇਰ ਕਰਨ ਲਈ ਉਹ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾ ਕਿਹਾ ਕਿ ਉਹ ਬਾਦਲ ਪਰਵਾਰ ਦੀਆਂ ਕਰਤੂਤਾਂ ਨੂੰ ਲੋਕਾਂ ਸਾਹਮਣੇ ਨੰਗਾ ਕਰਨ ਲਈ ਇਸ ਕੇਸ ਦਾ ਸਵਾਗਤ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਲੋਕਾਂ ਨੇ ਮਹਿਲਾਂ ਜਾਂ ਵੱਡੇ ਘਰਾਂ 'ਚ ਰਹਿਣ ਵਾਲੇ ਅਤੇ 'ਕਾਕਾ ਜੀ' ਅਤੇ 'ਬੀਬਾ ਜੀ' ਦੇ ਨਾਵਾਂ ਨਾਲ ਜਾਣੇ ਜਾਂਦੇ ਆਗੂਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਇਹ ਮੌਕਾਪ੍ਰਸਤ ਆਗੂ ਕਦੇ ਵੀ ਲੋਕਾਂ ਦੇ ਨਾਲ ਨਹੀਂ ਖੜ੍ਹੇ, ਪਰ ਇਨ੍ਹਾਂ ਨੇ ਹਮੇਸ਼ਾ ਉਨ੍ਹਾਂ ਲੋਕਾਂ ਦਾ ਸਾਥ ਦਿੱਤਾ ਹੈ, ਜੋ ਉਨ੍ਹਾਂ ਦੇ ਨਿੱਜੀ ਹਿੱਤਾਂ ਲਈ ਫਾਇਦੇਮੰਦ ਸਨ। ਇਨ੍ਹਾਂ ਆਗੂਆਂ ਨੇ ਹਮੇਸ਼ਾ ਸੂਬੇ ਅਤੇ ਇੱਥੋਂ ਦੇ ਲੋਕਾਂ ਨਾਲੋਂ ਆਪਣੇ ਸਵਾਰਥਾਂ ਨੂੰ ਪਹਿਲ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ 'ਮੁਹਾਵਰੇ ਦੇ ਮਾਸਟਰ' ਹਨ, ਜਿਨ੍ਹਾ ਆਪਣੇ ਪੂਰੇ ਕਾਰਜਕਾਲ ਦੌਰਾਨ ਲੋਕਾਂ ਨੂੰ ਬੇਵਕੂਫ ਬਣਾਇਆ ਹੈ। ਉਨ੍ਹਾ ਲੋਕਾਂ ਨੂੰ ਚੇਤੇ ਕਰਵਾਇਆ ਕਿ ਮੋਦੀ ਵੱਲੋਂ ਹਰੇਕ ਦੇ ਖਾਤੇ 'ਚ 15 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ, ਪਰ ਅਜੇ ਤੱਕ ਉਨ੍ਹਾ ਦੀਆਂ ਗੈਰ-ਯੋਜਨਾਬੱਧ ਨੀਤੀਆਂ ਕਾਰਨ ਲੋਕਾਂ ਨੂੰ ਬਹੁਤ ਨੁਕਸਾਨ ਝੱਲਣਾ ਪਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਅਤੇ ਕਾਂਗਰਸ ਦੋਵਾਂ ਨੇ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਆਮ ਜਨਤਾ ਨੂੰ ਮੂਰਖ ਬਣਾਇਆ ਹੈ। ਮੁੱਖ ਮੰਤਰੀ ਨੇ ਕਿਹਾ ਆਉਣ ਵਾਲੇ ਇੱਕ ਸਾਲ ਵਿੱਚ ਸੂਬੇ ਵਿੱਚ ਪੰਜ ਹੋਰ ਮੈਡੀਕਲ ਕਾਲਜ ਖੋਲ੍ਹੇ ਜਾਣਗੇ। ਆਉਣ ਵਾਲੇ ਸਾਲਾਂ ਵਿੱਚ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਇੱਕ ਮੈਡੀਕਲ ਕਾਲਜ ਹੋਵੇਗਾ। ਇਸ ਨਾਲ ਸੂਬੇ ਦੇ ਲੋਕਾਂ ਨੂੰ ਮਿਆਰੀ ਇਲਾਜ ਅਤੇ ਡਾਕਟਰੀ ਸਿੱਖਿਆ ਮੁਹੱਈਆ ਕਰਵਾਈ ਜਾਵੇਗੀ। ਦੋਵਾਂ ਮੁੱਖ ਮੰਤਰੀਆਂ ਨੇ ਕਿਹਾ ਕਿ 148 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਇਹ ਪ੍ਰਾਜੈਕਟ ਲੋਕਾਈ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਤੇ ਫਲਸਫ਼ੇ ਬਾਰੇ ਜਾਣੂੰ ਕਰਵਾਉਣ ਵਿੱਚ ਸਹਾਈ ਹੋਵੇਗਾ। ਇਸ ਦੌਰਾਨ ਦੋਵਾਂ ਆਗੂਆਂ ਨੇ 30.82 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਬਜਵਾੜਾ ਤੇ ਕਿਲ੍ਹਾ ਬੈਰੋਂ 'ਚ ਬਣਨ ਵਾਲੇ ਸੀਵਰੇਜ ਪ੍ਰਾਜੈਕਟ ਦਾ ਨੀਂਹ ਪੱਥਰ ਵੀ ਰੱਖਿਆ। ਉਨ੍ਹਾਂ ਹੁਸ਼ਿਆਰਪੁਰ ਵਿੱਚ ਫ਼ਰਦ ਕੇਂਦਰ ਨਾਲ ਤਹਿਸੀਲ ਇਮਾਰਤ ਦੇ ਨਿਰਮਾਣ ਦਾ ਵੀ ਨੀਂਹ ਪੱਥਰ ਰੱਖਿਆ, ਜਿਸ ਉਤੇ 5.29 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਇਮਾਰਤ 'ਚ ਐੱਸ ਡੀ ਐੱਮ ਦਫ਼ਤਰ, ਐੱਸ ਡੀ ਐੱਮ ਅਦਾਲਤ, ਤਹਿਸੀਲ ਦਫ਼ਤਰ, ਤਹਿਸੀਲਦਾਰ ਅਦਾਲਤ, ਸਬ-ਰਜਿਸਟਰੇਸ਼ਨ ਦਫ਼ਤਰ, ਕੰਟੀਨ, ਵੇਟਿੰਗ ਏਰੀਆ, ਮੀਟਿੰਗ ਰੂਮ, ਫ਼ਰਦ ਕੇਂਦਰ, ਰਿਕਾਰਡ ਰੂਮ ਅਤੇ ਹੋਰ ਸਹੂਲਤਾਂ ਹੋਣਗੀਆਂ। ਇਸੇ ਤਰ੍ਹਾਂ ਮੁਹੱਲਾ ਕੱਚਾ ਟੋਬਾ, ਨਿਊ ਸ਼ਾਂਤੀ ਨਗਰ, ਪ੍ਰੇਮਗੜ੍ਹ, ਨਿਊ ਬੈਂਕ ਕਲੋਨੀ ਅਤੇ ਬੂਥਗੜ੍ਹ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਲਈ 1.94 ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਦੋਵਾਂ ਆਗੂਆਂ ਨੇ ਬਾਲਾ ਪੀਰ ਰੋਡ, ਟਾਂਡਾ ਰੋਡ ਤੋਂ ਮੁੱਖ ਸੜਕ ਬੇਗੋਵਾਲ ਦੇ ਨਿਰਮਾਣ ਅਤੇ ਬੇਗੋਵਾਲ ਸ਼ਹਿਰ ਵਿੱਚ ਨਾਲੇ ਦੇ ਦੋਵੇਂ ਪਾਸੇ ਇੰਟਰਲਾਕਿੰਗ ਟਾਇਲਾਂ ਲਾਉਣ ਦੇ ਪ੍ਰਾਜੈਕਟ ਦਾ ਵੀ ਨੀਂਹ ਪੱਥਰ ਰੱਖਿਆ, ਜਿਸ ਉਤੇ 1.52 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸੇ ਤਰ੍ਹਾਂ ਫਗਵਾੜਾ 'ਚ ਵੀ 14 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ ਗਿਆ। ਗੜ੍ਹਸ਼ੰਕਰ ਵਿਖੇ 1.36 ਕਰੋੜ ਰੁਪਏ ਦੀ ਲਾਗਤ ਨਾਲ 100 ਫੀਸਦੀ ਵਾਟਰ ਸਪਲਾਈ ਪਾਈਪ ਲਾਈਨ ਵਿਛਾਉਣ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਦੋਵਾਂ ਮੁੱਖ ਮੰਤਰੀਆਂ ਨੇ 22.68 ਕਰੋੜ ਰੁਪਏ ਦੀ ਲਾਗਤ ਨਾਲ ਸਾਰੇ ਜ਼ਿਲ੍ਹਿਆਂ 'ਚ ਖਾਲੀ ਪਈਆਂ ਪੰਚਾਇਤੀ ਜ਼ਮੀਨਾਂ 'ਤੇ ਚਾਰ ਏਕੜ ਰਕਬੇ 'ਚ ਖੇਡ ਮੈਦਾਨਾਂ ਦੀ ਉਸਾਰੀ ਲਈ ਇਕ ਵੱਡੇ ਪ੍ਰਾਜੈਕਟ ਦੀ ਸ਼ੁਰੂਆਤ ਵੀ ਕੀਤੀ। ਦੋਵਾਂ ਆਗੂਆਂ ਨੇ ਹਥਿਆਰਬੰਦ ਸੈਨਾਵਾਂ ਦੇ ਭਰਤੀ ਇਮਤਿਹਾਨਾਂ ਲਈ ਲੜਕਿਆਂ ਅਤੇ ਲੜਕੀਆਂ ਦੀ ਸਿਖਲਾਈ ਲਈ 26.96 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਐੱਸ ਬਹਾਦਰ ਅਮੀ ਚੰਦ ਸੋਨੀ ਇੰਸਟੀਚਿਊਟ ਦਾ ਉਦਘਾਟਨ ਵੀ ਕੀਤਾ, ਤਾਂ ਜੋ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਦਾਖਲਾ ਲੈਣ ਦੀ ਸਹੂਲਤ ਦਿੱਤੀ ਜਾ ਸਕੇ। ਉਨ੍ਹਾ 5.75 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਗਏ 30 ਬਿਸਤਰਿਆਂ ਵਾਲੇ ਮਦਰ ਐਂਡ ਚਾਈਲਡ ਹਸਪਤਾਲ ਵਿੰਗ ਲਈ ਨਵੀਂ ਇਮਾਰਤ ਵੀ ਸਮਰਪਿਤ ਕੀਤੀ। ਦੋਵਾਂ ਮੁੱਖ ਮੰਤਰੀਆਂ ਨੇ ਗੜ੍ਹਸ਼ੰਕਰ ਵਿਖੇ 0.80 ਕਰੋੜ ਦੀ ਲਾਗਤ ਨਾਲ ਹਾਲ ਹੀ ਵਿੱਚ ਅੱਪਗ੍ਰੇਡ ਕੀਤਾ ਸਬ-ਡਵੀਜ਼ਨ ਹਸਪਤਾਲ ਵੀ ਲੋਕਾਂ ਨੂੰ ਸਮਰਪਿਤ ਕੀਤਾ। ਇਸੇ ਤਰ੍ਹਾਂ ਮਾਹਿਲਪੁਰ ਵਿਖੇ ਨਵੇਂ ਬਣੇ ਆਮ ਆਦਮੀ ਕਲੀਨਿਕ ਨੂੰ ਵੀ ਦੋਵਾਂ ਮੁੱਖ ਮੰਤਰੀਆਂ ਵੱਲੋਂ ਲੋਕਾਂ ਨੂੰ ਸਮਰਪਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ 0.5 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਇਹ ਕਲੀਨਿਕ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਹਾਈ ਸਿੱਧ ਹੋਵੇਗਾ। ਦੋਵਾਂ ਆਗੂਆਂ ਨੇ ਹਰਿਆਣਾ ਨਗਰ ਕੌਂਸਲ ਲਈ 3.14 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਦੀ ਸਹੂਲਤ ਦੇਣ ਦਾ ਵੀ ਐਲਾਨ ਕੀਤਾ। ਦੋਵਾਂ ਮੁੱਖ ਮੰਤਰੀਆਂ ਨੇ 500 ਵਿਅਕਤੀਆਂ ਦੀ ਸਮਰੱਥਾ ਵਾਲਾ ਮਲਟੀਪਰਪਜ਼ ਹਾਲ ਵੀ ਦਸੂਹਾ ਦੇ ਲੋਕਾਂ ਨੂੰ ਸਮਰਪਿਤ ਕੀਤਾ, ਜਿੱਥੇ ਲੋਕ ਮਾਮੂਲੀ ਕੀਮਤ 'ਤੇ ਵਿਆਹ, ਸਮਾਗਮ, ਇਕੱਠ, ਮੀਟਿੰਗਾਂ ਅਤੇ ਹੋਰ ਕੰਮ ਕਰ ਸਕਣਗੇ। ਇਹ ਪ੍ਰਾਜੈਕਟ 1.42 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਕੀਤਾ ਗਿਆ ਹੈ। ਇਸੇ ਤਰ੍ਹਾਂ ਜਲ ਸਪਲਾਈ ਸਕੀਮ ਲਈ 100 ਕਰੋੜ ਰੁਪਏ ਦੀ ਲਾਗਤ ਆਈ ਹੈ। ਕਾਲੋਵਾਲ ਅਤੇ ਮੀਰਪੁਰ ਕੋਟਲੀ ਦੇ ਲੋਕਾਂ ਨੂੰ 1.59 ਕਰੋੜ ਰੁਪਏ ਦੀ ਲਾਗਤ ਵਾਲੇ ਟਿਊਬਵੈੱਲ, ਸਿਵਲ ਵਰਕ ਅਤੇ ਓ ਐੱਚ ਐੱਸ ਆਰ ਪ੍ਰਾਜੈਕਟ ਤੋਹਫੇ ਵਜੋਂ ਦਿੱਤੇ ਗਏ ਹਨ। ਟਾਹਲੀ ਅਤੇ ਬਘੌਰਾ (ਚੱਬੇਵਾਲ) ਦੇ ਲੋਕਾਂ ਨੂੰ ਕ੍ਰਮਵਾਰ 0.15 ਕਰੋੜ ਅਤੇ 0.20 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਟਿਊਬਵੈੱਲ ਦੀ ਤੋਹਫਾ ਦਿੱਤਾ ਗਿਆ। ਲੋਕਾਂ ਨੂੰ ਪੀਣ ਯੋਗ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਦੋਵਾਂ ਮੁਖ ਮੰਤਰੀਆਂ ਨੇ ਮੁਕੇਰੀਆਂ ਦੇ ਸੀਬੋ ਚੱਕ, ਭੋਜਪੁਰ, ਅਬਦੁੱਲਾਪੁਰ ਅਤੇ ਕਾਲੂ ਚਾਂਗ ਪਿੰਡਾਂ ਦੇ ਵਸਨੀਕਾਂ ਨੂੰ 1.85 ਕਰੋੜ ਰੁਪਏ ਦੀ ਲਾਗਤ ਨਾਲ ਟਿਊਬਵੈੱਲ, ਸਿਵਲ ਵਰਕ ਅਤੇ ਓ ਐੱਚ ਐੱਸ ਆਰ ਸਮੇਤ ਜਲ ਸਪਲਾਈ ਸਕੀਮ ਦਾ ਤੋਹਫ਼ਾ ਵੀ ਦਿੱਤਾ। ਉਨ੍ਹਾਂ ਢਿਲਵਾਂ ਸ਼ਹਿਰ ਵਿੱਚ 1.53 ਕਰੋੜ ਰੁਪਏ ਅਤੇ ਨਡਾਲਾ ਸ਼ਹਿਰ ਵਿੱਚ 1.18 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਅਤੇ ਐੱਨ ਪੀ ਭੁਲੱਥ ਵਿੱਚ ਨਵੇਂ ਬਣੇ ਕਲੱਸਟਰ ਫਾਇਰ ਬ੍ਰਿਗੇਡ ਦਫ਼ਤਰ ਦਾ ਉਦਘਾਟਨ ਕੀਤਾ, ਜੋ ਕਿ 0.45 ਕਰੋੜ ਰੁਪਏ ਦੀ ਲਾਗਤ ਨਾਲ ਹੋਰ ਗੁਆਂਢੀ ਯੂ ਐੱਲ ਬੀ ਨਡਾਲਾ, ਢਿੱਲਵਾਂ ਅਤੇ ਬੇਗੋਵਾਲ ਨੂੰ ਅਤੇ ਇਕ ਕਰੋੜ ਰੁਪਏ ਦੀ ਲਾਗਤ ਨਾਲ ਨਡਾਲਾ, ਢਿੱਲਵਾਂ, ਭੁਲੱਥ ਅਤੇ ਬੇਗੋਵਾਲ ਦੇ ਆਮ ਆਦਮੀ ਕਲੀਨਿਕਾਂ ਨੂੰ ਜੋੜੇਗਾ। ਦੋਵਾਂ ਮੁੱਖ ਮੰਤਰੀਆਂ ਨੇ ਹੁਸ਼ਿਆਰਪੁਰ ਦੇ ਲਾਜਵੰਤੀ ਆਊਟਡੋਰ ਸਟੇਡੀਅਮ 'ਚ ਅੱਠ ਲੇਨ ਅਥਲੈਟਿਕਸ ਸਿੰਥੈਟਿਕ ਟਰੈਕ ਅਤੇ ਸਰਕਾਰੀ ਕਾਲਜ, ਟਾਂਡਾ 'ਚ ਛੇ-ਛੇ ਕਰੋੜ ਰੁਪਏ ਦੀ ਲਾਗਤ ਨਾਲ ਅੱਠ ਲੇਨ ਅਥਲੈਟਿਕਸ ਸਿੰਥੈਟਿਕ ਟਰੈਕ ਬਣਾਉਣ ਦੀ ਯੋਜਨਾ ਦਾ ਵੀ ਐਲਾਨ ਕੀਤਾ। ਉਨ੍ਹਾਂ ਹੁਸ਼ਿਆਰਪੁਰ ਵਿੱਚ 6.77 ਕਰੋੜ ਦੀ ਲਾਗਤ ਨਾਲ ਜ਼ਿਲ੍ਹਾ ਹਸਪਤਾਲ ਦੀ ਇਮਾਰਤ ਦੀ ਮੁਰੰਮਤ ਅਤੇ ਨਵੀਨੀਕਰਨ ਦਾ ਵੀ ਐਲਾਨ ਕੀਤਾ। ਇਸੇ ਤਰ੍ਹਾਂ ਉਨ੍ਹਾਂ ਕਮਿਊਨਿਟੀ ਹੈੱਲਥ ਸੈਂਟਰ ਗੜ੍ਹਦੀਵਾਲਾ ਨੂੰ 8.05 ਕਰੋੜ ਰੁਪਏ ਦੀ ਲਾਗਤ ਨਾਲ ਅੱਪਗ੍ਰੇਡ ਕਰਨ, ਸੀ ਐੱਚ ਸੀ ਟਾਂਡਾ ਨੂੰ 2.40 ਕਰੋੜ ਰੁਪਏ ਦੀ ਲਾਗਤ ਨਾਲ ਅੱਪਗ੍ਰੇਡ ਕਰਨ ਅਤੇ ਸੀ ਐੱਚ ਸੀ ਬੁੱਢਾਬੜ ਨੂੰ 2.26 ਕਰੋੜ ਰੁਪਏ ਦੀ ਲਾਗਤ ਨਾਲ ਅੱਪਗ੍ਰੇਡ ਕਰਨ ਦਾ ਐਲਾਨ ਕੀਤਾ। ਦੋਵਾਂ ਮੁੱਖ ਮੰਤਰੀਆਂ ਨੇ ਇਹ ਵੀ ਕਿਹਾ ਕਿ ਟਾਂਡਾ ਵਿਖੇ ਪੰਜ ਕਰੋੜ ਰੁਪਏ ਦੀ ਲਾਗਤ ਨਾਲ ਐੱਸ ਡੀ ਐੱਮ ਦਫ਼ਤਰ ਅਤੇ ਅਦਾਲਤ, ਤਹਿਸੀਲਦਾਰ ਦਫ਼ਤਰ ਅਤੇ ਕਚਹਿਰੀ, ਵੇਟਿੰਗ ਏਰੀਆ, ਮੀਟਿੰਗ ਹਾਲ, ਫ਼ਰਦ ਕੇਂਦਰ, ਰਿਕਾਰਡ ਰੂਮ ਅਤੇ ਹੋਰ ਸਹੂਲਤਾਂ ਨਾਲ ਨਵੀਂ ਤਹਿਸੀਲ ਦੀ ਇਮਾਰਤ ਬਣਾਈ ਜਾਵੇਗੀ।

ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਖਰਖਾਣ, ਪਿੱਪਲਵਾਲਾ, ਬੂਥਗੜ੍ਹ, ਨਾਰੀ, ਸਿੰਘਪੁਰ, ਭਾਮ, ਢੱਡੇ ਕਟਵਾਲ, ਹਰਸਾ ਮਾਨਸਰ, ਅੰਬਾਲਾ ਜੱਟਾਂ, ਕੋਈ, ਝੱਜ, ਕੁਰਾਲਾ ਕਲਾਂ, ਤਲਵੰਡੀ ਡੱਡੀਆਂ, ਬਾਬਕ, ਭੰਬੋਤਰ, ਚਮੂਹੀ, ਸਾਠਵਾਂ, ਸੰਸਾਰਪੁਰ, ਸਫਦਰਪੁਰ, ਤਲਵਾੜਾ ਸਿਟੀ, ਰਾਮਗੜ੍ਹ ਸੀਕਰੀ, ਦਾਰਾਪੁਰ, ਬਹੇੜਾ, ਮਸਤਪੁਰ, ਮਿਰਜ਼ਾਪੁਰ ਖਡਿਆਲਾ, ਭਾਗੋਵਾਲ ਅਤੇ ਮਾਹਿਲਪੁਰ ਵਿਖੇ 6.96 ਕਰੋੜ ਦੀ ਲਾਗਤ ਨਾਲ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ। ਇਸੇ ਤਰ੍ਹਾਂ ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ-1, ਭੂੰਗਾ, ਟਾਂਡਾ, ਦਸੂਹਾ ਅਤੇ ਸ੍ਰੀ ਹਰਗੋਬਿੰਦਪੁਰ ਬਲਾਕਾਂ ਵਿਖੇ ਨਵੀਂਆਂ ਲਾਇਬ੍ਰੇਰੀਆਂ ਖੋਲ੍ਹਣ ਉਤੇ 2.56 ਕਰੋੜ ਰੁਪਏ ਖਰਚੇ ਜਾਣਗੇ।

### ਅਧੂਰੇ ਪੁਲ ਦਾ ਅਦਿੱਤਿਆ...

ਦੇ ਕੰਮ ਦੀ ਦੇਖਰੇਖ ਕਰ ਰਹੇ ਹਨ। ਉਨ੍ਹਾ ਦੋਸ਼ ਲਾਇਆ ਕਿ ਲੇਨ ਮਾਰਕਿੰਗ, ਰੰਗ ਅਤੇ ਸਟ੍ਰੀਟ ਲੈਂਪ ਦਾ ਕੰਮ ਕੀਤਾ ਗਿਆ ਸੀ। ਡੇਲਿਸਲ ਰੋਡ ਪੁਲਸ, ਦੱਖਣ ਵੱਲ ਜਾਣ ਵਾਲੀ ਲੇਨ 'ਤੇ ਹਾਲੇ ਵੀ ਕੰਮ ਪੂਰਾ ਹੋਣਾ ਬਾਕੀ ਹੈ। ਇਸ ਦੇ ਬਾਵਜੂਦ ਉਨ੍ਹਾ ਨੇ ਸੋਸ਼ਲ ਮੀਡੀਆ 'ਤੇ ਦੇਖਿਆ ਕਿ ਪੁਲ ਦਾ ਉਦਘਾਟਨ ਅਦਿਤਿਆ ਠਾਕਰੇ ਨੇ ਹੋਰ ਪਾਰਟੀ ਵਰਕਰਾਂ ਦੇ ਨਾਲ ਕਰ ਦਿੱਤਾ। ਇਸ ਤਰ੍ਹਾਂ ਕਰਕੇ ਉਨ੍ਹਾ ਨੇ ਲੋਕਾਂ ਦੇ ਜੀਵਨ ਨੂੰ ਖ਼ਤਰੇ 'ਚ ਪਾ ਦਿੱਤਾ। ਉਨ੍ਹਾ ਨੇ ਐਂਟਰੀ ਪੁਆਇੰਟ 'ਤੇ ਲਾਏ ਗਏ ਬੈਰੀਕੇਡ ਨੂੰ ਵੀ ਹਟਾ ਦਿੱਤਾ।' ਬੀ ਐੱਮ ਸੀ ਅਧਿਕਾਰੀਆਂ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਦੇਖਿਆ ਕਿ ਨਾਰੀਅਲ ਟੁੱਟਾ ਹੋਇਆ ਹੈ ਅਤੇ ਬੈਰੀਕੇਡ ਖੁੱਲ੍ਹੇ ਹਨ। ਇਸ ਬਾਰੇ ਬੀ ਐੱਮ ਸੀ ਦੇ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ। ਪੁਲ ਨੂੰ ਫਿਰ ਤੋਂ ਬੰਦ ਕਰ ਦਿੱਤਾ ਗਿਆ ਅਤੇ ਬਾਅਦ 'ਚ ਮਾਮਲਾ ਦਰਜ ਕਰਾਉਣ ਦਾ ਫੈਸਲਾ ਕੀਤਾ ਗਿਆ।

### ਸੁਰੰਗ ਹਾਦਸਾ : 'ਹੈਲੋ-ਹੈਲੋ'...

ਸੀ। ਉਸ ਦੀ ਆਵਾਜ਼ ਠੀਕ ਨਾਲ ਨਹੀਂ ਆ ਰਹੀ ਸੀ। ਇਸ ਦੌਰਾਨ ਉਸ ਨੂੰ ਆਪਣੀ ਮਾਂ ਦੀ ਚਿੰਤਾ ਹੋ ਰਹੀ ਸੀ। ਪੁਸ਼ਕਰ ਨੇ ਵਿਕਰਮ ਨੂੰ ਕਿਹਾ, 'ਭਰਾ, ਮਾਂ ਨੂੰ ਨਾ ਦੱਸਣਾ ਕਿ ਮੈਂ ਇੱਥੇ ਸੁਰੰਗ 'ਚ ਫਸਿਆ ਹੋਇਆ ਹਾਂ। ਮੈਂ ਠੀਕ ਹਾਂ.. ਇੱਥੇ ਹੋਰ ਵੀ ਮਜ਼ਦੂਰ ਫਸੇ ਹੋਏ ਹਨ। ਜੇਕਰ ਤੂੰ ਮਾਂ ਨੂੰ ਦੱਸੇਂਗਾ ਕਿ ਮੈਂ ਇੱਥੇ ਫਸਿਆ ਹਾਂ ਤਾਂ ਉਹ ਚਿੰਤਾ ਕਰੇਗੀ।' ਪੁਸ਼ਕਰ ਉਨ੍ਹਾ 41 ਮਜ਼ਦੂਰਾਂ 'ਚੋਂ ਇੱਕ ਹੈ, ਜੋ ਪਿਛਲੇ ਸੱਤ ਦਿਨਾਂ ਤੋਂ ਇਸ ਸੁਰੰਗ 'ਚ ਫਸੇ ਹੋਏ ਹਨ। ਅੰਦਰ ਫਸੇ ਸਾਰੇ ਲੋਕ ਸੁਰੱਖਿਅਤ ਹਨ। ਯੂ ਪੀ, ਉੱਤਰ ਪ੍ਰਦੇਸ਼ ਦੇ ਲਖੀਮਪੁਰ ਨਿਵਾਸੀ ਮਨਜੀਤ ਵੀ ਐਤਵਾਰ 12 ਨਵੰਬਰ ਤੋਂ ਸੁਰੰਗ ਅੰਦਰ ਕੈਦ ਹੈ। ਉਸ ਦੇ ਨਾਲ ਉੱਤਰ ਪ੍ਰਦੇਸ਼ ਦੇ ਅੱਠ ਲੋਕ ਵੀ ਸੁਰੰਗ 'ਚ ਫਸੇ ਹਨ।


**AXIS BANK LTD.** ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮ: ਦੂਜੀ ਮੰਜ਼ਲ, ਜਾਇਦਾਦ# 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਬਲਾਕ-ਬੀ, ਬੰਬੇ ਡਾਈਂਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1 | (1.) ਮੈਸ: ਦਵਿੰਦਰ ਬੁਰਜ ਟਰੇਡਿੰਗ ਕੰਪਨੀ ਰਾਹੀਂ ਇਸਦੇ ਮਾਲਕ ਸ੍ਰੀ ਦਵਿੰਦਰ ਸਿੰਘ ਦੁਕਾਨ ਨੰ. 677, ਨਵੀਂ ਦਾਣਾ ਮਾਰਕੀਟ, ਮੰਡੀ ਭਗਤਾਂਵਾਲਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143001 (2.) ਸ੍ਰੀ ਦਵਿੰਦਰ ਸਿੰਘ ਪੁੱਤਰ ਸ੍ਰੀ ਮੁਖਤਾਰ ਸਿੰਘ, ਵਾਸੀ ਬੁਰਜ 169 ਸਰਾਏ ਅਮਾਨਤ ਖਾਂ, ਤਹਿਸੀਲ ਤਰਨ ਤਾਰਨ, ਪੰਜਾਬ 143414 (3.) ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਮੁਖਤਾਰ ਸਿੰਘ, ਵਾਸੀ ਬੁਰਜ 169 ਸਰਾਏ ਅਮਾਨਤ ਖਾਂ, ਤਹਿਸੀਲ ਤਰਨ ਤਾਰਨ, ਪੰਜਾਬ-143414 | ਬੈਨਾਮਾ ਮਿਤੀ 19-5-2015, ਵਸੀਕਾ ਨੰ. 1387 ਅਨੁਸਾਰ ਸ੍ਰੀ ਹਰਜਿੰਦਰ ਸਿੰਘ ਅਤੇ ਸ੍ਰੀ ਦਵਿੰਦਰ ਸਿੰਘ ਦੇ ਨਾਂਅ 'ਤੇ ਜਾਇਦਾਦ /ਦੁਕਾਨ ਰਕਬਾ 33.75 ਵਰਗ ਗਜ਼, ਨੰ. 677 ਪੈਮਾਇਸ਼ 30 ਫੁੱਟ ਲੰਬਾਈ 10 ਫੁੱਟ ਚੌੜਾਈ ਵਾਕਿਆ ਰਕਬਾ ਮੰਡੀ ਭਗਤਾਂਵਾਲਾ, ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ : (ਸਾਈਟ ਅਨੁਸਾਰ) ਪੂਰਬ : ਸੜਕ, ਪੱਛਮ : ਹੋਰ ਦੁਕਾਨ, ਉੱਤਰ : ਦੁਕਾਨ ਨੰ. 678, ਦੱਖਣ : ਦੁਕਾਨ ਨੰ. 676 | 07 ਜੁਲਾਈ 23 | 15 ਨਵੰਬਰ 23 | ਰੁਪਏ 25,32,690.88/- (ਪੱਚੀ ਲੱਖ ਬੱਤੀ ਹਜ਼ਾਰ ਛੇ ਸੌ ਨੱਬੇ ਰੁਪਏ ਅਤੇ ਅਠਾਸੀ ਪੈਸੇ ਕੇਵਲ) |
| 2 | (1.) ਤਜਿੰਦਰ ਸਿੰਘ ਪੁੱਤਰ ਦਲਬੀਰ ਸਿੰਘ ਪਿੰਡ ਤੇ ਡਾਕਖਾਨਾ ਮਹਿਤਾ ਚੌਂਕ, ਮਹਿਤਾ, ਮਹਿਤਾ ਚੌਂਕ ਸਕੂਲ, ਤਹਿਸੀਲ ਬਾਬਾ ਬਕਾਲਾ, ਅੰਮ੍ਰਿਤਸਰ (ਪੰਜਾਬ) 143114 (2.) ਗੁਰਮੀਤ ਕੌਰ ਪਤਨੀ ਤਜਿੰਦਰ ਸਿੰਘ (ਸਹਿ-ਬਿਨੈਕਾਰ) ਪਿੰਡ ਤੇ ਡਾਕਖਾਨਾ ਮਹਿਤਾ ਚੌਂਕ, ਮਹਿਤਾ, ਮਹਿਤਾ ਚੌਂਕ ਸਕੂਲ, ਤਹਿਸੀਲ ਬਾਬਾ ਬਕਾਲਾ, ਅੰਮ੍ਰਿਤਸਰ (ਪੰਜਾਬ) 143114 | ਬੈਨਾਮਾ ਨੰ. 3086 ਮਿਤੀ 07-03-2008 ਅਨੁਸਾਰ ਗੁਰਮੀਤ ਕੌਰ ਪਤਨੀ ਤਜਿੰਦਰ ਸਿੰਘ ਵਾਸੀ ਮਹਿਤਾ ਚੌਂਕ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਿਹਾਇਸ਼ੀ ਮਕਾਨ ਰਕਬਾ 0 ਕੇ-10 ਐੱਮ, ਖਸਰਾ ਨੰ. 20//22/1 (5-2) 'ਚੋਂ 10/102 ਹਿੱਸਾ, ਖੇਵਟ ਨੰ. 873, ਖਤੌਨੀ ਨੰ. 1352/1 ਜਮ੍ਹਾਂਬੰਦੀ ਸਾਲ 2003-2004 ਮੌਜੂਦਾ ਖੇਵਟ ਨੰ. 854, ਖਤੌਨੀ ਨੰ. 1436, ਜਮ੍ਹਾਂਬੰਦੀ ਸਾਲ 2013-2014 ਅਨੁਸਾਰ, ਪਿੰਡ ਮਹਿਤਾ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਹੋਰਨਾਂ ਦੀ ਜਾਇਦਾਦ, ਪੱਛਮ : ਸੜਕ, ਉੱਤਰ : ਪਿੰਕੀ ਜੈਨ ਦੀ ਜਾਇਦਾਦ, ਦੱਖਣ : ਖਾਲੀ ਪਲਾਟ। | 01 ਜੂਨ 23 | 15 ਨਵੰਬਰ 23 | ਰੁਪਏ 32,74,249/- (ਬੱਤੀ ਲੱਖ ਚੁਹੱਤਰ ਹਜ਼ਾਰ ਦੋ ਸੌ ਉਨੰਜਾ ਰੁਪਏ ਕੇਵਲ) |
| 3 | (1.) ਮੈਸ.ਸ਼੍ਰੀ ਐੱਸ ਵੀਲ੍ਹਜ ਰਾਹੀਂ ਇਸਦੇ ਇਕਲੌਤੇ ਮਾਲਕ ਸ੍ਰੀ ਗੁਰਦੀਪ ਸਿੰਘ, ਸਨਵਰ ਸਤਸੰਗ ਜੀ ਟੀ ਰੋਡ, ਬਟਾਲਾ, ਤਹਿਸੀਲ ਗੁਰਦਾਸਪੁਰ ਨੇੜੇ ਸਤਸੰਗ ਗੁਰਦਾਸਪੁਰ, ਪੰਜਾਬ-143521 (2.) ਸ੍ਰੀ ਗੁਰਦੀਪ ਸਿੰਘ ਪੁੱਤਰ ਸ਼ੀਤਲ ਸਿੰਘ, ਮਕਾਨ ਨੰ. 65, ਵਾਰਡ ਨੰ. 5, ਸਟਾਫ ਰੋਡ ਬਟਾਲਾ, ਗੁਰਦਾਸਪੁਰ-143505 | ਮਿਤੀ 23-10-2013 ਦੇ ਤਬਾਦਲਾ ਬੈਨਾਮੇ ਅਨੁਸਾਰ ਸ੍ਰੀ ਗੁਰਦੀਪ ਸਿੰਘ ਦੇ ਨਾਂਅ 'ਤੇ ਰਜਿਸਟਰਡ ਜਾਇਦਾਦ ਰਿਹਾਇਸ਼ੀ ਮਕਾਨ ਨੰ. ਬੀ-4/65, ਰਕਬਾ 2-1/2 ਮਰਲੇ, ਵਾਕਿਆ ਰਕਬਾ ਸਟਾਫ ਰੋਡ, ਸਾਧਾਂ ਵਾਲੀ ਗਲੀ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗਲੀ 8'-0", ਪੱਛਮ : ਹੋਰਨਾਂ ਦਾ ਮਕਾਨ, ਉੱਤਰ : ਮੱਖਣ ਗਿਰ, ਦੱਖਣ : ਚਮਨ ਲਾਲ ਦਾ ਮਕਾਨ | 19 ਜੂਨ 23 | 15 ਨਵੰਬਰ 23 | ਰੁਪਏ 10,97,312/- (ਦਸ ਲੱਖ ਸਤਾਨਵੇਂ ਹਜ਼ਾਰ ਤਿੰਨ ਸੌ ਬਾਰਾਂ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।
ਮਿਤੀ : 19.11.2023, ਸਥਾਨ : ਅੰਮ੍ਰਿਤਸਰ — ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ



**ਉੱਤਰ ਰੇਲਵੇ**
ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਟੈਂਡਰ ਸੂਚਨਾ**

ਸੀਨੀ.ਮੰਡਲ ਵਿਯੁਤ ਇੰਜੀਨੀਅਰ/ਸਾਮਾਨਯ, ਉੱਤਰ ਰੇਲਵੇ ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (ਰੁ:) | ਬਿਆਨਾ ਰਾਸ਼ੀ (ਰੁ:) |
|---|---|---|---|
| 251-ਵਿਯੁਤ-T-44-2023-24 | ਇਲੇਕਿਟ੍ਰਕ ਲੋਕੋ ਸ਼ੇਡ ਲੁਧਿਆਣਾ ਦੀ ਹੋਮਿੰਗ ਸ਼ਮਤਾ ਨੂੰ 175 ਤੋਂ 200 ਲੋਕ ਤਕ ਵਧਾਣ ਦੇ ਸਬੰਧ ਵਿਚ ਵਿਯੁਤ ਕੰਮ ਅਤੇ ਲੁਧਿਆਣਾ ਸਟੇਸ਼ਨ ਉਤੇ ਮਾਲ ਢੁਲਾਈ ਰੱਖ-ਰੱਖਾਵ ਸੁਵਿਧਾਵਾਂ ਦੇ ਵਿਸਤਾਰ ਦੇ ਸਬੰਧ ਵਿਚ ਵਿਯੁਤ ਕੰਮ ਲਈ। | 3,30,13,132.62 | 3,15,100.00 |
| 251-ਵਿਯੁਤ-T-45-2023-24 | ਬਹੁ-ਅਨੁਸ਼ਾਸਤਨਾਤਮਕ ਸਮਿਤੀ ਦੀ ਰਿਪੋਰਟ ਦੇ ਸਬੰਧ ਵਿਚ ਜੰਮੂ-ਲਖਨਪੁਰ ਖੰਡ ਵਿਚ ਸੁਰੱਖਿਆ ਦੇ ਬੁਨਿਯਾਦੀ ਢਾਂਚੇ ਦੇ ਪ੍ਰਾਵਧਾਨ ਲਈ ਸੁਰੱਖਿਆ ਕੰਮਾਂ ਦੇ ਲਈ ਚਰਣ-1 ਵਿਚ ਵਿਯੁਤ ਕੰਮ ਲਈ। | 3,88,87,515.5 | 3,44,400.00 |
| 251-ਵਿਯੁਤ-T-46-2023-24 | ਬਹੁ-ਅਨੁਸ਼ਾਸਤਨਾਤਮਕ ਸਮਿਤੀ ਦੀ ਰਿਪੋਰਟ ਦੇ ਸਬੰਧ ਵਿਚ ਜੰਮੂ-ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਖੰਡ ਵਿਚ ਸੁਰੱਖਿਆ ਦੇ ਬੁਨਿਯਾਦੀ ਢਾਂਚੇ ਦੇ ਪ੍ਰਾਵਧਾਨ ਲਈ ਸੁਰੱਖਿਆ ਕੰਮਾਂ ਦੇ ਲਈ ਚਰਣ-1 ਵਿਚ ਵਿਯੁਤ ਕੰਮ | 64,49,306.9 | 1,29,000.00 |
| 251-ਵਿਯੁਤ-T-47-2023-24 | ਚਰਣ-1 ਕਸ਼ਮੀਰ ਘਾਟੀ ਵਿਚ ਸੁਰੱਖਿਆ ਬੁਨਿਯਾਦੀ ਢਾਂਚੇ ਦੇ ਸਬੰਧ ਵਿਚ ਵਿਯੁਤ ਕੰਮ | 6,47,32,156.76 | 4,73,700.00 |

| | | | | | |
|---|---|---|---|---|---|
| ਕੰਮ ਦਾ ਸਮਾਂ | 06 ਮਹੀਨੇ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 09.12.2023 15:00 ਵਜੇ ਦੇ ਬਾਦ | ਵੇਬਸਾਈਟ | www.ireps.gov.in |

ਨੰ: - 251-ਵਿਯੁਤ-ਟੈਂਡਰ ਨੋਟਿਸ ਨੰ: 36-ਵਿਯੁਤ/2023-24 ਮਿਤੀ : 17.11.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — 3615/23



**AMBIT Finvest** Pragati ke partner

**AMBIT FINVEST PRIVATE LIMITED**
Corporate Off: Kanakia Wall Street, 5th Floor, A 506-510, Andheri-Kurla Road, Andheri East, Mumbai-400093
Branch Off: DSM 352-354, 3rd Floor, DLF Tower, Shivaji Marg, Moti Nagar, New Delhi 110015

**ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਈ-ਨਿਲਾਮੀ ਜਨਤਕ ਨੋਟਿਸ**

ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ 15 ਦਿਨਾਂ ਦਾ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਗਹਿਣੇ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ, ਜਿਵੇਂ ਦਾ ਅੰਬਿਤ ਫਿਨਵੈਸਟ ਪ੍ਰਾਈ: ਲਿਮ:/ਸਕਿਉਰਡ ਕਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਕਬਜ਼ਾ ਹਾਸਲ ਕੀਤਾ ਜਾ ਚੁੱਕਾ ਹੈ, ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਉੱਥੇ ਜੋ ਵੀ ਹੈ' ਦੇ ਅਧਾਰ 'ਤੇ ਅੰਬਿਤ ਫਿਨਵੈਸਟ ਪ੍ਰਾਈ: ਲਿਮ:/ਸਕਿਉਰਡ ਕ੍ਰੈਡਿਟਰ ਵੱਲੋਂ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਵੱਲ ਹੇਠਾਂ ਦਰਸਾਏ ਬਕਾਏ ਅਤੇ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਖਰਚਿਆਂ ਸਮੇਤ ਵਸੂਲੀ ਲਈ ਹੇਠਾਂ ਦਰਸਾਈ ਮਿਤੀ ਅਤੇ ਸਮੇਂ ਅਨੁਸਾਰ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ, ਬਿਆਨਾ ਰਕਮ ਡਿਪਾਜਟ (ਈ ਐੱਮ ਡੀ) ਅਤੇ ਈ ਐੱਮ ਡੀ ਡਿਪਾਜਟ ਦੀ ਅੰਤਮ ਮਿਤੀ ਵੀ ਹੇਠਾਂ ਦਰਸਾਈ ਗਈ ਹੈ।

| ਕਰਜ਼ਦਾਰ/ਗਰੰਟਰ/ਕਰਜ਼ਾ ਖਾਤਾ | ਡਿਮਾਂਡ ਨੋਟਿਸ ਮਿਤੀ ਤੇ ਰਕਮ | ਅਚੱਲ ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ, ਈ ਐੱਮ ਡੀ ਅਤੇ ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : | ਈ-ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|
| 1. ਵਿਕਾਸ ਕੁਮਾਰ 2. ਮਨਪ੍ਰੀਤ ਕੌਰ 3. ਲਕਸ਼ ਇੰਟਰਪ੍ਰਾਇਜਜ ਕਰਜ਼ਾ ਖਾਤਾ ਨੰ: ਐੱਲ ਯੂ ਆਈ 000000024744 | ਡਿਮਾਂਡ ਨੋਟਿਸ ਦੀ ਮਿਤੀ 1.10.2022 ਅਤੇ 1.10.2022 ਨੂੰ ਰਕਮ ਰੁ: 23,06,090.46/- (ਤੇਈ ਲੱਖ ਛੇ ਹਜ਼ਾਰ ਨੱਬੇ ਰੁਪਏ ਅਤੇ ਛਿਆਲੀ ਪੈਸੇ ਕੇਵਲ) ਸਮੇਤ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਇਸ ਉਪਰ ਭਵਿੱਖੀ ਵਿਆਜ। | ਰਿਹਾਇਸ਼ੀ ਜਾਇਦਾਦ ਰਕਬਾ 3-1/3 ਮਰਲੇ, ਖੱਤਾ ਨੰ: 218/242, 877/951, 952, ਖਸਰਾ ਨੰ: 61//24, 25, 76//5, 6, 15/1, 76//16/2, 3/1/1/1, 4, 7, 14/2, 16/1, 17, 24/2 ਜਮ੍ਹਾਂਬੰਦੀ ਸਾਲ 2011-2012, ਲਿੰਕ ਰੋਡ, ਫਤਹਿ ਇਨਕਲੇਵ, ਹਵੇਲੀ ਵਾਲੇ ਨੇੜੇ ਘਈ ਸੀਮਿੰਟ ਸ਼ਾਪ, ਪਿੰਡ ਮੁੱਲਾਂਪੁਰ, ਤਹਿਸੀਲ ਮੁੱਲਾਂਪੁਰ ਦਾਖਾ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141101 ਹੱਦਾਂ : ਪੂਰਬ : ਗੁਆਂਢ, ਪੱਛਮ : ਰਸਤਾ, ਉੱਤਰ : ਰਾਜ ਕੁਮਾਰ, ਦੱਖਣ : ਗੁਆਂਢ। | ਰਾਖਵੀਂ ਕੀਮਤ ਰੁ: 22,52,500/- (ਬਾਈ ਲੱਖ ਬਵੰਜਾ ਹਜ਼ਾਰ ਪੰਜ ਸੌ ਰੁਪਏ ਕੇਵਲ) ਈ ਐੱਮ ਡੀ ਰੁ: 2,25,250/-(ਦੋ ਲੱਖ ਪੱਚੀ ਹਜ਼ਾਰ ਦੋ ਸੌ ਪੰਜਾਹ ਰੁਪਏ ਕੇਵਲ) ਈ ਐੱਮ ਡੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 2.12.2023 | ਮਿਤੀ : 5.12.2023 ਸਮਾਂ ਸਵੇਰੇ 11.00 ਵਜੇ ਤੋਂ ਦੁਪਹਿਰ 2.00 ਵਜੇ ਤੱਕ (ਹਰੇਕ 5 ਮਿੰਟ ਦੇ ਅਸੀਮਤ ਵਾਧੇ ਨਾਲ) |

ਈ-ਨਿਲਾਮੀ ਮੈਸ: ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮ: ਰਾਹੀਂ https://ambitfinvest.auctiontiger.net 'ਤੇ ਆਨਲਾਈਨ ਕੀਤੀ ਜਾਵੇਗੀ। ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਬਾਰੇ ਵੇਰਵੇ ਲਈ ਕ੍ਰਿਪਾ ਕਰਕੇ ਮੈਸ: ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮ: (ਆਕਸ਼ਨ ਟਾਈਗਰ) ਨਾਲ ਸੰਪਰਕ ਕੀਤਾ ਜਾਵੇ। (ਹੈਲਪ ਲਾਈਨ ਨੰਬਰ ਲੈਂਡਲਾਈਨ -79-68136880/881/837/842, ਫੋਨ ਨੰ: 9265562-818/9265562821/9265562819, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ, ਈ ਮੇਲ ਆਈ ਡੀ ramprasad@auctiontiger.net ਜਾਂ ਲਿੰਕ https://ambitfinvest.auctiontiger.net ਦਾ ਹਵਾਲਾ ਲਿਆ ਜਾਵੇ। ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਸ੍ਰੀ ਵਿਜੇ ਸ਼ਰਮਾ ਸਹਾਇਕ ਵਾਈਸ ਪ੍ਰੈਜ਼ੀਡੈਂਟ, ਮੋਬਾਈਲ ਨੰ: 9887871631, ਈ ਮੇਲ ਆਈ ਡੀ vijay.sharma@ambit.co ਅਤੇ ਸ੍ਰੀ ਸੰਦੀਪ ਕੁਮਾਰ ਸਹਾਇਕ ਮੈਨੇਜਰ ਮੋਬਾਇਲ ਨੰ: 7053016294, ਈਮੇਲ ਆਈ ਡੀ sandeepkumar.k@ambit.co ਦੇ ਅੰਬਿਤ ਫਿਨਵੈਸਟ ਪ੍ਰਾਈ: ਲਿਮ: ਨਾਲ ਸੰਪਰਕ ਕੀਤਾ ਜਾਵੇ।

ਸਥਾਨ : ਲੁਧਿਆਣਾ
ਮਿਤੀ : 18.11.2023
ਸਹੀ/- ਅਧਿਕਾਰਤ ਅਫਸਰ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## 26 ਨੂੰ ਸੀ ਐੱਮ ਪੰਜਾਬ ਕਰਨਗੇ ਨਵੇਂ ਬਣੇ ਆਧੁਨਿਕ ਬੱਸ ਸਟੈਂਡ ਗੁਰਦਾਸਪੁਰ ਦਾ ਉਦਘਾਟਨ



ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਸ਼ਹਿਰ 'ਚ ਤਿੱਬੜੀ ਰੋਡ 'ਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੀ ਸਕੀਮ ਨੰਬਰ-7 ਵਿਚ ਲਗਭਗ 6 ਏਕੜ ਜ਼ਮੀਨ 'ਚ ਬਣੇ ਆਧੁਨਿਕ ਬੱਸ ਸਟੈਂਡ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 26 ਨਵੰਬਰ ਨੂੰ ਸਵੇਰੇ 11 ਵਜੇ ਉਦਘਾਟਨ ਕਰਕੇ ਜਨਤਾ ਨੂੰ ਸਮਰਪਿਤ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲਗਭਗ 15 ਕਰੋੜ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਏ ਇਸ ਆਧੁਨਿਕ ਬੱਸ ਸਟੈਂਡ ਦਾ ਉਦਘਾਟਨ 26 ਨਵੰਬਰ ਨੂੰ ਕੀਤਾ ਜਾਵੇਗਾ। ਮੁੱਖ ਮੰਤਰੀ ਪੰਜਾਬ ਵੱਲੋਂ ਇਸ ਸਬੰਧੀ ਸਹਿਮਤੀ ਦੇ ਦਿੱਤੀ ਗਈ ਹੈ ਅਤੇ ਮੁੱਖ ਮੰਤਰੀ ਦੇ ਓਐੱਸਡੀ ਰਾਜਬੀਰ ਸਿੰਘ ਸਮੇਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਇਸ ਉਦਘਾਟਨ ਸਮਾਗਮ ਸਬੰਧੀ ਸਾਰੇ ਪ੍ਰਬੰਧ ਦਾ ਜਾਇਜ਼ਾ ਲੈਣ ਦੇ ਲਈ ਬੱਸ ਸਟੈਂਡ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਗੁਰਦੀਪ ਸਿੰਘ ਰੰਧਾਵਾ ਹਲਕਾ ਇੰਚਾਰਜ ਡੇਰਾ ਬਾਬਾ ਨਾਨਕ, ਐਸ.ਡੀ.ਓ. ਹਰਮੀਤ ਸਿੰਘ, ਈ.ਓ. ਮਨੋਜ ਸ਼ਰਮਾ, ਰਾਕੇਸ਼ ਸ਼ਰਮਾ ਪੀ. ਏ. ਅਤੇ ਸਟਾਫ਼ ਮੈਂਬਰ ਰਾਜ ਕੁਮਾਰ, ਸੁਰੇਸ਼ ਕੁਮਾਰ ਤੇ ਹੋਰ ਮੈਂਬਰ ਹਾਜ਼ਰ ਸਨ। ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਇੰਟਰਸਟੇਟ ਇਸ ਬੱਸ ਸਟੈਂਡ ਦੇ ਬਣਨ ਨਾਲ ਗੁਰਦਾਸਪੁਰ ਅਤੇ ਆਲੇ ਦੁਆਲੇ ਪਿੰਡਾਂ ਨੂੰ ਬਹੁਤ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਇਸ ਨਾਲ ਗੁਰਦਾਸਪੁਰ ਸ਼ਹਿਰ ਅੰਦਰ ਟਰੈਫ਼ਿਕ ਦਾ ਬੋਝ ਕਾਫ਼ੀ ਹੱਦ ਤੱਕ ਘੱਟ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਨਾਲ ਗੁਰਦਾਸਪੁਰ ਤੋਂ ਅੰਮ੍ਰਿਤਸਰ, ਪਠਾਨਕੋਟ ਤੋਂ ਇਲਾਵਾ ਹੋਰ ਕਸਬਿਆਂ ਦੀਆਂ ਮਿਨੀ ਬੱਸਾਂ ਵੀ ਸ਼ਹਿਰ ਦੇ ਬਾਹਰ ਵਾਰ ਬਾਈਪਾਸ ਸਥਿਤ ਇਸ ਬੱਸ ਸਟੈਂਡ ਰਾਹੀਂ ਆਉਣ ਜਾਣਗੀਆਂ। ਇਸ ਬੱਸ ਸਟੈਂਡ ਤੋਂ ਰੋਜ਼ਾਨਾ 300 ਤੋਂ 350 ਬੱਸਾਂ ਦਾ ਆਉਣਾ ਜਾਣਾ ਲੱਗਾ ਰਹੇਗਾ ਅਤੇ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਇਸ ਬੱਸ ਸਟੈਂਡ ਤੋਂ ਦਿੱਲੀ ਏਅਰਪੋਰਟ ਲਈ ਵੀ ਇਕ ਵਾਲਵੋ ਬੱਸ ਚਲਾਈ ਜਾਵੇਗੀ।

## ਸੇਕਰਡ ਸੋਲਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਹਰਜੀਤ ਸਿੰਘ ਗੋਲਣ)-ਬੀਤੇ ਦਿਨੀਂ ਧੰਨ ਧੰਨ ਬਾਬਾ ਦੀਪ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਹੂਵਿੰਡ ਸਾਹਿਬ ਵਿਖੇ ਕਰਵਾਏ ਗਏ ਖੇਡ ਮੁਕਾਬਲਿਆਂ ਵਿੱਚ ਸੇਕਰਡ ਸੋਲਜ਼ ਕਾਨਵੈਂਟ ਸਕੂਲ ਕਾਲੇ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਰਣਨਯੋਗ ਹੈ ਕਿ ਦੋ ਦਿਨ ਚੱਲੇ ਖੇਡ ਮੁਕਾਬਲਿਆਂ 'ਚ ਪਹਿਲੇ ਦਿਨ ਏਅਰ ਗੰਨ ਅਤੇ ਏਅਰ ਪਿਸਟਲ ਮੁਕਾਬਲਿਆਂ 'ਚ ਅੰਡਰ-17 ਗਰੁੱਪ 'ਚ ਜਸ਼ਨਦੀਪ ਸਿੰਘ ਨੇ ਪਹਿਲੇ ਸਥਾਨ 'ਤੇ ਕਬਜ਼ਾ ਕਰਕੇ 3100 ਰੁਪਏ, ਜੋਬਨਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਲ ਕਰਕੇ 1100 ਰੁਪਏ, ਅੰਡਰ-19 ਵਿੱਚ ਸਮਰੱਥਬੀਰ ਸਿੰਘ ਨੇ ਪਹਿਲੇ ਸਥਾਨ 'ਤੇ ਕਾਬਜ਼ ਹੋ ਕੇ 3100 ਰੁਪਏ, ਅਵਤਾਰ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ 1100 ਰੁਪਏ ਦਾ ਇਨਾਮ ਹਾਸਲ ਕੀਤਾ। ਇਸੇ ਤਰ੍ਹਾਂ ਪਹਿਲੇ ਦਿਨ ਹੀ ਅਥਲੈਟਿਕਸ ਮੁਕਾਬਲਿਆਂ ਵਿੱਚ ਕਰਵਾਏ ਗਏ ਦੌੜ, ਲੌਂਗ ਜੰਪ, ਹਾਈ ਜੰਪ, ਸ਼ਾਰਟ ਪੁੱਟ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ 100 ਮੀਟਰ ਦੌੜ ਵਿੱਚ ਨਵਰੂਪ ਸਿੰਘ, ਗੁਰਜਿੰਦਰ ਸਿੰਘ ਅਤੇ ਮਹਿਕਦੀਪ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ 200 ਮੀਟਰ ਦੌੜ ਵਿੱਚ ਅੰਮ੍ਰਿਤਪਾਲ ਸਿੰਘ ਨੇ ਪਹਿਲਾ ਸਥਾਨ, ਲੌਂਗ ਜੰਪ ਵਿੱਚ ਖੁਸ਼ਪ੍ਰੀਤ ਕੌਰ ਅਤੇ ਗੁਰਨੂਰਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ 800 ਮੀਟਰ ਦੌੜ ਵਿੱਚ ਵਿਕਰਮਜੀਤ ਨੇ ਦੂਸਰਾ ਸਥਾਨ,300 ਮੀਟਰ ਦੌੜ ਵਿੱਚ ਮਹਿਕਦੀਪ ਸਿੰਘ ਨੇ ਦੂਸਰਾ ਸਥਾਨ, ਲੌਂਗ ਜੰਪ 'ਚ ਅਨਮੋਲਪ੍ਰੀਤ ਸਿੰਘ ਨੇ ਦੂਸਰਾ ਸਥਾਨ, ਸ਼ਾਟ ਪੁੱਟ 'ਚ ਨਵਜੋਤਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਨੇ ਦੂਜਾ ਸਥਾਨ, 800 ਮੀਟਰ ਦੌੜ ਵਿੱਚ ਸਮਰੱਥਬੀਰ ਸਿੰਘ ਨੇ ਦੂਸਰਾ ਸਥਾਨ, 100 ਮੀਟਰ ਦੌੜ ਵਿੱਚ ਹਿਤਾਸ਼ੀ ਸ਼ਰਮਾ ਨੇ ਤੀਸਰਾ ਸਥਾਨ, 300 ਮੀਟਰ ਦੌੜ ਵਿੱਚ ਨੂਰਦੀਪ ਧਵਨ ਨੇ ਤੀਸਰਾ ਸਥਾਨ, ਪਰਮਪਾਲ ਸਿੰਘ ਨੇ ਲੌਂਗ ਜੰਪ 'ਚ ਤੀਸਰਾ ਸਥਾਨ, ਵਿਨੋ ਅਰੋੜਾ ਨੇ 100 ਮੀਟਰ ਦੌੜ ਵਿੱਚ ਤੀਸਰਾ ਸਥਾਨ, ਏਕਮਪ੍ਰੀਤ ਸਿੰਘ ਨੇ ਲੌਂਗ ਜੰਪ ਵਿੱਚ ਤੀਸਰਾ ਸਥਾਨ, ਰੁਪਿੰਦਰ ਨੇ 400 ਮੀਟਰ ਦੌੜ ਵਿੱਚ ਤੀਸਰਾ ਸਥਾਨ, ਜੈਦੀਪ ਸਿੰਘ ਨੇ ਸ਼ਾਰਟ ਪੁੱਟ ਵਿੱਚ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਪੂਰੇ ਪੰਜਾਬ ਵਿੱਚ ਰੌਸ਼ਨ ਕੀਤਾ।

ਇਸ ਮੌਕੇ ਡੀਐੱਸਪੀ ਭਿੱਖੀਵਿੰਡ ਪ੍ਰੀਤਇੰਦਰ ਸਿੰਘ ਅਤੇ ਸਪੋਰਟਸ ਕੋਚ ਏਐੱਸਆਈ ਹਰਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

## ਸੜਕ ਹਾਦਸੇ ਦੌਰਾਨ ਜ਼ਖ਼ਮੀ ਨੌਜਵਾਨ ਦੀ ਮੌਤ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਦੋਰਾਂਗਲਾ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਕੁਲਦੀਪ ਕੌਰ ਪਤਨੀ ਗਿਰਧਾਰਾ ਸਿੰਘ ਵਾਸੀ ਬਾਊਪੁਰ ਅੱਫਗਾਨਾ ਨੇ ਦੱਸਿਆ ਕਿ ਮੇਰਾ ਲੜਕਾ ਚੇਤਨਵੀਰ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਪਿੰਡ ਜਾ ਰਿਹਾ ਸੀ ਅਤੇ ਮੈਂ ਆਪਣੇ ਦਿਓਰ ਸੰਪੂਰਨ ਸਿੰਘ ਦੇ ਮੋਟਰਸਾਈਕਲ ਦੇ ਪਿੱਛੇ ਬੈਠ ਕੇ ਜਾ ਰਹੀ ਸੀ। ਜਦ ਮੇਰਾ ਲੜਕਾ ਗਾਹਲੜੀ ਤੋਂ ਸੁਲਤਾਨੀ ਰੋਡ ਪੁੱਜਾ ਤਾਂ ਇਕ ਟਰੈਕਟਰ ਮਾਰਕਾ ਨਿਊਹਾਲੈਂਡ 3630 ਰੰਗ ਨੀਲਾ ਜਿਸ ਨੂੰ ਉਕਤ ਦੋਸ਼ੀ ਚਲਾ ਰਿਹਾ ਸੀ ਜੋ ਬਹੁਤ ਹੀ ਤੇਜ਼ ਤੇ ਲਾਪਰਵਾਹੀ ਨਾਲ ਆ ਰਿਹਾ ਸੀ, ਜਿਸ ਨੇ ਮੇਰੇ ਲੜਕੇ ਨੂੰ ਟੱਕਰ ਮਾਰ ਕੇ ਥੱਲੇ ਸੁੱਟ ਦਿੱਤਾ ਅਤੇ ਉਪਰੋਂ ਦੀ ਟਰੈਕਟਰ ਟਰਾਲੀ ਲੰਘਾ ਦਿੱਤੀ ਜਿਸ ਕਾਰਨ ਮੇਰਾ ਲੜਕਾ ਗੰਭੀਰ ਜ਼ਖ਼ਮੀ ਹੋ ਗਿਆ ਜਿਸ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਪਹੁੰਚਾਇਆ ਜਿਥੇ ਲੜਕੇ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਸ ਨੇ ਉਕਤ ਦੋਸ਼ੀ ਖ਼ਿਲਾਫ਼ 304 ਏ, 279 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਭਾਈ ਲੱਧੂ ਕਿਸਾਨ ਸੰਘਰਸ਼ ਕਮੇਟੀ ਦੀ ਹੰਗਾਮੀ ਮੀਟਿੰਗ

### * ਭਲਕੇ ਸੂਬੇ ਅੰਦਰ ਡੀਸੀ/ਐੱਸਡੀਐੱਮ ਨੂੰ ਮੰਗ ਪੱਤਰ ਦੇਣ ਦਾ ਐਲਾਨ



ਪੱਟੀ (ਬਲਦੇਵ ਸਿੰਘ ਸੰਧੂ/ਜਸਬੀਰ ਸਿੰਘ ਯੋਧਾ)-ਪਿੰਡ ਭਾਈ ਲੱਧੂ ਵਿਖੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੀ ਹੰਗਾਮੀ ਮੀਟਿੰਗ ਸੂਬਾ ਜਨਰਲ ਸਕੱਤਰ ਸੁੱਖਾ ਸਿੰਘ ਲੱਧੂ ਦੀ ਯੋਗ ਅਗਵਾਈ ਹੇਠ ਹੋਈ। ਮੀਟਿੰਗ 'ਚ ਵੱਡੇ ਪੱਧਰ 'ਤੇ ਜ਼ਿਲ੍ਹਾ ਤਰਨ ਤਾਰਨ ਦੀ ਸਮੁੱਚੀ ਸਬੰਧੀ ਦੇ ਆਗੂਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਦਿਲਬਾਗ ਸਿੰਘ ਕੋਟ ਬੁੱਢਾ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਡੀਆਂ ਮੰਗਾਂ ਪਰਾਲੀ ਦਾ ਠੋਸ ਹੱਲ ਪਰਾਲੀ ਸਾੜਨ ਤੇ ਕੀਤੇ ਗਏ ਪਰਚੇ, ਰੈੱਡ ਇੰਟਰੀਆਂ ਅਤੇ ਜੁਰਮਾਨੇ ਰੱਦ ਕੀਤੇ ਜਾਣ, ਪਾਸਪੋਰਟ ਰੱਦ ਕਰਨ, ਹਥਿਆਰਾਂ ਦੇ ਲਾਇਸੰਸ ਰੱਦ ਕਰਨ, ਸਬਸਿਡੀਆਂ ਰੱਦ ਕਰਨ ਸਮੇਤ ਹੋਰ ਸਰਕਾਰੀ ਸਹੂਲਤਾਂ ਰੱਦ ਕਰਨ ਦੇ ਦਿੱਤੇ ਨਿਰਦੇਸ਼ ਵਾਪਿਸ ਲਏ ਜਾਣ, ਨਿੱਜੀਕਰਨ ਨੂੰ ਉਤਸ਼ਾਹਤ ਦੇਣ ਵਾਲੀ ਨੀਤੀ ਤਹਿਤ ਪ੍ਰੀਪੇਡ ਮੀਟਰ ਲਗਾਉਣੇ ਬੰਦ ਕੀਤੇ ਜਾਣ, ਸਭੇ ਮੀਟਰਾਂ ਦੀ ਜਗ੍ਹਾ ਪਹਿਲਾਂ ਚੱਲ ਰਹੇ ਮੀਟਰ ਲਗਾਏ ਜਾਣ ਅਤੇ ਅੰਗਰੇਜ਼ ਅਨੁਸਾਰ ਬਿੱਲ ਭੇਜਣੇ ਬੰਦ ਕੀਤੇ ਜਾਣ, ਭਾਰਤ ਮਾਲਾ ਸਮੇਤ ਸਾਰੇ ਪ੍ਰੋਜੈਕਟਾਂ ਤਹਿਤ ਕੱਢੀਆਂ ਜਾ ਰਹੀਆ ਸੜਕਾਂ ਲਈ ਜ਼ਮੀਨਾਂ ਐਕਵਾਇਰ ਕਰਨਾ ਬੰਦ ਕੀਤਾ ਜਾਵੇ। ਪੰਜਾਬ ਵਿੱਚ ਪੂਰਨ ਰੂਪ ਵਿੱਚ ਨਸ਼ਾਬੰਦੀ ਕੀਤੀ ਜਾਵੇ। ਗੰਨਾ ਮਿੱਲਾਂ ਤੁਰੰਤ ਚਾਲੂ ਕੀਤੀਆਂ ਜਾਣ ਅਤੇ ਗੰਨੇ ਦੇ ਭਾਅ ਵਿੱਚ 120 ਦਾ ਵਾਧਾ ਕੀਤਾ ਜਾਵੇ। ਝੋਨੇ ਦੇ ਚਾਲੂ ਸੀਜ਼ਨ ਦੌਰਾਨ ਸਰਕਾਰ ਵੱਲੋਂ ਮੰਡੀਆਂ ਬੰਦ ਕਰਨ ਦੇ ਨਿਰਦੇਸ਼ ਵਾਪਿਸ ਲਏ ਜਾਣ ਅਤੇ ਝੋਨੇ ਦੀ ਫਸਲ ਪੂਰੀ ਤਰ੍ਹਾਂ ਚੱਕੀ ਜਾਣ ਤਕ ਮੰਡੀਆਂ ਚਾਲੂ ਰੱਖੀਆਂ ਜਾਣ। ਇਨ੍ਹਾਂ ਮੰਗਾਂ ਨੂੰ ਪੂਰਾ ਕਰਵਾਉਣ ਲਈ 20 ਤਰੀਕ ਨੂੰ ਸੰਯੁਕਤ ਗੈਰ-ਰਾਜਨੀਤਿਕ ਕਿਸਾਨ ਮੋਰਚੇ ਵੱਲੋਂ ਦਿੱਤੀ ਗਈ ਕਾਲ ਨੂੰ ਲੈ ਕੇ ਪੂਰੇ ਪੰਜਾਬ ਦੇ ਐੱਸਡੀਐੱਮ ਅਤੇ ਡੀਸੀ ਦਫਤਰਾਂ ਦੇ ਸਾਹਮਣੇ ਧਰਨਾ ਲਗਾ ਕੇ ਮੰਗ ਪੱਤਰ ਦਿੱਤੇ ਜਾ ਰਹੇ ਹਨ। ਇਸ ਮੌਕੇ ਜ਼ਿਲ੍ਹਾ ਵਿੱਤ ਸਕੱਤਰ ਸਾਹਿਬ ਸਿੰਘ ਸਭਰਾਂ, ਜ਼ੋਨ ਪ੍ਰਧਾਨ ਕਾਰਜ ਸਿੰਘ ਸਭਰਾਂ, ਜ਼ੋਨ ਪ੍ਰਧਾਨ ਹਰਪਾਲ ਸਿੰਘ ਘਰਿਆਲਾ, ਜ਼ੋਨ ਪ੍ਰਧਾਨ ਗੁਰਬੀਰ ਸਿੰਘ ਤੁੰਗਵਾਲ, ਜ਼ੋਨ ਪ੍ਰਧਾਨ ਸ਼ਿੰਦਰਪਾਲ ਸਿੰਘ, ਜ਼ਿਲਾ ਪ੍ਰਧਾਨ ਬਾਬਾ ਪ੍ਰਗਟ ਸਿੰਘ ਪਰਿੰਗੜੀ, ਗ੍ਰਿਰਬਚਨ ਸਿੰਘ, ਲਖਵਿੰਦਰ ਸਿੰਘ, ਗੁਰਭੇਜ ਸਿੰਘ, ਲਖਵਿੰਦਰ ਸਿੰਘ, ਗੁਰਮੀਤ ਸਿੰਘ, ਬਲੀ ਸਿੰਘ, ਨਰਿੰਦਰ ਸਿੰਘ, ਗੁਰਦੇਵ ਸਿੰਘ, ਮਿਲਖਾ ਸਿੰਘ, ਹਰਜਿੰਦਰ ਸਿੰਘ, ਪਾਖਰ ਸਿੰਘ, ਰਾਮ ਸਿੰਘ ਤੋਂ ਇਲਾਵਾ ਦਰਬਾਰਾ ਸਿੰਘ, ਹਰਬੰਸ ਸਿੰਘ ਗਦਾਈਪੁਰ, ਬਲਵਿੰਦਰ ਸਿੰਘ, ਬਲਜੀਤ ਸਿੰਘ ਅਤੇ ਕੁਲਵੰਤ ਸਿੰਘ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

## ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਨੂੰ ਪਿਆ ਬੂਰ

### * ਪੰਛੀ ਕਲੋਨੀ ਅਤੇ ਆਈਟੀਆਈ ਮੁਹੱਲੇ 'ਚ ਪਾਣੀ ਦੀ ਸਮੱਸਿਆ ਹੱਲ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਗੁਰਦਾਸਪੁਰ ਸ਼ਹਿਰ ਦੀ ਪੰਛੀ ਕਲੋਨੀ ਅਤੇ ਆਈਟੀਆਈ ਮੁਹੱਲੇ ਦੇ ਵਸਨੀਕਾਂ ਦੀ ਪਿਛਲੇ 5 ਸਾਲ ਤੋਂ ਚਲੀ ਆ ਰਹੀ ਪਾਣੀ ਦੀ ਸਮੱਸਿਆ ਦਾ ਆਖਰਕਾਰ ਹੱਲ ਹੋ ਗਿਆ ਹੈ। ਇਨ੍ਹਾਂ ਦੋਵਾਂ ਕਲੋਨੀਆਂ ਦੇ ਵਸਨੀਕ ਆਈਟੀਆਈ (ਲੜਕੇ) ਵਿਖੇ ਪਿਛਲੇ ਪੰਜ ਸਾਲ ਤੋਂ ਟਿਊਬਵੈੱਲ ਬੰਦ ਹੋਣ ਕਾਰਨ ਪੀਣ ਵਾਲੇ ਸ਼ੁੱਧ ਪਾਣੀ ਦੀ ਸਪਲਾਈ ਤੋਂ ਵਾਂਝੇ ਸਨ। ਬਹਿਲ ਨੇ ਜਲ ਸਪਲਾਈ ਵਿਭਾਗ ਦੇ ਮੰਤਰੀ ਅਤੇ ਉੱਚ ਅਧਿਕਾਰੀਆਂ ਕੋਲ ਸੰਪਰਕ ਕੀਤਾ, ਜਿਸਦੇ ਸਿੱਟੇ ਵਜੋਂ ਜਲ ਸਪਲਾਈ ਵਿਭਾਗ ਵੱਲੋਂ ਇਸ ਸਬੰਧੀ ਵਿਸ਼ੇਸ਼ ਪ੍ਰੋਜੈਕਟ ਮਨਜ਼ੂਰ ਕੀਤਾ ਗਿਆ ਹੈ। ਹੁਣ ਇਸ ਮੁਹੱਲੇ ਦੇ ਵਸਨੀਕਾਂ ਨੂੰ ਪਾਣੀ ਦੀ ਸਪਲਾਈ ਬਹਾਲ ਕਰਨ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ ਗਿਆ। ਬਹਿਲ ਨੇ ਦੱਸਿਆ ਕਿ ਪਾਣੀ ਦੀ ਸਪਲਾਈ ਨੂੰ ਚਾਲੂ ਕਰਨ ਲਈ ਪੰਜਾਬ ਸਰਕਾਰ ਵੱਲੋਂ 15 ਲੱਖ ਰੁਪਏ ਦਾ ਤਖਮੀਨਾ ਪਾਸ ਕੀਤਾ ਗਿਆ ਹੈ, ਜਿਸ ਤਹਿਤ ਅੰਮ੍ਰਿਤਸਰ-ਪਠਾਨਕੋਟ ਰੋਡ 'ਤੇ 300 ਮੀਟਰ ਲੰਬਾਈ ਦੀ 200 ਐੱਮਐੱਮਡੀਆਈਕੇ-7 ਪਾਈਪ ਵਿਛਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਕਰਵਾਇਆ ਜਾਵੇਗਾ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਗੁਰਦਾਸਪੁਰ ਸ਼ਹਿਰ ਦੇ ਇਨ੍ਹਾਂ ਇਲਾਕਿਆਂ ਵਿੱਚ ਪਾਣੀ ਦੀ ਸਪਲਾਈ ਚਾਲੂ ਹੋਣ ਤੋਂ ਬਾਅਦ ਆਈਟੀਆਈ ਵਿਖੇ 500 ਫੁੱਟ ਡੂੰਘੇ ਬੋਰ ਤੋਂ ਲਗਭਗ 450 ਘਰਾਂ ਨੂੰ ਪੀਣ ਲਈ ਸਾਫ਼ ਪਾਣੀ ਦੀ ਸਪਲਾਈ ਮਿਲ ਸਕੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਆਮ ਲੋਕਾਂ ਦੀ ਮੁਸ਼ਕਲਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ। ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ, ਬਲਾਕ ਪ੍ਰਧਾਨ ਮਨਦੀਪ ਕੌਰ, ਬਲਾਕ ਪ੍ਰਧਾਨ ਅਸ਼ਵਨੀ ਕੁਮਾਰ, ਬਲਾਕ ਪ੍ਰਧਾਨ ਕੁਲਦੀਪ ਕੁਮਾਰ, ਬਲਾਕ ਪ੍ਰਧਾਨ ਹਿਤੇਸ਼ ਮਹਾਜਨ, ਸਤਪਾਲ ਕੌਰ, ਰਮੇਸ਼ ਕੁਮਾਰ ਤੋਂ ਇਲਾਵਾ ਹੋਰ ਵੀ ਇਲਾਕਾ ਨਿਵਾਸੀ ਹਾਜ਼ਰ ਸਨ।

## ਅਕਾਲ ਅਕੈਡਮੀ ਤਿੱਬੜ ਨੇ ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਕੱਢੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਅਕਾਲ ਅਕੈਡਮੀ ਤਿੱਬੜ ਦੇ ਪ੍ਰਿੰ. ਗੁਰਵਿੰਦਰ ਕੌਰ ਦੀ ਅਗਵਾਈ ਹੇਠ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮਿਲ ਕੇ ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਦੌਰਾਨ ਸਕੂਲ ਦੇ ਵਿਦਿਆਰਥੀਆਂ ਤੇ ਸਟਾਫ ਨੇ ਆਪਣੇ ਹੱਥਾਂ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕਤਾ ਭਰਪੂਰ ਬੈਨਰ ਫੜੇ ਹੋਏ ਸਨ। ਇਹ ਰੈਲੀ ਅਕਾਲ ਅਕੈਡਮੀ ਤਿੱਬੜ ਤੋਂ ਚੱਲ ਕੇ ਪਿੰਡ ਸਿੱਧਵਾਂ, ਅਲਾਵਲਪੁਰ ਤੋਂ ਹੁੰਦੀ ਹੋਈ ਪਿੰਡ ਭੁੰਬਲੀ ਵਿਖੇ ਪਹੁੰਚੀ। ਇਸ ਰੈਲੀ ਦਾ ਮੋਹਤਬਰ ਵਿਅਕਤੀਆਂ ਵਲੋਂ ਭਰਵਾਂ ਸੁਆਗਤ ਕੀਤਾ ਅਤੇ ਅਕੈਡਮੀ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ ਗਈ। ਉਪਰੰਤ ਇਹ ਰੈਲੀ ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ) ਭੁੰਬਲੀ ਵਿਖੇ ਪਹੁੰਚੀ, ਜਿੱਥੇ ਅਕਾਲ ਅਕੈਡਮੀ ਤਿੱਬੜ ਦੇ ਸਟਾਫ ਤੇ ਵਿਦਿਆਰਥੀਆਂ ਵਲੋਂ ਨਸ਼ਿਆਂ ਦੇ ਮਾੜੇ ਪ੍ਰਭਾਵ ਤੇ ਅਧਾਰਿਤ 'ਨਾਟਕ' ਖੇਡ ਕੇ ਨਸ਼ੇ ਛੱਡਣ ਤੇ ਨਸ਼ਾ ਨਾ ਕਰਨ ਸੁਨੇਹਾ ਦਿੱਤਾ ਗਿਆ। ਇਸ ਮੌਕੇ ਭੁੰਬਲੀ ਸਕੂਲ ਦੇ ਮੁਖੀ ਸੰਜੀਵ ਕੁਮਾਰ ਅਤੇ ਐੱਸਸੀ/ਬੀਸੀ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਰਛਪਾਲ ਸਿੰਘ ਨੇ ਅਕਾਲ ਅਕੈਡਮੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਬੱਚਿਆਂ ਵੱਲੋਂ ਨਸ਼ਿਆਂ ਉੱਤੇ ਖੇਡੇ ਨਾਟਕ ਦੁਆਰਾ ਨਸ਼ੇ ਨਾ ਕਰਨ ਦਾ ਸੁਨੇਹਾ ਸੁਚੱਜੇ ਢੰਗ ਨਾਲ ਦੇਣ ਦੀ ਪ੍ਰਸੰਸਾ ਕੀਤੀ। ਇਸ ਮੌਕੇ ਅਕਾਲ ਅਕੈਡਮੀ ਦੇ ਇੰਚਾਰਜ ਲਖਵਿੰਦਰ ਕੌਰ, ਮੈਡਮ ਪੂਨਮ, ਹਰਮੀਤ ਕੌਰ ਤੇ ਹੋਰ ਸਟਾਫ ਮੈਂਬਰਾਂ ਤੋਂ ਇਲਾਵਾ ਭੁੰਬਲੀ ਸਕੂਲ ਦੇ ਅਧਿਆਪਕ ਵਿਜੇ ਕੁਮਾਰ, ਰਾਜੇਸ਼ ਕੁਮਾਰ, ਗੁਰਦੇਵ ਸਿੰਘ, ਹਰਮੀਤ ਸਿੰਘ ਅਤੇ ਮੈਡਮ ਸੁਖਵਿੰਦਰ ਕੌਰ ਅਤੇ ਸਮੂਹ ਬੱਚੇ ਹਾਜ਼ਰ ਸਨ।

## ਬ੍ਰਹਮਗਿਆਨੀ ਬਾਬਾ ਬਲਵਿੰਦਰ ਸਿੰਘ ਦਾ ਸਾਲਾਨਾ ਜੋੜ ਮੇਲਾ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਜਾਣਕਾਰੀ ਦਿੰਦੇ ਗੱਦੀਨਸ਼ੀਨ ਮੁੱਖ ਸੇਵਾਦਾਰ ਬਾਬਾ ਗੁਰਭੇਜ ਸਿੰਘ ਨੇ ਦੱਸਿਆ ਕਿ ਪਿੰਡ ਐਮਾ ਕਲਾਂ ਵਿਖੇ ਧੰਨ-ਧੰਨ ਬ੍ਰਹਮਗਿਆਨੀ ਬਾਬਾ ਬਲਵਿੰਦਰ ਸਿੰਘ ਕਲਿਆਣ ਦੀ ਮਿੱਠੀ ਯਾਦ ਵਿੱਚ 19ਵਾਂ ਗੁਰਮਤਿ ਤੇ 9ਵੀਂ ਬਰਸੀ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰ, ਕਥਾਵਾਚਕ ਗਿਆਨੀ ਅਰਸ਼ਦੀਪ ਸਿੰਘ, ਬਲਵਿੰਦਰ ਸਿੰਘ ਗਹਿਰੀ, ਗੁਰਮੇਜ ਸਿੰਘ ਸੂਹਰਾ, ਕਾਰਜ ਸਿੰਘ ਕਵੀਸ਼ਰ ਜਥਿਆਂ ਨੇ ਬਾਬਾ ਬਲਵਿੰਦਰ ਸਿੰਘ ਕਲਿਆਣ ਦਾ ਜੀਵਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਉਚੇਚੇ ਤੌਰ 'ਤੇ ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਾ ਦਲ ਤੇ ਹੋਰ ਇਲਾਕੇ ਦੇ ਸੰਤਾਂ ਮਹਾਂਪੁਰਸ਼ਾਂ ਨੇ ਪਹੁੰਚ ਕੇ ਹਾਜ਼ਰੀ ਭਰੀ। ਬਾਬਾ ਗੁਰਭੇਜ ਸਿੰਘ ਵੱਲੋਂ ਬਾਬਾ ਮੇਜਰ ਸਿੰਘ ਸੋਢੀ ਦਾ ਨਿੱਘਾ ਸੁਆਗਤ ਕੀਤਾ ਗਿਆ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਇਸ ਮੌਕੇ ਗਿਆਨੀ ਅਰਸ਼ਦੀਪ ਸਿੰਘ ਹੈੱਡ ਗ੍ਰੰਥੀ ਦਸਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ, ਗਿਆਨੀ ਹੀਰਾ ਸਿੰਘ ਵਿਦਿਆਰਥੀ, ਬਾਬਾ ਗੁਰਸੇਵਕ ਸਿੰਘ, ਬਾਬਾ ਲਵਪ੍ਰੀਤ ਸਿੰਘ, ਬਾਬਾ ਗੁਰਨੂਰ ਸਿੰਘ, ਮੀਤ ਗ੍ਰੰਥੀ ਪ੍ਰਤਾਬ ਸਿੰਘ, ਸੁਖਦੇਵ ਸਿੰਘ ਸਾਬਕਾ ਮੈਂਬਰ, ਸੁਖਦੇਵ ਸਿੰਘ ਫਰੀਦਕੋਟ, ਬਾਬਾ ਸੁਖਦੇਵ ਸਿੰਘ ਐਮਾ, ਸਤਨਾਮ ਸਿੰਘ, ਅੰਗਰੇਜ਼ ਸਿੰਘ ਸੋਨੀ, ਸਤਨਾਮ ਸਿੰਘ ਮੰਨਣ, ਆਮ ਆਦਮੀ ਪਾਰਟੀ ਆਗੂ ਜਗਰੂਪ ਸਿੰਘ ਐਮਾ ਅਤੇ ਹੋਰ ਸੇਵਾਦਾਰ ਸੰਗਤਾਂ ਹਾਜ਼ਰ ਸਨ।

## ਸੇਂਟ ਕਬੀਰ ਸਕੂਲ ਦੀਆਂ ਵਿਦਿਆਰਥਣਾਂ ਦਾ ਰਾਸ਼ਟਰ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਦੀ ਨਾਮਵਰ ਸੰਸਥਾ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੀਆਂ ਵਿਦਿਆਰਥਣਾਂ ਦਾ ਸੀਬੀਐੱਸਈ ਨੈਸ਼ਨਲ ਅਥਲੈਟਿਕਸ ਮੀਟ (2023-24) ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਤੇ ਮਾਪਿਆਂ ਦਾ ਨਾਂਅ ਪੂਰੇ ਇਲਾਕੇ ਵਿੱਚ ਰੌਸ਼ਨ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰ. ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਦੱਸਿਆ ਕਿ ਸਾਡੇ ਸਕੂਲ ਦੀਆਂ ਦੋ ਵਿਦਿਆਰਥਣਾਂ ਮਹਿਕ ਸਲਾਰੀਆ ਨੇ 1500 ਮੀ. ਦੌੜ ਅਤੇ ਮਨਪ੍ਰੀਤ ਕੌਰ ਨੇ ਉੱਚੀ ਛਾਲ ਵਿੱਚੋਂ ਸੀਬੀਐੱਸਈ ਕਲੱਸਟਰ ਮੁਕਾਬਲਿਆਂ ਦੌਰਾਨ ਸੋਨ ਤਮਗਾ ਹਾਸਲ ਕਰਕੇ ਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਆਪਣੀ ਜਗ੍ਹਾ ਬਣਾਈ ਸੀ ਤੇ ਪਿਛਲੇ ਦਿਨੀਂ ਹੋਏ ਐੱਨਐੱਚ ਵਰਲਡ.ਸਕੂਲ ਰਾਇਪੁਰ (ਛੱਤੀਸਗੜ੍ਹ) ਵਿੱਚ ਹੋਏ ਚਾਰ ਰੋਜ਼ਾ ਸੀਬੀਐੱਸਈ ਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ। ਇਨ੍ਹਾਂ ਮੁਕਾਬਲਿਆਂ ਦੌਰਾਨ ਮਹਿਕ ਸਲਾਰੀਆ ਵਾਸੀ ਡੱਲਾ ਗੋਰੀਆ ਨੇ 1500 ਮੀ. ਦੌੜ ਨੂੰ ਪੂਰੀ ਦ੍ਰਿੜਤਾ ਨਾਲ ਪੂਰਾ ਕੀਤਾ ਤੇ ਮਨਪ੍ਰੀਤ ਕੌਰ ਵਾਸੀ ਸਠਿਆਲੀ ਨੇ ਉੱਚੀ ਛਾਲ ਵਿੱਚੋਂ ਰਾਸ਼ਟਰ ਪੱਧਰ ਤੇ ਨੌਵਾਂ ਸਥਾਨ ਹਾਸਲ ਕੀਤਾ ਹੈ। ਸਕੂਲ ਪਹੁੰਚਣ ਤੇ ਇਨ੍ਹਾਂ ਵਿਦਿਆਰਥਣਾਂ ਦਾ ਭਰਵਾਂ ਸੁਆਗਤ ਕੀਤਾ ਅਤੇ ਪ੍ਰਿੰ. ਐੱਸਬੀ ਨਾਯਰ ਅਤੇ ਪ੍ਰਬੰਧਕਾਂ ਵਲੋਂ ਇਨ੍ਹਾਂ ਵਿਦਿਆਰਥਣਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਵਿਦਿਆਰਥੀਆਂ ਤੇ ਡੀ. ਪੀ. ਵਿਭਾਗ ਦੇ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਡੀ. ਪੀ. ਅਧਿਆਪਕ ਰੇਖਾ ਰਾਣੀ, ਜਤਿੰਦਰ ਕੌਰ, ਸ਼ਮਸ਼ੇਰ ਸਿੰਘ, ਰਜਿੰਦਰ ਸਿੰਘ ਸਮੇਤ ਸਮੂਹ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

## ਪਵਿੱਤਰਜੀਤ ਸਿੰਘ ਸੰਧੂ ਨਮਿੱਤ ਸ਼ਰਧਾਂਜਲੀ ਸਮਾਗਮ ਅੱਜ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਸੀਨੀਅਰ ਪੱਤਰਕਾਰ ਤੇ ਪ੍ਰੈੱਸ ਕਲੱਬ (ਰਜਿ:) ਚੋਹਲਾ ਸਾਹਿਬ ਦੇ ਪ੍ਰਧਾਨ ਮਨਜੀਤ ਸਿੰਘ ਸੰਧੂ ਅਤੇ ਬਾਰ ਕੌਂਸਲ ਤਰਨ ਤਾਰਨ ਦੇ ਸਾਬਕਾ ਪ੍ਰਧਾਨ ਐਡਵੋਕੇਟ ਜੋਗਾ ਸਿੰਘ ਸੰਧੂ ਦੇ ਛੋਟੇ ਭਰਾ ਪਵਿੱਤਰਜੀਤ ਸਿੰਘ ਸੰਧੂ (52) ਜੋ ਪਿਛਲੇ ਸਾਲ ਆਸਟ੍ਰੇਲੀਆ ਵਿੱਚ ਸਦੀਵੀ ਵਿਛੋੜਾ ਦੇ ਗਏ ਸਨ, ਦੀ ਮਿੱਠੀ ਯਾਦ ਵਿੱਚ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਚੰਬਾ ਕਲਾਂ ਵਿਖੇ ਅੱਜ 19 ਨਵੰਬਰ ਐਤਵਾਰ ਨੂੰ ਪੈਣਗੇ। ਭੋਗ ਉਪਰੰਤ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਹੋਵੇਗਾ। ਇਸ ਮੌਕੇ ਵੱਖ-ਵੱਖ ਸਿਆਸੀ, ਗੈਰ-ਸਿਆਸੀ ਪਾਰਟੀਆ ਦੇ ਆਗੂ ਤੇ ਵਰਕਰ, ਧਾਰਮਿਕ ਸ਼ਖ਼ਸੀਅਤਾਂ, ਪੰਚ/ਸਰਪੰਚ, ਪਤਵੰਤੇ, ਪੱਤਰਕਾਰ ਸਾਥੀ ਪਵਿੱਤਰਜੀਤ ਸਿੰਘ ਸੰਧੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

## ਪ੍ਰਿੰ. ਸੁਜਾਨ ਸਿੰਘ ਤੇ ਡਾ. ਨਿਰਮਲ ਸਿੰਘ ਆਜ਼ਾਦ ਦੀ ਯਾਦ 'ਚ ਸਨਮਾਨ ਸਮਾਰੋਹ ਅੱਜ



ਗੁਰਦਾਸਪੁਰ (ਜਨਕ ਮਹਾਜਨ)-ਪ੍ਰਿੰ. ਸੁਜਾਨ ਸਿੰਘ ਤੇ ਡਾ. ਨਿਰਮਲ ਸਿੰਘ ਆਜ਼ਾਦ ਦੀ ਯਾਦ 'ਚ ਸਨਮਾਨ ਸਮਾਰੋਹ 19 ਨਵੰਬਰ ਦਿਨ ਐਤਵਾਰ ਨੂੰ ਸਥਾਨਕ ਰਾਮ ਸਿੰਘ ਦੱਤ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਠੀਕ 10-30 ਵਜੇ ਸਵੇਰੇ ਕਰਵਾਇਆ ਜਾ ਰਿਹਾ ਹੈ ਜਿਸ ਸਬੰਧੀ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਜਨਰਲ ਸਕੱਤਰ ਮੰਗਤ ਚੰਚਲ ਵੱਲੋਂ ਜਾਰੀ ਪ੍ਰੈੱਸ ਨੋਟ ਵਿੱਚ ਖੁਲਾਸਾ ਕੀਤਾ ਗਿਆ ਕਿ ਇਸ ਵਾਰ ਵਿਚਾਰ ਚਰਚਾ ਦਾ ਵਿਸ਼ਾ 'ਅਜੋਕੇ ਦੌਰ ਵਿੱਚ ਲੇਖਕਾਂ, ਬੁੱਧੀਜੀਵੀਆਂ ਅਤੇ ਪੱਤਰਕਾਰਾਂ ਦੀ ਭੂਮਿਕਾ' ਹੋਵੇਗਾ ਅਤੇ ਮੁੱਖ ਵਕਤਾ ਪ੍ਰਸਿੱਧ ਚਿੰਤਕ ਅਤੇ ਪੱਤਰਕਾਰ ਹਮੀਰ ਸਿੰਘ ਵਿਸ਼ੇ ਉੱਤੇ ਵਿਸਥਾਰ ਸਹਿਤ ਗੱਲਬਾਤ ਕਰਨਗੇ ਅਤੇ ਆਪ ਦੇ ਸਵਾਲਾਂ ਦੇ ਜੁਆਬ ਵੀ ਦੇਣਗੇ। ਉਨ੍ਹਾਂ ਨੂੰ ਹੀ ਡਾ. ਨਿਰਮਲ ਸਿੰਘ ਆਜ਼ਾਦ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਸਾਰੇ ਪੱਤਰਕਾਰ ਭਾਈਚਾਰੇ ਨੂੰ ਉਚੇਚੀ ਬੇਨਤੀ ਕੀਤੀ ਗਈ ਕਿ ਉਹ ਇਸ ਪ੍ਰੋਗਰਾਮ ਵਿੱਚ ਪਹੁੰਚਣਾ ਯਕੀਨੀ ਬਣਾਉਣ। ਪ੍ਰਿੰ. ਸੁਜਾਨ ਸਿੰਘ ਯਾਦਗਾਰੀ ਸਨਮਾਨ ਕ੍ਰਮਵਾਰ ਪ੍ਰਸਿੱਧ ਕਹਾਣੀਕਾਰ ਕੇ. ਐੱਲ. ਗਰਗ ਅਤੇ ਦਵਿੰਦਰ ਕੌਰ ਗੁਰਾਇਆ ਨੂੰ ਭੇਟ ਕੀਤੇ ਜਾਣਗੇ। ਇਸ ਪ੍ਰੋਗਰਾਮ ਵਿੱਚ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਡਾ. ਲਖਵਿੰਦਰ ਜੌਹਲ, ਡਾ. ਕਰਮਜੀਤ ਸਿੰਘ, ਡਾ. ਕੁਲਦੀਪ ਪੁਰੀ, ਡਾ. ਹਰਜਿੰਦਰ ਅਟਵਾਲ, ਦੀਪ ਦੇਵਿੰਦਰ ਸਿੰਘ ਆਦਿ ਵਿਦਵਾਨ ਵੀ ਆਪਣੇ ਵਿਚਾਰ ਰੱਖਣਗੇ। ਉਨ੍ਹਾਂ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਇਸ ਗਿਆਨ ਭਰਪੂਰ ਸਮਾਗਮ ਵਿੱਚ ਹੁੰਮ-ਹੁਮਾ ਕੇ ਪਹੁੰਚਣ ਹਿਤ ਖੁੱਲ੍ਹਾ ਸੱਦਾ ਵੀ ਦਿੱਤਾ।

## ਜਸਬੀਰ ਸਿੰਘ ਨੇ ਸਰਕਾਰੀ ਸਕੂਲ ਕੋਟ ਰਜ਼ਾਦਾ 'ਚ ਬੋਰ ਕਰਵਾਇਆ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਜਸਪਿੰਦਰ ਸਿੰਘ ਦੇ ਛੋਟੇ ਭਰਾ ਜਸਬੀਰ ਸਿੰਘ ਜੋ ਕਿ ਬਹੁਤ ਸਮੇਂ ਤੋਂ ਆਸਟਰੇਲੀਆ ਦੇ ਵਸਨੀਕ ਹਨ, ਵੱਲੋਂ ਪਿੰਡ ਵਾਪਿਸ ਆਉਣ 'ਤੇ ਸਰਕਾਰੀ ਐਲੀਮੈਂਟਰੀ ਸਕੂਲ ਕੋਟ ਰਜ਼ਾਦਾ 'ਚ ਬੱਚਿਆਂ ਨੂੰ ਪੀਣ ਵਾਲੇ ਪਾਣੀ ਦੀ ਘਾਟ ਨੂੰ ਦੇਖਦੇ ਹੋਏ ਆਪਣੀ ਕਿਰਤ ਕਮਾਈ ਵਿਚੋਂ ਪਾਣੀ ਦਾ ਬੋਰ ਕਰਵਾਇਆ ਜਿਸ 'ਤੇ ਸਕੂਲ ਦੇ ਪ੍ਰਿੰਸੀਪਲ ਵੱਲੋਂ ਉਨ੍ਹਾਂ ਦਾ ਬਹੁਤ ਧੰਨਵਾਦ ਕੀਤਾ ਗਿਆ। ਪ੍ਰਿੰ. ਨੇ ਕਿਹਾ ਕਿ ਸਕੂਲ ਮੈਨੇਜਮੈਂਟ ਇਸ ਨੇਕ ਕਾਰਜ ਲਈ ਜਸਬੀਰ ਸਿੰਘ ਦੀ ਹਮੇਸ਼ਾ ਸ਼ੁਕਰਗੁਜ਼ਾਰ ਰਹੇਗੀ। ਇਸ ਮੌਕੇ ਬਲਾਕ ਪ੍ਰਧਾਨ ਜਸਪਿੰਦਰ ਅਤੇ ਮਾਸਟਰ ਪ੍ਰਿਤਪਾਲ ਸਿੰਘ, ਮੈਡਮ ਸਰਬਜੀਤ ਕੌਰ, ਮੈਂਬਰ ਰਾਜ ਸਿੰਘ, ਅਵਤਾਰ ਸਿੰਘ, ਜਗਤਾਰ ਸਿੰਘ, ਰਘਬੀਰ ਸਿੰਘ, ਪ੍ਰੇਮ ਮਸੀਹ ਅਤੇ ਰਜਿੰਦਰ ਸਿੰਘ ਆਦਿ ਮੌਜੂਦ ਸਨ।

## ਐੱਚਡੀਐੱਫਸੀ ਬੈਂਕ ਨੇ ਅੰਤਰਰਾਸ਼ਟਰੀ ਧੋਖਾਧੜੀ ਜਾਗਰੂਕਤਾ ਹਫਤਾ ਮਨਾਇਆ

ਲੁਧਿਆਣਾ:ਐੱਚਡੀਐੱਫਸੀ ਬੈਂਕ ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ ਨੇ 'ਬੈਂਕਿੰਗ/ਵਿੱਤੀ ਸਾਈਬਰ ਅਪਰਾਧ ਰੋਕਥਾਮ ਅਤੇ ਖੋਜ' 'ਤੇ ਭਾਰਤੀ ਲੋਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਇੱਕ ਰੋਜ਼ਾ ਕਾਨਫਰੰਸ ਦੀ ਮੇਜ਼ਬਾਨੀ ਕਰਕੇ ਅੰਤਰਰਾਸ਼ਟਰੀ ਧੋਖਾਧੜੀ ਜਾਗਰੂਕਤਾ ਹਫਤਾ ਮਨਾਇਆ। ਹੁਣ ਆਪਣੇ ਲਗਾਤਾਰ ਚੌਥੇ ਸਾਲ ਵਿੱਚ ਐੱਚਡੀਐੱਫਸੀ ਬੈਂਕ ਇਸ ਹਫਤੇ ਦੌਰਾਨ ਸਾਈਬਰ ਫਰਾਡ ਜਾਗਰੂਕਤਾ ਵਿੱਚ ਸਰਗਰਮੀ ਨਾਲ ਯੋਗਦਾਨ ਪਾ ਰਿਹਾ ਹੈ।

## ਸਰਹੱਦੀ ਪਿੰਡਾਂ ਨੂੰ ਵੀ ਮਿਲਣਗੀਆਂ ਸ਼ਹਿਰਾਂ ਵਰਗੀਆਂ ਸਹੂਲਤਾਂ: ਡਾ. ਸੋਹਲ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਹਲਕਾ ਵਿਧਾਇਕ ਪਿੰਡ-ਪਿੰਡ, ਗਲੀ-ਗਲੀ ਪ੍ਰੋਗਰਾਮ ਦੇ ਤਹਿਤ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਪਿੰਡ ਐਮਾ ਕਲਾਂ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਰਸ਼ਦੀਪ ਸਿੰਘ ਪ੍ਰਿੰਸ ਦੇ ਗ੍ਰਹਿ ਵਿਖੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਦੇ ਨਾਲ ਮੀਟਿੰਗ ਕੀਤੀ ਗਈ ਅਤੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ। ਲੋਕਾਂ ਨੇ ਪਿੰਡ ਦੇ ਛੱਪੜ ਦੀ ਸਫਾਈ, ਪਾਣੀ ਦੀ ਨਿਕਾਸੀ, ਕੱਚੀਆਂ ਸੜਕਾਂ ਤੇ ਗਲੀਆਂ ਨੂੰ ਪੱਕਾ ਕਰਨ ਸਬੰਧੀ ਵਿਧਾਇਕ ਦੇ ਧਿਆਨ ਵਿੱਚ ਲਿਆਂਦਾ। ਵਿਧਾਇਕ ਵੱਲੋਂ ਪਿੰਡ ਵਾਸੀਆਂ ਦੇ ਨਾਲ ਪਿੰਡ ਦਾ ਦੌਰਾ ਵੀ ਕੀਤਾ ਗਿਆ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਜਲਦ ਹੱਲ ਕਰਵਾਉਣ ਦਾ ਭਰੋਸਾ ਵੀ ਦਿਵਾਇਆ। ਵਿਧਾਇਕ ਸੋਹਲ ਨੇ ਕਿਹਾ ਕਿ ਪਿੰਡਾਂ ਵਿੱਚ ਬਣੇ ਛੱਪੜਾਂ ਨੂੰ ਜਲਦ ਹੀ ਥਾਪਰ ਮਾਡਲ ਬਣਾ ਕੇ ਤਿਆਰ ਕੀਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਿੰਡਾਂ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਪਿੰਡਾਂ ਨੂੰ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਮੁੱਖ ਮੰਤਰੀ ਵੱਲੋਂ ਸਰਕਾਰੀ ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਕਰੋੜਾਂ ਰੁਪਏ ਦੀਆਂ ਗਰਾਂਟਾਂ ਭੇਜੀਆਂ ਜਾ ਰਹੀਆਂ ਹਨ। ਸਕੂਲਾਂ ਵਿੱਚ ਸਫਾਈ ਸੇਵਕ, ਚੌਕੀਦਾਰ ਅਤੇ ਅਧਿਆਪਕਾਂ ਦੀ ਭਰਤੀ ਵੀ ਕੀਤੀ ਜਾ ਰਹੀ ਜਿਸ ਤੋਂ ਪੰਜਾਬ ਦੇ ਲੋਕ ਬੇਹੱਦ ਖੁਸ਼ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪ ਆਗੂ ਅਰਸ਼ਦੀਪ ਸਿੰਘ ਪ੍ਰਿੰਸ ਨੇ ਕਿਹਾ ਕਿ ਵਿਧਾਇਕ ਸੋਹਲ ਨੇ ਹਲਕੇ ਦੀ ਨੁਹਾਰ ਬਦਲ ਕੇ ਰੱਖ ਦਿੱਤੀ ਹੈ। ਰਵਾਇਤੀ ਪਾਰਟੀਆਂ ਦੇ ਕਿਸੇ ਵੀ ਨੁਮਾਇੰਦੇ ਨੇ ਹਲਕੇ ਦੀ ਸਾਰ ਨਹੀਂ ਸੀ ਲਈ। ਡਾ. ਸੋਹਲ ਵੱਲੋਂ ਹਲਕੇ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਸੜਕਾਂ ਦਾ ਜਾਲ ਵਿਛਾਇਆ ਜਾ ਚੁੱਕਾ ਹੈ ਅਤੇ ਸਾਨੂੰ ਆਸ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਹਲਕੇ ਦੀ ਕਾਇਆ ਕਲਪ ਕਰ ਦੇਣਗੇ ਤੇ ਵਿਧਾਇਕ ਸੋਹਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਹਲਕੇ ਵਿੱਚ ਬੇਹੱਦ ਮਜ਼ਬੂਤ ਵੀ ਹੋ ਰਹੀ ਹੈ। ਇਸ ਮੌਕੇ ਸਤਨਾਮ ਸਿੰਘ, ਗੁਰਸਾਹਿਬ ਸਿੰਘ, ਗੁਰਵਿੰਦਰ ਸਿੰਘ, ਵਿੱਕੀ ਉੱਪਲ, ਕਾਲਾ ਉਪਲ ਤੋਂ ਇਲਾਵਾ ਹੋਰ ਵੀ ਪਿੰਡ ਵਾਸੀ ਹਾਜ਼ਰ ਸਨ।

## ਕਟਾਰੂਚੱਕ ਵੱਲੋਂ ਗੁ. ਸ੍ਰੀ ਬਾਰਠ ਸਾਹਿਬ ਮਾਰਗ 'ਤੇ ਸਟੀਲ ਬ੍ਰਿਜ ਦਾ ਉਦਘਾਟਨ



ਪਠਾਨਕੋਟ, 18 ਨਵੰਬਰ 2023-(ਦਵਿੰਦਰ ਸਿੰਘ)-ਇਤਿਹਾਸਕ ਗੁਰਦੁਆਰਾ ਸ੍ਰੀ ਬਾਰਠ ਸਾਹਿਬ ਨੂੰ ਜਾਂਦੇ ਮਾਰਗ 'ਤੇ 7 ਕਰੋੜ 29 ਲੱਖ ਰੁਪਏ ਦੀ ਲਾਗਤ ਨਾਲ ਸਟੀਲ ਬ੍ਰਿਜ ਤਿਆਰ ਕੀਤਾ ਗਿਆ ਹੈ ਜਿਹੜਾ ਕਿ ਜਨਤਾ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ। ਇਸ ਖੇਤਰ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪੁਲ ਦਾ ਉਦਘਾਟਨ ਕਰਨ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਰਜਿੰਦਰ ਸਿੰਘ ਗੋਤਰਾ ਐਕਸੀਅਨ ਲੋਕ ਨਿਰਮਾਣ ਵਿਭਾਗ ਪਠਾਨਕੋਟ, ਰਾਘਵ ਖਜੂਰੀਆ, ਰਾਜ ਕੁਮਾਰ ਸਹਾਇਕ ਇੰਜੀਨੀਅਰ, ਬਲਾਕ ਪ੍ਰਧਾਨ ਬਲਜਿੰਦਰ ਕੌਰ, ਸੰਦੀਪ ਕੁਮਾਰ, ਰਵੀ ਫੌਜੀ, ਕੈਪਟਨ ਸੁਭਾਸ਼ ਚੰਦਰ, ਬਲਾਕ ਪ੍ਰਧਾਨ ਰਜਿੰਦਰ ਸਿੰਘ ਭਿੱਲਾ, ਵੀਰੋ ਅਤੇ ਹੋਰ ਪਾਰਟੀ ਕਾਰਕੁੰਨ ਹਾਜ਼ਰ ਸਨ।

ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਨੂੰ ਇਹ ਪੁਲ ਨਾ ਹੋਣ ਕਰਕੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਹੁਣ 7 ਕਰੋੜ 29 ਲੱਖ ਰੁਪਏ ਦੀ ਲਾਗਤ ਨਾਲ ਇਸ ਸਟੀਲ ਬ੍ਰਿਜ ਦਾ ਨਿਰਮਾਣ ਜਿਸ ਦੀ ਲੰਬਾਈ 61.5 ਮੀਟਰ ਅਤੇ ਚੌੜਾਈ 16.5 ਮੀਟਰ ਹੈ। ਇਸ ਤੋਂ ਇਲਾਵਾ ਪੁਲ ਨੂੰ ਜੀ. ਟੀ. ਰੋਡ ਨਾਲ ਜੋੜਨ ਦੇ ਲਈ 1.6 ਕਿਲੋਮੀਟਰ ਸੜਕ ਦਾ ਵੀ ਨਵ ਨਿਰਮਾਣ ਕੀਤਾ ਗਿਆ ਹੈ ਅਤੇ ਪੁਲ ਤੋਂ ਹੀ 2 ਕਿਲੋਮੀਟਰ ਰੋਡ ਦਾ ਨਿਰਮਾਣ ਨਰੋਟ ਮਹਿਰਾ ਨੂੰ ਜੋੜਨ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਉਪਰਾਲਿਆਂ ਸਦਕਾ ਇਸ ਪੁਲ ਦਾ ਨਿਰਮਾਣ ਕੀਤਾ ਗਿਆ ਹੈ। ਮੁੱਖ ਮੰਤਰੀ ਦੀ ਅਗਵਾਈ ਵਿੱਚ ਉਹ ਸਭ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜੋ ਲੋਕਾਂ ਦੇ ਲਈ ਸੁਪਨਾ ਸਨ ਅਤੇ ਪੂਰੇ ਹੋਣ ਦੀ ਕੋਈ ਵੀ ਉਮੀਦ ਨਹੀਂ ਸੀ। ਹੁਣ ਜਨ ਭਲਾਈ ਸਕੀਮਾਂ ਨੂੰ ਧਿਆਨ ਵਿੱਚ ਰੱਖ ਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਕਾਰਜ ਮੁਕੰਮਲ ਵੀ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਵਾਅਦਾ ਸੀ ਕਿ ਬੇਰੁਜ਼ਗਾਰਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ ਅਤੇ ਸਰਕਾਰ ਨੇ ਆਪਣੇ 19 ਮਹੀਨਿਆ ਦੇ ਕਾਰਜਕਾਲ ਦੌਰਾਨ ਹੁਣ ਤੱਕ ਕਰੀਬ 37 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਬਿਨਾਂ ਕਿਸੇ ਭੇਦਭਾਵ ਦੇ 600 ਬਿਜਲੀ ਯੂਨਿਟ ਫ੍ਰੀ ਦਾ ਲਾਭ ਪ੍ਰਾਪਤ ਹੈ। ਇਸ ਤੋਂ ਇਲਾਵਾ ਆਮ ਆਦਮੀ ਕਲੀਨਿਕ ਬਣਾਏ ਹਨ। ਭੋਆ ਖੇਤਰ ਨੂੰ ਵੀ ਹੋਰ 6 ਨਵੇਂ ਆਮ ਆਦਮੀ ਕਲੀਨਿਕ ਮਿਲੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵਿਕਾਸ ਦੀ ਲਹਿਰ ਦੇਖਣ ਨੂੰ ਮਿਲੇਗੀ।

## ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ ਮਨਾਉਣ ਲਈ ਤਹਿਸੀਲ ਅਜਨਾਲਾ ਤੋਂ ਗਿਆ ਜਥਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਵੱਲੋਂ ਮਹਾਨ ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 108ਵਾਂ ਸ਼ਹੀਦੀ ਦਿਵਸ ਉਨ੍ਹਾਂ ਦੇ ਜੱਦੀ ਪਿੰਡ ਸਰਾਭਾ ਜ਼ਿਲ੍ਹਾ ਲੁਧਿਆਣਾ ਵਿਖੇ ਇਨਕਲਾਬੀ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ ਜਿਸ ਵਿੱਚ ਸ਼ਾਮਲ ਹੋਣ ਲਈ ਤਹਿਸੀਲ ਅਜਨਾਲਾ ਤੋਂ ਜੱਗਾ ਸਿੰਘ ਡੱਲਾ ਅਤੇ ਗੁਰਪਾਲ ਸਿੰਘ ਸੈਦਪੁਰ ਦੀ ਅਗਵਾਈ ਹੇਠ ਨੌਜਵਾਨਾਂ ਦਾ ਜਥਾ ਰਵਾਨਾ ਹੋਇਆ ਜਿਸ ਨੂੰ ਉੱਘੇ ਖੇਤੀ ਮਾਹਰ ਅਤੇ ਸਮਾਜ ਸੇਵਕ ਡਾ. ਸਤਨਾਮ ਸਿੰਘ ਅਜਨਾਲਾ ਨੇ ਝੰਡਾ ਦੇ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਨੌਜਵਾਨਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਉਸ ਸਮੇਂ ਸ਼ਹੀਦ ਸਰਾਭਾ ਅਤੇ ਉਸਦੇ ਨਾਲ ਸ਼ਹਾਦਤ ਦਾ ਜਾਮ ਪੀਣ ਵਾਲੇ ਗਦਰੀਆਂ ਦਾ ਮੁੱਖ ਨਿਸ਼ਾਨਾ ਦੇਸ਼ ਨੂੰ ਸਾਮਰਾਜੀਆਂ ਤੋਂ ਆਜ਼ਾਦ ਕਰਵਾਉਣ ਅਤੇ ਲੁੱਟ ਰਹਿਤ ਸਮਾਜ ਦੀ ਸਿਰਜਣਾ ਕਰਨ ਦਾ ਸੀ ਪਰ ਅੱਜ ਵੀ ਸਾਮਰਾਜ ਨਿਰਦੇਸ਼ਤ ਨੀਤੀਆਂ ਲਾਗੂ ਕਰਦਿਆਂ ਦੇਸ਼ ਦੇ ਕੁਦਰਤੀ ਸਰੋਤ ਸਾਮਰਾਜੀਆਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਲੁਟਾਏ ਜਾ ਰਹੇ ਹਨ ਜਿਸਦਾ ਮੁਕਾਬਲਾ ਗਦਰੀ ਸ਼ਹੀਦਾਂ, ਆਜ਼ਾਦੀ ਘੁਲਾਟੀਆਂ ਅਤੇ ਬੱਬਰ ਅਕਾਲੀਆਂ ਦੀ ਵਿਚਾਰਧਾਰਾ ਅਪਨਾ ਕੇ ਅਤੇ ਤਿੱਖੇ ਸੰਘਰਸ਼ ਲਾਮਬੰਦ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਾਲਾ ਲੁੱਟ ਰਹਿਤ ਰਾਜ ਪ੍ਰਬੰਧ ਸਥਾਪਿਤ ਕਰਕੇ ਕੀਤਾ ਜਾ ਸਕਦਾ ਹੈ ਜਿਸ ਲਈ ਨੌਜਵਾਨਾਂ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਵਿਚਾਰਧਾਰਾ ਅਤੇ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਸੰਘਰਸ਼ ਦੇ ਮੈਦਾਨ ਵਿੱਚ ਕੁੱਦਣਾ ਚਾਹੀਦਾ ਹੈ। ਜਥੇ ਵਿੱਚ ਹੋਰਨਾਂ ਤੋਂ ਇਲਾਵਾ ਦਲੇਰ ਸਿੰਘ, ਦਵਿੰਦਰ ਸਿੰਘ, ਸੋਨੂੰ ਭਿੰਡੀ ਸੈਦਾਂ, ਬਿੱਲਾ ਸਿੰਘ ਭਿੰਡੀ ਸੈਦਾਂ, ਸੁਖਾ ਸਿੰਘ ਚੱਕ ਔਲ, ਸੱਤਾ ਸਿੰਘ ਚੱਕ ਔਲ, ਘੁੱਦਾ ਸਿੰਘ ਸ਼ਾਹ ਡੱਲਾ, ਜਗਪ੍ਰੀਤ ਸਿੰਘ ਜੌਂਸ, ਮੰਨੂੰ ਕੋਟ ਰਜਾਦਾ, ਵਜੀਰ ਸਿੰਘ ਭੂਤਨਪੁਰਾ ਹਾਜ਼ਰ ਸਨ।

## ਰਾਮਗੜ੍ਹੀਆ ਬੁੰਗਾ ਤਰਨ ਤਾਰਨ ਵਿਖੇ ਭਗਵਾਨ ਵਿਸ਼ਵਕਰਮਾ ਦਿਵਸ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਰਾਮਗੜ੍ਹੀਆ ਸਿੰਘ ਸਭਾ ਰਾਮਗੜ੍ਹੀਆ ਬੁੰਗਾ ਟਰੱਸਟ ਕਮੇਟੀ ਵੱਲੋਂ ਭਗਵਾਨ ਵਿਸ਼ਵਕਰਮਾ ਦਿਵਸ ਰਾਮਗੜ੍ਹੀਆ ਬੁੰਗਾ ਤਰਨ ਤਾਰਨ ਵਿਖੇ ਬੜੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ, ਹਜ਼ੂਰੀ ਰਾਗੀ ਭਾਈ ਗੁਰਦਾਸ ਸਿੰਘ ਦੇ ਜੱਥੇ ਨੇ ਕੀਰਤਨ ਕਰਕੇ ਗੁਰੂ ਘਰ ਨਾਲ ਜੋੜਿਆ। ਸਿੰਘ ਸਾਹਿਬ ਭਾਈ ਸਤਪਾਲ ਸਿੰਘ ਨੇ ਕਥਾ ਕਰਕੇ ਸਿੱਖੀ ਸਿਧਾਂਤ ਦਾ ਉਪਦੇਸ਼ ਦਿੱਤਾ। ਸਟੇਜ ਦੀ ਕਾਰਵਾਈ ਰਾਮਗੜ੍ਹੀਆ ਸਿੰਘ ਸਭਾ ਦੇ ਜਨਰਲ ਸਕੱਤਰ ਅਵਤਾਰ ਸਿੰਘ ਐਦਨ ਸਟ੍ਰਿੰਗ ਵਾਲਿਆਂ ਨੇ ਨਿਭਾਈ। ਰਾਮਗੜ੍ਹੀਆ ਗੁਰਦੁਆਰਾ ਸਾਹਿਬ ਵਿਖੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਰਾਮਗੜ੍ਹੀਆ ਬੁੰਗਾ ਟਰੱਸਟ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਪਨੇਸਰ ਅਤੇ ਰਾਮਗੜ੍ਹੀਆ ਸਿੰਘ ਸਭਾ ਦੇ ਐਕਟਿੰਗ ਪ੍ਰਧਾਨ ਕਾਮਰੇਡ ਹੀਰਾ ਸਿੰਘ, ਰਾਮਗੜ੍ਹੀਆ ਪਬਲਿਕ ਸਕੂਲ ਦੇ ਚੇਅਰਮੈਨ ਸੁਖਵਿੰਦਰ ਸਿੰਘ ਐਦਨ, ਪੱਪੂ ਫੱਟਿਆਂ ਵਾਲੇ, ਬਲਜੀਤ ਸਿੰਘ ਸਤਿਕਰਤਾਰ ਵਾਲੇ, ਜਸਵਿੰਦਰ ਸਿੰਘ ਮਾਣੋਚਾਹਲ, ਡਾ. ਅਜਮੇਰ ਸਿੰਘ, ਰਜਿੰਦਰ ਸਿੰਘ ਸੈਨੇਟਰੀ ਵਾਲੇ, ਕੁਲਵੰਤ ਸਿੰਘ ਮਾਲੂਵਾਲ, ਹਰਜਿੰਦਰ ਸਿੰਘ ਅਰੋੜਾ, ਮਾਸਟਰ ਕਰਮ ਸਿੰਘ, ਮੁਖਤਾਰ ਸ਼ਿੰਘ ਹੀਰੋ ਹਾਂਡਾ ਵਾਲੇ, ਬਲਦੇਵ ਸਿੰਘ ਮੌਜੀ, ਮਨੋਹਰ ਸਿੰਘ, ਪ੍ਰਤਾਪ ਸਿੰਘ, ਨਿਹੰਗ ਚੱਕੀ ਵਾਲੇ, ਅੰਮ੍ਰਿਤਪਾਲ ਸਿੰਘ, ਕਲਸੀ ਟੈਲੀਕਾਮ ਵਾਲੇ ਅਤੇ ਹੋਰ ਵਿਸ਼ਵਕਰਮਾ ਪ੍ਰੇਮੀ ਹਾਜ਼ਰ ਸਨ।

## ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਕੀਤੇ ਜਾਣ ਵਾਲੇ ਕੰਮਾਂ ਦਾ ਡੀਸੀ ਵੱਲੋਂ ਰੀਵਿਊ



ਗੁਰਦਾਸਪੁਰ, (ਜਨਕ ਮਹਾਜਨ)- ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਜ਼ਿਲ੍ਹੇ ਵਿੱਚ ਫਲੱਡ ਜ਼ੋਨ ਮੈਪਿੰਗ ਕਰਵਾਈ ਜਾਵੇਗੀ ਤਾਂ ਜੋ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਇਸ ਸਬੰਧੀ ਡਰੇਨਜ਼ ਵਿਭਾਗ ਵੱਲੋਂ ਕਾਰਵਾਈ ਅਰੰਭ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਸਰਕਾਰ ਵੱਲੋਂ ਇਹ ਫਲੱਡ ਜ਼ੋਨ ਏਰੀਆ ਨੋਟੀਫਾਈ ਕਰ ਦਿੱਤਾ ਜਾਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਫਲੱਡ ਦੇ ਕੰਮਾਂ ਦਾ ਰੀਵਿਊ ਕਰਨ ਸਬੰਧੀ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਬੀਤੇ ਮਾਨਸੂਨ ਸੀਜ਼ਨ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੇ ਦਰਿਆ ਬਿਆਸ ਤੇ ਰਾਵੀ ਕਾਰਨ ਕੁਝ ਇਲਾਕਿਆਂ ਵਿੱਚ ਹੜ੍ਹ ਆਏ ਸਨ ਜਿਸ ਕਾਰਨ ਕਾਫੀ ਮਾਲੀ ਨੁਕਸਾਨ ਝੱਲਣਾ ਪਿਆ ਸੀ। ਉਨ੍ਹਾਂ ਕਿਹਾ ਕਿ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਦੇ ਨਾਲ ਕੁਝ ਇਲਾਕਿਆਂ ਵਿੱਚ ਧੁੱਸੀ ਬੰਨ੍ਹ ਨੂੰ 4 ਫੁੱਟ ਉੱਚਾ ਵੀ ਕੀਤਾ ਜਾਵੇਗਾ ਤਾਂ ਜੋ ਦਰਿਆ ਵਿੱਚ ਪਾਣੀ ਵਧਣ ਦੀ ਸੂਰਤ ਵਿੱਚ ਪਾਣੀ ਓਵਰਫਲੋਅ ਨਾ ਹੋ ਸਕੇ। ਇਸੇ ਤਰ੍ਹਾਂ ਹੀ ਦਰਿਆ ਰਾਵੀ ਦੇ ਧੁੱਸੀ ਬੰਨ੍ਹ ਨੂੰ ਵੀ ਮਜ਼ਬੂਤ ਕੀਤਾ ਜਾਵੇਗਾ। ਮੀਟਿੰਗ ਦੌਰਾਨ ਐੱਸ.ਡੀ.ਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਜ਼ਿਲ੍ਹਾ ਮਾਲ ਅਫ਼ਸਰ ਲਕਸ਼ੈ ਕੁਮਾਰ, ਐਕਸੀਅਨ ਡਰੇਨਜ਼ ਦਿਲਪ੍ਰੀਤ ਸਿੰਘ, ਐਕਸੀਅਨ ਮੰਡੀ ਬੋਰਡ ਬਲਦੇਵ ਸਿੰਘ ਬਾਜਵਾ, ਤਹਿਸੀਲਦਾਰ ਗੁਰਦਾਸਪੁਰ ਰਾਜਵਿੰਦਰ ਕੌਰ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਹਿਰਦੇਪਾਲ ਸਿੰਘ, ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਰਜੀਵ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਗਦਰ ਲਹਿਰ ਦੇ ਸਾਥੀਆਂ ਦੀ ਲਾਸਾਨੀ ਕੁਰਬਾਨੀ ਨੂੰ ਕੀਤਾ ਸਜਦਾ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਭਾਰਤੀ ਇਨਕਲਾਬੀ ਪਾਰਟੀ (ਆਰਐੱਮਪੀਆਈ) ਦੀ ਜ਼ਿਲਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ ਨੇ ਦੱਸਿਆ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀ ਗਦਰੀਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਫਲਸਤੀਨੀ ਨਿਰਦੋਸ਼ ਲੋਕਾਂ ਦੇ ਅਮਰੀਕੀ ਸਾਮਰਾਜ ਦੀ ਸ਼ਹਿ 'ਤੇ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਵਹਿਸ਼ੀ ਕਤਲੇਆਮ ਦੀ ਨਿੰਦਾ ਕੀਤੀ ਗਈ। ਮੀਟਿੰਗ ਵਿੱਚ ਪਾਸ ਕੀਤੇ ਮਤਿਆਂ ਰਾਹੀਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਚੰਡੀਗੜ੍ਹ ਵਿਖੇ ਗਵਰਨਰ ਹਾਊਸ ਸਾਹਮਣੇ ਲਗਾਤਾਰ ਲਾਏ ਜਾ ਰਹੇ ਧਰਨੇ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਪੂਰਨ ਹਮਾਇਤ ਕਰਨ ਦਾ ਫੈਸਲਾ ਕੀਤਾ ਗਿਆ।

ਔਰਤ ਮੁਕਤੀ ਮੋਰਚਾ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੀ ਮੁਹਿੰਮ ਅਤੇ ਠੇਕੇਦਾਰੀ ਸਿਸਟਮ ਨੂੰ ਖਤਮ ਕਰਨ ਅਤੇ ਪੱਕੇ ਰੋਜ਼ਗਾਰ ਲਈ ਕੀਤੀਆਂ ਜਾ ਰਹੀਆਂ ਕਨਵੈਨਸ਼ਨਾਂ ਨੂੰ ਪੂਰਨ ਹਮਾਇਤ ਦੇਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਗਦਰੀ ਸੂਰਬੀਰਾਂ ਨੇ ਸਾਮਰਾਜ ਦਾ ਫਸਤਾ ਵੱਢਣ ਅਤੇ ਬਰਾਬਰਤਾ ਵਾਲਾ ਧਰਮ ਨਿਰਪੱਖ ਜਮਹੂਰੀ ਪ੍ਰਬੰਧ ਸਿਰਜਣ ਦਾ ਸੁਪਨਾ ਲਿਆ ਅਤੇ ਸ਼ਹਾਦਤ ਦੇ ਜਾਮ ਪੀਤੇ।

ਉਨ੍ਹਾਂ ਕਿਹਾ ਕਿ ਮੌਜੂਦਾ ਦੌਰ ਅੰਦਰ ਸਾਮਰਾਜੀ ਤਾਕਤਾਂ ਅਤੇ ਦੇ ਮੁਨਾਫੇ ਅਤੇ ਵਿਸਥਾਰਵਾਦੀ ਮਨਸੂਬਿਆਂ ਕਾਰਨ ਮਨੁੱਖਤਾ ਦਾ ਘਾਣ ਹੋ ਰਿਹਾ ਹੈ। ਫਲਸਤੀਨ ਅੰਦਰ ਨਵਜੰਮੇ ਬੱਚਿਆਂ ਸਮੇਤ ਨਿਰਦੋਸ਼ ਲੋਕਾਂ ਦਾ ਖੂਨ ਵਹਾਇਆ ਜਾ ਰਿਹਾ ਹੈ। ਸਾਡੇ ਦੇਸ਼ ਦੇ ਹਾਕਮਾਂ ਵੱਲੋਂ ਸਾਮਰਾਜ ਨਾਲ ਸਾਂਝ ਵਧਾਉਣ ਲਈ ਆਜ਼ਾਦੀ ਸੰਗਰਾਮ ਦੀਆਂ ਮਾਣਮੱਤੀਆਂ ਰਵਾਇਤਾਂ ਤੇ ਗੁੱਟ ਨਿਰਲੇਪਤਾ ਦੇ ਅਸੂਲਾਂ ਨੂੰ ਤਿਲਾਂਜਲੀ ਦਿੱਤੀ ਜਾ ਰਹੀ ਹੈ। ਦੇਸ਼ ਦੇ ਫੈਡਰਲ ਅਤੇ ਧਰਮ-ਨਿਰਪੱਖ ਢਾਂਚੇ ਨੂੰ ਤੋੜ ਕੇ ਇੱਕ ਧਰਮ ਦੇ ਅਧਾਰਿਤ ਰਾਜ ਦੀ ਸਥਾਪਨਾ ਲਈ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਉੱਪਰ ਜਬਰ ਢਾਹਿਆ ਜਾ ਰਿਹਾ ਹੈ। ਦੇਸ਼ ਦੇ ਲੋਕਾਂ 'ਤੇ ਮਨੂਵਾਦੀ ਵਿਵਸਥਾ ਠੋਸਣ ਦੇ ਯਤਨ ਕੀਤੇ ਜਾ ਰਹੇ ਹਨ। ਸਾਥੀ ਜਾਮਾਰਾਏ ਨੇ ਕਿਹਾ ਕਿ ਜਦੋਂ ਦੇਸ਼ ਦੇ ਲੋਕਾਂ ਨੂੰ ਬਰਾਬਰਤਾ ਅਧਾਰਿਤ ਸਮਾਜ ਸਿਰਜਣ ਲਈ ਅਮੀਰੀ-ਗਰੀਬੀ ਦਾ ਪਾੜਾ ਖਤਮ ਕਰਨ ਦੀ ਜ਼ਰੂਰਤ ਹੈ ਉਸ ਵਕਤ ਸਾਡੇ ਹਾਕਮ ਕਾਰਪੋਰੇਟ ਘਰਾਣਿਆਂ ਅਤੇ ਬਹੁਕੌਮੀ ਕੰਪਨੀਆਂ ਦੇ ਮੁਨਾਫੇ ਵਧਾਉਣ ਵਿੱਚ ਜੁਟੇ ਹੋਏ ਹਨ।

ਇਸ ਸਮੇਂ ਲੋਕਾਂ ਕੋਲ ਇਕੱਠੇ ਹੋ ਕੇ ਸੰਘਰਸ਼ ਕਰਨ ਅਤੇ ਲੋਕਾਂ ਨੂੰ ਵੰਡਦੇ ਫਿਰਕੂ ਫਾਸ਼ੀ ਹਾਕਮਾਂ ਤੋਂ ਮੁਕਤੀ ਹਾਸਲ ਕਰਨ ਦੀ ਲੋੜ ਹੈ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਪੰਡੋਰੀ, ਦਲਜੀਤ ਸਿੰਘ ਦਿਆਲਪੁਰਾ, ਮਨਜੀਤ ਸਿੰਘ ਬੱਗੂ, ਧਰਮ ਸਿੰਘ ਪੱਟੀ, ਹਰਭਜਨ ਸਿੰਘ ਪੱਟੀ , ਜਸਬੀਰ ਸਿੰਘ ਵੈਰੋਵਾਲ, ਨਰਿੰਦਰ ਕੌਰ ਪੱਟੀ ਆਦਿ ਆਗੂ ਹਾਜ਼ਰ ਸਨ।

19-NOV-PAGE-4.qxd 11/18/2023 10:14 PM Page 1



# ਓਵਰ ਲੋਡ ਵਾਹਨ ਟ੍ਰੈਫਿਕ ਨਿਯਮਾਂ ਦੀਆਂ ਸ਼ਰੇਆਮ ਉਡਾ ਰਹੇ ਨੇ ਧੱਜੀਆਂ!



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਅਕਸਰ ਸੀਜ਼ਨ ਦੌਰਾਨ ਅਨਾਜ ਮੰਡੀਆਂ ਵਿੱਚੋਂ ਢੋਆ ਢੁਆਈ ਦਾ ਕੰਮ ਸ਼ੁਰੂ ਹੋਣ 'ਤੇ ਓਵਰ ਲੋਡ ਵਾਹਨਾਂ ਦੀ ਭਰਮਾਰ ਦੇਖਣ ਨੂੰ ਮਿਲਦੀ ਹੈ, ਜਿਸ ਕਾਰਨ ਕਈ ਤਰ੍ਹਾਂ ਦੇ ਹਾਦਸੇ ਵੀ ਵਾਪਰਦੇ ਰਹਿੰਦੇ ਹਨ। ਦੂਜੇ ਪਾਸੇ ਆਪਣੀਆਂ ਅੱਖਾਂ ਮੀਚ ਕੇ ਬੈਠਾ ਪ੍ਰਸ਼ਾਸਨ ਇਸ ਵੱਲ ਕੋਈ ਧਿਆਨ ਨਹੀਂ ਦਿੰਦਾ, ਜਿਸ ਕਾਰਨ ਝੋਨੇ ਦੀ ਢੋਆ ਢੁਆਈ ਕਰਨ ਵਾਲਿਆਂ ਵੱਲੋਂ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗਿਆ ਜਾਂਦਾ ਹੈ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਅਨਾਜ ਮੰਡੀ ਫਾਜ਼ਿਲਕਾ 'ਚ ਝੋਨੇ ਦੀਆਂ ਬੋਰੀਆਂ ਦੀ ਢੋਆ ਢੁਆਈ ਨੂੰ ਲੈ ਕੇ ਬਣਾਏ ਗਏ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇੱਥੇ ਟਰੈਕਟਰ-ਟਰਾਲੀਆਂ ਤੇ ਟਰੱਕ ਚਾਲਕਾਂ ਵੱਲੋਂ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਝੋਨੇ ਦੀਆਂ ਬੋਰੀਆਂ ਦੀ ਢੋਆ ਢੁਆਈ ਕੀਤੀ ਜਾ ਰਹੀ ਹੈ। ਇਹ ਓਵਰਲੋਡ ਟਰੈਕਟਰ-ਟਰਾਲੀਆਂ ਤੇ ਟਰੱਕ ਅਨਾਜ ਮੰਡੀਆਂ ਵਿੱਚੋਂ ਝੋਨੇ ਦੀਆਂ ਭਰੀਆਂ ਬੋਰੀਆਂ ਲੈ ਕੇ ਜਾਂਦੇ ਸਮੇਂ ਕਈ ਤਰ੍ਹਾਂ ਦੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਦੂਜੇ ਪਾਸੇ ਪ੍ਰਸ਼ਾਸਨ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਬਾਰੇ ਅਨਾਜ ਮੰਡੀ ਫਾਜ਼ਿਲਕਾ 'ਚ ਆਪਣੀ ਝੋਨੇ ਦੀ ਫਸਲ ਲੈ ਕੇ ਆਏ ਕਿਸਾਨ ਮਲਕੀਤ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਅਨਾਜ ਮੰਡੀ ਫਾਜ਼ਿਲਕਾ 'ਚ ਝੋਨੇ ਦੀਆਂ ਬੋਰੀਆਂ ਦੀ ਢੋਆ ਢੁਆਈ ਦਾ ਕੰਮ ਚੱਲ ਰਿਹਾ ਹੈ। ਇਸ ਦੌਰਾਨ ਟਰੈਕਟਰ-ਟਰਾਲੀ ਤੇ ਟਰੱਕ ਚਾਲਕਾਂ ਵੱਲੋਂ ਸ਼ਰੇਆਮ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਟਰੈਕਟਰ-ਟਰਾਲੀ ਤੇ ਟਰੱਕ ਚਾਲਕ ਆਪਣੇ ਵਾਹਨਾਂ 'ਤੇ ਭਾਰੀ ਗਿਣਤੀ ਵਿੱਚ ਝੋਨੇ ਦੀਆਂ ਬੋਰੀਆਂ ਭਰ-ਭਰ ਕੇ ਲਿਜਾ ਰਹੇ ਹਨ, ਜਿਸ ਕਾਰਨ ਇਹ ਸੜਕੀ ਆਵਾਜਾਈ ਨੂੰ ਪ੍ਰਭਾਵਿਤ ਕਰਨ ਦੇ ਨਾਲ ਨਾਲ ਹਾਦਸਿਆਂ ਦਾ ਕਾਰਨ ਵੀ ਬਣ ਰਹੇ ਹਨ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਹੀ ਇੱਕ ਟਰੈਕਟਰ-ਟਰਾਲੀ ਚਾਲਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ, ਜਿਸ ਦੌਰਾਨ ਕੁਝ ਲੋਕਾਂ ਨੂੰ ਸੱਟਾਂ ਵੀ ਲੱਗੀਆਂ ਸਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਇਹ ਓਵਰਲੋਡ ਵਾਹਨ ਟ੍ਰੈਫਿਕ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੇ ਹਨ ਤੇ ਦੂਜੇ ਪਾਸੇ ਇਹ ਵੱਡੇ ਵੱਡੇ ਹਾਦਸਿਆਂ ਦਾ ਕਾਰਨ ਵੀ ਬਣ ਰਹੇ ਹਨ। ਉਨ੍ਹਾਂ ਸਰਕਾਰ ਤੋਂ ਇਨ੍ਹਾਂ ਓਵਰਲੋਡ ਵਾਹਨ ਚਾਲਕਾਂ 'ਤੇ ਨਕੇਲ ਕੱਸਣ ਦੀ ਮੰਗ ਕੀਤੀ ਹੈ। ਜਦੋਂ ਇਸ ਬਾਰੇ ਮਾਰਕੀਟ ਕਮੇਟੀ ਫਾਜ਼ਿਲਕਾ ਦੇ ਸਕੱਤਰ ਮਨਦੀਪ ਰਹੇਜਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਸਰਕਾਰੀ ਵੱਲੋਂ ਵਾਹਨ ਚਾਲਕਾਂ ਨੂੰ ਅਨਾਜ ਮੰਡੀ ਵਿੱਚੋਂ ਲਿਫਟਿੰਗ ਦੇ ਕੰਮ ਦੌਰਾਨ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਦੂਜੇ ਪਾਸੇ ਪ੍ਰਾਈਵੇਟ ਖਰੀਦ ਏਜੰਸੀਆਂ ਆਪਣੀ ਮਨਮਰਜ਼ੀ ਨਾਲ ਝੋਨੇ ਦੀਆਂ ਬੋਰੀਆਂ ਚੁਕਵਾਉਂਦੇ ਹਨ, ਜਿਸ ਕਾਰਨ ਕੁੱਝ ਵਾਹਨ ਚਾਲਕ ਸਰਕਾਰੀ ਨਿਯਮਾਂ ਦੀ ਉਲੰਘਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਓਵਰਲੋਡ ਵਾਹਨਾਂ 'ਤੇ ਕੰਟਰੋਲ ਕਰਨ ਦਾ ਕੰਮ ਟ੍ਰੈਫਿਕ ਵਿਭਾਗ ਦਾ ਹੈ, ਇਸ ਲਈ ਟ੍ਰੈਫਿਕ ਵਿਭਾਗ ਹੀ ਇਨ੍ਹਾਂ ਦੇ ਚਲਾਨ ਵਗੈਰਾ ਕਰਕੇ ਇਨ੍ਹਾਂ 'ਤੇ ਕਾਰਵਾਈ ਕਰ ਸਕਦੇ ਹਨ।

# ਮਨਿਸਟਰੀਅਲ ਕਾਮਿਆਂ ਵੱਲੋਂ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ਼ ਯੂਨੀਅਨ ਪੰਜਾਬ ਦੇ ਸੱਦੇ ਮੁਤਾਬਕ ਜ਼ਿਲ੍ਹਾ ਮੋਗੇ ਦੇ ਦਫਤਰੀ ਕਾਮਿਆਂ ਵੱਲੋਂ ਲਗਾਤਾਰ 10ਵੇਂ ਦਿਨ ਦਫਤਰੀ ਕੰਮ-ਕਾਜ ਠੱਪ ਕਰਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਗਾ ਅੰਦਰ ਖਜ਼ਾਨਾ ਦਫਤਰ ਸਾਹਮਣੇ ਰੋਸ ਰੈਲੀ ਕਰਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ, ਪੀ.ਡਬਲਯੂ.ਡੀ. ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦੇ ਦਫਤਰੀ ਕਾਮਿਆਂ ਵੱਲੋਂ ਜਾਇਜ਼ ਮੰਗਾਂ ਨਾ ਮੰਨਣ ਦੇ ਵਿਰੋਧ ਵਿੱਚ ਲਗਾਤਾਰ ਹੜਤਾਲ ਕੀਤੀ ਜਾ ਰਹੀ ਹੈ। ਇਸ ਹੜਤਾਲ ਕਾਰਨ ਪੰਜਾਬ ਸਰਕਾਰ ਦਾ ਸਮੁੱਚਾ ਕੰਮ-ਕਾਜ ਠੱਪ ਹੈ, ਜਿਸ ਕਾਰਨ ਜ਼ਿਲ੍ਹਾ ਮੋਗਾ ਦੇ ਦਫ਼ਤਰਾਂ ਵਿੱਚ ਪਿੰਡਾਂ ਤੋਂ ਕੰਮ ਕਰਵਾਉਣ ਆਏ ਲੋਕ ਆਪਣੇ ਕੰਮ ਨਾ ਹੋਣ ਕਾਰਨ ਘਰਾਂ ਨੂੰ ਨਿਰਾਸ਼ ਹੋ ਕੇ ਵਾਪਸ ਮੁੜਦੇ ਦੇਖੇ ਗਏ ਅਤੇ ਲੋਕ ਪੰਜਾਬ ਸਰਕਾਰ ਨੂੰ ਕੋਸਦੇ ਨਜ਼ਰ ਆਏ। ਜਥੇਬੰਦੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸਾਡੀ ਹੜਤਾਲ ਲਗਾਤਾਰ ਦਸਵੇਂ ਦਿਨ ਵਿੱਚ ਦਾਖਲ ਹੋ ਚੁੱਕੀ ਹੈ, ਸਰਕਾਰ ਨੂੰ ਜਥੇਬੰਦੀ ਨੂੰ ਟੇਬਲ 'ਤੇ ਬੁਲਾ ਕੇ ਜਾਇਜ਼ ਮੰਗਾਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਨਾ ਚਾਹੀਦਾ ਹੈ। ਆਗੂਆਂ ਨੇ ਦੱਸਿਆ ਕਿ ਹੜਤਾਲ ਸਰਕਾਰ ਵੱਲੋਂ ਮੰਗਾਂ ਨਾ ਮੰਨਣ ਕਾਰਨ 20 ਨਵੰਬਰ 2023 ਤੱਕ ਜਾਰੀ ਰਹੇਗੀ ਤੇ ਜੇਕਰ ਸਰਕਾਰ ਸਾਡੀਆਂ ਮੰਗਾਂ ਨੂੰ ਤਵੱਜੋਂ ਨਹੀਂ ਦਿੰਦੀ ਤਾਂ ਸੂਬਾ ਲੀਡਰਸ਼ਿਪ ਨਾਲ ਅਗਲੀ ਮੀਟਿੰਗ ਕਰਕੇ ਤਿੱਖਾ ਸੰਘਰਸ਼ ਉਲੀਕਿਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਰੋਸ ਰੈਲੀ ਵਿੱਚ ਕੁਲਦੀਪ ਸਿੰਘ ਜ਼ਿਲ੍ਹਾ ਪ੍ਰਧਾਨ, ਗੁਰਪ੍ਰੀਤ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਹਰਜੀਤ ਜੀਰਾ ਸੀਨੀਅਰ ਮੀਤ ਪ੍ਰਧਾਨ, ਰਾਜਦੀਪ ਜੋਸ਼ਕਾ ਸੀਨੀਅਰ ਮੀਤ ਪ੍ਰਧਾਨ, ਗੁਰਮੀਤ ਰੱਖੜਾ ਸੀਨੀਅਰ ਮੀਤ ਪ੍ਰਧਾਨ, ਮਨਦੀਪ ਸਿੰਘ ਜ਼ਿਲ੍ਹਾ ਵਿੱਤ ਸਕੱਤਰ, ਬਲਤੇਜ ਸਿੰਘ, ਹਰਪ੍ਰੀਤ ਸਿੰਘ ਵਾਟਰ ਸਪਲਾਈ, ਪਰਮਿੰਦਰ ਸਿੰਘ, ਅਵਤਾਰ ਸਿੰਘ, ਡੀ. ਸੀ. ਦਫਤਰ ਕਮਲਦੀਪ ਸਿੰਘ, ਜੁਗਰਾਜ ਸਿੰਘ, ਬਹਾਦਰ ਸਿੰਘ ਜ਼ੀਰਾ, ਪੀ.ਡਬਲਯੂ.ਡੀ. ਖੁਸ਼ਕੀਰਤ ਸਿੰਘ ਸੁਪਰਡੈਂਟ, ਗੁਰਸ਼ਰਨ ਸਿੰਘ, ਆਬਕਾਰੀ ਵਿਭਾਗ ਜਸਵਿੰਦਰ ਸਿੰਘ, ਸੰਦੀਪ ਕੁਮਾਰ, ਸੁਨੀਤਾ ਕੁਮਾਰੀ ਖਜ਼ਾਨਾ ਦਫ਼ਤਰ, ਸਿੱਖਿਆ ਵਿਭਾਗ ਤੋਂ ਪਰਮਜੀਤ ਸਿੰਘ, ਸੁਖਵੀਰ ਕੌਰ ਸੁਪਰਡੈਂਟ ਤੋਂ ਇਲਾਵਾ ਹੋਰ ਸਾਥੀ ਵੱਡੀ ਗਿਣਤੀ 'ਚ ਸ਼ਾਮਲ ਹੋਏ।

## ਐੱਮ ਐੱਲ ਡੀ ਸੀਨੀ: ਸੈਕੰ: ਸਕੂਲ ਵਿਖੇ ਬਾਲ ਦਿਵਸ ਮਨਾਇਆ



**ਜਗਰਾਓਂ (ਅਮਿਤ ਖੰਨਾ)**-ਐੱਮ. ਐੱਲ. ਡੀ. ਸੀਨੀ: ਸੈਕੰ: ਸਕੂਲ ਕਲਵੰਡੀ ਕਲਾਂ ਵਿਖੇ ਬਾਲ-ਦਿਵਸ ਮਨਾਇਆ ਗਿਆ, ਜਿਸ ਵਿੱਚ ਨਰਸਰੀ ਕਲਾਸ ਤੋਂ ਦੂਸਰੀ ਕਲਾਸ ਤੱਕ ਦੇ ਨੰਨ੍ਹੇ ਕਲਾਕਾਰਾਂ ਨੇ ਆਪਣੀਆਂ ਸ਼ਾਨਦਾਰ ਪੇਸ਼ਕਾਰੀਆਂ ਨਾਲ ਆਪਣੇ ਅੰਦਰ ਛੁਪੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸਮਾਗਮ ਦੀ ਸ਼ੁਰੂਆਤ ਮੂਲ ਮੰਤਰ ਸਾਹਿਬ ਦੇ ਪਾਠ ਅਤੇ ਸ਼ਬਦ 'ਦੇਹਿ ਸਿਵਾ ਬਰੁ ਮੋਹਿ ਇਹੈ' ਨਾਲ ਕੀਤੀ। ਸਮਾਗਮ ਦੀ ਉਦਘਾਟਨੀ ਰਸਮ ਤੋਂ ਬਾਅਦ ਨੰਨ੍ਹੇ ਵਿਦਿਆਰਥੀਆਂ ਵੱਲੋਂ ਭੰਗੜਾ, ਗਿੱਧਾ, ਭਾਸ਼ਣ, ਲੋਕਗੀਤ, ਬੋਲੀਆਂ, ਕੋਰੀਓਗ੍ਰਾਫੀ, ਗਰੁੱਪ ਡਾਂਸ, ਸਕਿੱਟ ਆਦਿ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਨੇ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਵਿੱਚ ਕਵਿਤਾਵਾਂ ਦੇ ਪਾਠ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸ਼ਾਰਦੀ ਜਮਾਤ ਦੀਆਂ ਵਿਦਿਆਰਥਣਾਂ ਨੇ ਬਾਖੂਬੀ ਨਿਭਾਈ। ਇਸ ਮੌਕੇ ਪ੍ਰਿੰਸੀਪਲ ਬਲਦੇਵ ਬਾਵਾ ਨੇ ਨੰਨ੍ਹੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਕਲਾਕਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਕੂਲ ਨੇ ਆਪਣੇ ਮਿਸ਼ਨ ਹਰ ਵਿਦਿਆਰਥੀ ਦਾ ਸਰਬ ਪੱਖੀ ਵਿਕਾਸ ਅਧੀਨ ਪੜ੍ਹਾਈ, ਖੇਡਾਂ, ਸਹਿ-ਅਕਾਦਮਿਕ ਗਤੀਵਿਧੀਆਂ ਤੇ ਪ੍ਰਭਾਵਸ਼ਾਲੀ ਸ਼ਖਸੀਅਤ ਪੱਖਾਂ ਨੂੰ ਪੇਸ਼ ਕੀਤਾ ਹੈ। ਇਸ ਮੌਕੇ ਨਰਸਰੀ ਸੈਕਸ਼ਨ ਦਾ ਸਟਾਫ ਮੌਜੂਦ ਸੀ।

## ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ ਕਰਵਾਏ



**ਮਾਨਸਾ (ਪਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਨੂੰ ਸਮਰਪਤ ਉਨ੍ਹਾਂ ਦੀ ਜੀਵਨੀ ਨਾਲ ਸੰਬੰਧਤ ਵਿਦਿਆਰਥੀਆਂ ਦੇ ਕੁਇਜ਼ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੂੰ ਸ਼ਹੀਦ ਸਰਾਭਾ ਵੱਲੋਂ ਕੱਢੇ ਜਾਂਦੇ ਗ਼ਦਰ ਅਖ਼ਬਾਰ, ਗ਼ਦਰ ਲਹਿਰ, ਕਰਤਾਰ ਸਿੰਘ ਸਰਾਭਾ ਦੇ ਬਚਪਨ, ਮਾਤਾ-ਪਿਤਾ ਤੇ ਜੀਵਨੀ ਅਤੇ ਵੱਖ-ਵੱਖ ਦੇਸ਼ਾਂ ਬਾਰੇ ਸਵਾਲ ਜਵਾਬ ਕੀਤੇ ਗਏ। ਜਾਣਕਾਰੀ ਦਿੰਦਿਆਂ ਸਕੂਲ ਮੁਖੀ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਚਾਰ ਗਰੁੱਪ ਬਣਾਏ ਗਏ, ਜਿਨਾਂ ਦੀ ਅਗਵਾਈ ਮੈਡਮ ਟੇਨੂੰ ਬਾਲਾ ਅਧਿਆਪਕਾ ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਨੇ ਕੀਤੀ। ਉਨ੍ਹਾ ਵਿਦਿਆਰਥੀਆਂ ਤੋਂ ਗਰੁੱਪ ਅਨੁਸਾਰ ਸਵਾਲ ਜਵਾਬ ਪੁੱਛੇ ਤੇ ਜੇਕਰ ਚਾਰੇ ਗਰੁੱਪਾਂ ਵਿੱਚੋਂ ਸਵਾਲ ਜਵਾਬ ਦੇਣ ਤੋਂ ਕੋਈ ਗਰੁੱਪ ਅਸਮਰਥ ਰਿਹਾ ਤਾਂ ਫਿਰ ਸਰੋਤਿਆਂ ਵਿੱਚੋਂ ਵੀ ਸਵਾਲ ਜਵਾਬ ਪੁੱਛੇ ਗਏ। ਮੁਕਾਬਲਿਆਂ 'ਚੋਂ ਕਮਲ ਗਰੁੱਪ ਨੇ ਪਹਿਲਾ ਤੇ ਰਮਨ ਕੌਰ ਗਰੁੱਪ ਨੇ ਦੂਸਰਾ ਸਥਾਨ ਹਾਸਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਮੈਡਮ ਪ੍ਰੀਤੀ ਅਰੋੜਾ, ਮੰਜੂ ਸ਼ਰਮਾ, ਗੁਰਪ੍ਰੀਤ ਕੌਰ ਵੀਰਪਾਲ, ਮਨਪ੍ਰੀਤ ਕੌਰ, ਮੋਨਿਕਾ, ਮਨਜੀਤ ਕੌਰ ਆਦਿ ਅਧਿਆਪਕ ਹਾਜ਼ਰ ਸਨ।

# ਚੌਕਸੀ ਟੀਮਾਂ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਿਆ



**ਮੂਨਕ (ਰਾਜਪਾਲ ਸਿੰਗਲਾ)**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਵੀ ਜ਼ਿਲ੍ਹਾ ਸੰਗਰੂਰ ਦੇ ਵੱਡੀ ਗਿਣਤੀ ਅਧਿਕਾਰੀ ਤੇ ਕਰਮਚਾਰੀ ਪਿੰਡ ਪਿੰਡ ਪਹੁੰਚ ਕਰਕੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਬਾਰੇ ਸੁਚੇਤ ਕਰਨ ਵਿੱਚ ਜੁਟੇ ਰਹੇ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਸਵੇਰ ਸਮੇਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੀਤੀ ਸਮੀਖਿਆ ਮੀਟਿੰਗ ਤੋਂ ਬਾਅਦ ਉੱਪ ਮੰਡਲ ਮੈਜਿਸਟਰੇਟ ਮੂਨਕ ਦੀ ਅਗਵਾਈ ਹੇਠ ਫਾਇਰ ਬ੍ਰਿਗੇਡ ਟੀਮ ਪਰਾਲੀ ਨੂੰ ਲੱਗੀ ਅੱਗ ਬੁਝਾਉਂਦੀ ਹੋਈ। ਇਸੀ ਤਰ੍ਹਾਂ ਅਧਿਕਾਰੀਆਂ ਨੇ ਸਬ ਡਵੀਜ਼ਨਾਂ ਵਿੱਚ ਚੌਕਸੀ ਨੂੰ ਵਧਾਉਂਦੇ ਹੋਏ ਕਈ ਥਾਈਂ ਪਰਾਲੀ ਜਾਂ ਰਹਿੰਦ ਖੂੰਹਦ ਸਾੜਨ ਦੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਤੇ ਮੁਸਤੈਦੀ ਦਿਖਾਉਂਦੇ ਹੋਏ ਮੌਕੇ 'ਤੇ ਪਹੁੰਚ ਕਰਦਿਆਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਬਾਰੇ ਸੁਚੇਤ ਕੀਤਾ। ਇਸੇ ਦੌਰਾਨ ਐੱਸ ਐੱਸ ਪੀ ਸੁਰੇਂਦਰ ਲਾਂਬਾ ਦੀ ਰਹਿਨੁਮਾਈ ਹੇਠ ਸਾਰੀਆਂ ਸਬ ਡਵੀਜ਼ਨਾਂ ਵਿੱਚ ਐੱਸ.ਪੀਜ਼ ਤੇ ਡੀ.ਐੱਸ.ਪੀਜ਼ ਦੀ ਅਗਵਾਈ ਹੇਠ ਥਾਣਾ ਮੁਖੀ ਤੇ ਹੋਰ ਸਹਾਇਕ ਅਮਲਾ ਕਿਸਾਨਾਂ ਨਾਲ ਰਾਬਤਾ ਕਰਕੇ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨ ਵਿੱਚ ਸਰਗਰਮ ਰਿਹਾ। ਇਸ ਦੌਰਾਨ ਖੇਤੀਬਾੜੀ ਤੇ ਸਹਿਕਾਰਤਾ ਵਿਭਾਗ ਦੇ ਅਧਿਕਾਰੀ ਵੀ ਕਿਸਾਨਾਂ ਨੂੰ ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲੀਆਂ ਪ੍ਰੇਸ਼ਾਨੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਰਹੇ। ਕਿਸਾਨਾਂ ਨੂੰ ਵਾਤਾਵਰਣ ਦੀ ਸੰਭਾਲ ਲਈ ਨਿੱਗਰ ਯੋਗਦਾਨ ਪਾਉਣ ਦਾ ਸੱਦਾ ਦਿੰਦਿਆਂ ਅਜਿਹੇ ਮਾੜੇ ਰੁਝਾਨ ਨੂੰ ਰੋਕਣ ਲਈ ਅਪੀਲ ਕੀਤੀ ਗਈ। ਮਾਹਰਾਂ ਨੇ ਦੱਸਿਆ ਕਿ ਜੇਕਰ ਪਰਾਲੀ ਜਾਂ ਰਹਿੰਦ-ਖੂੰਹਦ ਸਾੜ ਕੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦੀ ਪ੍ਰਥਾ ਨੂੰ ਰੋਕਿਆ ਨਾ ਗਿਆ ਤਾਂ ਇਸ ਦਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੱਡਾ ਨੁਕਸਾਨ ਹੰਢਾਉਣਾ ਪਵੇਗਾ।

## ਨਾਬਾਲਗ ਲੜਕੀ ਨੂੰ ਘਰੋਂ ਭਜਾਉਣ ਦੇ ਮਾਮਲੇ 'ਚ ਔਰਤ ਸਣੇ ਛੇ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਨਾਬਾਲਗ ਲੜਕੀ ਨੂੰ ਘਰੋਂ ਭਜਾ ਕੇ ਲੈ ਜਾਣ ਅਤੇ ਉਸ ਨਾਲ ਨਜਾਇਜ਼ ਸਬੰਧ ਬਣਾਉਣ ਦੇ ਕਥਿਤ ਮਾਮਲੇ 'ਚ ਫ਼ਤਹਿਗੜ੍ਹ ਸਾਹਿਬ ਪੁਲਸ ਵੱਲੋਂ ਇੱਕ ਔਰਤ ਸਣੇ ਛੇ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਦਿੱਤੀ ਗਈ ਸ਼ਿਕਾਇਤ 'ਚ ਇੱਕ ਔਰਤ ਨੇ ਦੋਸ਼ ਲਗਾਏ ਸਨ ਕਿ ਵਿਜੈ ਪੁੱਤਰ ਫਿਰੰਗੀ ਉਸ ਦੀ ਨਾਬਾਲਗ ਦੋਹਤੀ ਜਿਸ ਦੀ ਉਮਰ ਸਾਢੇ ਸਤਾਰਾਂ ਸਾਲ ਹੈ, ਨੂੰ ਵਿਆਹ ਦਾ ਝਾਂਸਾ ਦੇ ਕੇ ਭਜਾ ਕੇ ਲੈ ਗਿਆ ਜਿਸ ਵੱਲੋਂ ਲੜਕੀ ਨਾਲ ਨਜਾਇਜ਼ ਸਬੰਧ ਵੀ ਬਣਾਏ ਗਏ। ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਸਨ ਕਿ ਵਿਜੈ ਵੱਲੋਂ ਇਹ ਕੰਮ ਆਪਣੇ ਪਿਤਾ ਫਿਰੰਗੀ, ਮਾਤਾ ਸਵਾਦੋ, ਦਰਬਾਰਾ, ਮਿੰਠੂ ਅਤੇ ਮੱਘਰ ਦੀ ਮਿਲੀਭੁਗਤ ਨਾਲ ਕੀਤਾ ਗਿਆ। ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਵਿਜੈ, ਫਿਰੰਗੀ, ਸਵਾਦੋ, ਮਿੰਠੂ, ਦਰਬਾਰਾ ਵਾਸੀਆਨ ਝੁੱਗੀਆਂ ਬਾਗੜੀਆਂ ਦਾ ਡੇਰਾ ਥਾਣਾ ਘੱਗਾ (ਪਟਿਆਲਾ) ਅਤੇ ਮੱਘਰ ਵਾਸੀ ਨਾਭਾ ਨੂੰ ਨਾਮਜ਼ਦ ਕਰਕੇ ਥਾਣੇਦਾਰ ਅਵਤਾਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਹਲਕਾ ਸ਼ੁਤਰਾਣਾ 'ਚ ਸੈਂਕੜੇ ਪਰਵਾਰ ਆਪ 'ਚ ਸ਼ਾਮਲ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਪਿੰਡ ਹਰਿਆਊ ਖੁਰਦ ਦੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਸੈਂਕੜੇ ਪਰਵਾਰਾਂ ਨੇ ਸਾਬਕਾ ਸਰਪੰਚ ਮੰਗਤ ਸਿੰਘ ਹਰਿਆਊ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਇਨ੍ਹਾਂ ਪਰਵਾਰਾਂ ਦਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਭਰਵਾਂ ਸਵਾਗਤ ਕਰਦਿਆਂ ਪਾਰਟੀ ਵਿੱਚ ਮਾਣ ਸਨਮਾਨ ਦਾ ਭਰੋਸਾ ਦਿੱਤਾ ਹੈ। ਆਪ ਵਿੱਚ ਸ਼ਾਮਲ ਹੋਣ ਵਾਲੇ ਪਰਵਾਰਾਂ ਦੇ ਮੁਖੀਆਂ ਸਾਬਕਾ ਬਲਾਕ ਸੰਮਤੀ ਮੈਂਬਰ ਅਮਰੀਕ ਸਿੰਘ, ਦਲੇਰ ਸਿੰਘ ਸਹੋਤਾ, ਸੁਰਿੰਦਰ ਸਿੰਘ, ਜਗਜੀਤ ਸਿੰਘ ਚੋਲੀਆਂ, ਗੁਰਨਾਮ ਸਿੰਘ ਔਲਖ, ਟਹਿਲ ਸਿੰਘ ਅਤੇ ਬਲਜਿੰਦਰ ਸਿੰਘ ਬੋਰੀਆ ਦਾ ਸਵਾਗਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੀਆਂ ਲੋਟੂ ਨੀਤੀਆਂ ਨੂੰ ਲੋਕ ਸਮਝ ਚੁੱਕੇ ਸਨ ਜਿਸ ਕਰਕੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਵਿੱਚ ਭਰੋਸਾ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ 10 ਸਾਲ ਪਿੰਡ ਦੇ ਸਰਪੰਚ ਰਹੇ ਧੜੱਲੇਦਾਰ ਆਗੂ ਮੰਗਤ ਸਿੰਘ ਹਰਿਆਊ ਦੀ ਅਗਵਾਈ ਵਿੱਚ ਸ਼ਾਮਲ ਹੋਏ ਇਨ੍ਹਾਂ ਪਰਵਾਰਾਂ ਦੇ ਆਉਣ ਨਾਲ ਪਾਰਟੀ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਪਾਤੜਾਂ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ, ਸਾਬਕਾ ਚੇਅਰਮੈਨ ਤੇਜਿੰਦਰ ਸਿੰਘ ਤੇਜੀ ਬੂਰੜ, ਬਲਜਿੰਦਰ ਸਿੰਘ ਸੇਰਗੜ੍ਹ ਅਤੇ ਈਸ਼ਵਰ ਸਿੰਘ ਰਸੌਲੀ ਆਦਿ ਹਾਜ਼ਰ ਸਨ।

## ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਮਾਜ ਸੇਵੀ ਕਾਰਜਾਂ ਵਿੱਚ ਜੁਟੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ ਐੱਨਜੀਓ ਤੇ ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਨੰਬਰ-4 ਮਾਛੀਵਾੜਾ ਵਿੱਚ ਤਕਰੀਬਨ 250 ਬੱਚਿਆਂ ਨੂੰ ਸਟੇਸ਼ਨਰੀ ਤੇ ਖਾਣ-ਪੀਣ ਦੀ ਸਮੱਗਰੀ ਦਿੱਤੀ ਗਈ। ਬੱਚਿਆਂ ਨੂੰ ਸੰਬੋਧਨ ਕਰਦਿਆਂ ਸਾਂਝ ਕੇਂਦਰ ਇੰਚਾਰਜ ਕੁਲਜੀਤ ਸਿੰਘ ਨੇ ਨਸ਼ਿਆਂ ਤੋਂ ਦੂਰ ਰਹਿਣ ਲਈ ਅਪੀਲ ਕੀਤੀ। ਪ੍ਰੋ. ਬਲਦੀਪ ਕੌਰ ਤੇ ਨਿਧੀ ਸ਼ਰਮਾ ਵੱਲੋਂ ਬੱਚਿਆਂ ਨੂੰ ਸਟੇਸ਼ਨਰੀ ਵੰਡਦਿਆਂ ਇਹ ਵਾਅਦਾ ਕੀਤਾ ਕਿ ਅੱਗੇ ਤੋਂ ਬੱਚਿਆਂ ਦੀ ਹਰ ਸੰਭਵ ਜ਼ਰੂਰਤ ਪੂਰੀ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਐੱਨ.ਜੀ.ਓ. ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਜਗਦੀਸ਼ ਚਾਨਣਾ, ਲਵਰੀਸ਼ ਸ਼ਰਮਾ, ਮਿੰਕੂ ਹੰਸ, ਪਰਮਦੀਪਪਾਲ ਸਿੰਘ, ਹੈੱਡ ਟੀਚਰ ਚਰਨਜੀਤ ਸਿੰਘ, ਗੁਰਜੀਤ ਕੌਰ, ਜਾਨਕੀ ਦੇਵੀ, ਅਜੀਤ ਸਿੰਘ, ਗੁਰਪ੍ਰੀਤ ਕੌਰ, ਅਮੀਸ਼ਾ ਜਿੰਦਲ, ਗੁਰਪ੍ਰੀਤ ਕੌਰ, ਸੋਨੀਆ ਰਾਣੀ ਆਦਿ ਹਾਜ਼ਰ ਸਨ।

## ਸ਼ਹੀਦੀ ਦਿਹਾੜੇ 'ਤੇ ਅਗਰਸੇਨ ਸੰਮਤੀ ਵੱਲੋਂ ਲਾਲਾ ਲਾਜਪਤ ਰਾਏ ਨੂੰ ਸ਼ਰਧਾਂਜਲੀ ਭੇਟ



**ਜਗਰਾਓਂ (ਅਮਿਤ ਖੰਨਾ)**-ਭਾਰਤ ਨੂੰ ਆਜ਼ਾਦ ਕਰਾਉਣ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੇ ਸ਼ਹੀਦੀ ਦਿਹਾੜੇ 'ਤੇ ਸ੍ਰੀ ਅਗਰਸੇਨ ਸੰਮਤੀ (ਰਜਿ.) ਜਗਰਾਓਂ-ਅੱਗਰਵਾਲ ਸਮਾਜ ਨੇ ਉਨ੍ਹਾਂ ਦੇ ਜੱਦੀ ਘਰ ਜਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪੰਜਾਬ ਭਾਜਪਾ ਦੀ ਤਰਫੋਂ ਲਾਲਾ ਲਾਜਪਤ ਰਾਏ ਜੀ ਦੇ ਜੱਦੀ ਘਰ ਵਿਖੇ ਸ਼ਰਧਾਂਜਲੀ ਭੇਟ ਕਰਨ ਪਹੁੰਚੇ ਨੌਜਵਾਨ ਆਗੂ ਅੰਕਿਤ ਬਾਂਸਲ ਨੇ ਕਿਹਾ ਕਿ ਕੇਂਦਰ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਸ਼ਹੀਦਾਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ ਤੇ ਪੂਰੀ ਉਮੀਦ ਹੈ ਕਿ ਕੇਂਦਰ ਸਰਕਾਰ ਲਾਲਾ ਲਾਜਪਤ ਰਾਏ ਜੀ ਦੇ ਜੱਦੀ ਘਰ ਨੂੰ ਰਾਸ਼ਟਰੀ ਵਿਰਾਸਤ ਘੋਸ਼ਿਤ ਕਰਨ ਦੀ ਸ੍ਰੀ ਅਗਰਸੇਨ ਕਮੇਟੀ (ਰਜਿ.) ਜਗਰਾਉਂ ਦੀ ਮੁੱਖ ਮੰਗ ਨੂੰ ਜਲਦੀ ਹੀ ਪੂਰਾ ਕਰੇਗੀ। ਕਮੇਟੀ ਦੇ ਪ੍ਰਧਾਨ ਅਨਮੋਲ ਗਰਗ ਨੇ ਅੰਕਿਤ ਬਾਂਸਲ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਨੂੰ ਪੂਰੀ ਉਮੀਦ ਹੈ ਕਿ ਅੰਕਿਤ ਬਾਂਸਲ ਦੇ ਯਤਨਾਂ ਸਦਕਾ ਕਮੇਟੀ ਦੀਆਂ ਸਾਰੀਆਂ ਮੰਗਾਂ ਨੂੰ ਜਲਦ ਤੋਂ ਜਲਦ ਪੂਰੀ ਹੋਣਗੀਆ। ਕਮੇਟੀ ਦੇ ਜਨਰਲ ਸਕੱਤਰ ਗੌਰਵ ਸਿੰਗਲਾ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਤੱਕ ਪੰਜਾਬ ਦਾ ਕੋਈ ਵੀ ਮੁੱਖ ਮੰਤਰੀ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਦੇ ਜੱਦੀ ਘਰ ਵਿਖੇ ਸ਼ਰਧਾਂਜਲੀ ਦੇਣ ਲਈ ਨਹੀਂ ਪਹੁੰਚਿਆ। ਉਨ੍ਹਾਂ ਮੰਗ ਕੀਤੀ ਕਿ ਲਾਲਾ ਜੀ ਦੇ ਜਨਮ ਦਿਨ ਵਾਲੇ ਦਿਨ 28 ਜਨਵਰੀ ਨੂੰ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਜੀ ਲਾਲਾ ਜੀ ਨੂੰ ਸ਼ਰਧਾਂਜਲੀ ਦੇਣ ਲਈ ਉਨ੍ਹਾਂ ਦੇ ਜੱਦੀ ਘਰ ਜ਼ਰੂਰ ਪਹੁੰਚਣ। ਇਸ ਮੌਕੇ ਕਮੇਟੀ ਦੇ ਸੰਗਠਨ ਜਨਰਲ ਸਕੱਤਰ ਕਮਲਦੀਪ ਬਾਂਸਲ, ਜਨਰਲ ਸਕੱਤਰ ਗੌਰਵ ਸਿੰਗਲਾ, ਅੰਕੁਸ਼ ਮਿੱਤਲ, ਵੈਭਵ ਜੈਨ, ਅਮਿਤ ਬਾਂਸਲ (ਤਿੰਨੋਂ ਸਕੱਤਰ), ਦਫਤਰ ਇੰਚਾਰਜ ਰੋਹਿਤ ਗੋਇਲ, ਨਵੀਨ ਜੈਨ, ਪੁਨੀਤ ਬਾਂਸਲ, ਦੀਪਕ ਗੋਇਲ, ਹਿਮਾਂਸ਼ੂ ਸਿੰਗਲਾ ਤੇ ਬੰਗਾ ਸਾਹਿਬ ਹਾਜ਼ਰ ਸਨ।

# ਕੇਂਦਰੀ ਜੇਲ੍ਹ 'ਚੋਂ 4 ਮੋਬਾਇਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਤਲਾਸ਼ੀ ਦੌਰਾਨ 4 ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਚਾਰ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਸਰਬਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 16 ਨਵੰਬਰ ਨੂੰ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਸਮੇਤ ਸਾਥੀ ਕਰਮਚਾਰੀਆਂ ਦੇ ਗੁਪਤ ਸੂਚਨਾ ਦੇ ਆਧਾਰ ਤੇ ਬਲਾਕ ਨੰਬਰ 2 ਦੀ ਬੈਰਕ ਨੰਬਰ 5 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਦੋਸ਼ੀ ਹਵਾਲਾਤੀ ਵਿਪਨ ਪੁੱਤਰ ਮੇਜਰ ਸਿੰਘ ਵਾਸੀ ਨੌਰੰਗ ਕੇ ਸਿਆਲ ਕੋਲੋਂ 1 ਮੋਬਾਇਲ ਫੋਨ ਸੈਮਸੰਗ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ ਵੀ ਆਈ ਬਰਾਮਦ ਹੋਇਆ। ਜਾਂਚਕਰਤਾ ਗੁਰਮੇਲ ਸਿੰਘ ਨੇ ਦੱਸਿਆ ਕਿ ਇਕ ਹੋਰ ਪੱਤਰ ਨੰਬਰ 13677 ਰਾਹੀਂ ਰਿਸ਼ਵਪਾਲ ਗੋਇਲ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਕਿ 16 ਨਵੰਬਰ ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਸਮੇਤ ਸਾਥੀ ਕਰਮਚਾਰੀਆਂ ਦੇ ਗੁਪਤ ਸੂਚਨਾ ਦੇ ਆਧਾਰ 'ਤੇ ਬਲਾਕ ਨੰਬਰ 2 ਦੀ ਬੈਰਕ ਨੰਬਰ 5 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਰਾਜਪਾਲ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਚੱਕ ਬਲੋਚਾ ਮਹਾਲਮ ਥਾਣਾ ਵੈਰੋਕੇ, ਜ਼ਿਲ੍ਹਾ ਫਾਜ਼ਿਲਕਾ ਕੋਲੋਂ ਇਕ ਮੋਬਾਇਲ ਫੋਨ ਸੈਮਸੰਗ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ, ਹਵਾਲਾਤੀ ਬਲਵਿੰਦਰ ਸਿੰਘ ਉਰਫ ਖੁੰਦਰੀ ਪੁੱਤਰ ਜਗਦੀਸ਼ ਸਿੰਘ ਵਾਸੀ ਹਸਤਾ ਕਲਾਂ ਕੋਲੋਂ ਇਕ ਮੋਬਾਇਲ ਫੋਨ ਰੈਡ ਮੀ ਟੱਚ ਸਕਰੀਨ ਸਮੇਤ ਸਿੰਮ ਕਾਰਡ ਏਅਰਟੈੱਲ ਅਤੇ ਹਵਾਲਾਤੀ ਜਸਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬਸਤੀ ਬਾਗ ਵਾਲੀ ਸਿਟੀ ਫਿਰੋਜ਼ਪੁਰ ਕੋਲੋਂ ਇਕ ਮੋਬਾਇਲ ਫੋਨ ਰੈਡਮੀ ਟੱਚ ਸਕਰੀਨ ਸਮੇਤ ਸਿੰਮ ਕਾਰਡ ਵੀ ਆਈ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਪੁਲਸ ਦੇ ਨੱਕ ਹੇਠ ਲੱਗਦੈ ਘੰਟਿਆਂਬੱਧੀ ਜਾਮ, ਸਕੂਲੀ ਬੱਚੇ ਤੇ ਰਾਹਗੀਰ ਪ੍ਰੇਸ਼ਾਨ



**ਜਲਾਲਾਬਾਦ (ਜੀਤ ਕੁਮਾਰ)**

ਸ਼ਹਿਰ ਦੇ ਇੱਕੋ ਇੱਕ ਬੱਤੀਆਂ ਵਾਲਾ ਚੌਕ ਤੋਂ ਅਰਾਈਆਂ ਵਾਲਾ ਰੋਡ 'ਤੇ ਹਰ ਰੋਜ਼ ਘੰਟਿਆਂ ਬੱਧੀ ਫਸਵਾਂ ਜਾਮ ਲੱਗਿਆ ਰਹਿੰਦਾ ਹੈ, ਜਿਸ ਕਾਰਨ ਸਕੂਲੀ ਬੱਚਿਆਂ, ਬੱਚੀਆਂ ਤੇ ਆਮ ਰਾਹਗੀਰਾਂ ਨੂੰ ਹਰ ਰੋਜ਼ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਜੀ ਟੀ ਰੋਡ 'ਤੇ ਚਲਦੇ ਟ੍ਰੈਫਿਕ ਨੂੰ ਰੋਕ ਕੇ, ਖਾਸ ਕਰ ਤੂੜੀ ਦੀਆਂ ਭਰੀਆਂ ਵੱਡੀਆਂ ਟਰਾਲੀਆਂ ਨੂੰ ਚੈੱਕ ਕਰਨ ਵਾਲੇ ਪੁਲਸ ਮੁਲਾਜ਼ਮ ਇਧਰ ਕੋਈ ਧਿਆਨ ਨਹੀਂ ਦੇ ਰਹੇ।

ਵਰਨਣਯੋਗ ਹੈ ਕਿ ਸਥਾਨਕ ਡੀ ਐੱਸ ਪੀ ਦਫਤਰ ਤੋਂ ਲਗਭਗ 100 ਮੀਟਰ ਦੂਰੀ 'ਤੇ ਸਥਿਤ ਬੱਤੀਆਂ ਵਾਲਾ ਚੌਕ ਤੋਂ ਅਰਾਈਆਂ ਵਾਲਾ ਰੋਡ ਸ਼ੁਰੂ ਹੋ ਜਾਂਦਾ ਹੈ ਤੇ ਅਚੰਭੇ ਵਾਲੀ ਗੱਲ ਹੈ ਕਿ 100 ਮੀਟਰ ਦੂਰੀ 'ਤੇ ਬੈਠੇ ਡੀ ਐੱਸ ਪੀ ਤੇ ਮੁਲਾਜ਼ਮਾਂ ਨੂੰ ਪਤਾ ਨਹੀਂ ਚਲਦਾ ਕਿ ਲੋਕ ਜਾਮ ਵਿੱਚ ਫਸੇ ਹੋਏ ਹਨ, ਪਰ ਦਫਤਰਾਂ ਵਿੱਚ ਬੈਠੇ ਮੁਲਾਜ਼ਮਾਂ ਨੂੰ ਲੋਕਾਂ ਦੀ ਇਸ ਮੁਸ਼ਕਲ ਦੀ ਕੋਈ ਪਰਵਾਹ ਨਹੀਂ। ਇਸ ਸਬੰਧੀ ਸਿਟੀ ਐੱਸ ਐੱਚ ਓ ਸ੍ਰੀ ਲੇਖ ਰਾਜ ਨਾਲ ਬੀਤੇ ਦਿਨੀਂ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਸੜਕ 'ਤੇ ਟ੍ਰੈਫਿਕ ਚਾਲੂ ਰੱਖਣ ਲਈ ਮੁਲਾਜ਼ਮਾਂ ਦੀ ਤਾਇਨਾਤੀ ਕਰਨ ਦਾ ਵਿਸ਼ਵਾਸ ਦਿਵਾਇਆ, ਪਰ ਅਮਲ ਵਿੱਚ ਕੁਝ ਨਹੀਂ ਕੀਤਾ ਗਿਆ। ਇਲਾਕੇ ਦੇ ਲੋਕਾਂ ਦੀ ਪ੍ਰਸ਼ਾਸਨ ਤੇ ਪੁਲਸ ਵਿਭਾਗ ਤੋਂ ਮੰਗ ਹੈ ਕਿ ਏਰੀਏ ਵਿੱਚ ਪੁਲਸ ਮੁਲਾਜ਼ਮਾਂ ਦੀਆਂ ਡਿਊਟੀਆਂ ਲਗਾ ਕੇ ਉਨ੍ਹਾਂ ਨੂੰ ਪ੍ਰੇਸ਼ਾਨੀ ਤੋਂ ਨਿਜਾਤ ਦਵਾਈ ਜਾਵੇ। ਨੋਟ ਯੋਗ ਹੈ ਕਿ ਇਸ ਸੜਕ ਰਾਹੀਂ ਬਾਰਡਰ ਏਰੀਏ ਦੇ ਲਗਭਗ 20-25 ਪਿੰਡਾਂ ਦੇ ਲੋਕ ਫਸਲਾਂ ਦੀ ਕਟਾਈ ਕਰਕੇ ਅਨਾਜ ਮੰਡੀ ਵਿੱਚ ਵੇਚਣ ਲਈ ਲਿਆਉਂਦੇ ਹਨ ਤੇ ਅਪਣੀਆਂ ਰੋਜ਼ਮਰ੍ਹਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸ਼ਹਿਰ ਆਉਂਦੇ ਹਨ, ਪਰ ਕਿੰਨੀ ਤ੍ਰਾਸਦੀ ਹੈ ਕਿ ਜਦੋਂ ਤੱਕ ਕਿਸੇ ਮੁਸ਼ਕਲ, ਧੱਕੇਸ਼ਾਹੀ, ਸਰਕਾਰ ਤੇ ਪ੍ਰਸ਼ਾਸਨ ਦੀ ਨਜ਼ਰ ਅੰਦਾਜ਼ੀ, ਨਾ-ਅਹਿਲੀ ਵਿਰੁੱਧ ਕੋਈ ਧਰਨਾ-ਜਲੂਸ ਨਹੀਂ ਲਗਾਇਆ ਜਾਂਦਾ, ਲੋਕਾਂ ਦੀ ਸੁਣਵਾਈ ਨਹੀਂ ਹੁੰਦੀ।

## ਰੁਪਿੰਦਰ ਸਿੰਘ ਨੂੰ ਭਾਰਤੀ ਫੁੱਟਬਾਲ ਟੀਮ 'ਚ ਖੇਡਣ 'ਤੇ ਕੀਤਾ ਸਨਮਾਨਤ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡਾਂ 'ਚ ਭਾਗ ਲੈਣਾ ਹੀ ਬਹੁਤ ਵੱਡੀ ਤੇ ਮਾਣ ਵਾਲੀ ਗੱਲ ਹੈ। ਅਜਿਹਾ ਕਰਨ ਵਾਲਿਆਂ ਦੀ ਜਿੰਨੀ ਹੌਸਲਾ ਅਫਜ਼ਾਈ ਕੀਤੀ ਜਾਵੇ, ਓਨੀ ਥੋੜ੍ਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨ ਸ੍ਰੀਮਤੀ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਲੱਖਣ ਸਮਰੱਥਾ ਵਾਲੇ ਖਿਡਾਰੀਆਂ ਨੂੰ ਸਨਮਾਨਤ ਕਰਨ ਮੌਕੇ ਕੀਤਾ। ਉਨ੍ਹਾ ਦੱਸਿਆ ਕਿ ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਵਿਖੇ ਹੋਈਆਂ ਖੇਡਾਂ ਵਿੱਚ ਰੁਪਿੰਦਰ ਸਿੰਘ ਨੇ ਭਾਰਤ ਦੀ ਫੁੱਟਬਾਲ ਟੀਮ ਦੀ ਨੁਮਾਇੰਦਗੀ ਕਰ ਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ, ਉੱਥੇ ਹੀ ਚੰਡੀਗੜ੍ਹ ਵਿਖੇ ਰਾਜਪੱਧਰੀ ਐਥਲੈਟਿਕਸ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਪੰਜ ਖਿਡਾਰੀਆਂ ਬਬਨਪ੍ਰੀਤ ਕੌਰ, ਜੈਸਮੀਨ, ਦਵਿੰਦਰ ਸਿੰਘ, ਬਲਵੰਤ ਸਿੰਘ ਤੇ ਗਗਨ ਖਾਨ ਨੇ ਭਾਗ ਲੈ ਕੇ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਤੇ ਉਨ੍ਹਾਂ ਅੰਦਰ ਛੁਪੀ ਪ੍ਰਤਿਭਾ ਨੂੰ ਦਿਖਾਉਣ ਵਿੱਚ ਆਪਣਾ ਸਹਿਯੋਗ ਦੇਣ ਤਾਂ ਜੋ ਬੱਚੇ ਰਾਸ਼ਟਰੀ ਤੇ ਅੰਤਰਾਸ਼ਟਰੀ ਖੇਡਾਂ ਵਿੱਚ ਮੱਲਾਂ ਮਾਰਨ ਅਤੇ ਜ਼ਿਲ੍ਹੇ ਤੇ ਪੰਜਾਬ ਦਾ ਨਾਮ ਰੋਸ਼ਨ ਕਰਨ। ਇਸ ਮੌਕੇ ਉਨ੍ਹਾ ਜ਼ਿਲ੍ਹਾ ਸੈਰੀਬਰਲ ਪਾਲਜੀ ਸਪੋਰਟਸ ਐਸੋਸੀਏਸ਼ਨ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਇਨ੍ਹਾਂ ਬੱਚਿਆਂ ਅੰਦਰ ਛੁਪੀ ਪ੍ਰਤਿਭਾ ਨੂੰ ਦੇਖਦੇ ਹੋਏ ਇਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਅਤੇ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਤੱਕ ਭਾਗ ਲੈਣ ਲਈ ਉਤਸ਼ਾਹਤ ਕੀਤਾ। ਇਸ ਮੌਕੇ ਐਸੋਸੀਏਸ਼ਨ ਦੇ ਮੈਂਬਰ ਗੁਰਵਿੰਦਰ ਸਿੰਘ ਸੋਹੀ, ਐਡਵੋਕੇਟ ਗੁਰਪ੍ਰੀਤ ਸਿੰਘ ਸੈਣੀ, ਐਡਵੋਕੇਟ ਯਾਦਵਿੰਦਰ ਸਿੰਘ, ਬਾਸਕਟਬਾਲ ਕੋਚ ਰਾਹੁਲਦੀਪ ਸਿੰਘ, ਕੋਚ ਸੁਖਵਿੰਦਰ ਸਿੰਘ, ਪਰਵਿੰਦਰ ਕੁਮਾਰ ਬਾਡਾਂ, ਸੰਤੋਸ਼ ਰਾਣੀ, ਗਿਆਨ ਸਿੰਘ ਤੇ ਸੁਖਦੇਵ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਤੇ ਪਤਵੰਤੇ ਹਾਜ਼ਰ ਸਨ।

# ਐਮੀਨੈਂਸ ਸਕੂਲ 'ਚ ਜੌੜਾਮਾਜਰਾ ਨੇ ਬੱਚਿਆਂ ਨੂੰ ਵਰਦੀਆਂ ਵੰਡੀਆਂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਥਾਨਕ ਸ਼ਹੀਦ ਫਲਾਈਟ ਲੈਫਟੀਨੈਂਟ ਮੋਹਿਤ ਕੁਮਾਰ ਗਰਗ ਸਕੂਲ ਆਫ ਐਮੀਨੈਂਸ ਵਿਖੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦਾ ਮਹੱਤਵ ਦੱਸਦਿਆਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਪੜ੍ਹਾਈ ਹਰ ਇਕ ਇਨਸਾਨ ਲਈ ਜ਼ਰੂਰੀ ਹੈ, ਕਿਉਂਕਿ ਪੜ੍ਹਾਈ ਤੋਂ ਬਿਨਾਂ ਜੀਵਨ ਅਧੂਰਾ ਹੈ। ਚੇਤਨ ਸਿੰਘ ਜੌੜਾਮਾਜਰਾ ਨੇ ਸਕੂਲ ਟਰਾਂਸਪੋਰਟ ਲਈ ਸਕੂਲ ਨੂੰ ਹਰ ਸਾਲ 1 ਲੱਖ 50 ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਹਰਜੋਤ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਦੱਸਿਆ ਕਿ ਸਕੂਲ ਵਿੱਚ ਪੜ੍ਹਦੇ 66 ਐਮੀਨੈਂਸ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਬਹੁਤ ਵਧੀਆ ਵਰਦੀ, ਜਿਸ ਦੀ ਅਨੁਮਾਨਤ ਕੀਮਤ 4000 ਰੁਪਏ ਪਤੀ ਵਰਦੀ ਹੈ, ਜੋ ਵਿਦਿਆਰਥੀ ਲਈ ਭੇਜੀ ਗਈ ਹੈ, ਜਿਸ ਵਿੱਚ ਵਿਦਿਆਰਥੀ ਦਾ ਸੂਟ, ਟਰੈਕ ਸੂਟ, ਜੈਕਟ, ਬੂਟ, ਜੁਰਾਬਾਂ ਟਾਈ ਤੇ ਬੈਲਟ ਆਦਿ ਸ਼ਾਮਲ ਹਨ। ਇਸ ਮੌਕੇ ਉਨ੍ਹਾ ਨਾਲ ਵਿਸ਼ੇਸ਼ ਤੌਰ 'ਤੇ ਮਦਨ ਮਿੱਤਲ ਪ੍ਰਧਾਨ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ, ਪੀ ਏ ਗੁਰਦੀਪ ਟਿਵਾਣਾ, ਸੰਦੀਪ ਲੂੰਬਾ ਕੌਂਸਲਰ, ਭੂਸ਼ਣ ਕੁਮਾਰ ਹੈੱਡਮਾਸਟਰ, ਗੁਰਪ੍ਰੀਤ ਵਰਮਾ ਬੀਪੀਈਓ, ਰਵਿੰਦਰ ਸੋਹਲ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਨਰੇਸ਼ ਕੁਮਾਰ ਹਾਜ਼ਰ ਸਨ। ਕੈਬਨਿਟ ਮੰਤਰੀ ਚੇਤਨ ਜੌੜਾਮਾਜਰਾ ਨੇ ਕੰਪਿਊਟਰ ਅਧਿਆਪਕ ਸੋਨੂੰ ਬਾਂਸਲ ਨੂੰ ਵਿਸ਼ੇਸ਼ ਤੌਰ 'ਤੇ ਸਿਰੋਪਾ ਪਾ ਕੇ ਸਨਮਾਨਤ ਕੀਤਾ ਅਤੇ ਸਕੂਲ ਦੀ ਨੌਵੀਂ ਜਮਾਤ ਦੀ ਵਿਦਿਆਰਥਣ ਲਛਮੀ ਦੇਵੀ, ਜੋ ਇੱਕ ਦਿਨ ਦੀ ਪ੍ਰਿੰਸੀਪਲ ਬਣੀ ਸੀ, ਉਸ ਨਾਲ ਵਿਸ਼ੇਸ਼ ਗੱਲਬਾਤ ਕੀਤੀ। ਇਸ ਮੌਕੇ ਸਟੇਜ ਸੈਕਟਰੀ ਕਮਲ ਨੈਨ, ਕ੍ਰਿਸ਼ਨ ਵੋਹਰਾ, ਮਹਿੰਦਰ ਪਾਲ ਵਰਮਾ, ਹਰਵਿੰਦਰ ਪਾਲ ਸਿੰਘ, ਗੁਰਬਖਸ਼ ਸਿੰਘ, ਕੁਲਦੀਪ ਕੌਰ, ਮਿਸ ਸੁਜਾਤਾ, ਅਮਨਦੀਪ ਕੌਰ, ਪਰਮਜੀਤ ਕੌਰ ਤੇ ਕੈਂਪਸ ਮੈਨੇਜਰ ਸੋਹਨ ਲਾਲ ਆਦਿ ਹਾਜ਼ਰ ਸਨ।

# ਅਜ਼ਾਦੀ ਪ੍ਰਾਪਤੀ ਲਈ ਸੰਘਰਸ਼ ਪੰਜਾਬ ਦੀ ਧਰਤੀ ਤੋਂ ਹੀ ਸ਼ੁਰੂ ਹੋਏ : ਲਾਲਜੀਤ ਸਿੰਘ ਭੁੱਲਰ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਕੇਸਰੀ ਦੇ ਨਾਮ ਨਾਲ ਜਾਣੇ ਜਾਂਦੇ ਮਹਾਨ ਆਜ਼ਾਦੀ ਘੁਲਾਟੀਏ ਲਾਲਾ ਲਾਜਪਤ ਰਾਏ ਦੇ 95ਵੇਂ ਬਲੀਦਾਨ ਦਿਵਸ ਸਬੰਧੀ ਸਮਾਗਮ ਅੱਜ ਉਨ੍ਹਾਂ ਦੇ ਜਨਮ ਅਸਥਾਨ ਪਿੰਡ ਢੁੱਡੀਕੇ ਵਿਖੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਮੁੱਖ ਮਹਿਮਾਨ ਵਜੋਂ ਪੰਜਾਬ ਸਰਕਾਰ ਦੇ ਟਰਾਂਸਪੋਰਟ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ। ਜਦਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਮੋਗਾ ਦੇ ਐੱਸ ਡੀ ਐੱਮ ਸਾਰੰਗ ਪ੍ਰੀਤ ਸਿੰਘ ਔਜਲਾ, ਜੈਨਕੋ ਚੇਅਰਮੈਨ ਨਵਜੋਤ ਸਿੰਘ ਜਰਗ, ਦੀਪਕ ਅਰੋੜਾ ਚੇਅਰਮੈਨ ਨਗਰ ਸੁਧਾਰ ਟਰੱਸਟ ਮੋਗਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਲਾਲਾ ਲਾਜਪਤ ਰਾਏ ਜਨਮ ਅਸਥਾਨ ਯਾਦਗਾਰ ਕਮੇਟੀ ਦੇ ਚੇਅਰਮੈਨ ਭੀਮ ਸੈਨ ਅਤੇ ਉਪ ਚੇਅਰਮੈਨ ਰਣਜੀਤ ਸਿੰਘ ਧੰਨਾ, ਡੀ ਐਸ ਪੀ ਮਨਜੀਤ ਸਿੰਘ, ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਹੋਰ ਲੋਕ ਹਾਜ਼ਰ ਸਨ। ਇਸ ਮੌਕੇ ਭੁੱਲਰ ਨੇ ਕਿਹਾ ਕਿ ਸਾਨੂੰ ਆਪਣੇ ਬਜ਼ੁਰਗਾਂ ਉੱਤੇ ਪੂਰਾ ਮਾਣ ਹੈ ਕਿ ਅਜ਼ਾਦੀ ਪ੍ਰਾਪਤੀ ਲਈ ਸਾਰੇ ਸੰਘਰਸ਼ ਪੰਜਾਬ ਦੀ ਧਰਤੀ ਤੋਂ ਹੀ ਸ਼ੁਰੂ ਹੋਏ। ਲਾਲਾ ਲਾਜਪਤ ਰਾਏ ਵਰਗੇ ਅਜ਼ਾਦੀ ਪਰਵਾਨਿਆਂ ਨੇ ਆਪਣੀ ਅਤੇ ਆਪਣੇ ਪਰਵਾਰ ਦੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਆਜ਼ਾਦੀ ਸੰਘਰਸ਼ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ। ਉਨ੍ਹਾ ਕਿਹਾ ਕਿ ਸਾਨੂੰ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਅਜ਼ਾਦੀ ਦਾ ਸੰਘਰਸ਼ ਵਿੱਢਣ ਵਿੱਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਉਨ੍ਹਾਂ ਪਿੰਡ ਢੁੱਡੀਕੇ ਦੇ ਵਿਕਾਸ ਲਈ ਆਪਣੇ ਅਖਤਿਆਰੀ ਖਾਤੇ ਵਿੱਚੋਂ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਵਿਧਾਇਕ ਬਿਲਾਸਪੁਰ ਨੇ ਕਿਹਾ ਕਿ ਪਿੰਡ ਢੁੱਡੀਕੇ ਦੀ ਧਰਤੀ ਭਾਗਾਂ ਵਾਲੀ ਹੈ, ਜਿੱਥੇ ਲਾਲਾ ਜੀ ਅਤੇ ਹੋਰ ਕਈ ਆਜ਼ਾਦੀ ਘੁਲਾਟੀਆਂ ਨੇ ਜਨਮ ਲਿਆ। ਉਨਾਂ ਕਿਹਾ ਕਿ ਅਜ਼ਾਦੀ ਸੰਗਰਾਮ ਵਿੱਚ ਉਨਾਂ ਵੱਲੋਂ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਹੈ। ਉਨ੍ਹਾ ਭਰੋਸਾ ਦਿਵਾਇਆ ਕਿ ਪਿੰਡ ਢੁੱਡੀਕੇ ਦੇ ਵਿਕਾਸ ਕਾਰਜਾਂ ਵਿੱਚ ਪੰਜਾਬ ਸਰਕਾਰ ਵੱਲੋਂ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਤੋਂ ਪਹਿਲਾਂ ਉਪਰੋਕਤ ਅਤੇ ਹੋਰ ਹਾਜ਼ਰੀਨ ਨੇ ਲਾਲਾ ਜੀ ਦੀ ਬੁੱਤ ਉੱਤੇ ਫੁੱਲ ਮਾਲਾਵਾਂ ਭੇਟ ਕੀਤੀਆਂ।

ਇਸ ਉਪਰੰਤ ਉਨ੍ਹਾ ਪਿੰਡ ਦੇ ਹੀ ਬਾਕੀ ਸ਼ਹੀਦਾਂ ਦੀ ਯਾਦ ਵਿੱਚ ਬਣੇ ਸਮਾਰਕਾਂ 'ਤੇ ਵੀ ਫੁੱਲ ਮਾਲਾਵਾਂ ਭੇਟ ਕੀਤੀਆਂ। ਅੰਤ 'ਚ ਲਾਲਾ ਲਾਜਪਤ ਰਾਏ ਜਨਮ ਅਸਥਾਨ ਯਾਦਗਾਰ ਕਮੇਟੀ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ।

## ਪੰਜਾਬ ਸਰਕਾਰ ਵੱਲੋਂ ਪਰਾਲੀ ਸੰਬੰਧੀ ਡਿਪਟੀ ਕਮਿਸ਼ਨਰਾਂ ਨੂੰ ਝਾੜਾਂ ਪਾਉਣ ਦੀ ਕੋਈ ਤੁੱਕ ਨਹੀਂ : ਮਾਨ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜੋ ਪੰਜਾਬ ਵਿਚ ਪੰਜਾਬ ਸਰਕਾਰ ਨੇ ਪਰਾਲੀ ਨੂੰ ਅੱਗ ਲਗਾਉਣ ਸੰਬੰਧੀ ਪੰਜਾਬ ਦੇ ਡਿਪਟੀ ਕਮਿਸ਼ਨਰਾਂ, ਹੋਰ ਅਧਿਕਾਰੀਆਂ ਅਤੇ ਜ਼ਿਮੀਦਾਰਾਂ ਨਾਲ ਸਖਤੀ ਸ਼ੁਰੂ ਕੀਤੀ ਹੋਈ ਹੈ, ਇਸ ਦੀ ਇਸ ਲਈ ਕੋਈ ਦਲੀਲ ਨਹੀਂ ਬਣਦੀ ਕਿਉਂਕਿ ਪੰਜਾਬ ਸਰਕਾਰ ਨੇ ਪਰਾਲੀ ਦੀਆਂ ਉਸੇ ਤਰ੍ਹਾਂ ਦੀਆਂ ਗੰਢਾਂ ਬਣਾਉਣ ਲਈ ਜਿਵੇਂ ਯੂਰਪ ਵਿਚ ਸਟੈਪਸ ਹਨ, ਉਹ ਲੋੜੀਂਦੀ ਗਿਣਤੀ ਵਿਚ ਪੰਜਾਬ ਵਿਚ ਉਪਲੱਬਧ ਹੀ ਨਹੀਂ ਕਰਵਾਏ । ਫਿਰ ਤਾਂ ਜ਼ਿਮੀਦਾਰਾਂ ਵੱਲੋਂ ਪਰਾਲੀ ਨੂੰ ਅਗਨ ਭੇਟ ਕਰਨ ਦੀ ਤਾਂ ਵੱਡੀ ਮਜਬੂਰੀ ਬਣ ਜਾਂਦੀ ਹੈ । ਇਹ ਖਾਮੀ ਜ਼ਿਮੀਦਾਰਾਂ ਤੇ ਅਫਸਰਾਂ ਦੀ ਨਹੀਂ ਬਲਕਿ ਸਰਕਾਰ ਦੇ ਅਯੋਗ ਪ੍ਰਬੰਧ ਦੀ ਹੈ । ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਪੰਜਾਬ ਦੇ ਜ਼ਿਮੀਦਾਰਾਂ ਅਤੇ ਡਿਪਟੀ ਕਮਿਸ਼ਨਰਾਂ ਵੱਲੋਂ ਪਰਾਲੀ ਸੰਬੰਧੀ ਅੱਗਾਂ ਲੱਗਣ ਦੀ ਕਾਰਵਾਈ ਉਤੇ ਸਖਤੀ ਕਰਨ ਅਤੇ ਅਫਸਰਸ਼ਾਹੀ ਨੂੰ ਝਾੜ ਪਾਉਣ ਦੀਆਂ ਦਿਸ਼ਾਹੀਣ ਕਾਰਵਾਈਆਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਇਸ ਅਮਲ ਨੂੰ ਪੰਜਾਬ ਦੇ ਜ਼ਿਮੀਦਾਰਾਂ ਵਿਚ ਨਿਰਾਸ਼ਾ ਪੈਦਾ ਕਰਨ ਵਾਲੀ ਕਰਾਰ ਦਿੰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਉਤੇ ਜੇਕਰ ਪੰਜਾਬ ਸਰਕਾਰ ਜਬਰ ਕਰੇਗੀ, ਜ਼ਿਮੀਦਾਰਾਂ ਨੂੰ ਸਜ਼ਾਵਾਂ ਤੇ ਜੁਰਮਾਨੇ ਲਾਵੇਗੀ ਇਹ ਤਾਂ ਉਨ੍ਹਾਂ ਨਾਲ ਇਕ ਬਹੁਤ ਵੱਡੀ ਜ਼ਿਆਦਤੀ ਹੋਵੇਗੀ । ਉਨ੍ਹਾਂ ਕਿਹਾ ਕਿ ਅਜਿਹੀ ਕਾਰਵਾਈ ਪੰਜਾਬ ਸਰਕਾਰ ਨੂੰ ਜਬਰੀ ਕਦਾਚਿੱਤ ਨਹੀਂ ਕਰਨੀ ਚਾਹੀਦੀ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਅੰਤਰ-ਸਕੂਲ ਯੁਵਕ ਮੇਲਾ

**34 ਸਕੂਲਾਂ ਦੇ 450 ਵਿਦਿਆਰਥੀ ਹੋਏ ਸ਼ਾਮਲ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਸ੍ਰੀ ਮੁਕਤਸਰ ਵੱਲੋਂ ਵਿਦਿਆਰਥੀਆਂ ਦੀ ਸਰਵਪੱਖੀ ਸ਼ਖਸੀਅਤ ਨੂੰ ਸਮਰਪਤ ਅੰਤਰ-ਸਕੂਲ ਯੁਵਕ ਮੇਲਾ ਸਥਾਨਕ ਦਫਤਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਵੱਖ ਵੱਖ 34 ਸਕੂਲਾਂ ਦੇ 450 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਦੇ ਕਵਿਤਾ ਉਚਾਰਣ, ਕੁਇੱਜ਼, ਦਸਤਾਰ ਸਜਾਉਣ ਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ। ਉਪਰੰਤ ਜਥੇਬੰਦੀ ਦੇ ਸੇਵਾਦਾਰਾਂ ਨੇ ਆਏ ਹੋਏ ਸਮੂਹ ਵਿਦਿਆਰਥੀਆਂ ਤੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਸ੍ਰ. ਰਣਜੀਤ ਸਿੰਘ ਪ੍ਰਧਾਨ ਫਰੀਦਕੋਟ ਸ੍ਰੀ ਮੁਕਤਸਰ ਸਾਹਿਬ ਬਠਿੰਡਾ ਜ਼ੋਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਡਾ. ਗੁਰਪ੍ਰੀਤ ਸਿੰਘ ਮਾਲਵਾ ਅਲਟ੍ਰਾਸਾਊਂਡ ਵਾਲਿਆਂ ਨੇ ਪ੍ਰਧਾਨਗੀ ਕੀਤੀ। ਇਸ ਮੌਕੇ ਭਾਈ ਜਗਬੀਰ ਸਿੰਘ ਕਥਾਵਸਚਕ ਤੇ ਗ੍ਰੰਥੀ ਗੁ. ਟੁੱਟੀ ਗੰਢੀ ਸਾਹਿਬ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸ੍ਰ. ਗੁਰਚਰਨ ਸਿੰਘ ਚੰਨ (ਦਵਿੰਦਰ ਸੰਧੂ) ਕਵਿਤਾ ਮੁਕਾਬਲੇ ਵਿੱਚ, ਜੈਦੀਪ ਸਿੰਘ ਤੇ ਸ਼ਮਿੰਦਰ ਸਿੰਘ ਨੇ ਦਸਤਾਰ ਮੁਕਾਬਲੇ ਵਿੱਚ, ਪਾਹੁਲ ਸਿੰਘ, ਤਰਿੰਦਰ ਕੌਰ, ਹਰਪ੍ਰੀਤ ਕੌਰ ਨੇ ਸੁੰਦਰ ਲਿਖਾਈ ਦੀ ਜੱਜਮੈਂਟ ਦੀ ਸੇਵਾ ਨਿਭਾਈ। ਕੁਇੱਜ਼ ਦੀ ਸੇਵਾ ਵੀਰ ਰਮਨਦੀਪ ਸਿੰਘ ਵੱਲੋਂ ਸੁਚੱਜੇ ਢੰਗ ਨਾਲ ਨਿਭਾਈ ਗਈ। ਇਸ ਦੌਰਾਨ ਸਰਕਲ ਵੱਲੋਂ ਕਰਵਾਏ ਗਏ ਨੈਤਿਕ ਇਮਤਿਹਾਨ 2023 ਵਿੱਚ ਵੱਖ ਵੱਖ ਸਥਾਨਾਂ 'ਤੇ ਰਹਿਣ ਵਾਲੇ 80 ਵਿਦਿਆਰਥੀਆਂ ਨੂੰ ਨਗਦ ਇਨਾਮਾਂ ਤੇ ਸਨਮਾਨ ਚਿੰਨ੍ਹਾਂ ਨਾਲ ਸਨਮਾਨਤ ਕੀਤਾ ਗਿਆ। ਇਨਾਮ ਵੰਡ ਸਮਾਗਮ ਵਿੱਚ ਮਹਿਮਾਨਾਂ ਤੋਂ ਇਲਾਵਾ ਸ੍ਰ. ਰਜਿੰਦਰ ਸਿੰਘ ਸੋਹਣੇਵਾਲਾ, ਰਮਨਦੀਪ ਸਿੰਘ, ਨਾਇਬ ਸਿੰਘ ਆਦਿਕ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਵੱਖ ਵੱਖ ਮੁਕਾਬਲਿਆਂ ਦੇ ਨਤੀਜੇ ਇਸ ਪ੍ਰਕਾਰ ਰਹੇ :- ਕਵਿਤਾ ਉਚਾਰਣ ਮੁਕਾਬਲੇ ਵਿੱਚ ਮਨਕੀਰਤ ਸਿੰਘ ਅਕਾਲ ਅਕੈਡਮੀ ਸ੍ਰੀ ਮੁਕਤਸਰ ਸਾਹਿਬ ਨੇ ਪਹਿਲਾ, ਜਸਲੀਨ ਕੌਰ ਡੀ.ਵੀ.ਐੱਮ. ਪਬਲਿਕ ਸਕੂਲ ਉਦੇਕਰਨ ਨੇ ਦੂਸਰਾ ਤੇ ਏਕਮਜੀਤ ਕੌਰ ਸੰਤ ਬਾਬਾ ਗੁਰਮੁਖ ਸਿੰਘ ਪਬਲਿਕ ਸਕੂਲ ਨੇ ਤੀਸਰਾ ਸਥਾਨ ਤੇ ਪ੍ਰਭਜੋਤ ਕੌਰ ਫਤਹਿ ਗਲੋਬਲ ਸਕੂਲ ਮੱਲਣ ਨੇ ਵਿਸ਼ੇਸ਼ ਸਥਾਨ ਹਾਸਲ ਕੀਤਾ। ਕੁਇੱਜ਼ ਮੁਕਾਬਲੇ ਵਿੱਚ ਐੱਲ ਡੀ ਆਰ ਕਾਨਵੈਂਟ ਸਕੂਲ ਦੀ ਟੀਮ ਨੇ ਪਹਿਲਾ, ਸੇਂਟ ਫਰੀਦ ਕਾਨਵੈਂਟ ਸਕੂਲ, ਮੁਕਤਸਰ ਦੀ ਟੀਮ ਨੇ ਦੂਸਰਾ ਤੇ ਅਕਾਲ ਅਕੈਡਮੀ ਮੁਕਤਸਰ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਸੁੰਦਰ ਲਿਖਾਈ ਸਬ ਜੂਨੀਅਰ ਮੁਕਾਬਲੇ 'ਚ ਨਵਗੀਤ ਕੌਰ ਅਕਾਲ ਅਕੈਡਮੀ ਨੇ ਪਹਿਲਾ, ਜਪਗੁਣ ਕੌਰ ਭਾਈ ਮਸਤਾਨ ਸਿੰਘ ਸਿੰਘ ਪਬ. ਸੀ. ਸੈ. ਸਕੂਲ ਮੁਕਤਸਰ ਨੇ ਦੂਸਰਾ ਤੇ ਰਿਦਮ ਡੀ.ਏ.ਵੀ ਮਾਡਲ ਸਕੂਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੁੰਦਰ ਲਿਖਾਈ ਜੂਨੀਅਰ ਮੁਕਾਬਲੇ 'ਚ ਮਨਰਾਜ ਸਿੰਘ ਭਾਈ ਮਸਤਾਨ ਸਿੰਘ ਸਕੂਲ, ਦਿਵਿਆ ਸ.ਕੰ.ਸੀ.ਸੈ.ਸਕੂਲ, ਸੁਖਪ੍ਰੀਤ ਸਿੰਘ ਸ.ਸ.ਸ.ਸਕੂਲ ਲੜਕੇ ਰੁਪਾਣਾ ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ। ਸੀਨੀਅਰ ਸੁੰਦਰ ਮੁਕਾਬਲੇ 'ਚ ਦੀਪਿਕਾ, ਸਨਾ ਕਾਇਤ ਡੀ.ਏ.ਵੀ. ਮਾਡਲ ਸਕੂਲ ਨੇ ਪਹਿਲਾ, ਦੂਸਰਾ ਤੇ ਖੁਸ਼ਮੀਨ ਕੌਰ ਭਾਈ ਮਸਤਾਨ ਸਿੰਘ ਸਕੂਲ ਤੇ ਹਰਨੀਤ ਕੌਰ ਅਕਾਲ ਅਕੈਡਮੀ ਨੇ ਤੀਸਰਾ ਸਥਾਨ ਹਾਸਲ ਕੀਤਾ।

ਦਸਤਾਰ ਸਜਾਉਣ ਮੁਕਾਬਲਾ ਸਬ ਜੂਨੀਅਰ ਵਿੱਚ ਹਰਮਨਦੀਪ ਸਿੰਘ, ਦਿਲਖੁਸ਼ ਸਿੰਘ ਸੇਂਟ ਫਰੀਦ ਸਕੂਲ ਨੇ ਪਹਿਲਾ ਤੇ ਦੂਸਰਾ ਸਥਾਨ, ਸ਼ਿਵਰੀਤ ਸਿੰਘ ਫਤਹਿ ਗਲੋਬਲ ਸਕੂਲ ਮੱਲਣ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਦਸਤਾਰ ਸਜਾਉਣ ਦੇ ਜੂਨੀਅਰ ਮੁਕਾਬਲੇ ਵਿੱਚ ਜਸਕਰਨ ਸਿੰਘ ਏ.ਪੀ.ਐੱਸ. ਪਬਲਿਕ ਸਕੂਲ ਲੁਬਾਨਿਆਂਵਾਲੀ, ਹਰਮੰਦਰ ਸਿੰਘ ਸਰਕਾਰੀ ਸਕੂਲ ਮੁੰਡੇ, ਫਤਹਿ ਸਿੰਘ ਸੰਤ ਬਾਬਾ ਗੁਰਮੁਖ ਸਿੰਘ ਸਕੂਲ ਨੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਦਸਤਾਰ ਸਜਾਉਣ ਮੁਕਾਬਲਾ ਸੀਨੀਅਰ ਵਿੱਚ ਜੈਜਵੀਰ ਸਿੰਘ, ਜਾਨਮੀਤ ਸਿੰਘ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਨੇ ਪਹਿਲਾ ਤੇ ਦੂਸਰਾ, ਪਰਮਪਾਲ ਸਿੰਘ ਅਕਾਲ ਅਕੈਡਮੀ ਨੇ ਤੀਸਰਾ ਸਥਾਨ ਹਾਸਲ ਕੀਤਾ। ਦੁਮਾਲਾ ਸਜਾਉਣ ਲੜਕੀਆਂ ਵਿੱਚ ਅੰਮ੍ਰਿਤਪਾਲ ਕੌਰ ਭਾਈ ਮਸਤਾਨ ਸਿੰਘ ਸਕੂਲ, ਕੋਮਲਪ੍ਰੀਤ ਕੌਰ ਸੰਤ ਬਾਬਾ ਗੁਰਮੁਖ ਸਿੰਘ ਪਬਲਿਕ ਸਕੂਲ, ਨਿਰਮਲ ਕੌਰ ਸ.ਕੰ.ਸ. ਮੁਕਤਸਰ ਨੇ ਪਹਿਲਾ, ਦੂਸਰਾ, ਤੀਸਰਾ ਅਤੇ ਗੁਰਲੀਨ ਕੌਰ ਅਕਾਲ ਅਕੈਡਮੀ ਨੇ ਵਿਸ਼ੇਸ਼ ਸਥਾਨ ਹਾਸਲ ਕੀਤਾ।

ਅੰਤ ਵਿੱਚ ਮੁੱਖ ਮਹਿਮਾਨ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ ਤੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਮਿੱਥਣ ਤੇ ਸਖਤ ਮਿਹਨਤ ਕਰਕੇ ਆਪਣਾ ਸੁਨਹਿਰਾ ਭਵਿੱਖ ਬਣਾਉਣ ਲਈ ਪ੍ਰੇਰਨਾ ਕੀਤੀ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਜਸਦੀਪ ਸਿੰਘ, ਗਗਨਦੀਪ ਸਿੰਘ, ਰਮਨਦੀਪ ਸਿੰਘ, ਹਰਜੋਤ ਸਿੰਘ ਹਨੀ, ਗਰਪ੍ਰੀਤ ਸਿੰਘ ਸਰਸਾ ਸਾਊਂਡ, ਅਮਨਦੀਪ ਸਿੰਘ ਚਹਿਲ, ਪ੍ਰਭਜੋਤ ਕੌਰ, ਸੰਦੀਪ ਕੌਰ ਰੁਪਾਣਾ, ਨਵਦੀਪ ਸਿੰਘ ਗਿਲਜੇਵਾਲਾ, ਸ਼ਮਿੰਦਰ ਸਿੰਘ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਚਾਹ ਦੀ ਸੇਵਾ ਰਜਿੰਦਰ ਸਿੰਘ ਸੋਹਣੇਵਾਲਾ ਦੀ ਸਮੁੱਚੀ ਟੀਮ ਤੇ ਲੰਗਰ ਦੀ ਸੇਵਾ ਹਰਬੰਸ ਸਿੰਘ ਦੇ ਪਰਵਾਰ ਵੱਲੋਂ ਨਿਭਾਈ ਗਈ।

19-NOV-PAGE-5.qxd 11/18/2023 10:13 PM Page 1



# ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਦੇ ਵਫਦ ਵੱਲੋਂ ਵਿੱਤ ਮੰਤਰੀ ਦੇ ਸ਼ਹਿਰ 'ਚ ਕਾਲ਼ੇ ਚੋਲ਼ੇ ਪਾ ਕੇ ਰੋਸ ਪ੍ਰਦਰਸ਼ਨ



**ਸੰਗਰੂਰ (ਪ੍ਰਵੀਨ ਸਿੰਘ)**- ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੱਦੇ 'ਤੇ ਪੰਜਾਬ ਦੇ ਕੋਨੇ ਕੋਨੇ ਤੋਂ ਆਏ ਸੈਂਕੜੇ ਮੁਲਾਜ਼ਮਾਂ ਨੇ ਸਮੂਹਕ ਵਫ਼ਦ ਦੇ ਰੂਪ ਵਿੱਚ ਵਿੱਤ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਕਾਲੇ ਚੋਲੇ ਪਾ ਕੇ ਸਥਾਨਕ ਸਿਵਲ ਹਸਪਤਾਲ ਸਾਹਮਣੇ ਰੋਸ ਰੈਲੀ ਕੀਤੀ ਗਈ ਤੇ ਪੰਜਾਬ ਸਰਕਾਰ ਦੀ ਲਾਰੇਬਾਜ਼ੀ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ-ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫ਼ਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਐਕਟਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਮੁੱਖ ਜਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਗੁਰਪ੍ਰੀਤ ਮਾੜੀਮੇਘਾ, ਗੁਰਜੀਤ ਸਿੰਘ ਘੋੜੇਵਾਹ, ਸੁਰਿੰਦਰ ਸਿੰਘ ਬਰਾੜ, ਅਸ਼ੋ ਸਨੌਰਾ, ਬਲਰਾਜ ਸਿੰਘ ਭੰਗੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਨੀਤੀ ਤੇ ਨੀਅਤ 'ਚ ਖੋਟ ਹੋਣ ਕਰਕੇ ਪੰਜਾਬ ਸਰਕਾਰ ਵੱਲੋਂ ਅੱਜ ਤੋਂ ਪੂਰਾ ਇੱਕ ਸਾਲ ਪਹਿਲਾਂ 18 ਨਵੰਬਰ 2022 ਦੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਬਿਲਕੁਲ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਪੂਰਾ ਇੱਕ ਸਾਲ ਲੰਘ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਦੀ ਬੇਈਮਾਨੀ ਕਾਰਨ 1 ਜਨਵਰੀ 2004 ਤੋਂ ਬਾਅਦ ਭਰਤੀ ਇੱਕ ਵੀ ਮੁਲਾਜ਼ਮ ਦਾ ਜੀ ਪੀ ਐੱਫ ਖ਼ਾਤਾ ਨਹੀਂ ਖੋਲ੍ਹਿਆ ਗਿਆ, ਜਦਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਲਾਗੂ ਕਰਨ ਸਬੰਧੀ ਆਪਣਾ ਪ੍ਰਚਾਰ ਧੂਮਧਾਮ ਨਾਲ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁਲਾਜ਼ਮ ਭਗਵੰਤ ਮਾਨ ਸਰਕਾਰ ਦੀ ਦੋਗਲੀ ਨੀਤੀ ਕਾਰਨ ਰੋਸ ਤੇ ਨਿਰਾਸ਼ਾ ਵਿੱਚ ਚੱਲ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਜਦਕਿ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਤੇ ਹਿਮਾਚਲ ਪ੍ਰਦੇਸ਼ ਸਰਕਾਰਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਅਧੀਨ ਐੱਨ.ਪੀ.ਐੱਸ. ਦੀ ਕਟੌਤੀ ਬੰਦ ਕਰਕੇ ਜੀ.ਪੀ.ਐੱਫ. ਦੀ ਕਟੌਤੀ ਸ਼ੁਰੂ ਕਰ ਦਿੱਤੀ ਗਈ ਹੈ, ਪਰ ਪੰਜਾਬ ਸਰਕਾਰ ਬੇਵਜ੍ਹਾ ਹੀ ਟਾਲ ਮਟੋਲ ਦੀ ਨੀਤੀ ਅਪਣਾ ਕੇ ਮੁਲਾਜ਼ਮਾਂ ਨੂੰ ਗੁੰਮਰਾਹ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਸਬ ਕਮੇਟੀ ਦੇ ਮੈਂਬਰ ਕੁਲਦੀਪ ਸਿੰਘ ਧਾਲੀਵਾਲ ਤੇ ਅਮਨ ਅਰੋੜਾ ਨਾਲ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀ ਲੀਡਰਸ਼ਿਪ ਦੀਆਂ ਕਈ ਮੀਟਿੰਗਾਂ ਹੋ ਚੁੱਕੀਆਂ ਹਨ। ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਇਨ੍ਹਾਂ ਸਾਰੀਆਂ ਮੀਟਿੰਗਾਂ ਦੌਰਾਨ ਸਿਵਾਏ ਲਾਰਿਆਂ ਦੇ ਕੁਝ ਵੀ ਪੱਲੇ ਨਹੀਂ ਪਿਆ।

ਚਲਦੀ ਹੋਈ ਰੋਸ ਰੈਲੀ ਦੌਰਾਨ ਡਿਪਟੀ ਕਮਿਸ਼ਨਰ ਸੰਗਰੂਰ ਦੇ ਪ੍ਰਤੀਨਿਧ ਨੇ 28 ਨਵੰਬਰ ਨੂੰ ਸਵੇਰੇ ਠੀਕ 11 ਵਜੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਦੇ ਆਗੂਆਂ ਦੀ ਇੱਕ ਮੀਟਿੰਗ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨਾਲ ਨਿਸ਼ਚਤ ਕਰਵਾਉਣ ਸਬੰਧੀ ਲਿਖਤੀ ਪੱਤਰ ਸੌਂਪਿਆ। ਇਸ ਕਾਰਨ ਸ਼ਹਿਰ 'ਚ ਕਾਲੇ ਚੋਲੇ ਪਾ ਕੇ ਰੋਸ ਮਾਰਚ ਕਰਨ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਇਸ ਮੀਟਿੰਗ ਦੌਰਾਨ ਕੋਈ ਸਾਰਥਿਕ ਸਿੱਟੇ ਨਾ ਨਿਕਲੇ ਤੇ ਇਹ ਮਸਲਾ ਤੁਰੰਤ ਹੱਲ ਨਾ ਕੀਤਾ ਗਿਆ ਤਾਂ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਜਲਦੀ ਹੀ ਆਪਣੀ ਮੀਟਿੰਗ ਕਰਕੇ ਆਉਣ ਵਾਲੇ ਸਮੇਂ 'ਚ ਹੋਰ ਸਖ਼ਤ ਐਕਸ਼ਨ ਕੀਤੇ ਜਾਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਮੇਲਾ ਸਿੰਘ ਪੁੰਨਾਂਵਾਲ, ਸੀਤਾ ਰਾਮ ਸ਼ਰਮਾ, ਰਣਜੀਤ ਸਿੰਘ ਭੀਖੀ, ਰਮੇਸ਼ ਕੁਮਾਰ, ਹੇਮ ਰਾਜ ਦੀਦਾਰਗੜ੍ਹ, ਜੀਵਨ ਸਿੰਘ (ਬਿਜਲੀ ਫੈਡਰੇਸ਼ਨ), ਗੁਰਮੀਤ ਸਿੰਘ ਮਿੱਡਾ, ਬਲਜਿੰਦਰ ਸਿੰਘ ਵਡਾਲੀ, ਜੋਗਿੰਦਰ ਸਿੰਘ, ਬਲਦੇਵ ਸਿੰਘ ਤੋਲਾ ਨੰਗਲ, ਕੁਲਵੰਤ ਸਿੰਘ ਚਾਨੀ, ਕੁਲਦੀਪ ਸਿੰਘ ਸਹਿਦੇਵ, ਭੁਪਿੰਦਰ ਸਿੰਘ, ਤਰਨਜੀਤ ਸਿੰਘ, ਹਰਪ੍ਰੀਤ ਸਿੰਘ ਬਾਲਪੁਰਾ, ਸੰਜੇ ਕੁਮਾਰ ਬੈਂਸ, ਰਵੀ ਇੰਦਰ ਸਿੰਘ, ਗੁਰਪ੍ਰੀਤ ਸਿੰਘ ਫਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ ਆਦਿ ਸ਼ਾਮਲ ਸਨ।

# ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਕਾਰਜਕਾਰਨੀ ਦੀ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸੰਗਰੂਰ ਦੀ ਕਾਰਜਕਾਰਨੀ ਦੀ ਮੀਟਿੰਗ ਸਾਥੀ ਹਰਦੇਵ ਸਿੰਘ ਬਖਸ਼ੀਵਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੇ ਫ਼ੈਸਲੇ ਰਿਲੀਜ਼ ਕਰਦਿਆਂ ਕਿਹਾ ਕਿ ਦੇ ਕਮਿਊਨਿਸਟ ਆਗੂ ਸਾਥੀ ਰਣਜੀਤ ਸਿੰਘ ਬਿੰਝੋਕੀ ਤੇ ਸਾਥੀ ਰਣਜੀਤ ਸਿੰਘ ਕਲਿਆਣ ਦੀ ਕਮਿਊਨਿਸਟ ਪਾਰਟੀ ਤੇ ਹੋਰ ਕਈ ਜਥੇਬੰਦੀਆਂ ਦੀ ਪ੍ਰਸ਼ੰਸਾ ਕਰਦਿਆਂ ਵੇ-ਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਦਸੰਬਰ 2023 ਵਿੱਚ ਜ਼ਿਲ੍ਹਾ ਭਾਰੀ ਮੀਟਿੰਗ ਸੱਦਣ ਤੇ ਹਰ ਤਹਿਸੀਲ ਵਿੱਚ ਇੱਕ ਇੱਕ ਵੱਡੀ ਕਾਨਫਰੰਸ ਕਰਨ ਦਾ ਫ਼ੈਸਲਾ ਕੀਤਾ। ਇਜ਼ਰਾਈਲ ਵੱਲੋਂ ਫਲਸਤੀਨ 'ਤੇ ਕੀਤੇ ਹਮਲੇ ਦੀ ਅਤੇ ਇਜ਼ਰਾਈਲ ਦੀ ਕਬਜ਼ਾ ਕਰੂ ਨੀਤੀ ਦਾ ਵਿਰੋਧ ਕਰਦਿਆਂ ਫਲਸਤੀਨ ਦੀ ਹਮਾਇਤ ਦਾ ਫ਼ੈਸਲਾ ਕੀਤਾ ਗਿਆ। ਪੰਜਾਬ ਖੇਤ ਮਜ਼ਦੂਰ ਸਭਾ ਦੀ ਫਰੀਦਕੋਟ ਵਿਖੇ ਹੋ ਰਹੀ ਦੋ ਰੋਜ਼ਾ ਕਾਨਫਰੰਸ ਸਮੇਂ ਰੈਲੀ ਵਿੱਚ ਹੁੰਮ ਹੁਮਾ ਕੇ ਪਹੁੰਚਣ ਦਾ ਫ਼ੈਸਲਾ ਕੀਤਾ ਗਿਆ। ਕੇਂਦਰੀ ਟਰੇਡ ਯੂਨੀਅਨ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਾਂਝੇ ਤੌਰ 'ਤੇ 26, 27 ਤੇ 28 ਨਵੰਬਰ ਨੂੰ ਚੰਡੀਗੜ੍ਹ ਵਿਖੇ ਕੀਤੇ ਜਾ ਰਹੇ ਧਰਨੇ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਡਾ. ਮਨਿੰਦਰ ਧਾਲੀਵਾਲ, ਗੁਰਦਿਆਲ ਨਿਰਮਾਣ, ਬ੍ਰਿਜ ਲਾਲ, ਸੰਪੂਰਨ ਸਿੰਘ, ਸੁਰਿੰਦਰ ਭੈਣੀ, ਭਰਪੂਰ ਸਿੰਘ ਬੁਲਾਂਪੁਰ, ਨਿਰਮਲ ਸਿੰਘ ਬਟਰਿਆਣਾ ਤੇ ਜਗਦੇਵ ਵਾਹੀਆ ਹਾਜ਼ਰ ਸਨ। ਜ਼ਿਲ੍ਹਾ ਇੰਚਾਰਜ ਬਲਦੇਵ ਸਿੰਘ ਨਿਹਾਲਗੜ੍ਹ ਨੇ ਫੈਸਲਿਆਂ ਦੀ ਰਿਪੋਰਟਿੰਗ ਕੀਤੀ। ਅੰਤ ਵਿੱਚ ਸਾਥੀ ਹਰਦੇਵ ਸਿੰਘ ਬਖਸ਼ੀਵਾਲਾ ਨੇ ਮੀਟਿੰਗ ਵਿੱਚ ਆਏ ਸਾਥੀਆਂ ਦਾ ਧੰਨਵਾਦ ਕੀਤਾ।

# ਦਲਿਤਾਂ/ਮਜ਼ਦੂਰਾਂ ਦੀ ਦਰਕਿਨਾਰੀ ਨਾਲ ਪੰਜਾਬ ਦੀ ਭਲਾਈ ਸੰਭਵ ਨਹੀਂ : ਚੌਹਾਨ

## 12 ਘੰਟੇ ਕੰਮ ਦਿਹਾੜੀ ਵਾਲਾ ਨੋਟੀਫਿਕੇਸ਼ਨ ਕਿਰਤ ਵਿਰੋਧੀ : ਕੇਵਲ ਸਮਾਓਂ/ਰੂਪ ਢਿੱਲੋਂ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਖੇਤ ਮਜ਼ਦੂਰ ਸਭਾ ਤੇ ਹੋਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਦਲਿਤਾਂ ਤੇ ਮਜ਼ਦੂਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ, ਪ੍ਰੰਤੂ ਸੂਬੇ ਦੀ ਮਾਨ ਸਰਕਾਰ 34 ਪ੍ਰਤੀਸ਼ਤ ਦਲਿਤ ਤੇ ਮਜ਼ਦੂਰ ਲੋਕਾਂ ਨੂੰ ਦਰਕਿਨਾਰ ਕਰਕੇ ਵਿਕਾਸ ਦੀਆਂ ਟਾਹਰਾਂ ਮਾਰ ਰਹੀ ਹੈ, ਜਦਕਿ ਦਲਿਤਾਂ/ਮਜ਼ਦੂਰਾਂ ਨੂੰ ਨਜ਼ਰ ਅੰਦਾਜ਼ ਕਰਕੇ ਪੰਜਾਬ ਦਾ ਭਲਾ ਸੰਭਵ ਹੀ ਨਹੀਂ। ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਮੀਤ ਪ੍ਰਧਾਨ ਕ੍ਰਿਸ਼ਨ ਚੌਹਾਨ ਨੇ ਮਜ਼ਦੂਰਾਂ ਦੀ ਫਰੀਦਕੋਟ ਰੈਲੀ ਦੀ ਤਿਆਰੀ ਸਬੰਧੀ ਜਨ ਸੰਪਰਕ ਮੁਹਿੰਮ ਮੌਕੇ ਵੱਖ ਵੱਖ ਪਿੰਡਾਂ ਮਾਨਸਾ ਖੁਰਦ, ਖਿਆਲਾਂ ਕਲਾਂ, ਭੀਖੀ ਤੇ ਸਮਾਓਂ ਵਿਖੇ ਪਬਲਿਕ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ। ਮਜ਼ਦੂਰ ਆਗੂ ਨੇ ਪੰਜਾਬ ਦੇ ਮਜ਼ਦੂਰਾਂ ਤੇ ਦਲਿਤਾਂ ਨੂੰ ਅਪੀਲ ਕੀਤੀ ਕਿ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਜਿਵੇਂ ਕਿ ਘੱਟੋ ਘੱਟ ਦਿਹਾੜੀ 700/ਰੁਪੈ ਪ੍ਰਤੀ ਦਿਨ, ਨਰੇਗਾ ਕਾਨੂੰਨ ਤਹਿਤ ਪਤੀ ਪਤਨੀ ਨੂੰ 200 ਦਿਨ ਕੰਮ ਲਾਜ਼ਮੀ ਦੇਣ, ਹਰ ਲੋੜਵੰਦ ਨੂੰ ਪੰਜ ਪੰਜ ਮਰਲੇ ਦੇ ਪਲਾਟ ਤੇ ਮਕਾਨ ਉਸਾਰੀ ਲਈ ਗਰਾਂਟ ਦੇਣ, ਦਲਿਤਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ, ਮਾਈਕਰੋ ਫਾਈਨਾਂਸ ਕੰਪਨੀਆਂ ਦੇ ਕਰਜ਼ੇ ਮੁਆਫ ਕਰਨ, ਨਰਮਾ ਚੁਗਾਈ ਦੇ ਮੁਆਵਜ਼ੇ ਦੀ ਮੰਗ ਆਦਿ ਬਾਰੇ ਸਰਕਾਰ ਖਿਲਾਫ ਸੰਘਰਸ਼ ਨੂੰ ਹੋਰ ਤੇਜ਼ ਕਰਨ ਤਾਂ ਜੋ ਉਕਤ ਮੰਗਾਂ ਦੀ ਸਰਕਾਰ ਤੋਂ ਪੂਰਤੀ ਕਰਵਾਈ ਜਾ ਸਕੇ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਮਾਓਂ ਤੇ ਸੀ ਪੀ ਆਈ ਸਬ ਡਵੀਜ਼ਨ ਦੇ ਸਕੱਤਰ ਰੂਪ ਸਿੰਘ ਢਿੱਲੋਂ ਨੇ ਏਟਕ ਕਰਨੈਲ ਸਿੰਘ ਭੀਖੀ ਨੇ ਕਿਹਾ ਕਿ 8 ਤੋਂ 12 ਘੰਟਿਆਂ ਦੀ ਦਿਹਾੜੀ ਦਾ ਨੋਟੀਫਿਕੇਸ਼ਨ ਅਮਲੀ ਰੂਪ ਵਿੱਚ ਬੇਰੁਜ਼ਗਾਰੀ ਦੀ ਵੱਡੀ ਮੁਸੀਬਤ ਨੂੰ ਜਨਮ ਦੇਵੇਗਾ, ਜੋ ਕਿ ਕਿਰਤ ਵਿਰੋਧੀ ਤੇ ਸਰਮਾਏਦਾਰ ਪੱਖੀ ਹੈ ਨਿਖੇਧਣ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਮਜ਼ਦੂਰ ਵਰਗ ਦੇ ਭਵਿੱਖ ਸਬੰਧੀ ਚਿੰਤਾਤੁਰ ਹੁੰਦਿਆਂ ਹੀ ਜਥੇਬੰਦੀ ਵੱਲੋਂ 25 ਨਵੰਬਰ ਦੀ ਫਰੀਦਕੋਟ ਰੈਲੀ ਰੱਖੀ ਗਈ ਹੈ, ਜੋ ਕਿ ਲਾਮਿਸਾਲ ਹੋਵੇਗੀ। ਰੈਲੀ ਵਿੱਚ ਮਾਨਸਾ ਜ਼ਿਲ੍ਹੇ ਤੋਂ 600 ਸਾਥੀ ਰੈਲੀ ਵਿੱਚ ਪਹੁੰਚ ਰਹੇ ਹਨ। ਰੈਲੀ ਨੂੰ ਕਾਮਰੇਡ ਡੀ ਰਾਜਾ ਜਨਰਲ ਸਕੱਤਰ ਸੀ ਪੀ ਆਈ ਸਮੇਤ ਪਾਰਟੀ ਤੇ ਜਥੇਬੰਦੀ ਦੀ ਕੌਮੀ ਤੇ ਸੂਬਾਈ ਲੀਡਰਸ਼ਿਪ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰੇਗੀ। ਮੀਟਿੰਗਾਂ ਸਮੇਂ ਦਲਜੀਤ ਮਾਨਸ਼ਾਹੀਆ, ਹਰਨੇਕ ਢਿੱਲੋਂ, ਸੁਖਦੇਵ ਪੰਧੇਰ, ਕੇਵਲ ਐਮਸੀ ਭੀਖੀ, ਸਾਜਣ ਖਿਆਲਾਂ, ਮੁਖਤਿਆਰ ਸਿੰਘ ਖਿਆਲਾਂ ਕਲਾਂ, ਮੇਜਰ ਭੀਖੀ ਆਦਿ ਸਾਥੀ ਹਾਜ਼ਰ ਸਨ।

## ਕਾਤਰਾਂ

### ਅਨਿਲ ਤੇ ਅੰਬਰ 'ਆਪ' 'ਚ ਸ਼ਾਮਲ



**ਲੁਧਿਆਣਾ (ਰਾਜ ਸਿਗਲਾ)**-ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਖ਼ੁਸ਼ ਹੋ ਕੇ ਦੂਜੀਆਂ ਪਾਰਟੀਆਂ ਦੇ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਸੇ ਲੜੀ ਤਹਿਤ ਲੁਧਿਆਣਾ ਹਲਕਾ ਸੈਂਟਰਲ ਦੇ ਵਾਰਡ ਨੰਬਰ 84 ਤੋਂ ਕੌਂਸਲਰ ਰਹੇ ਅਨਿਲ ਪਾਰਤੀ ਤੇ ਲੁਧਿਆਣਾ ਸੈਂਟਰਲ ਦੇ ਯੂਥ ਕਾਂਗਰਸ ਪ੍ਰਧਾਨ ਅੰਬਰ ਪਾਰਤੀ ਆਪਣੇ ਸਾਥੀਆਂ ਨਾਲ ਆਮ ਆਦਮੀ ਪਾਰਟੀ ਵਿੱਚ ਲੁਧਿਆਣਾ ਸੈਂਟਰਲ ਤੋਂ ਵਿਧਾਇਕ ਅਸ਼ੋਕ ਪੱਪੀ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

### ਜਥੇਦਾਰ ਟਾਂਡਾ ਨੂੰ ਸਦਮਾ, ਪਤਨੀ ਦਾ ਦਿਹਾਂਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਲਾਕੇ ਦੇ ਉੱਘੇ ਅਕਾਲੀ ਆਗੂ ਜਥੇਦਾਰ ਬਲਵੀਰ ਸਿੰਘ ਟਾਂਡਾ ਨੂੰ ਉਸ ਸਮੇਂ ਭਾਰੀ ਸਦਮਾ ਪਹੁੰਚਿਆ, ਜਦੋਂ ਉਨ੍ਹਾਂ ਦੀ ਧਰਮ ਪਤਨੀ ਬੀਬੀ ਕਮਲਜੀਤ ਕੌਰ ਸੰਖੇਪ ਬੀਮਾਰੀ ਪਿੱਛੋਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੀ ਮੌਤ 'ਤੇ ਇਲਾਕੇ ਦੇ ਸੀਨੀਅਰ ਅਕਾਲੀ ਆਗੂਆਂ ਤੋਂ ਇਲਾਵਾ ਵੱਖ-ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਸਬੰਧਤ ਪਤਵੰਤੇ ਸੱਜਣਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਵ. ਕਮਲਜੀਤ ਕੌਰ ਦਾ ਪਿੰਡ ਟਾਂਡਾ ਕੁਸ਼ਲ ਸਿੰਘ ਦੇ ਸ਼ਮਸ਼ਾਨਘਾਟ ਵਿਖੇ ਬਾਅਦ ਦੁਪਹਿਰ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਨਮਿੱਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ 20 ਨਵੰਬਰ ਨੂੰ ਪਿੰਡ ਟਾਂਡਾ ਕੁਸ਼ਲ ਸਿੰਘ ਦੇ ਗੁਰਦੁਆਰਾ ਸਾਹਿਬ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ।

### ਚੌਕੀਦਾਰ ਦੀ ਕੁੱਟਮਾਰ ਕਰਕੇ ਕਾਰ ਸਵਾਰ ਹੋਏ ਫਰਾਰ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਕੇਬਲਾਂ ਚੋਰੀ ਕਰਨ ਆਏ ਕਾਰ ਸਵਾਰਾਂ ਵੱਲੋਂ ਚੌਕੀਦਾਰ ਦੀ ਕੁੱਟਮਾਰ ਕੀਤੇ ਜਾਣ ਦਾ ਕਥਿਤ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਬਿੰਦਰ ਵਾਸੀ ਪਿੰਡ ਕੋਹੀ (ਲੁਧਿਆਣਾ) ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਵਾਇਰਕੋਟ ਕੰਪਨੀ 'ਚ ਚੌਕੀਦਾਰ ਦੀ ਨੌਕਰੀ ਕਰਦਾ ਹੈ ਤੇ ਉਨ੍ਹਾਂ ਦੀ ਕੰਪਨੀ ਵੱਲੋਂ ਇਨ੍ਹੀਂ ਦਿਨੀਂ ਫਤਿਹਗੜ੍ਹ ਸਾਹਿਬ ਦੇ ਇਲਾਕੇ 'ਚ ਕੇਬਲ ਵਿਛਾਈ ਜਾ ਰਹੀ ਹੈ ਤੇ ਉਸ ਦੀ ਡਿਊਟੀ ਕਰਦੇ ਸਮੇਂ 15 ਨਵੰਬਰ ਦੀ ਸ਼ਾਮ ਸਾਢੇ ਕੁ ਸੱਤ ਵਜੇ ਦੇ ਕਰੀਬ ਜਦੋਂ ਉਹ ਦੁਕਾਨ 'ਚੋਂ ਬਾਹਰ ਨਿਕਲਿਆ ਤਾਂ ਪੰਜ ਵਿਅਕਤੀ ਜਿਨ੍ਹਾਂ ਕੋਲ ਚਿੱਟੇ ਰੰਗ ਦੀ ਕਾਰ ਸੀ, ਪੌੜੀ ਲਾ ਕੇ ਕੰਪਨੀ ਦੀਆਂ ਕੇਬਲਾਂ ਵੱਢਦੇ ਦਿਖਾਈ ਦਿੱਤੇ। ਜਿਨ੍ਹਾਂ ਕੋਲ ਜਾ ਕੇ ਜਦੋਂ ਉਸ ਨੇ ਪੁੱਛਿਆ ਕਿ ਤੁਸੀਂ ਕੇਬਲਾਂ ਕਿਉਂ ਵੱਢ ਰਹੇ ਹੋ ਤਾਂ ਉਨਾਂ ਨੇ ਉਸ ਦੀ ਕੁੱਟਮਾਰ ਕਰ ਦਿੱਤੀ ਤੇ ਉਕਤ ਵਿਅਕਤੀ ਚੋਰੀ ਕੀਤੀਆਂ ਕੇਬਲਾਂ ਕਾਰ 'ਚ ਰੱਖ ਕੇ ਫਰਾਰ ਹੋ ਗਏ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਸਰਹਿੰਦ ਦੀ ਪੁਲਸ ਨੇ ਲੱਕੀ, ਮਿੰਟੂ ਅਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਗੁਰਤੇਜ ਗਿੱਲ ਡਵੀਜ਼ਨ ਫਿਰੋਜ਼ਪੁਰ ਦੇ ਪ੍ਰਧਾਨ ਬਣੇ

**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਰੈਵੀਨਿਊ ਆਫੀਸਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਗੁਰਦੇਵ ਸਿੰਘ ਧੰਮ ਦੇ ਜ਼ਿਲ੍ਹਾ ਮਾਲ ਅਫਸਰ ਤੋਂ ਪੀਸੀਐੱਸ ਦੇ ਕੇਡਰ ਵਿੱਚ ਤਰੱਕੀ ਹੋ ਜਾਣ ਦੇ ਫਲਸਰੂਪ ਇਸ ਬਾਡੀ ਦੀ ਨਵੀਂ ਚੋਣ ਕੀਤੀ ਗਈ, ਜਿਸ ਵਿੱਚ ਨੈਬ ਤਹਿਸੀਲਦਾਰ ਸੁਖਚਰਨ ਸਿੰਘ ਚੰਨੀ ਨੂੰ ਸੂਬੇ ਦਾ ਨਵਾਂ ਪ੍ਰਧਾਨ ਤੇ ਨਾਇਬ



ਤਹਿਸੀਲਦਾਰ ਮਨਿੰਦਰ ਸਿੰਘ ਨੂੰ ਸੂਬੇ ਦਾ ਜਨਰਲ ਸਕੱਤਰ ਚੁਣ ਲਿਆ ਗਿਆ। ਇਸੇ ਤਰ੍ਹਾਂ ਹੀ ਸ੍ਰੀ ਗੁਰਤੇਜ ਸਿੰਘ ਗਿੱਲ ਜੋ ਕਿ ਕੋਟ ਈਸੇ ਖਾਂ ਵਿਖੇ ਬਤੌਰ ਨਾਇਬ ਤਹਿਸੀਲਦਾਰ ਸੇਵਾ ਨਿਭਾਅ ਰਹੇ ਹਨ ਅਤੇ ਜੋ ਮੁੱਢ ਤੋਂ ਹੀ ਯੂਨੀਅਨਿਸਟ ਹੋਣ ਨਾਤੇ ਆਪਣੇ ਵਰਗ ਦੀ ਪੂਰੀ ਤਨ ਦੇਹੀ ਨਾਲ ਸੇਵਾ ਕਰਦੇ ਆ ਰਹੇ ਹਨ, ਇਸੇ ਕਾਰਨ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬ ਰੈਵੀਨਿਊ ਅਫੀਸਰ ਐਸੋਸੀਏਸ਼ਨ ਨੇ ਉਨ੍ਹਾਂ 'ਤੇ ਵੱਡੀ ਜ਼ਿੰਮੇਵਾਰੀ ਪਾਉਂਦੇ ਹੋਏ ਉਨ੍ਹਾਂ ਨੂੰ ਫਿਰੋਜ਼ਪੁਰ ਡਵੀਜ਼ਨ ਦਾ ਬਤੌਰ ਪ੍ਰਧਾਨ ਚੁਣ ਲਿਆ ਗਿਆ ਹੈ, ਜਿਨ੍ਹਾਂ ਨਾਲ ਰੇਸ਼ਮ ਸਿੰਘ ਸੀਨੀਅਰ ਮੀਤ ਪ੍ਰਧਾਨ ਤਹਿਸੀਲਦਾਰ ਧਰਮਕੋਟ ਤੇ ਹਰਮੀਤ ਸਿੰਘ ਜਨਰਲ ਸਕੱਤਰ ਨਾਇਬ ਤਹਿਸੀਲਦਾਰ ਮੋਗਾ ਬਣਾਏ ਗਏ ਹਨ। ਇਸ ਸਮੇਂ ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਪੂਰੀ ਤਨਦੇਹੀ ਨਾਲ ਇਸ ਵਰਗ ਦੀ ਸੇਵਾ ਕਰਦੇ ਰਹਿਣਗੇ ਤੇ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਸਾਰਿਆਂ ਦੇ ਸਹਿਯੋਗ ਨਾਲ ਕਰਨ ਹੱਲ ਕਰਨ ਦੀ ਭਰਪੂਰ ਕੋਸ਼ਿਸ਼ ਕਰਨਗੇ।

# ਗੁਰਜਪਨਪ੍ਰੀਤ ਕੌਰ ਦੀ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਲਈ ਚੋਣ



**ਜਗਰਾਓਂ (ਅਮਿਤ ਖੰਨਾ)**-ਮਹੰਤ ਲਛਮਣ ਦਾਸ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਗੁਰਜਪਨਪ੍ਰੀਤ ਕੌਰ ਦੀ 10 ਮੀਟਰ ਏਅਰ ਪਿਸਟਲ ਚੈਂਪੀਅਨਸ਼ਿਪ, ਜੋ ਭੋਪਾਲ ਵਿਖੇ 22 ਤੋਂ 28 ਨਵੰਬਰ ਤੱਕ ਹੋ ਰਹੀ ਹੈ, ਉਸ ਵਿੱਚ ਸਿਲੈਕਸ਼ਨ ਹੋਈ ਹੈ। ਇਸ ਤੋਂ ਪਹਿਲਾਂ ਵੀ ਇਹ ਵਿਦਿਆਰਥਣ ਜੂਨੀਅਰ ਤੇ ਸਬ ਜੂਨੀਅਰ ਖਿਡਾਰੀ ਵਜੋਂ ਨੈਸ਼ਨਲ ਗੇਮਜ਼ ਵਿੱਚ ਪੰਜਾਬ ਸਟੇਟ ਦੀ ਪ੍ਰਤੀਨਿਧਤਾ ਕਰ ਚੁੱਕੀ ਹੈ। ਇਸ ਵਾਰ ਇਸ ਸੈਸ਼ਨ ਦੌਰਾਨ ਜ਼ਿਲਾ ਚੈਂਪੀਅਨਸ਼ਿਪ ਵਿੱਚ ਪਹਿਲੇ ਸਥਾਨ ਉਪਰ ਰਹਿੰਦਿਆਂ ਤੇ ਫਿਰ ਸਟੇਟ ਅਤੇ ਪ੍ਰੀ-ਨੈਸ਼ਨਲ ਚੈਂਪੀਅਨਸ਼ਿਪ ਕੁਆਲੀਫਾਈ ਕਰਦਿਆਂ ਨੈਸ਼ਨਲ ਲਈ ਚੁਣੀ ਗਈ ਹੈ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਗੁਰਜਪਨਪ੍ਰੀਤ ਨੇ ਲਗਾਤਾਰ ਜ਼ਿਲ੍ਹਾ ਚੈਂਪੀਅਨਸ਼ਿਪ ਤੇ ਖੇਡਾਂ ਵਤਨ ਪੰਜਾਬ ਦੀਆਂ ਵਿੱਚੋਂ ਜ਼ਿਲ੍ਹਾ ਮੋਗਾ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਪਟਿਆਲਾ ਵਿੱਚ ਹੋਈ ਸਕੂਲ ਪੱਧਰੀ ਪੰਜਾਬ ਚੈਂਪੀਅਨਸ਼ਿਪ ਵਿੱਚ ਸੈਕਿੰਡ ਤੇ ਮਾਰਕਸਮੈਨ ਕੱਪ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਗੁਰਜਪਨਪ੍ਰੀਤ ਦੀ ਇਸ ਪ੍ਰਾਪਤੀ 'ਤੇ ਪ੍ਰਿੰਸੀਪਲ ਬਲਦੇਵ ਬਾਵਾ, ਵਾਇਸ ਪ੍ਰਿੰਸੀਪਲ ਦਲਵੀਰ ਕੌਰ, ਜਸਮਿੰਦਰ ਕੌਰ ਤੇ ਸਮੂਹ ਸਟਾਫ ਨੇ ਉਨ੍ਹਾਂ ਦੇ ਕੋਚ ਐੱਸ. ਐੱਸ. ਰਾਮੂਵਾਲੀਆ ਤੇ ਨੈਸ਼ਨਲ ਰਾਇਫਲਜ਼ ਮੋਗਾ ਦੇ ਦਰਸ਼ਪ੍ਰੀਤ ਸਿੰਘ ਗਿੱਲ ਨੂੰ ਵਧਾਈ ਦਿੱਤੀ।

# ਗੁ: ਟਿੱਬੀ ਸਾਹਿਬ ਵਿਖੇ ਗੁਰਮਤਿ ਸਮਾਗਮ 23 ਤੇ 24 ਨੂੰ



**ਨਾਭਾ (ਵਰਿੰਦਰ ਵਰਮਾ)**-ਰਿਆਸਤੀ ਸ਼ਹਿਰ ਨਾਭਾ ਵਿਖੇ ਸਥਿਤ ਮਹਾਨ ਤਪੱਸਵੀ ਬਾਬਾ ਜੱਸਾ ਸਿੰਘ ਦੀ ਯਾਦ ਵਿੱਚ ਬਣੇ ਗੁਰ ਅਸਥਾਨ ਗੁਰਦੁਆਰਾ ਟਿੱਬੀ ਸਾਹਿਬ ਨਾਭਾ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਤੇ ਬਾਬਾ ਜੱਸਾ ਸਿੰਘ ਦੀ ਸਾਲਾਨਾ ਯਾਦ ਵਿੱਚ ਦੋ ਰੋਜ਼ਾ ਗੁਰਮਤਿ ਸਮਾਗਮ 23 ਤੇ 24 ਨਵੰਬਰ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਸਬੰਧੀ ਅੱਜ ਗੁਰਦੁਆਰਾ ਟਿੱਬੀ ਸਾਹਿਬ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ ਨੇ ਦੱਸਿਆ ਕਿ ਇਸ ਦੋ ਰੋਜ਼ਾ ਗੁਰਮਤਿ ਸਮਾਗਮ ਵਿੱਚ 23 ਨਵੰਬਰ ਨੂੰ ਰਾਤ 7:00 ਵਜੇ ਤੋਂ ਲੈ ਕੇ 10:00 ਵਜੇ ਤੱਕ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਸਿੱਧਸਰ ਅਲਹੌਰਾਂ ਸਾਹਿਬ ਵਾਲਿਆਂ ਦੁਆਰਾ ਦੀਵਾਨ ਸਜਾਏ ਜਾਣਗੇ ਤੇ 24 ਨਵੰਬਰ ਨੂੰ ਸਵੇਰੇ 7 ਵਜੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਦੇ ਭੋਗ ਪਾਏ ਜਾਣਗੇ। ਉਪਰੰਤ 10 ਵਜੇ ਤੋਂ ਲੈ ਕੇ ਦੁਪਹਿਰ 1:00 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਸ ਮੌਕੇ ਗੁਰਮੁੱਖ ਸਿੰਘ ਭੋਜੋਮਾਜਰੀ, ਦਵਿੰਦਰ ਸਿੰਘ ਜੇ ਈ ਖਜ਼ਾਨਚੀ, ਮੇਜਰ ਸਿੰਘ ਲੁਬਾਣਾ ਦਫਤਰ ਇੰਚਾਰਜ, ਹਰਦਿਆਲ ਸਿੰਘ ਚੇਅਰਮੈਨ, ਮਲਕੀਤ ਸਿੰਘ ਸਹਾਇਕ ਖਜ਼ਾਨਚੀ, ਲਖਵਿੰਦਰ ਸਿੰਘ, ਰਾਏ ਸਿੰਘ, ਜਸਪਾਲ ਸਿੰਘ ਕਾਹਲੋਂ, ਜਸਵਿੰਦਰ ਸਿੰਘ ਸਾਲੂਵਾਲ, ਅਵਤਾਰ ਸਿੰਘ ਸ਼ੇਰਗਿਲ, ਤੇ ਹੋਰ ਸੰਗਤਾਂ ਹਾਜ਼ਰ ਸਨ।

# ਦੇਸ਼ ਭਗਤ 'ਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਚਾਣਕਿਆ ਡੇਅਰੀ ਦਾ ਦੌਰਾ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਦੇਸ਼ ਭਗਤ ਯੂਨੀਵਰਸਿਟੀ ਦੇ ਮੈਨੇਜਮੈਂਟ ਵਿਭਾਗ ਤੇ ਕਾਰਪੋਰੇਟ ਰਿਲੇਸ਼ਨ ਸੈੱਲ ਦੇ ਸਹਿਯੋਗ ਨਾਲ ਵਿਦਿਆਰਥੀਆਂ ਦਾ ਚਾਣਕਿਆ ਡੇਅਰੀ ਪ੍ਰੋਡਕਟਸ ਪ੍ਰਾਈਵੇਟ ਲਿਮਟਿਡ ਮੰਡੀ ਗੋਬਿੰਦਗੜ੍ਹ ਵਿਖੇ "ਇੰਡਸਟ੍ਰੀਅਲ ਵਿਜ਼ਿਟ" ਦਾ ਆਯੋਜਨ ਕੀਤਾ ਗਿਆ। ਇਸ ਵਿਜ਼ਿਟ ਦੌਰਾਨ ਸ਼੍ਰੀ ਐੱਮ. ਐੱਲ. ਧੀਮਾਨ ਵਿੱਤ ਮੈਨੇਜਰ ਚਾਣਕਿਆ ਡੇਅਰੀ ਪ੍ਰੋਡਕਟਸ ਵੱਲੋਂ ਯੂਨੀਵਰਸਿਟੀ ਦੇ ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ। ਉਪਰੰਤ ਡੇਅਰੀ ਸਟਾਫ਼ ਵੱਲੋਂ ਵਿਦਿਆਰਥੀਆਂ ਦਾ ਮਾਰਗਦਰਸ਼ਨ ਕੀਤਾ ਗਿਆ ਤੇ ਉਨ੍ਹਾਂ ਨੂੰ ਬਰੈੱਡ, ਰਸਕ, ਬਰਗਰ ਬੰਨ ਤੇ ਡੇਅਰੀ ਵਰਗੇ ਵੱਖ ਵੱਖ ਪ੍ਰੋਡਕਟਸ ਬਣਾਉਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ। ਇਸ ਤੋਂ ਇਲਾਵਾ ਸ਼੍ਰੀ ਐੱਮ. ਐੱਲ. ਧੀਮਾਨ ਨੇ ਬੇਕਰੀ ਪਲਾਂਟ ਤੇ ਡੇਅਰੀ ਪਲਾਂਟ ਦੇ ਕੰਮਕਾਜ ਬਾਰੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਸੈਸ਼ਨ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਮਾਰਕੀਟਿੰਗ ਵਿਭਾਗ, ਸੇਲਜ਼ ਵਿਭਾਗ ਤੇ ਹੋਰ ਵਿਭਾਗਾਂ ਦੀਆਂ ਕਾਰਜ ਪ੍ਰਕਿਰਿਆਵਾਂ ਤੇ ਕੰਪਨੀ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਬਾਰੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਸੈਸ਼ਨ ਤੋਂ ਬਾਅਦ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਚਾਣਕਿਆ ਡੇਅਰੀ ਪ੍ਰੋਡਕਟਸ ਵੱਲੋਂ ਰਿਫਰੈਸ਼ਮੈਂਟ ਦਿੱਤੀ ਗਈ।

# ਇੰਟਰ ਸਕੂਲ ਖੇਡ ਮੇਲੇ ਦਾ ਦੂਜਾ ਦਿਨ ਰਿਹਾ ਏ ਪੀ ਜੇ ਅਬਦੁੱਲ ਕਲਾਮ ਹਾਊਸ ਦੇ ਨਾਂਅ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਸਥਾਨਕ ਸਿਟੀ ਹਾਰਟ ਸਕੂਲ ਵਿਖੇ ਕਰਵਾਏ ਜਾ ਰਹੇ ਇੰਟਰ ਸਕੂਲ ਖੇਡ ਮੇਲੇ ਦਾ ਦੂਜਾ ਦਿਨ ਪੂਰੀ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ। ਇਸ ਦਿਨ ਪ੍ਰੈੱਸ ਕਲੱਬ ਦੇ ਸੀਨੀਅਰ ਮੈਂਬਰਾਂ ਨੂੰ ਗੈਸਟ ਆਫ ਆਨਰ ਵਜੋਂ ਸੱਦਾ ਦਿੱਤਾ ਗਿਆ। ਇਸ ਖੇਡ ਮੇਲੇ ਦੀ ਸ਼ੁਰੂਆਤ ਪ੍ਰੈੱਸ ਕਲੱਬ ਦੇ ਸਮੂਹ ਸੀਨੀਅਰ ਮੈਂਬਰ, ਜਿਨ੍ਹਾਂ 'ਚ ਪ੍ਰੈੱਸ ਕਲੱਬ ਦੇ ਸਰਪ੍ਰਸਤ ਬਲਦੇਵ ਰਾਜ ਸ਼ਰਮਾ, ਰਾਕੇਸ਼ ਧਵਨ, ਗੁਰਪ੍ਰੀਤ ਸਿੰਘ ਪ੍ਰਧਾਨ ਪ੍ਰੈੱਸ ਕਲੱਬ, ਜਗਿੰਦਰ ਸਿੰਘ ਭੋਲਾ ਸੀਨੀਅਰ ਉੱਪ ਪ੍ਰਧਾਨ, ਜਸਬੀਰ ਸਿੰਘ ਕੰਬੋਜ ਜਨਰਲ ਸਕੱਤਰ ਤੇ ਸੁਖਦੀਪ ਸਿੰਘ ਸੰਧੂ ਵੱਲੋਂ ਸ਼ਮ੍ਹਾਂ ਜਲਾ ਕੇ ਕੀਤੀ ਗਈ। ਖੇਡ ਮੇਲੇ ਦੇ ਦੂਜੇ ਦਿਨ ਵੀ ਸਾਰੇ ਹਾਊਸਾਂ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਕੇ ਕਈ ਇਨਾਮ ਆਪਣੇ ਨਾਮ ਕੀਤੇ। ਇਨ੍ਹਾਂ ਆਏ ਹੋਏ ਪਤਵੰਤੇ ਸੱਜਣਾਂ ਵੱਲੋਂ ਸਪੋਰਟ ਮੀਟ 'ਚ ਗੇਮਾਂ ਜਿੱਤ ਚੁੱਕੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਤੇ ਬੱਚਿਆ ਨੂੰ ਖੇਡਾਂ ਨਾਲ ਵੱਧ ਤੋਂ ਵੱਧ ਜੁੜਨ ਲਈ ਪ੍ਰੇਰਿਤ ਕੀਤਾ। ਪ੍ਰੈੱਸ ਕਲੱਬ ਦੇ ਮੈਂਬਰਾਂ ਵੱਲੋਂ ਆਪਣੀ ਜ਼ਿੰਦਗੀ ਦੇ ਖੇਡ ਤਜਰਬੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਇਸ ਤੋਂ ਇਲਾਵਾ ਸਕੂਲ ਦੇ ਛੋਟੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਕਰਕੇ ਆਏ ਹੋਏ ਮਹਿਮਾਨਾਂ ਦਾ ਦਿੱਲ ਜਿੱਤਿਆ। ਇਸ ਦੂਜੇ ਦਿਨ ਸਭ ਤੋਂ ਵੱਧ ਸਕੋਰ ਏ.ਪੀ.ਜੇ. ਅਬਦੁੱਲ ਕਲਾਮ ਹਾਊਸ ਨੇ ਆਪਣੇ ਨਾਮ ਕੀਤੇ।

ਅਖੀਰ 'ਚ ਸਕੂਲ ਦੀ ਮੈਨੇਜਮੈਂਟ ਵੱਲੋਂ ਇਨ੍ਹਾਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ਼੍ਰੀਮਤੀ ਰਜਨੀ ਸ਼ਰਮਾ, ਮੈਨੇਜਰ ਰਵੀ ਕਾਂਤਾ ਸ਼ਰਮਾ, ਮੈਡਮ ਆਰਤੀ, ਮੈਡਮ ਵਿਧੀ, ਮੈਡਮ ਲਖਵਿੰਦਰ ਕੌਰ, ਮੈਡਮ ਜਗਦੀਪ ਕੌਰ, ਹਰਸ਼ਦੀਪ ਸਰ, ਡੀ ਪੀ ਹਰਦੀਪ ਸਰ, ਮੰਗਤ ਸਰ, ਫਿਲਿਪਸ ਸਰ, ਹਰਜਿੰਦਰ ਸਰ, ਜਸਕਰਨ ਸਰ, ਤਰਸੇਮ ਸਰ ਤੇ ਸਮੂਹ ਸਟਾਫ ਹਾਜ਼ਰ ਸੀ।

# ਸ਼ਿਆਮ ਮਹਾਂਉਤਸਵ ਦੀਆਂ ਤਿਆਰੀਆਂ ਸੰਬੰਧੀ ਵਿਧਾਇਕ ਤੇ ਪ੍ਰਸ਼ਾਸਨਕ ਅਫਸਰਾਂ ਦੀ ਅਹਿਮ ਮੀਟਿੰਗ



**ਨਾਭਾ (ਵਰਿੰਦਰ ਵਰਮਾ)**-ਸ੍ਰੀ ਸ਼ਿਆਮ ਪਰਿਵਾਰ ਸੰਘ ਵੱਲੋਂ ਆਗਾਮੀ 23 ਤੋਂ 26 ਨਵੰਬਰ ਤੱਕ ਸਥਾਨਕ ਰਿਪੁਦਮਨ ਕਾਲਜ ਸਟੇਡੀਅਮ ਵਿਖੇ ਮਨਾਏ ਜਾਣ ਵਾਲੇ ਤੀਸਰੇ ਸ੍ਰੀ ਸ਼ਿਆਮ ਵੰਦਨਾ ਮਹਾਂਉਤਸਵ ਤੇ ਭੰਡਾਰੇ ਦੀਆਂ ਤਿਆਰੀਆਂ ਸੰਬੰਧੀ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਹਲਕੇ ਦੇ ਸਮੂਹ ਪ੍ਰਸ਼ਾਸਨਕ ਅਧਿਕਾਰੀਆਂ ਦੀ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਫਾਇਰ ਬ੍ਰਿਗੇਡ, ਬਿਜਲੀ ਬੋਰਡ, ਨਾਭਾ ਕੌਂਸਲ, ਸਿਹਤ ਵਿਭਾਗ, ਟ੍ਰੈਫਿਕ ਪੁਲਸ ਤੇ ਨਾਭਾ ਪੁਲਸ ਦੇ ਅਧਿਕਾਰੀਆਂ ਨਾਲ ਨਾਭਾ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ ਤੇ ਸੀਨੀਅਰ ਆਪ ਆਗੂ ਪੰਕਜ ਪੱਪੂ ਵੀ ਮੌਜੂਦ ਰਹੇ। ਮੀਟਿੰਗ ਦੌਰਾਨ ਆਗਾਮੀ ਤਿੰਨ ਦਿਨਾਂ ਦੇ ਵਿਸ਼ਾਲ ਸਮਾਗਮ ਦੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ ਤੇ ਹਾਜ਼ਰੀਨ ਸਰਕਾਰੀ ਅਧਿਕਾਰੀਆਂ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ। ਸਮਾਰੋਹ ਦੌਰਾਨ ਬੱਸਾਂ ਤੇ ਦੂਜੇ ਆਵਾਜਾਈ ਸਾਧਨਾਂ ਸੰਬੰਧੀ ਟ੍ਰੈਫਿਕ ਰੂਟਾਂ ਦੇ ਤਬਾਦਲੇ ਸੰਬੰਧੀ ਵਿਚਾਰਾਂ ਹੋਈਆਂ। ਵੱਡੇ ਪੱਧਰ 'ਤੇ ਮਨਾਏ ਜਾ ਰਹੇ ਸਮਾਰੋਹ ਲਈ ਸਿਹਤ, ਸੁਰੱਖਿਆ ਤੇ ਰੋਸ਼ਨੀ ਦੇ ਪ੍ਰਬੰਧਾਂ ਨਾਲ ਜਨਤਕ ਪਾਰਕਿੰਗ ਲਈ ਖੁੱਲ੍ਹੀਆਂ ਥਾਵਾਂ ਦੀ ਚੋਣ ਕੀਤੀ ਗਈ। ਇਸ ਮੌਕੇ ਵਿਸ਼ਾਲ ਗਿਣਤੀ 'ਚ ਸੰਗਤ ਲਈ ਆਰਜ਼ੀ ਪਾਖਾਨੇ ਤੇ ਮੋਬਾਇਲ ਜਨਤਕ ਪਬਲਿਕ ਟੁਆਇਲਟ ਸਥਾਪਤ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਸਮੇਤ ਸਮੂਹ ਹਾਜ਼ਰੀਨ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਵੀ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਸ਼ਲਾਘਾਯੋਗ ਤਰੀਕੇ ਨਾਲ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮਹਾਂਉਤਸਵ ਦੇ ਸੰਬੰਧ 'ਚ 23 ਨਵੰਬਰ ਨੂੰ ਵਿਸ਼ਾਲ ਨਿਸ਼ਾਨ ਯਾਤਰਾ ਕੱਢੀ ਜਾ ਰਹੀ ਹੈ, ਜੋ ਡੇਰਾ ਮੋਤੀਪੁਰਾ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੁੱਖ ਬਾਜ਼ਾਰਾਂ 'ਚੋਂ ਹੁੰਦੀ ਸ੍ਰੀ ਨੈਣਾ ਦੇਵੀ ਮੰਦਿਰ ਕੋਰਟ ਰੋਡ ਵਿਖੇ ਸਮਾਪਤ ਹੋਵੇਗੀ। ਇਸ ਮੌਕੇ ਸੁਮਿਤ ਗੋਇਲ ਸੈਂਟੀ, ਮਯੰਕ ਗੁਪਤਾ, ਗੌਰਵ ਜਿੰਦਲ, ਤਰੁਣ ਗੁਪਤਾ, ਸੌਰਵ ਜਿੰਦਲ, ਰੋਹਿਨ ਬਾਂਸਲ, ਕਮਲ ਗੋਇਲ, ਵਿਕਾਸ ਮਿੱਤਲ, ਮੋਹਿਤ ਬਾਂਸਲ, ਅਸ਼ਵਨੀ ਸਚਦੇਵਾ, ਰੋਬਿਨ ਅਰੋੜਾ, ਵਿਸ਼ਾਲ ਸ਼ਰਮਾ, ਮਯੰਕ ਜਿੰਦਲ, ਸੰਦੀਪ ਗਰਗ, ਮੋਹਿਤ ਜਿੰਦਲ, ਅਮਨਦੀਪ ਭਾਟੀਆ ਆਦਿ ਮੈਂਬਰ ਹਾਜ਼ਰ ਸਨ।

# ਕਿਸੇ ਵੀ ਚੇਅਰਮੈਨ ਨੇ ਐੱਸ ਐੱਸ ਪੀ ਨਾਲ ਨਹੀਂ ਕੀਤੀ ਮੁਲਾਕਾਤ : ਭੱਲਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਐੱਸ ਐੱਸ ਪੀ ਦੀ ਸਲੂਟਾਂ ਸਬੰਧੀ ਬਠਿੰਡਾ ਦੇ ਚੇਅਰਮੈਨਾਂ ਨਾਲ ਹੋਈ ਮੁਲਾਕਾਤ ਸਬੰਧੀ ਮੀਡੀਆ ਵਿੱਚ ਚੱਲ ਰਹੀ ਖਬਰ ਬਾਰੇ ਪ੍ਰੈੱਸ ਨੋਟ ਜਾਰੀ ਕਰਦਿਆਂ ਜਤਿੰਦਰ ਸਿੰਘ ਭੱਲਾ ਚੇਅਰਮੈਨ ਨਗਰ ਸੁਧਾਰ ਟਰੱਸਟ ਬਠਿੰਡਾ ਨੇ ਕਿਹਾ ਕਿ ਇਹ ਸਾਰੀ ਖਬਰ ਬੇ-ਬੁਨਿਆਦ ਹੈ। ਉਨ੍ਹਾਂ ਕਿਹਾ ਕਿ ਇਸ ਖਬਰ ਸਬੰਧੀ ਉਨ੍ਹਾਂ ਨੇ ਐੱਸ ਐੱਸ ਪੀ ਬਠਿੰਡਾ ਨਾਲ ਵੀ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕਿਸੇ ਵੀ ਚੇਅਰਮੈਨ ਦੀ ਐੱਸ ਐੱਸ ਪੀ ਨਾਲ ਇਸ



ਸਬੰਧੀ ਕੋਈ ਮੁਲਾਕਾਤ ਨਹੀਂ ਹੋਈ। ਭੱਲਾ ਨੇ ਕਿਹਾ ਕਿ ਬਠਿੰਡਾ ਜ਼ਿਲ੍ਹੇ ਦੇ ਸਾਰੇ ਚੇਅਰਮੈਨਾਂ ਤੋਂ ਵੀ ਜਾਣਕਾਰੀ ਹਾਸਲ ਕਰਨ 'ਤੇ ਵੀ ਇਹੀ ਜੁਆਬ ਮਿਲਿਆ ਕਿ ਸਲੂਟਾਂ ਜਾਂ ਮਾਣ ਸਤਿਕਾਰ ਲਈ ਕਿਸੇ ਨਾਲ ਵੀ ਕੋਈ ਮੁਲਾਕਾਤ ਨਹੀਂ ਹੋਈ। ਭੱਲਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਰਕਾਰ ਬਣਾ ਕੇ ਪਾਰਟੀ ਨੂੰ ਬਹੁਤ ਵੱਡਾ ਫੱਤਵਾ ਦੇ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਬਹੁਤ ਵੱਡਾ ਸਲੂਟ ਮਾਰਿਆ ਹੈ, ਇਸ ਲਈ ਸਾਨੂੰ ਹੁਣ ਸਲੂਟਾਂ ਦੀ ਕੋਈ ਭੁੱਖ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜਿਸ ਟ੍ਰੈਫਿਕ ਇੰਚਾਰਜ ਦੀ ਆਡੀਓ ਚੱਲ ਰਹੀ ਹੈ, ਭੱਲਾ ਦੀ ਉਸ ਨਾਲ ਵੀ ਫੋਨ 'ਤੇ ਗੱਲ ਕਰਨ ਤੇ ਇਹੀ ਜੁਆਬ ਮਿਲਿਆ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਈ। ਇਹ ਇਕ ਰੁਟੀਨ ਦਾ ਮੈਸਿਜ ਸੀ, ਜਿਸ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਖਬਰ ਦਿਲ ਦੁਖਾਉਣ ਵਾਲੀ ਹੈ ਤੇ ਦਰਜਾ ਬ ਦਰਜਾ ਪਾਰਟੀ ਦੇ ਜ਼ਿੰਮੇਵਾਰ ਬੰਦਿਆਂ ਦੇ ਅਕਸ ਨੂੰ ਢਾਹ ਲਾਉਂਦੀ ਹੈ। ਭੱਲਾ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ ਤੇ ਜਿਸ ਨੇ ਵੀ ਇਹ ਅਫਵਾਹ ਫੈਲਾਈ ਹੈ, ਉਸ 'ਤੇ ਬਣਦੀ ਕਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬਿਨਾਂ ਬਿੱਲ ਦੇ ਮਿਲੀਆਂ ਦਵਾਈਆਂ, ਮੈਡੀਕਲ ਸਟੋਰ ਸੀਲ



**ਮਾਨਸਾ (ਆਤਮਾ ਸਿੰਘ ਪਮਾਰ)**

ਐਂਟੀ-ਡਰੱਗ ਫੋਰਸ ਟੀਮ ਦੀ ਸੂਚਨਾ 'ਤੇ ਮਾਨਸਾ ਦੇ ਲੱਲੂਆਣਾ ਰੋਡ ਸਥਿਤ ਡਰੱਗ ਵਿਭਾਗ ਨੇ ਇੱਕ ਮੈਡੀਕਲ ਸਟੋਰ ਤੋਂ ਬਿਨਾਂ ਬਿਲ ਦੇ ਕਰੀਬ ਡੇਢ ਦਰਜਨ ਦਵਾਈਆਂ ਬਰਾਮਦ ਕਰਕੇ ਮੈਡੀਕਲ ਸਟੋਰ ਨੂੰ ਸੀਲ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਮੈਡੀਕਲ ਸਟੋਰ ਦਾ ਮਾਲਕ ਇਸ ਦਾ ਕੋਈ ਬਿਲ ਆਦਿ ਨਹੀਂ ਵਿਖਾ ਸਕਿਆ। ਡਰੱਗ ਵਿਭਾਗ ਨੇ ਦਵਾਈਆਂ ਨੂੰ ਸੀਲ ਕਰਕੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਅਗਲੀ ਕਾਰਵਾਈ ਹਿੱਤ ਭੇਜ ਦਿੱਤਾ ਹੈ। ਐਂਟੀ-ਡਰੱਗ ਫੋਰਸ ਟੀਮ ਨੇ ਦਵਾਈਆਂ ਬਰਾਮਦ ਹੋਣ ਵਾਲੇ ਮੈਡੀਕਲ ਸਟੋਰਾਂ ਦਾ ਲਾਇਸੰਸ ਰੱਦ ਕਰਨ ਦੀ ਮੰਗ ਕੀਤੀ ਹੈ। ਉਧਰ ਦੂਜੇ ਪਾਸੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਕਾਮਰੇਡ ਰਾਜਵਿੰਦਰ ਰਾਣਾ ਐਂਟੀ-ਡਰੱਗ ਫੋਰਸ ਟੀਮ ਦੇ ਨੌਜਵਾਨ ਪਰਵਿੰਦਰ ਸਿੰਘ ਝੋਟਾ, ਗਗਨ ਸ਼ਰਮਾ, ਕੁਲਵਿੰਦਰ ਕਾਲੀ, ਸੁੱਖੀ, ਸੁਰਿੰਦਰ ਸਿੰਘ, ਅਮਨ ਪਟਵਾਰੀ ਇੰਨਕਲਾਬੀ ਨੌਜਵਾਨ ਸਭਾ ਦੇ ਆਗੂ ਰਾਜਦੀਪ ਗੇਹਲੇ ਨੇ ਦੱਸਿਆ ਕਿ ਇਸ ਮੈਡੀਕਲ ਸਟੋਰ ਵੱਲੋਂ ਲਗਾਤਾਰ ਅਣ-ਅਧਿਕਾਰਤ ਦਵਾਈਆਂ ਵੇਚੀਆਂ ਜਾ ਰਹੀਆਂ ਸਨ, ਉਨ੍ਹਾਂ ਨੇ ਇਸ ਦੀ ਸੂਚਨਾ ਡਰੱਗ ਇੰਸਪੈਕਟਰ ਓਂਕਾਰ ਸਿੰਘ, ਥਾਣਾ ਸਿਟੀ-2 ਦੀ ਪੁਲਸ ਨੂੰ ਦਿੱਤੀ ਅਤੇ ਜਦੋਂ ਉਨ੍ਹਾਂ ਵੱਲੋਂ ਉਥੋਂ ਦੇ ਕੈਮਰਿਆਂ ਆਦਿ ਦੀ ਪੜਤਾਲ ਕੀਤੀ ਗਈ ਤਾਂ ਮੈਡੀਕਲ ਸਟੋਰ ਦੇ ਖਿਲਾਫ਼ ਕਾਰਵਾਈ ਕਰਦਿਆਂ, ਉਥੋਂ ਬਿਨਾਂ ਬਿਲ ਤੋਂ ਅਣ-ਅਧਿਕਾਰਤ ਦਵਾਈਆਂ ਬਰਾਮਦ ਕਰ ਲਈਆਂ। ਉਨ੍ਹਾ ਦੱਸਿਆ ਕਿ ਦਵਾਈਆਂ ਨੂੰ ਸੀਲ ਕਰਕੇ ਉੱਚ ਅਧਿਕਾਰੀਆਂ ਨੂੰ ਅਗਲੇਰੀ ਕਾਰਵਾਈ ਲਈ ਭੇਜ ਕੇ ਮੈਡੀਕਲ ਸਟੋਰ ਨੂੰ ਸੀਲ ਕਰ ਦਿੱਤਾ ਗਿਆ ਹੈ ਤੇ ਰਿਪੋਰਟ ਆਉਣ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਐਂਟੀ-ਡਰੱਗ ਫੋਰਸ ਦੇ ਕਾ. ਰਾਣਾ ਤੇ ਪਰਵਿੰਦਰ ਸਿੰਘ ਝੋਟਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਕਈ ਮੈਡੀਕਲ ਸਟੋਰਾਂ ਤੋਂ ਨਸ਼ੀਲੀਆਂ ਤੇ ਬਿਨਾਂ ਬਿਲ ਤੋਂ ਦਵਾਈਆਂ ਮਿਲ ਚੁੱਕੀਆਂ ਹਨ, ਪਰ ਪ੍ਰਸ਼ਾਸਨ ਨੇ ਕੋਈ ਠੋਸ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਮੈਡੀਕਲ ਸਟੋਰਾਂ ਦੇ ਲਾਇਸੰਸ ਵੀ ਰੱਦ ਕੀਤੇ ਜਾਣ।

# ਪੰਜਾਬ ਦੇ ਹੁਨਰਮੰਦ ਨੌਜਵਾਨ ਨੌਕਰੀਆਂ ਮੰਗਣ ਦੀ ਥਾਂ ਰੋਜ਼ਗਾਰ ਦੇਣ ਦੇ ਸਮਰੱਥ ਬਣਨਗੇ : ਬੈਂਸ

## ਚਿਤਕਾਰਾ ਯੂਨੀਵਰਸਿਟੀ 'ਚ ਕਰਵਾਏ ਕ੍ਰੀਏਟਿਵੇਲੋ ਫੈਸਟੀਵਲ ਦੇ ਜੇਤੂਆਂ ਦਾ ਸਨਮਾਨ




**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬ ਦੇ ਉਚੇਰੀ, ਸਕੂਲ ਤੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਅੰਦਰ ਇਨੋਵੇਸ਼ਨ ਤੇ ਸਟਾਰਅੱਪ ਨੂੰ ਬੜ੍ਹਾਵਾ ਦਿੱਤਾ ਹੈ। ਸਿੱਖਿਆ ਮੰਤਰੀ ਇੱਥੇ ਚਿਤਕਾਰਾ ਯੂਨੀਵਰਸਿਟੀ ਵਿਖੇ ਕ੍ਰੀਏਟਿਵੇਲੋ ਇੰਡੀਆ, ਯੂਥ ਫਾਰ ਪਲੈਨੈਟ ਵੱਲੋਂ ਚਿਤਕਾਰਾ ਯੂਨੀਵਰਸਿਟੀ ਦੇ ਸਹਿਯੋਗ ਨਾਲ ਕਰਵਾਏ ਗਏ ਕ੍ਰੀਏਟਿਵੇਲੋ ਇੰਡੀਆ-2023 (ਪਾਇਲਟ) ਫੈਸਟੀਵਲ ਦੇ ਜੇਤੂਆਂ ਦਾ ਸਨਮਾਨ ਕਰਨ ਪੁੱਜੇ ਸਨ।

ਗ੍ਰੈਂਡ ਫਿਨਾਲੇ ਦੇ ਜੇਤੂ ਵਿਦਿਆਰਥੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਕੇ ਆਪਣੀਆਂ ਸਨਅਤਾਂ ਲਾਉਣ ਲਈ ਪ੍ਰੇਰਿਤ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਨੀਤੀਆਂ ਸਦਕਾ ਸੂਬੇ ਦੇ ਨੌਜਵਾਨ ਨੌਕਰੀਆਂ ਮੰਗਣ ਦੀ ਥਾਂ ਹੋਰਨਾਂ ਨੂੰ ਰੋਜ਼ਗਾਰ ਦੇਣ ਦੇ ਸਮਰੱਥ ਬਨਣਗੇ। ਉਨ੍ਹਾ ਕਿਹਾ ਕਿ ਇਨੋਵੇਸ਼ਨ ਤੇ ਸਟਾਰਟਅੱਪ ਨੂੰ ਉਤਸ਼ਾਹਤ ਕਰਨਾ ਪੰਜਾਬ ਸਰਕਾਰ ਦੀ ਪਹਿਲਕਦਮੀ ਹੈ ਤਾਂ ਕਿ ਸਾਡੇ ਨੌਜਵਾਨ ਵਿਦੇਸ਼ਾਂ ਵਿੱਚ ਜਾਣ ਦੀ ਥਾਂ ਆਪਣੇ ਸੂਬੇ ਵਿੱਚ ਰਹਿ ਕੇ ਦੂਜਿਆਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ। ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਸਿੱਖਿਆ ਨੂੰ ਆਪਣੀ ਪਹਿਲੀ ਤਰਜੀਹ ਬਣਾਇਆ ਹੈ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਿਵੇਕਲੀ ਬਿਜ਼ਨੈੱਸ ਬਲਾਸਟਰ ਸਕੀਮ ਤਹਿਤ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਕਿੱਤਾਮੁਖੀ ਸਿਖਲਾਈ ਦਿੰਦਿਆਂ 2000 ਰੁਪਏ ਦੀ ਮਦਦ ਦੇ ਕੇ ਉਨ੍ਹਾਂ ਵੱਲੋਂ ਬਣਾਈਆਂ ਵਸਤਾਂ ਨੂੰ ਪ੍ਰਦਰਸ਼ਤ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ, ਜਿਸ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਹੁਨਰ ਨਿਖਰ ਕੇ ਸਾਹਮਣੇ ਆਇਆ ਹੈ।

ਹਰਜੋਤ ਬੈਂਸ ਨੇ ਕਿਹਾ ਕਿ ਪੰਜਾਬ ਦਾ ਨਵਾਂ ਭਵਿੱਖ ਸਿੱਖਿਆ 'ਤੇ ਨਿਰਭਰ ਹੈ, ਜਿਸ ਲਈ ਭਗਵੰਤ ਸਿੰਘ ਮਾਨ ਸਰਕਾਰ ਹਮੇਸ਼ਾ ਨਜ਼ਰ ਅੰਦਾਜ਼ ਕੀਤੇ ਗਏ ਸਿੱਖਿਆ ਵਿਭਾਗ ਨੂੰ ਬੁਲੰਦੀਆਂ 'ਤੇ ਲਿਜਾਣ ਲਈ ਸਿੱਖਿਆ ਉੱਪਰ ਹੀ ਸਭ ਤੋਂ ਵੱਧ ਜ਼ੋਰ ਦੇ ਰਹੀ ਹੈ। ਇਸ ਦੌਰਾਨ ਕੁਇਸਟ, ਆਰ.ਆਈ.ਐੱਮ.ਟੀ., ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਸੀ ਟੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਪਣੀਆਂ ਖੋਜਾਂ ਦੇ ਅਧਾਰਤ ਵੱਖ-ਵੱਖ ਟਿਕਾਊ ਊਰਜਾ ਨਾਲ ਚੱਲਣ ਵਾਲੇ ਵਾਹਨ ਪ੍ਰਦਸ਼ਤ ਕੀਤੇ, ਜਿਨ੍ਹਾਂ ਦੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਲਾਘਾ ਕੀਤੀ ਤੇ ਜੇਤੂ ਟੀਮਾਂ ਨੂੰ ਸਨਮਾਨਤ ਕੀਤਾ। ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਮਧੂ ਚਿਤਕਾਰਾ ਨੇ ਕੈਬਨਿਟ ਮੰਤਰੀ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਫੈਸਟੀਵਲ ਦਾ ਮੰਤਵ ਵਾਤਵਾਰਨ ਤਬਦੀਲੀਆਂ ਦੇ ਮੱਦੇਨਜ਼ਰ ਵਿਦਿਆਰਥੀਆਂ ਵੱਲੋਂ ਆਪਣੇ ਹੁਨਰ ਦਾ ਪ੍ਰਗਟਾਵਾ ਕਰਦੇ ਹੋਏ ਜੋ ਟਿਕਾਊ ਊਰਜਾ ਨੂੰ ਲੈ ਕੇ ਵਾਹਨਾਂ ਦੇ ਖੇਤਰ ਵਿੱਚ ਨਵੀਂਆਂ ਖੋਜਾਂ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਹੋਰ ਉਤਸ਼ਾਹਤ ਕਰਨਾ ਸੀ। ਸਿੱਖਿਆ ਮੰਤਰੀ ਦਾ ਧੰਨਵਾਦ ਕਰਦਿਆਂ 1 ਜੈਨ ਦੇ ਸੀ.ਈ.ਓ. ਪੌਲ ਸਿੰਘ ਨੇ ਦੱਸਿਆ ਕਿ ਜੇਤੂ ਟੀਮਾਂ ਦੁਬਈ ਵਿਖੇ ਯੂਨਾਇਟਡ ਨੇਸ਼ਨਜ਼ ਵੱਲੋਂ ਇਸ ਸਾਲ ਦੇ ਅਖ਼ੀਰ ਵਿੱਚ ਕਰਵਾਈ ਜਾਣ ਵਾਲੀ ਕਾਨਫਰੰਸ ਆਫ਼ ਪਾਰਟੀਜ਼ ਵਿੱਚ ਹਿੱਸਾ ਲੈਣਗੀਆਂ। ਉਨ੍ਹਾ ਦੱਸਿਆ ਕਿ ਕ੍ਰੀਏਟਿਵੇਲੋ ਲਕਜ਼ਮਬਰਗ, ਯੂਰਪ ਦਾ ਉਪਰਾਲਾ ਹੈ, ਜਿਸ ਵੱਲੋਂ ਵਾਤਾਵਰਣਕ ਤਬਦੀਲੀਆਂ ਦੇ ਮੱਦੇਨਜ਼ਰ ਸਸਤੇ ਤੇ ਟਿਕਾਊ ਊਰਜਾ 'ਤੇ ਚੱਲਣ ਵਾਲੇ ਵਾਹਨਾਂ ਦੀ ਖੋਜ ਲਈ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।

# ਮਲਟੀਪਰਪਜ਼ ਹੈਲਥ ਇੰਪ. ਯੂਨੀਅਨ ਦੇ ਆਗੂਆਂ ਕੈਬਨਿਟ ਮੰਤਰੀ ਨੂੰ ਦਿੱਤਾ ਮੰਗ ਪੱਤਰ



**ਮੋਗਾ (ਅਮਰਜੀਤ ਬੱਬਰੀ)**

ਮਲਟੀਪਰਪਜ਼ ਹੈਲਥ ਇੰਪਲਾਈਜ਼ ਦੇ ਆਗੂਆਂ ਵੱਲੋਂ ਸੂਬਾ ਪ੍ਰਧਾਨ ਕੁਲਵੀਰ ਸਿੰਘ ਮੋਗਾ ਦੀ ਅਗਵਾਈ ਹੇਠ ਨੇ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੂੰ ਲਾਲਾ ਲਾਜਪਤ ਰਾਏ ਜੀ ਦੇ ਜਨਮ ਸਥਾਨ ਢੁੱਡੀਕੇ ਵਿਖੇ ਮੰਗ ਪੱਤਰ ਦਿੱਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਰਾਜੇਸ਼ ਰਿਖੀ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਮਲਟੀਪਰਜ਼ ਕੇਡਰ ਦਾ ਨਾਮ ਬਦਲਣ, ਪੁਰਾਣੀ ਪੈਨਸ਼ਨ ਬਹਾਲ ਕਰਨ, ਸੋਧਣ ਦੇ ਨਾਮ ਹੇਠ ਕੱਟੇ ਗਏ ਸਾਰੇ ਭੱਤੇ ਬਹਾਲ ਕਰਨ, 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਪੰਜਾਬ ਸਕੇਲ ਦੇਣ, ਪਦਉਨਤੀਆਂ ਕਰਨ, ਬੰਦ ਪਏ ਟ੍ਰੇਨਿੰਗ ਸਕੂਲ ਮੁੜ ਚਾਲੂ ਕਰਨ, ਠੇਕੇ ਤੇ ਭਰਤੀ ਕੀਤੇ ਗਏ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਮੇਤ ਕਈ ਮੰਗਾਂ ਸੰਬੰਧੀ ਟਰਾਂਸਪੋਰਟ ਮੰਤਰੀ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਬਾਰੇ ਕੈਬਨਿਟ ਮੰਤਰੀ ਸ੍ਰ. ਭੁੱਲਰ ਵੱਲੋਂ ਸਿਹਤ ਮੰਤਰੀ ਤੇ ਮੁੱਖ ਮੰਤਰੀ ਨਾਲ ਗੱਲਬਾਤ ਕਰਕੇ ਜਥੇਬੰਦੀ ਦੀ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ ਗਿਆ ਅਤੇ ਕੇਡਰ ਦੀਆਂ ਹੱਕੀ ਮੰਗਾਂ ਨੂੰ ਤੁਰੰਤ ਮੰਨਣ ਦੀ ਹਾਮੀ ਭਰੀ ਗਈ ਗਈ। ਇਸ ਬਾਰੇ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਕੁਲਵੀਰ ਸਿੰਘ ਮੋਗਾ ਨੇ ਕਿਹਾ ਕੇ ਮਲਟੀਪਰਪਜ਼ ਕੇਡਰ ਦੀਆਂ ਮੰਗਾਂ ਚਿਰਾਂ ਤੋਂ ਲਟਕ ਰਹੀਆਂ ਹਨ, ਜਿਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਮੰਨਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਜੇਕਰ ਕੇਡਰ ਦੀਆਂ ਮੰਗਾਂ ਨਾ ਮੰਨੀਆਂ ਤਾਂ ਜਥੇਬੰਦੀ ਸੰਘਰਸ਼ ਲਈ ਮਜਬੂਰ ਹੋਵੇਗੀ। ਇਸ ਮੌਕੇ ਚਮਕੌਰ ਸਿੰਘ, ਜਗਰੂਪ ਸਿੰਘ, ਅਮਰਦੀਪ ਸਿੰਘ, ਜਸਮੀਤ ਸਿੰਘ, ਗੁਰਮਨਪ੍ਰੀਤ ਸਿੰਘ ਸਮੇਤ ਕਈ ਆਗੂ ਹਾਜ਼ਰ ਸਨ।

CMYK

# ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖਿਆ ਜਾਵੇਗਾ : ਈ ਟੀ ਓ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਸ਼ਹੀਦ ਮਨਿੰਦਰ ਸਿੰਘ ਜੋ ਕਿ ਅੱਜ ਦੇ ਦਿਨ 2019 ਨੂੰ ਸਾਇਚਿੰਨ ਗਲੇਸ਼ੀਅਰ ਵਿਖੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਸ਼ਹੀਦ ਹੋ ਗਏ ਸਨ, ਦੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਸਾਡੇ ਸੂਬੇ ਅਤੇ ਦੇਸ਼ ਦਾ ਸਰਮਾਇਆ ਹਨ। ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਜ਼ਾਇਆ ਨਹੀਂ ਜਾਣ ਦਿੱਤਾ ਜਾਵੇਗਾ। ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਵਾਲੇ ਜਵਾਨਾਂ ਦੀਆਂ ਸ਼ਹਾਦਤਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ



ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਸਾਰੇ ਇੱਕ ਮੁੱਠ ਹੋ ਕੇ ਦੇਸ਼ ਵਿਰੋਧੀ ਤਾਕਤਾਂ ਦਾ ਡਟ ਕੇ ਮੁਕਾਬਲਾ ਕਰੀਏ। ਉਨ੍ਹਾਂ ਕਿਹਾ ਕਿ ਸਾਡੇ ਜਵਾਨਾਂ ਨੇ ਦੇਸ਼ ਦੀ ਏਕਤਾ, ਅਖੰਡਤਾ ਤੇ ਭਾਈਚਾਰਕ ਸਾਂਝ ਬਰਕਰਾਰ ਰੱਖਣ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਹਨ, ਮੈਂ ਇਨ੍ਹਾਂ ਸ਼ਹੀਦਾਂ ਨੂੰ ਦਿਲ ਤੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ 'ਚ ਕੌਮੀ ਲੋਕ ਅਦਾਲਤ 9 ਦਸੰਬਰ ਨੂੰ



ਗੁਰਦਾਸਪੁਰ(ਜਨਕ ਮਹਾਜਨ)-ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿਚ ਅਗਲੀ ਕੌਮੀ ਲੋਕ ਅਦਾਲਤ 9 ਦਸੰਬਰ 2023 ਨੂੰ ਲਗਾਈ ਜਾ ਰਹੀ ਹੈ। 9 ਦਸੰਬਰ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਬੰਧੀ ਜਾਣਕਾਰੀ ਦਿੰਦਿਆਂ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿਚ 138 ਐੱਨਆਈ ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐੱਮਏਸੀਟੀ (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿਚ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿਖੇ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਜੇਕਰ ਲੋਕ ਅਦਾਲਤ ਵਿਚ ਕੇਸ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿਚ ਲੱਗੀ ਕੋਰਟ ਫੀਸ ਵੀ ਵਾਪਿਸ ਹੋ ਜਾਂਦੀ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਵੱਖ-ਵੱਖ ਪਿੰਡਾਂ ਦੇ ਇਸਤਰੀ ਵਿੰਗ ਗਠਿਤ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੇ ਕੋਰ ਕਮੇਟੀ ਆਗੂ ਤੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਸਕੱਤਰ ਸਤਨਾਮ ਸਿੰਘ ਖਾਨਮਲੱਕ ਦੀ ਅਗਵਾਈ ਵਿੱਚ ਸਥਾਨਕ ਗੁਰਦੁਆਰਾ ਬੁਰਜ ਸਾਹਿਬ ਵਿਖੇ ਜਾਗਰੂਕਤਾ ਮੀਟਿੰਗ ਹੋਈ। ਮੀਟਿੰਗ ਵਿੱਚ ਵੱਖ ਪਿੰਡਾਂ ਤੋਂ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਬੁਲਾਰਿਆਂ ਨੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਚਰਚਾ ਅਤੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਦੀ ਅਲੋਚਨਾ ਕਰਦਿਆਂ ਆਪਣੀਆਂ ਜਾਇਜ਼ ਮੰਗਾਂ ਬਾਰੇ ਜਾਣੂ ਕਰਵਾਇਆ ਅਤੇ ਕਿਸਾਨ/ਮਜ਼ਦੂਰਾਂ ਅਤੇ ਆਮ ਲੋਕਾਂ ਦੇ ਹੱਕਾਂ ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਆਗੂਆਂ ਨੇ ਜਥੇਬੰਦੀ ਦੇ ਵਿਧਾਨ ਬਾਰੇ ਵੀ ਜਾਣਕਾਰੀ ਦਿੱਤੀ। ਉਪਰੰਤ ਜਥੇਬੰਦੀ ਦੇ ਇਸਤਰੀ ਵਿੰਗ ਦੀਆਂ ਵੱਖ-ਵਿੱਖ ਪਿੰਡਾਂ ਦੀਆਂ ਇਕਾਈਆਂ ਦਾ ਗਠਨ ਕੀਤਾ ਗਿਆ ਜਿਸ ਵਿੱਚ ਸਰਬਸੰਮਤੀ ਨਾਲ ਪਿੰਡ ਸੁਜਾਨਪੁਰ ਦੀ ਪ੍ਰਧਾਨ ਬੀਬੀ ਸੁਮਨਲਤਾ ਤੇ ਸਕੱਤਰ ਨਿਰਮਲ ਕੌਰ ਸਮੇਤ 20 ਮੈਂਬਰੀ ਕਮੇਟੀ ਬਣਾਈ। ਪਿੰਡ ਜਲਾਲ ਉਸਮਾ ਦੀ ਪ੍ਰਧਾਨ ਬੀਬੀ ਪਰਮਿੰਦਰ ਕੌਰ ਤੇ ਸਕੱਤਰ ਸਰਬਜੀਤ ਕੌਰ ਸਮੇਤ 11 ਮੈਂਬਰ ਬਣਾਈਆਂ। ਪਿੰਡ ਮੱਲ੍ਹੀਆਂ ਫਕੀਰਾਂ ਦੀ ਪ੍ਰਧਾਨ ਬੀਬੀ ਬੇਵੀ ਤੇ ਸਕੱਤਰ ਰਿਬਕਾ ਸਮੇਤ 20 ਮੈਂਬਰੀ ਕਮੇਟੀ ਬਣਾਈ। ਪਿੰਡ ਸੰਘਰ ਦੀ ਪ੍ਰਧਾਨ ਬੀਬੀ ਸਿਮਰਜੀਤ ਤੇ ਸਕੱਤਰ ਬੀਬੀ ਸੰਦੀਪ ਸਮੇਤ 19 ਮੈਂਬਰੀ ਕਮੇਟੀ ਬਣਾਈ। ਪਿੰਡ ਅਟਾਰੀ ਦੀ ਪ੍ਰਧਾਨ ਸਰਬਜੀਤ ਕੌਰ ਤੇ ਸਕੱਤਰ ਬੀਬੀ ਗੀਟਾ ਸਮੇਤ 20 ਮੈਂਬਰੀ ਕਮੇਟੀ ਚੁਣੀ। ਪਿੰਡ ਬਦੇਸਾ ਦੀ ਪ੍ਰਧਾਨ ਬੀਬੀ ਸਰਬਜੀਤ ਕੌਰ ਤੇ ਸਕੱਤਰ ਅਮਨਪ੍ਰੀਤ ਕੌਰ ਸਮੇਤ 18 ਮੈਂਬਰ ਚੁਣੇ। ਪਿੰਡ ਕਿਆਲਪੁਰ ਦੀ ਪ੍ਰਧਾਨ ਬੀਬੀ ਪਿੰਕੀ ਤੇ ਸਕੱਤਰ ਬੀਬੀ ਊਸ਼ਾ ਸਮੇਤ 19 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।

ਇਸ ਮੌਕੇ ਚੁਣੀਆਂ ਕਮੇਟੀ ਦੀਆਂ ਅਹੁਦੇਦਾਰ ਬੀਬੀਆਂ ਨੇ ਕਿਸਾਨ/ਮਜ਼ਦੂਰ ਸੰਘਰਸ਼ ਕਮੇਟੀ ਦਾ ਝੰਡਾ ਚੁੱਕ ਕੇ ਜਥੇਬੰਦੀ ਦੇ ਹਰ ਮੋਰਚੇ 'ਤੇ ਸੰਘਰਸ਼ਸ਼ੀਲ ਰਹਿਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਜ਼ੋਨ ਆਗੂ ਦਵਿੰਦਰ ਸਿੰਘ ਤੇ ਅਮਰੀਕ ਸਿੰਘ ਲੋਧੀਪੁਰ, ਸਰੂਪ ਸਿੰਘ, ਹੇਮ ਸਿੰਘ, ਗੁਰਪਿੰਦਰ ਸਿੰਘ, ਨਵਜੋਤ ਸਿੰਘ ਸਮੇਤ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ।

## ਅਖਿਲ ਭਾਰਤੀਯ ਮਹਾਜਨ ਜੰਡਿਆਲ ਬਰਾਦਰੀ ਦੀ ਸਾਲਾਨਾ ਮੇਲ 27 ਨੂੰ

ਗੁਰਦਾਸਪੁਰ (ਜਨਕ ਮਹਾਜਨ)-ਅਖਿਲ ਭਾਰਤੀਯ ਮਹਾਜਨ ਜੰਡਿਆਲ ਬਰਾਦਰੀ ਦੀ ਸਾਲਾਨਾ ਮੇਲ ਬਾਵਾ ਸਹਿਜਨਾਥ ਦੇ ਦੇਵ ਸਥਾਨ ਤਾਰਾਗੜ੍ਹ ਜ਼ਿਲ੍ਹਾ ਪਠਾਨਕੋਟ ਵਿਖੇ 27-11-2023 ਦਿਨ ਸੋਮਵਾਰ ਨੂੰ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਭਾ ਦੇ ਸਰਥਕ ਸੁਪਥ ਮਹਾਜਨ, ਪ੍ਰਧਾਨ ਵਿਜੇ ਮਹਾਜਨ, ਮਹਾਂਮੰਤਰੀ ਸਤੀਸ਼ ਕੁਮਾਰ ਗੁਪਤਾ, ਖਜਾਨਚੀ ਰਜਿੰਦਰ ਮਹਾਜਨ ਤੇ ਮੁੱਖ ਪ੍ਰਬੰਧਕ ਰਾਮਪਾਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ 27 ਨਵੰਬਰ ਨੂੰ ਸਵੇਰੇ 6.30 ਵਜੇ ਹਵਨ ਯੱਗ, 9 ਵਜੇ ਪਤਲ ਪੂਜਾ, 10 ਵਜੇ ਬਾਬਾ ਜੀ ਦਾ ਲੰਗਰ ਲੱਗੇਗਾ, ਇਸ ਤੋਂ ਇਲਾਵਾ 11 ਵਜੇ ਸਭਾ ਦਾ ਅਜਲਾਸ ਆਮ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਦੇ ਰਾਤ ਠਹਿਰਨ ਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ, ਆਉਣ ਜਾਣ ਵੇਲੇ ਕਿਸੇ ਵੀ ਸ਼ਰਧਾਲੂ ਨੂੰ ਪ੍ਰੇਸ਼ਾਨੀ ਆਵੇ ਤਾਂ ਮੁੱਖ ਪ੍ਰਬੰਧਕ ਰਾਮਲਾਲ ਲੱਕੀ ਨਾਲ ਮੋਬਾਈਲ ਨੰਬਰ 94171-25237 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ਼੍ਰੀਰਾਮ ਸੁਪਰ 5-ਐੱਸਆਰ-05 ਤੇ 3-ਐੱਸਆਰ-72 ਕਣਕ ਬੀਜ ਨਾਲ ਉਤਪਾਦਕਤਾ ਵਧੀ

ਸੰਗਰੂਰ : ਪੰਜਾਬ ਦੇ ਕਿਸਾਨਾਂ ਨੇ ਦੱਸਿਆ ਕਿ ਸ਼੍ਰੀਰਾਮ ਫਾਰਮ ਸਲਿਊਸ਼ਨ ਵੱਲੋਂ ਪੇਸ਼ ਕੀਤੇ ਗਏ ਸ਼੍ਰੀਰਾਮ ਸੁਪਰ 3-ਐੱਸਆਰ-72 ਅਤੇ 5-ਐੱਸਆਰ-05 ਕਣਕ ਬੀਜ ਨਾਲ ਉਨ੍ਹਾਂ ਦੀ ਉਤਪਾਦਕਤਾ ਵਧੀ ਹੈ। ਲਾਂਚ ਦੇ ਬਾਅਦ ਤੋਂ ਹੀ ਸ਼੍ਰੀਰਾਮ ਸੁਪਰ 3-ਐੱਸਆਰ-72 ਅਤੇ 5-ਐੱਸਆਰ-05 ਕਣਕ ਬੀਜ ਇਨ੍ਹਾਂ ਦੀ ਅਨੁਕੂਲਨ ਸਮਰੱਥਾ ਅਤੇ ਸ਼ਾਨਦਾਰ ਉਤਪਾਦਕਤਾ ਦੇ ਚਲਦੇ ਪੰਜਾਬ ਦੇ ਕਿਸਾਨਾਂ ਵਿੱਚ ਕਾਫੀ ਮਸ਼ਹੂਰ ਹੋ ਰਹੇ ਹਨ। ਹਰਿਆਣਾ ਤੋਂ ਕੁਰੂਕਸ਼ੇਤਰ ਦੇ ਕਿਸਾਨ ਗੁਰਨਾਮ ਸਿੰਘ ਨੇ ਪਿਛਲੇ ਸਾਲ ਨਵੀਂ ਕਿਸਮ ਸ਼੍ਰੀਰਾਮ ਸੁਪਰ 3-ਐੱਸਆਰ-72 ਦੀ ਬੁਆਈ ਕੀਤੀ ਸੀ ਅਤੇ ਉਹ ਇਸ ਦੇ ਬਿਹਤਰ ਸਿੱਟੇ ਨਾਲ ਕਾਫੀ ਸੰਤੁਸ਼ਟ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸ਼੍ਰੀਰਾਮ ਸੁਪਰ 3-ਐੱਸਆਰ-72 ਵਿੱਚ 14-15 ਕੱਲੇ ਅਤੇ ਪ੍ਰਤੀ ਬੱਲੀ 70-75 ਦਾਣੇ ਹਾਸਲ ਹੋਏ। ਇਸ ਵਿੱਚ ਨਾ ਪੀਲੀ ਰੱਤੂਆ ਅਤੇ ਹੋਰ ਬਿਮਾਰੀਆਂ ਦੀ ਕੋਈ ਸਮੱਸਿਆ ਹੈ ਨਾ ਹੀ ਫਸਲ ਡਿੱਗਣ ਦੀ।


## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| | |
|---|---|
| ਨੀਲਾਮੀ ਸੂਚਨਾ ਨੰ. | EAFZR-PMBJK-1 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 01.12.2023 ਨੂੰ 14:30 ਵਜੇ |
| ਕੰਮ ਦਾ ਨਾਮ | ਰੇਲਵੇ ਸਟੇਸ਼ਨ ਸ਼੍ਰੀਨਗਰ ਤੇ ਪ੍ਰਧਾਨ ਮੰਤਰੀ ਜਨਔਸ਼ਧੀ ਕੇਂਦਰ (PMBJK) ਦੇ ਲਈ ਜਗ੍ਹਾ ਦਾ ਠੇਕੇ ਤੇ ਅਲਾਟਮੈਂਟ। |

ਈ-ਨਿਵਿਦਾ ਵਿਚ ਭਾਗ ਲੈਣ ਲਈ ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 3619/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਦੀਮੰਗ

| | |
|---|---|
| 1. ਨੀਲਾਮੀ ਸੂਚਨਾ ਨੰ. | FZRPARCEL67 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 02.12.2023 ਨੂੰ 11.00 ਵਜੇ |
| ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14654-F1, 14654-F2, 14654-R1, 22430-F1, 22942-F1, 22480-F1, 19108-F1, 15098-F1, 12422-F1, 19028-F1, 12470-F1, 19612-F1, 22446-F1, 12472-VP & 12414-VP. | |
| 2. ਨੀਲਾਮੀ ਸੂਚਨਾ ਨੰ. | FZRPARCEL68 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 04.12.2023 ਨੂੰ 11.00 ਵਜੇ |
| ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 12014-F1, 14508-R1, 14508-F2, 14633-F1, 14633-F2, 14634-R1, 12498-F1, 14634-F2, 14508-F1, 14634-F1, 14633-R1, 14632-F1, 12414-F1 & 12920-F-1. | |
| 3. ਨੀਲਾਮੀ ਸੂਚਨਾ ਨੰ. | FZRPARCEL69 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | 05.12.2023 ਨੂੰ 11.00 ਵਜੇ |
| ਕੰਮ ਦਾ ਨਾਮ: ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14036-R1, 12752-F1, 22552-F1, 14036-F1, 12588-F1, 14036-F2, 22706-F1, 12478-F2, 19804-F1, 19326-F1, 22402-F1 & 22486-F-1. | |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਵੈਬਸਾਈਟ www.ireps.gov.in 'ਤੇ ਉਪਲਬਧ ਹੈ। 3618/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## Capital Small Finance Bank

HO:- MIDAS Corporate Park, 3rd Floor, 37, G.T. Road, Jalandhar-144001, Punjab, India.

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ ਅਤੇ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ (ਐਕਟ, 2002 (54 ਆਫ 2002) ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਮੈਸ: ਵੀਰ ਜੀ ਇੰਪਲੀਮੈਂਟਸ, ਜਲੰਧਰ ਰੋਡ, ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਸਥਿਤ ਰਾਹੀਂ ਇਸ ਦੇ ਮਾਲਕ (2) ਸ਼੍ਰੀ ਪਰਮਜੀਤ ਸਿੰਘ ਭੰਗੂ ਪੁੱਤਰ ਹਰਦੀਪ ਸਿੰਘ ਭੰਗੂ ਵਾਸੀ ਪਿੰਡ ਛੋਟੇ ਬਿੱਲੇ, ਡਾਕ: ਉਮਰਵਾਲ ਬਿੱਲੇ, ਤਹਿ: ਮਹਿਤਪੁਰ, ਜ਼ਿਲ੍ਹਾ ਜਲੰਧਰ (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (3) ਸ਼੍ਰੀ ਸੰਦੀਪ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਤੰਦਾਊਰਾ, ਤਹਿ: ਨਕੋਦਰ, ਜ਼ਿਲ੍ਹਾ ਜਲੰਧਰ (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਨੋਟਿਸ 'ਚ ਦੱਸੀ ਸੀ ਸੀ/001300000693 'ਚ ਰਕਮ ਰੁਪਏ 40,78,502.19 ਡਿਮਾਂਡ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਾਉਣ ਲਈ 10.7.2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਸੀ ਸੀ/001300000693 'ਚ ਰਕਮ ਰੁਪਏ 40,78,502.19 ਮਿਤੀ 1.7.2023 ਤੋਂ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ : ਪ੍ਰਾਇਮਰੀ ਸਕਿਊਰਿਟੀ : ਸਟਾਕ ਹਾਈਪੋਥੀਕੇਸ਼ਨ ਅਤੇ ਡੈਬਟਰ-ਕੋਲੈਟਰਲ ਸਕਿਊਰਿਟੀ : ਪਰਮਜੀਤ ਸਿੰਘ ਭੰਗੂ ਪੁੱਤਰ ਹਰਦੀਪ ਸਿੰਘ ਦੇ ਨਾਂਅ ਰਕਬਾ 12 ਮਰਲੇ ਵਾਕਿਆ ਨਕੋਦਰ, ਜ਼ਿਲ੍ਹਾ ਜਲੰਧਰ ਹੱਦਬਸਤ ਨੰ: 31 ਨਾਲ ਸੰਬੰਧਤ ਸਭ ਕੁਝ ਦਾ ਪੁਨਰ ਗ੍ਰਹਿਣ। ਵਸੀਕਾ ਨੰ: 1457 ਮਿਤੀ 19.12.2014

ਸਥਾਨ : ਜਲੰਧਰ ਮਿਤੀ 17.11.2023 ਸਹੀ/- ਅਧਿਕਾਰਤ ਅਫਸਰ


## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 07.12.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਨਿਵਿਦਾ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਟੈਂਡਰ ਅਪਲੋਡ ਕਰਨ ਦੀ ਮਿਤੀ | 15.11.2023 | ਬੋਲੀ ਸ਼ੁਰੂ ਕਰਨ ਦੀ ਮਿਤੀ | 23.11.2023 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 07.12.2023 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | |
|---|---|---|---|
| 1. | 312-2023-24-JAT-DRM-FZR | 56 ਨੰ. ਸੁਰੱਖਿਆ ਮੋਰਚਾ, 15 ਨੰ. ਗਾਰਡ ਰੂਮ ਦਾ ਨਿਰਮਾਣ, ਮਲਟੀ ਡਿਸਿਪਲਿਨਰੀ ਕਮੇਟੀ ਦੀ ਰੀਪੋਰਟ ਦੇ ਪੜਾਅ-1 ਦੇ ਅਨੁਸਾਰ ਜੰਮੂ (ਐਕਸਲ.) ਪਠਾਨਕੋਟ ਕੈਂਟ ਸੈਕਸ਼ਨ ਵਿਚ | |
| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| ₹5,31,48,577.42 | ₹4,15,800/- | 60 ਦਿਨ | 06 ਮਹੀਨੇ |
| ਸਮਾਨ ਨੇਚਰ ਦਾ ਕੰਮ:"ਭਵਨ/ਕਵਾਟਰ ਦਾ ਨਿਰਮਾਣ" | | | |
| 2. | 313-2023-24-JAT-DRM-FZR | 23 ਨੰ. ਸੁਰੱਖਿਆ ਵਾਚ ਟਾਵਰ, 11 ਨੰ. ਜੀਆਰਪੀ ਡਯੂਟੀ ਰੂਮ ਦਾ ਨਿਰਮਾਣ, ਮਲਟੀ ਡਿਸਿਪਲਿਨਰੀ ਕਮੇਟੀ ਦੀ ਰੀਪੋਰਟ ਦੇ ਪੜਾਅ-1 ਦੇ ਅਨੁਸਾਰ ਜੰਮੂ-ਲਖਨਪੁਰ ਸੈਕਸ਼ਨ ਵਿਚ | |
| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| ₹3,15,21,844.61 | ₹3,07,600/- | 60 ਦਿਨ | 06 ਮਹੀਨੇ |
| ਸਮਾਨ ਨੇਚਰ ਦਾ ਕੰਮ:"ਭਵਨ/ਕਵਾਟਰ ਦਾ ਨਿਰਮਾਣ" | | | |
| 3. | 314-2023-24-JAT-DRM-FZR | ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਦੇ ਤਹਿਤ ਅੰਮ੍ਰਿਤਸਰ-ਪਠਾਨਕੋਟ ਸੈਕਸ਼ਨ ਵਿਚ ਈਆਈ ਦੇ ਸਬੰਧ ਵਿਚ 06 ਨੰਬਰ ਪੁਲ ਦਾ ਵਿਸਤਾਰ ਕਰਨ ਲਈ। | |
| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| ₹90,76,457.45 | ₹1,81,500/- | 60 ਦਿਨ | 06 ਮਹੀਨੇ |
| ਸਮਾਨ ਨੇਚਰ ਦਾ ਕੰਮ:"ਭਵਨ/ਕਵਾਟਰ ਦਾ ਨਿਰਮਾਣ" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.: 312, 313-2023-24-JAT-DRM-FZR, 314-2023-24-PTK-DRM-FZR ਤਾਰੀਕ : 16.11.2023 3614/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 07.12.2023 ਸਮਾਂ 15:00 ਵਜੇ ਤਕ ਅੰਤਮ ਮਿਤੀ 08.12.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 15.11.2023 16.11.2023 | ਬੋਲੀ ਸ਼ੁਰੂ ਕਰਨ ਦੀ ਮਿਤੀ | 23.11.2023 24.11.2023 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 07.12.2023 15:00 ਵਜੇ 08.12.2023 15:00 ਵਜੇ |

| ਲ.ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ | |
|---|---|---|---|
| 1. | 309-2023-24-UHP-DRM-FZR | ਸਹਾਇਕ ਮੰਡਲ ਇੰਜੀਨੀਅਰ (ਉਧਮਪੁਰ) ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਦੇ ਤਹਿਤ 25 ਨੰ. ਸੁਰੱਖਿਆ ਮੋਰਚਾ, 7 ਨੰ. ਗਾਰਡ ਰੂਮ, 22 ਨੰ. ਵਾਚ ਟਾਵਰ ਅਤੇ 6 ਨੰ. ਜੀਆਰਪੀ ਡਯੂਟੀ ਰੂਮ ਦਾ ਨਿਰਮਾਣ, ਮਲਟੀ ਡਿਸਿਪਲਿਨਰੀ ਕਮੇਟੀ ਦੀ ਰਿਪੋਰਟ ਦੇ ਪੜਾਅ-1 ਦੇ ਅਨੁਸਾਰ ਜੰਮੂ (ਬਹਿਸ਼ਕ੍ਰਿਤ) - ਸ਼੍ਰੀ ਵੈਸ਼ਨੋ ਦੇਵੀ ਕਟੜਾ (ਸ਼ਾਮਲ) ਸੈਕਸ਼ਨ ਵਿਚ- ਪੈਕੇਜ:1 | |
| ਵਿਗਿਆਪਨ ਮੁਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| ₹4,54,23,437.75 | ₹3,77,100/- | 60 ਦਿਨ | 06 ਮਹੀਨੇ |
| ਸਮਾਨ ਨੇਚਰ ਦਾ ਕੰਮ:"ਭਵਨ/ਕਵਾਟਰ ਦਾ ਨਿਰਮਾਣ" | | | |
| 2. | 310-2023-24-BDGM-DRM-FZR | ਬਨਿਹਾਲ-ਬਾਰਾਮੂਲਾ ਸੈਕਸ਼ਨ ਵਿਚ ਮਲਟੀ ਡਿਸਿਪਲਿਨਰੀ ਕਮੇਟੀ ਦੀ ਰਿਪੋਰਟ ਦੇ ਪੜਾਅ-1 ਦੇ ਅਨੁਸਾਰ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ ਬਨਿਹਾਲ ਦੇ ਤਹਿਤ ਪੰਜਗਾਮ ਵਿਚ 24 ਨੰਬਰ ਸੁਰੱਖਿਆ ਮੋਰਚਾ, 18 ਨੰ. ਗਾਰਡ ਰੂਮ, 1 ਨੰ. ਡਾਗ ਕੇਨੇਲ ਅਤੇ ਨਵੇਂ ਰੇਲਵੇ ਸੁਰੱਖਿਆ ਬਲ ਬੈਰਕ (01/ 50 ਬਿਸਤਰਿਆਂ ਵਾਲਾ ਅਤੇ 01/08 ਬਿਸਤਰਿਆਂ ਵਾਲਾ ਸੀਨੀਅਰ ਅਧਿਕਾਰੀਆਂ ਦੇ ਲਈ) ਦਾ ਨਿਰਮਾਣ। ਪੈਕੇਜ :2 | |
| ਵਿਗਿਆਪਨ ਮੁਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| ₹9,39,79,074.46 | ₹6,19,900/- | 60 ਦਿਨ | 06 ਮਹੀਨੇ |
| ਸਮਾਨ ਨੇਚਰ ਦਾ ਕੰਮ:"ਭਵਨ/ਕਵਾਟਰ ਦਾ ਨਿਰਮਾਣ" | | | |
| 3. | 311-2023-24-BDGM-DRM-FZR | ਬਨਿਹਾਲ-ਬਾਰਾਮੂਲਾ ਸੈਕਸ਼ਨ ਵਿਚ ਮਲਟੀ ਡਿਸਿਪਲਿਨਰੀ ਕਮੇਟੀ ਦੀ ਰਿਪੋਰਟ ਦੇ ਪੜਾਅ-1 ਦੇ ਅਨੁਸਾਰ ਸੀਨੀਅਰ ਸੈਕਸ਼ਨ ਇੰਜੀਨੀਅਰ/ਵਰਕਸ/ ਬਡਗਾਮ ਦੇ ਤਹਿਤ 57 ਨੰਬਰ ਸੁਰੱਖਿਆ ਮੋਰਚਾ, 03 ਨੰ. ਗਾਰਡ ਰੂਮ, 1 ਨੰ. ਡਾਗ ਕੇਨੇਲ ਅਤੇ ਨਵੇਂ ਰੇਲਵੇ ਸੁਰੱਖਿਆ ਬਲ ਬੈਰਕ (01/ 80 ਬਿਸਤਰਿਆਂ ਵਾਲਾ ਸ਼੍ਰੀਨਗਰ ਵਿਚ ਅਤੇ 01/30 ਬਿਸਤਰਿਆਂ ਵਾਲਾ ਬਡਗਾਮ ਵਿਚ ਸੀਨੀਅਰ ਅਧਿਕਾਰੀਆਂ ਦੇ ਲਈ) ਦਾ ਨਿਰਮਾਣ। ਪੈਕੇਜ :2 | |
| ਵਿਗਿਆਪਨ ਮੁਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| ₹9,82,66,458.44 | ₹6,41,300/- | 60 ਦਿਨ | 06 ਮਹੀਨੇ |
| ਸਮਾਨ ਨੇਚਰ ਦਾ ਕੰਮ:"ਭਵਨ/ਕਵਾਟਰ ਦਾ ਨਿਰਮਾਣ" | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.: 309-2023-24-UHP-DRM-FZR, 310 & 311-2023-24-BDGM-DRM-FZR ਤਾਰੀਕ : 16.11.2023 3579/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## Public Notice

I, Gurwinder Singh S/o Surinder Singh R/o Vill. Burey Rajputan, PO Pandori Bawa Dass Tehsil & Distt. Hoshiarpur Punjab declare that in my wife Satwant Kaur 's Passport my name spelling was wrongly mentioned as Gurvinder Singh but my correct name is all documents Gurwinder Singh. Concerned note.

## Public Notice

This is to inform that Mrs. JASBIR KAUR W/O NARINDER SINGH R/o 1256 Gali Salamt Singh, Chowk Jai Singh, Amritsar-1, Amritsar is owner of the property in question on House property bearing Khana Shumari no.1494/7-8 and no.1329/7 old and new no.1330/7-8 and old Black Plate no. S 14/755, Land approx. 64 square yards, Situated at vakia rakba Amritsar Urban Circle no.107, Chownk Moni inside Darwaja Chatiwind gate Haweli Awalvayia inside Municipal Corporation, Tehsil and District Amritsar which Boundaries as per Sale Deed one side Passage, Back Side Babu Ram, Right side Ram Lubhaya and Left side Ownership of Jugal Kishore., Now I, JASBIR KAUR W/O NARINDER SINGH is going to sell her property measuring 64 square yards to Harjit Kaur W/o Jatinder Singh vides Agreement to Sell and she further intends to mortgage the property with the Hinduja Housing Finance Ltd. (HHFL) Branch Amritsar. Mortgage is going to be created on proposed Sale Deed to be executed in favor of Mrs. Harjit Kaur W/o Jatinder Singh. This is Walled City area property. If anybody having any objection regarding the above said property or the creation of mortgage over the said property then he should file objections at the below mentioned address. In case no objections are received within 15 days of this publication then it will be presumed that there is no objection and after that period no objection will be entertained. Dinesh Arora, Advocate, District Courts Amritsar:- Ph. M- 9779304041 And Hinduja Housing Finance Ltd. (HHFL) Branch Amritsar. Contact Person, Mr. Manish Soni M: 8209382601.

## COURT NOTICE

In the Court of
Ms. Rashmi Sharma
Principal Judge, Family Court, Jalandhar.
CNR No. PBJL01-013281-2021
Next Date : 16.12.2023
Neeti Rajpal
Versus
Gulshan Kumar

Petition under Guardian and wards Act

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 16.12.2023 at 10.00 a.m.

For details logon to https://highcourtchd.gov.in/?trs=district notice & district=Jalandhar

Principal Judge, Family Court, Jalandhar.
Dated, this day of 14.11.2023

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਅਮਰਜੀਤ ਸਿੰਘ ਨਾਇਬ ਤਹਿਸੀਲਦਾਰ ਕਰਤਾਰਪੁਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਜ਼ਿਲ੍ਹਾ ਜਲੰਧਰ।

ਨੋਟਿਸ

ਕੇਸ ਅਨੁਵਾਨ : ਸੰਦੀਪ ਭੰਡਾਰੀ ਪੁੱਤਰ ਇੰਦਰਪਾਲ ਭੰਡਾਰੀ ਤੇ ਅਨੀਲ ਕੁਮਾਰ ਭੰਡਾਰੀ ਪੁੱਤਰ ਇੰਦਰਪਾਲ ਭੰਡਾਰੀ ਬਨਾਮ ਸੰਜੀਵ ਭੰਡਾਰੀ ਆਦਿ।

ਵਾਕਿਆ ਪਿੰਡ : ਕਰਤਾਰਪੁਰ-1, ਜ਼ਿਲ੍ਹਾ ਜਲੰਧਰ

ਪਟੀਸ਼ਨ ਅਧੀਨ ਧਾਰਾ 111 ਖੇਵਟ ਨੰਬਰ 288/273 ਖਤੌਨੀ ਨੰਬਰ 359 ਖਸਰਾ ਨੰਬਰ 106/25 (0-13), ਖੇਵਟ ਨੰਬਰ 36 ਖਤੌਨੀ ਨੰਬਰ 59 ਖਸਰਾ ਨੰਬਰ 73//25/2 (3-18), 103//5/2 (0-16), ਖੇਵਟ ਨੰਬਰ 159 ਖਤੌਨੀ ਨੰਬਰ 195 ਖਸਰਾ ਨੰਬਰ 103//5/1 (7-4), ਖੇਵਟ ਨੰਬਰ 26 ਖਤੌਨੀ ਨੰਬਰ 49 ਮੁਤਾਬਕ ਜਮ੍ਹਾਂਬੰਦੀ ਸਾਲ 2016-2017 ਪਿੰਡ ਕਰਤਾਰਪੁਰ ਹ.ਬ ਨੰਬਰ 370 ਜ਼ਿਲ੍ਹਾ ਜਲੰਧਰ।

ਨੋਟਿਸ ਬਨਾਮ-1. ਸੰਜੀਵ ਭੰਡਾਰੀ ਪੁੱਤਰ ਇੰਦਰਪਾਲ ਭੰਡਾਰੀ 2. ਸਰਵੇਸ਼ ਭੰਡਾਰੀ ਪੁੱਤਰ ਸੰਦੀਪ ਭੰਡਾਰੀ 3. ਦਲਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ 4. ਜਸਵੰਤ ਸਿੰਘ ਪੁੱਤਰ ਜੋਗਿੰਦਰ ਸਿੰਘ 5. ਹਰਭਜਨ ਸਿੰਘ ਪੁੱਤਰ ਜੋਗਿੰਦਰ ਸਿੰਘ 6. ਜੋਗਿੰਦਰ ਕੌਰ ਵਿਧਵਾ ਪਿਆਰਾ ਸਿੰਘ 7. ਹਰਮਿੰਦਰ ਕੌਰ ਪੁੱਤਰੀ ਪਿਆਰਾ ਸਿੰਘ 8. ਪ੍ਰਗਟ ਸਿੰਘ ਪੁੱਤਰ ਪਿਆਰਾ ਸਿੰਘ 10. ਸਰਵਨ ਸਿੰਘ ਪੁੱਤਰ ਪਿਆਰਾ ਸਿੰਘ 11. ਦਿਲਬਾਗ ਸਿੰਘ ਪੁੱਤਰ ਕਰਨੈਲ ਸਿੰਘ 12. ਅਵਤਾਰ ਸਿੰਘ ਪੁੱਤਰ ਕਰਨੈਲ ਸਿੰਘ 13. ਪਲਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ 14. ਸਰਬਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ 15. ਜਗਦੀਪ ਸਿੰਘ ਪੁੱਤਰ ਦੀਦਾਰ ਸਿੰਘ 16. ਅਮਰਜੀਤ ਸਿੰਘ ਪੁੱਤਰ ਦੀਦਾਰ ਸਿੰਘ 17. ਮੋਹਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ 18. ਹਰਪ੍ਰੀਤ ਸਿੰਘ ਪੁੱਤਰ ਬਲਵੰਤ ਸਿੰਘ 19. ਕੁਲਵੰਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ 20. ਵਿਨੋਦ ਕੁਮਾਰੀ ਪਤਨੀ ਪਵਨ ਕੁਮਾਰ 21. ਗੁਰਬਖਸ਼ ਕੌਰ ਪਤਨੀ ਤਰਲੋਕ ਸਿੰਘ 22. ਪ੍ਰਿਆ ਪਤਨੀ ਰਜੀਵ ਮਰਵਾਹਾ 23. ਪਵਨ ਕੁਮਾਰ ਪੁੱਤਰ ਬਨਾਰਸੀ ਦਾਸ ਵਾਸੀਆਨ ਪਿੰਡ ਕਰਤਾਰਪੁਰ 24. ਪੰਜਾਬ ਨੈਸ਼ਨਲ ਬੈਂਕ ਕਰਤਾਰਪੁਰ ਰਾਹੀਂ ਸ਼ਾਖਾ ਮੈਨੇਜਰ 25. ਓ ਬੀ ਸੀ ਬੈਂਕ ਕਰਤਾਰਪੁਰ ਰਾਹੀਂ ਸ਼ਾਖਾ ਮੈਨੇਜਰ।

ਉਪਰੋਕਤ ਅਨੁਵਾਨ ਕੇਸ ਵਿੱਚ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਲਿਖੇ ਉਤਰਵਾਦੀਆਂ ਦੀ ਇਤਲਾਹ ਅਸਾਨ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਲਈ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਕੇਸ ਦੀ ਪੈਰਵਾਈ ਕਰਨ ਲਈ ਮਿਤੀ 28.11.2023 ਨੂੰ ਬਾਅਦ ਦੁਪਹਿਰ 2 ਵਜੇ ਮੁਕਾਮ ਸਬ ਤਹਿਸੀਲ ਕਰਤਾਰਪੁਰ ਵਿਖੇ ਅਸਾਲਤਨ ਜਾਂ ਵਕਾਲਤਨ ਜਾਂ ਬਜਰੀਆ ਮੁਖਤਿਆਰ ਹਾਜਰ ਆਉਣ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਅਦਾਲਤ ਦੀ ਮੋਹਰ ਅਤੇ ਹੁਕਮ ਨਾਲ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਅੱਵਲ, ਕਰਤਾਰਪੁਰ।
ਮਿਤੀ : 17.11.2023

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੈਂ, ਬਿਕਰਮਜੀਤ ਸਿੰਘ ਪੁੱਤਰ ਸੂਬਾ ਸਿੰਘ ਵਾਸੀ ਪਿੰਡ ਨਸੀਰਪੁਰ, ਡਾਕਖਾਨਾ ਚੌਧਰੀਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਪਾਸੋਂ ਇੱਕ ਟਾਇਟਲ ਬੈਨਾਮਾ, ਜਿਸ ਦਾ ਵਸੀਕਾ ਨੰ. 4779 ਮਿਤੀ 6/1/2005 ਰਕਬਾ 2-1/2 ਮਰਲੇ ਗੁੰਮ ਹੋ ਗਈ ਹੈ, ਜੋ ਕਿ ਹਰਭਜਨ ਸਿੰਘ, ਬਲਵੰਤ ਸਿੰਘ ਪੁੱਤਰਾਨ ਤੇਜਾ ਸਿੰਘ ਵਾਸੀ ਉਮਰਪੁਰਾ, ਬਟਾਲਾ ਨੇ ਬਾਹੱਕ ਪੂਜਾ ਮਹਾਜਨ ਪਤਨੀ ਵਿਜੈ ਕੁਮਾਰ ਵਾਸੀ ਉਮਰਪੁਰਾ, ਬਟਾਲਾ ਦੇ ਕੀਤੀ ਸੀ। ਜੇਕਰ ਕਿਸੇ ਨੂੰ ਇਹ ਮਿਲੇ ਤਾਂ ਕਿਰਪਾ ਕਰਕੇ ਮੇਰੇ ਉਪਰ ਦਿੱਤੇ ਪਤੇ 'ਤੇ ਸੰਪਰਕ ਕਰੇ।

ਮੈਂ, ਦਰਸ਼ਨ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਰੱਜੀਵਾਲਾ ਉਰਫ ਚੂਹੜ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਹਰਦੀਪ ਸਿੰਘ ਨੂੰ 2021 'ਚ ਬੇਦਖਲ ਕੀਤਾ ਸੀ। ਹੁਣ ਉਹ ਮੇਰੇ ਕਹਿਣੇ ਵਿੱਚ ਹੈ ਅਤੇ ਮੇਰੀ ਸੇਵਾ-ਸੰਭਾਲ ਕਰਦਾ ਹੈ। ਇਸ ਲਈ ਮੈਂ ਉਸ ਦੀ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਤਮਾਮ ਚੱਲ-ਅਚੱਲ ਜਾਇਦਾਦ ਵਿੱਚ ਹਰ ਕਿਸਮ ਦਾ ਹਿੱਸੇਦਾਰ ਹੋਵੇਗਾ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਪਰਮਜੀਤ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਚੱਕ ਅਮ੍ਰਿਸਰੀਆ ਤਹਿਸੀਲ ਸਮਾਣਾ ਜ਼ਿ?ਲ੍ਹਾ ਪਟਿਆਲਾ ਨੇ ਆਪਣੇ ਲੜਕੇ ਸੁਖਚੈਨ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿ?ਮੇਵਾਰ ਹੋਵੇਗਾ।

ਮੈਂ, ਹੰਸ ਰਾਜ ਖੁਰਾਣਾ ਪੁੱਤਰ ਪਰਸ਼ੋਤਮ ਲਾਲ ਵਾਸੀ ਡਬਲਊ ਡੀ-53, ਸ਼ੇਖਾਂ ਬਾਜ਼ਾਰ, ਘੋੜੇ ਵਾਲਾ ਚੌਕ, ਜਲੰਧਰ ਮੇਰਾ ਲੜਕਾ ਇਸ਼ੂ ਖੁਰਾਣਾ ਉਰਫ ਸੰਨੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੇ ਕਿਸੇ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਦਰਸਨ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਮੁੰਡੀ ਛੁਰੀ ਮਾਰਾਂ (ਕੁਸੁ ਵਾਲਾ ਮੋੜ) ਆਪਣੇ ਲੜਕੇ ਭਗਤ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਸਬੰਧਤ ਨੋਟ ਕਰਨ । (ਆਰ)

ਮੈ ਪੱਪੂ ਪੁੱਤਰ ਸ੍ਰੀ ਤਰਸੇਮ ਲਾਲ ਵਾਸੀ ਮਕਾਨ ਨੰ: ਈ-1-540, ਗਲੀ ਨੰ :7, ਵਡਾਲੀ ਰੋਡ, ਹਰਗੋਬਿੰਦਪੁਰਾ, ਛੇਹਰਟਾ, ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਛੋਟਾ ਲੜਕਾ ਬੱਬਲੂ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ। ਇਸ ਨੂੰ ਮੈ ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।

ਮੈ ਰਾਜ ਕੁਮਾਰ ਪੁੱਤਰ ਸ੍ਰੀ ਦੌਲਤ ਰਾਮ ਵਾਸੀ ਚਵਿੰਡਾ ਦੇਵੀ, ਮਜੀਠਾ, ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅਮਨਦੀਪ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ। ਇਸ ਨੂੰ ਮੈ ਆਪਣੀ ਚੱਲ-ਅਚੱਲ ਜ਼ਮੀਨ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਾਲੁਕ-ਵਾਸਤਾ ਨਹੀਂ ਹੋਵੇਗਾ।

ਮੈਂ, ਮਨਜੀਤ ਕੋਰ ਵਿਧਵਾ ਸੋਮ ਨਾਥ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਤੇ ਡਾਕ: ਦੋਨੋਵਾਲ ਕਲਾਂ, ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਹਰਪ੍ਰੀਤ ਸਿੰਘ ਵਾ ਉਸਦੀ ਪਤਨੀ ਜਸਪ੍ਰੀਤ ਕੋਰ ਵਾ ਇਨ੍ਹਾਂ ਦਾ ਪੁੱਤਰ ਹਰਸ਼ਵੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸਰਦਾਰਾ ਪਤਨੀ ਸਵਰਗਵਾਸੀ ਬਰਕਤ ਲਾਲ ਵਾਸੀ ਵਾਲਮੀਕਿ ਮੁਹੱਲਾ, ਪਿੰਡ ਅਤੇ ਡਾਕਘਰ ਹਰਸੀ ਪਿੰਡ, ਤਹਿ: ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਆਪਣੀ ਨੂੰਹ ਪਰਮਜੀਤ ਕੌਰ (ਪੁੱਤਰੀ ਚਾਨਣ ਰਾਮ ਅਤੇ ਸ੍ਰੀਮਤੀ ਸ਼ਿੰਦੋ) ਪਤਨੀ ਬਲਵੀਰ ਲਾਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਬੀ)

ਮੈਂ, ਅਸ਼ਵਨੀ ਕੁਮਾਰ ਪੁੱਤਰ ਰਾਮ ਪ੍ਰਕਾਸ਼ ਵਾਸੀ ਵਾਰਡ ਨੰ. 8, ਉਬਰਾਏ ਹਸਪਤਾਲ, ਬੈਕਸਾਈਡ ਰਾਮ ਸ਼ਰਨ ਕਾਲੋਨੀ, ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਬੇਟਾ ਰਾਹੁਲ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਬੰਸ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਯਾਦਵਿੰਦਰ ਸਿੰਘ ਅਤੇ ਨੂੰਹ ਅਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸਕੱਤਰ ਸਿੰਘ ਪੁੱਤਰ ਭਰਪੂਰ ਸਿੰਘ ਵਾਸੀ ਮਕਾਨ ਨੰ. 9, ਗਲੀ ਨੰ. 5, ਫਰੈਂਡਸ ਐਵੀਨਿਊ, ਪਲਾਹ ਸਾਹਿਬ ਰੋਡ, ਬੀ-ਬਲਾਕ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਰਮਨਜੀਤ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਅਤੇ ਇਨ੍ਹਾਂ ਦਾ ਲੜਕਾ ਤੇਜਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਪਰਮਿੰਦਰ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਚੰਬਾ ਕਲਾਂ ਜ਼ਿਲ੍ਹਾ ਤਰਨ ਤਾਰਨ ਨੇ ਆਪਣਾ ਨਾਮ ਪਰਮਿੰਦਰ ਕੌਰ ਤੋਂ ਬਦਲਕੇ ਪਰਵਿੰਦਰ ਕੌਰ ਰੱਖ ਲਿਆ ਹੈ ਸਬੰਧਤ ਨੋਟ ਕਰਨ।

ਮੈ ਹਰਮਨ ਸਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਖੇਰੜ ਰਾਵਲ ਬਸੀ ਡਾਕਖਾਨਾ ਖੇਰੜ ਅੱਛਰਵਾਲ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ, ਪੰਜਾਬ ਨੇ ਆਪਣਾ ਨਾਮ ਹਰਮਨ ਤੋਂ ਬਦਲ ਕੇ ਹਰਮਨ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ । (ਗੁਰਨਾਮ)

ਮੈਂ ਮੋਨਿਕਾ ਬੈਂਸ ਪਤਨੀ ਜਸਪਾਲ ਸੰਧੂ ਨਿਵਾਸੀ ਮਕਾਨ ਨੰਬਰ 304 ਨਿਊ ਦਸਮੇਸ ਨਗਰ ਨੇੜੇ ਪਾਰਕ ਗੈਸ ਪਾਈਪਲਾਈਨ ਜਲੰਧਰ ਨੇ ਆਪਣੀ ਬੇਟੀ ਦਾ ਨਾਮ ਬਦਲ ਕੇ ਸਾਧਿਕਾ ਤੋਂ ਸਾਧਿਕਾ ਸੰਧੂ ਰੱਖ ਦਿੱਤਾ ਹੈ।

ਮੈਂ ਮੋਨਿਕਾ ਸੰਧੂ ਪਤਨੀ ਜਸਪਾਲ ਸੰਧੂ ਨਿਵਾਸੀ ਮਕਾਨ ਨੰਬਰ 304 ਨਿਊ ਦਸਮੇਸ ਨਗਰ ਨੇੜੇ ਪਾਰਕ ਗੈਸ ਪਾਈਪਲਾਈਨ ਜਲੰਧਰ ਨੇ ਆਪਣਾ ਨਾਮ ਬਦਲ ਕੇ ਮੋਨਿਕਾ ਸੰਧੂ ਤੋਂ ਮੋਨਿਕਾ ਬੈਂਸ ਰੱਖ ਲਿਆ ਹੈ।

ਮੈਂ, ਗੁਰਦਿਆਲ ਚੰਦ ਪੁੱਤਰ ਦਰਸ਼ਨ ਰਾਮ ਵਾਸੀ ਪਿੰਡ ਤੇ ਡਾਕ: ਚੂਹੇਕੀ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਇਹ ਕਿ ਮੈਂ ਆਪਣਾ ਨਾਮ ਗੁਰਦਿਆਲ ਚੰਦ ਤੋਂ ਬਦਲ ਕੇ ਗੁਰਦਿਆਲ ਚੰਦ ਚੰਦੜ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਮਿਨਾਕਸ਼ੀ ਚੋਹਾਨ ਪਤਨੀ ਦੀਪਕ ਸਿੰਘ ਵਾਸੀ ਮਕਾਨ ਨੰਬਰ ਈ.ਜੀ. 15/1086, 07, ਲਾਡੋਵਾਲੀ ਰੋਡ, ਸੰਤ ਨਗਰ, ਜਲੰਧਰ-1, ਜ਼ਿਲ੍ਹਾ ਜਲੰਧਰ ਇਹ ਜਾਣਕਾਰੀ ਦਿੰਦੀ ਹਾਂ ਕਿ ਮਿਨਾਕਸ਼ੀ ਚੋਹਾਨ ਅਤੇ ਮਿਨਾਕਸ਼ੀ ਨਾਮ ਇੱਕੋ ਵਿਅਕਤੀ ਦੇ ਹਨ ਜੋ ਕਿ ਮੈਂ ਹੀ ਹਾਂ ਅਤੇ ਸਿਰਫ ਮੇਰੇ ਨਾਲ ਸਬੰਧਤ ਹੈ। ਸੰਬਧਿਤ ਨੋਟ ਕਰਨ। (ਆਰ)

ਮੈਂ, ਬੇਬੀ ਪਤਨੀ ਹਰਪਵਿੱਤਰਜੀਤ ਸਿੰਘ ਵਾਸੀ ਪਿੰਡ ਬੁੱਢਾ ਥੇਹ, ਡਾਕਖਾਨਾ ਬਿਆਸ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਨੇ ਆਪਣਾ ਨਾਂਅ ਬੇਬੀ ਤੋਂ ਬਦਲ ਕੇ ਬੇਬੀ ਕੌਰ ਰੱਖ ਲਿਆ ਹੈ।

## Change of Name

I,Aster W/O Victor John R/O Nag Kalan,Majitha Road, Amritsar ,Punjab have changed my name from Aster to Aster John.Concerned note.

I,Suman W/O Subhash Kumar Bhandari R/O 64-65-66,Opp.Shalimar Resort,Kashmir Gardens,Ajnala Fatehgarh Churian,Byepass,Amritsar,Punjab have changed my name from Suman to Suman Bhandari. Concerned note.

I KARN KUMAR S/O MUKESH KUMAR PATTI AKALAPUR V.P.O MALSIAN TEH. SHAHKOT DT. JALANDHAR HAVE CHANGED MY NAME FROM KARN KUMAR TO KARAN KUMAR ALL CONSERNED NOTE.

I, Manjinder Kumar S/o Sarwan Dass R/o Village & PO Bohan Distt. Hoshiarpur 146001 Punjab declare that Kumar is my Surname and Manjinder is my given name.

I, Ekamjot Singh Sandhu S/o Sherbir Singh Sandhu G/F Balkar Singh Sandhu M/o Palwinder Kaur Sandhu. We all are known as Sandhu family Vill. Gharka, Tehsil & Distt.Tarn Taran. (Chadha)

I, Hemraj S/o Raja Ram R/o H.No. 208, Phase 2, SAS Nagar, Mohali, have changed my name from Hemraj to Hemraj Garg. All concerned please note. (8876)

I, Prem Paul Masih S/o Gulzar Masih R/o # 95, Hargobind Avenue, Chheharta, Amritsar, have changed my minor son name from Kelvin Masih to Kelvin Paul Masih. (Arora)

I Gurwinder Singh S/o Balwinder Singh R/o Vill Kala Nangal,PO Bhullar,Tehsil Batata Distt Gurdaspur. Have Changed my name from Gurwinder Singh to Singh Gurwinder.

I, Suraj S/o Shashi Bhushan Paswan R/o VPO Bassi Purani, Distt. Hoshiarpur, Punjab have changed my name from Suraj to Suraj Paswan. Concerned note.

I Yadwinder Singh S/o Sukhjinder Singh R/o Vill Kala Nangal, PO Bhullar, Tehsil Batata Distt Gurdaspur. Have Changed my name from Yadwinder Singh to Singh Yadwinder.

I, Baljit Singh S/o Piara Singh R/o H.No. 18-D, Block A, Jamalpur, Ahluwalia Colony, Focal Ponit, Ludhiana-141010, that Baljit Singh and Baljit Singh Sahi are names of one and the same Person. Kindly concerned note.

I, Havinder Kaur W/o Sukhwinder Singh R/o Vill. Abul Khair, P.O. Gurdaspur, Tehsil/Distt. Gurdaspur, Punjab, have changed my name from Havinder Kaur to Harwinder Kaur

## Change of Name

I, Sukhjeet Kumar Chawla S/o Amarjit Kumar R/o H.No. F13/401, Nehru Colony, Majitha Road, Amritsar, Punjab have changed my name from Sukhjeet Kumar Chawla to Sukhjit Kumar Chawla.

I, Binni Chawla S/o Sukhjit Kumar Chawla R/o H.No. F13/401, Nehru Colony, Majitha Road, Amritsar, Punjab have changed my name from Binni Chawla to Binni.

I, Garish Kumar S/o Ramesh Raj R/o H.No. E-4-1492/1584/23, Hukam Chand Colony, Azad Nagar, Chheharta, Amritsar have changed my name from Garish Kumar to Girish Kumar Bharti.

I, Sukhwinder Kaur alias Kashmir Kaur W/o Raghbir Singh R/o L-6/1316, Gali No. 2, New Shaheed Udham Singh Nagar, Amritsar, Punjab have changed my name from Sukhwinder Kaur alias Kashmir Kaur to Sukhwinder Kaur.

I Major Singh S/o Mukhtiar Singh, R/o Vill. Nasir Pur, Teh. Shahkot (Jalandhar) Punjab Have Changed My Name Major Singh to Mejor Singh Concerned May Note.

I Raj Joyti W/O Jatinder Singh R/O 1562, Gali Karam Singh, Chowk Karori Amritsar Have Changed My Name From Raj Joyti To Rajinder Kaur.

I, Asha W/o Ladli Sharn Chopra R/o H.No. 400, Urban Estate, Phase-2, Jalandhar-144001, Punjab have changed my name to Asha Chopra. All concerned please note.

I, Neeru W/o Amit Arora R/o H.No.74, Shakti Nagar Main Road, Amritsar have changed my name from Neeru to Neeru Arora

## Change of Name

I, hitherto known as RAJINDER KUMAR S/o GURDAS RAM R/o House No. 493, Kacha Kot, Basti Bawa Khel, Jalandhar-144021, Punjab, India have changed my name and shall hereafter be known as RAJINDER.

I, Lovepreet Singh S/o Jaspal Singh R/o H.No.150,Gali No.06,Vikas Nagar Khandwala, Chheharta Amritsar have declared that Singh is my Surname name and Lovepreet is my Given name.

I Dilwar Sain S/O Tufail Mohammd Vill& PO Naugajja Jalandhar.I Have Changed My Name Dilwar Sain To Dilwar Hussain.Please Concerned Note.

I, Baljinder Singh S/o Sh. Nirmal Singh R/o H.No. St. No. 01, Gopal Nagar, Tiba Road, Basti Jodhewal, Ludhiana, Punjab, kindly note that Baljinder Singh and Baljinder Pal Singh is one and the same person. (Active)

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਰੇਲਗੱਡੀਆਂ ਦਾ ਰੱਦੀਕਰਨ/ਮਾਰਗ ਪਰਿਵਰਤਨ/ ਰੇਗੂਲੇਸ਼ਨ

ਉਤਰ ਰੇਲਵੇ ਦੁਆਰਾ ਆਧਾਰਭੂਤ ਅਵਸੰਰਚਨਾ ਅਤੇ ਯਾਤਰੀ ਸਹੂਲਤਾਂ ਨੂੰ ਹੋਰ ਵਧੀਆ ਬਨਾਉਣ ਦੇ ਉਦੇਸ਼ ਨਾਲ ਲਖਨਊ ਮੰਡਲ ਦੇ ਬਾਰਾਬੰਕੀ-ਅਯੁਧਿਆ ਕੈਂਟ-ਅਕਬਰਪੁਰ-ਜਾਫਰਾਬਾਦ ਸੈਕਸ਼ਨ ਦੇ ਸਾਲਾਰਪੁਰ ਰੇਲਵੇ ਸਟੇਸ਼ਨ ਤੇ ਯਾਰਡ ਰਿਮਾਡਲਿੰਗ ਦਾ ਕੰਮ ਕੀਤਾ ਜਾਵੇਗਾ। ਇਸ ਕੰਮ ਦੇ ਲਾਗੂ ਕਰਨ ਲਈ ਮਿਤੀ 23.11.2023 ਤੋਂ 03.12.2023 ਤਕ ਟ੍ਰੈਫਿਕ ਬਲਾਕ ਲਿਆ ਜਾਵੇਗਾ। ਨਤੀਜੇ ਵਜੋਂ, ਹੇਠਾਂ ਲਿਖਤ ਰੇਲਗੱਡੀਆਂ ਉਨ੍ਹਾਂ ਦੇ ਸਾਹਮਣੇ ਦਰਸਾਈਆਂ ਗਈਆਂ ਮਿਤੀਆਂ ਤੇ ਹੇਠਾਂ ਅਨੁਸਾਰ ਪ੍ਰਭਾਵਿਤ ਰਹਿਣਗੀਆਂ:-

### ਰੇਲਗੱਡੀਆਂ ਦਾ ਰੱਦੀਕਰਨ

| ਰੇਲਗੱਡੀ ਨੰਬਰ ਅਤੇ ਰੇਲਗੱਡੀ ਦਾ ਨਾਮ | ਰੱਦੀਕਰਨ ਦੀ ਮਿਤੀ(ਆਂ) (ਸ਼ੁਰੂਆਤੀ ਸਟੇਸ਼ਨ ਤੋਂ) |
|---|---|
| 04203 ਅਯੁਧਿਆ ਕੈਂਟ - ਲਖਨਊ ਐਮਈਐਕਸ ਸਪੈਸ਼ਲ | 23.11.2023 ਤੋਂ 03.12.2023 |
| 04204 ਲਖਨਊ - ਅਯੁਧਿਆ ਕੈਂਟ ਐਮਈਐਕਸ ਸਪੈਸ਼ਲ | 23.11.2023 ਤੋਂ 03.12.2023 |

### ਰੇਲਗੱਡੀਆਂ ਦਾ ਮਾਰਗ ਪਰਿਵਰਤਨ

| ਰੇਲਗੱਡੀ ਨੰਬਰ ਅਤੇ ਰੇਲਗੱਡੀ ਦਾ ਨਾਮ | ਬਦਲਿਆ ਮਾਰਗ | ਮਿਤੀ(ਆਂ) (ਸ਼ੁਰੂਆਤੀ ਸਟੇਸ਼ਨ ਤੋਂ) |
|---|---|---|
| 13009 ਹਾਵੜਾ - ਯੋਗ ਨਗਰੀ ਰਿਸ਼ੀਕੇਸ਼ ਦੂਨ ਐਕਸਪ੍ਰੈਸ | ਵਾਰਾਨਸੀ-ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ-ਲਖਨਊ | 22.11.2023 ਤੋਂ 02.12.2023 |
| 13010 ਯੋਗ ਨਗਰੀ ਰਿਸ਼ੀਕੇਸ਼ - ਹਾਵੜਾ ਦੂਨ ਐਕਸਪ੍ਰੈਸ | ਲਖਨਊ-ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ-ਵਾਰਾਨਸੀ | 22.11.2023 ਤੋਂ 02.12.2023 |
| 13307 ਧਨਬਾਦ - ਫਿਰੋਜਪੁਰ ਗੰਗਾਸਤਲੁਜ ਐਕਸਪ੍ਰੈਸ | ਵਾਰਾਨਸੀ-ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ-ਲਖਨਊ | 22.11.2023 ਤੋਂ 02.12.2023 |
| 13308 ਫਿਰੋਜਪੁਰ - ਧਨਬਾਦ ਗੰਗਾਸਤਲੁਜ ਐਕਸਪ੍ਰੈਸ | ਲਖਨਊ-ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ-ਵਾਰਾਨਸੀ | 22.11.2023 ਤੋਂ 02.12.2023 |
| 15934 ਅੰਮ੍ਰਿਤਸਰ - ਨਿਊ ਤਿਨਸੁਕਿਯਾ ਐਕਸਪ੍ਰੈਸ | ਲਖਨਊ-ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ-ਵਾਰਾਨਸੀ | 24.11.2023, 01.12.2023 |
| 13238 ਕੋਟਾ - ਪਟਨਾ ਐਕਸਪ੍ਰੈਸ | ਲਖਨਊ-ਸੁਲਤਾਨਪੁਰ-ਜਫਰਾਬਾਦ | 23, 24, 26, 30.11.2023 ਅਤੇ 01.12.2023 |
| 13484 ਦਿੱਲੀ - ਮਾਲਦਾ ਟਾਊਨ ਫਰਕਕਾ ਐਕਸਪ੍ਰੈਸ | ਲਖਨਊ-ਸੁਲਤਾਨਪੁਰ-ਜਫਰਾਬਾਦ | 23, 24, 26, 28, 30.11.2023 ਅਤੇ 01.12.2023 |
| 15636 ਗੁਹਾਟੀ - ਓਖਾ ਦਵਾਰਕਾ ਐਕਸਪ੍ਰੈਸ | ਜਫਰਾਬਾਦ-ਸੁਲਤਾਨਪੁਰ-ਲਖਨਊ | 27.11.2023 |
| 15668 ਕਾਮਾਖਯਾ - ਗਾਂਧੀਧਾਮ ਬੀਜੀ ਐਕਸਪ੍ਰੈਸ | ਜਫਰਾਬਾਦ-ਸੁਲਤਾਨਪੁਰ-ਲਖਨਊ | 22.11.2023, 29.11.2023 |
| 18103 ਟਾਟਾਨਗਰ - ਅੰਮ੍ਰਿਤਸਰ ਜਲਿਆਂਵਾਲਾ ਐਕਸਪ੍ਰੈਸ | ਜਫਰਾਬਾਦ-ਸੁਲਤਾਨਪੁਰ-ਲਖਨਊ | 22, 27 ਅਤੇ 29.11.2023 |
| 19321 ਇੰਦੌਰ - ਪਟਨਾ ਐਕਸਪ੍ਰੈਸ | ਲਖਨਊ-ਸੁਲਤਾਨਪੁਰ-ਜਫਰਾਬਾਦ | 25.11.2023, 02.12.2023 |
| 14650 ਅੰਮ੍ਰਿਤਸਰ - ਜਯਨਗਰ ਸਰਯੂ ਯਮੁਨਾ ਐਕਸਪ੍ਰੈਸ | ਲਖਨਊ-ਬਾਰਾਬੰਕੀ-ਗੋਂਡਾ-ਗੋਰਖਪੁਰ-ਛਪਰਾ | 22, 25, 27, 29.11.2023 ਅਤੇ 02.12.2023 |
| 15023 ਗੋਰਖਪੁਰ - ਯਸ਼ਵੰਤਪੁਰ ਐਕਸਪ੍ਰੈਸ | ਗੋਰਖਪੁਰ-ਗੋਂਡਾ-ਬਾਰਾਬੰਕੀ -ਲਖਨਊ | 28.11.2023 |
| 15024 ਯਸ਼ਵੰਤਪੁਰ - ਗੋਰਖਪੁਰ ਐਕਸਪ੍ਰੈਸ | ਲਖਨਊ-ਗੋਂਡਾ-ਗੋਰਖਪੁਰ | 23.11.2023, 30.11.2023 |
| 15716 ਅਜਮੇਰ - ਕਿਸ਼ਨਗੰਜ ਗਰੀਬ ਨਵਾਜ ਐਕਸਪ੍ਰੈਸ | ਲਖਨਊ-ਬਾਰਾਬੰਕੀ-ਗੋਂਡਾ-ਗੋਰਖਪੁਰ | 23, 27, 28 ਅਤੇ 30.11.2023 |

### ਰੇਲਗੱਡੀਆਂ ਦਾ ਰੇਗੂਲੇਸ਼ਨ

| ਰੇਲਗੱਡੀ ਨੰਬਰ ਅਤੇ ਰੇਲਗੱਡੀ ਦਾ ਨਾਮ | ਰੈਗੂਲੇਸ਼ਨ | ਯਾਤਰਾ ਸ਼ੁਰੂ ਕਰਨ ਦੀ ਮਿਤੀ |
|---|---|---|
| 13308 ਫਿਰੋਜਪੁਰ - ਧਨਬਾਦ ਗੰਗਾਸਤਲੁਜ ਐਕਸਪ੍ਰੈਸ | ਮਾਰਗ ਵਿਚ 70 ਮਿੰਟ ਰੈਗੂਲੇਟ ਕੀਤੀ ਜਾਏਗੀ | 16.11.2023 ਤੋਂ 22.11.2023 |
| 18103 ਟਾਟਾਨਗਰ - ਅੰਮ੍ਰਿਤਸਰ ਜਲਿਆਂਵਾਲਾ ਬਾਗ ਐਕਸ. | ਮਾਰਗ ਵਿਚ 120 ਮਿੰਟ ਰੈਗੂਲੇਟ ਕੀਤੀ ਜਾਏਗੀ | 15.11.2023, 20.11.2023 |
| 15023 ਗੋਰਖਪੁਰ-ਯਸ਼ਵੰਤਪੁਰ ਐਕਸਪ੍ਰੈਸ | ਮਾਰਗ ਵਿਚ 120 ਮਿੰਟ ਰੈਗੂਲੇਟ ਕੀਤੀ ਜਾਏਗੀ | 21.11.2023 |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਵੇਖੋ ਜਾਂ NTES ਐਪ ਵੇਖੋ।

ਰੇਲਮਦਦ ਵੈਬਸਾਈਟ ਦੇਖੋ :- www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

3540/23 ਰੇਲਮਦਦ ਹੈਲਪਲਾਈਨ ਨੰ. 139 ਉੱਤਰ ਰੇਲਵੇ ਤੁਹਾਡੀ ਸੁਵਿਧਾ - ਸਾਡਾ ਲਕਸ਼ 'ਤੇ ਸਾਨੂੰ ਫਾਲੋ ਕਰੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ ਸਾਨੂੰ www.nr.indianrailways.gov.in 'ਤੇ ਮਿਲੋ

19-Nov-PAGE-7.qxd 11/18/2023 10:20 PM Page 1



# ਲਾਇਲਪੁਰ ਖ਼ਾਲਸਾ ਕਾਲਜ ਵੱਲੋਂ ਅੰਤਰ-ਕਾਲਜ ਹਾਕੀ ਚੈਂਪੀਅਨਸ਼ਿਪ



**ਜਲੰਧਰ ( ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵੱਲੋਂ 14 ਨਵੰਬਰ ਤੋਂ 16 ਨਵੰਬਰ ਤੱਕ ਬਰਲਟਨ ਪਾਰਕ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ, ਜਲੰਧਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਤਰ-ਕਾਲਜ ਹਾਕੀ ਚੈਂਪੀਅਨਸ਼ਿਪ ਕਰਵਾਈ ਗਈ। ਫਾਈਨਲ ਮੈਚ ਡੀ.ਏ.ਵੀ. ਕਾਲਜ, ਜਲੰਧਰ ਅਤੇ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਚਕਾਰ ਖੇਡਿਆ ਗਿਆ, ਜਿਸ ਵਿੱਚ 1980 ਵਿੱਚ ਮਾਸਕੋ ਓਲੰਪਿਕ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਅਰਜੁਨ ਐਵਾਰਡੀ ਸੁਰਿੰਦਰ ਸੋਢੀ ਨੇ ਟੂਰਨਾਮੈਂਟ ਦੇ ਅੰਤਿਮ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨ ਵਿਚੋਂ ਓਲੰਪੀਅਨ ਰਜਿੰਦਰ ਸਿੰਘ, ਓਲੰਪੀਅਨ ਸੰਜੀਵ ਕੁਮਾਰ, ਡਾ. ਕੰਵਰ ਮਨਦੀਪ ਸਿੰਘ ਢਿੱਲੋਂ (ਡਾਇਰੈਕਟਰ ਸਪੋਰਟਸ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਡਾ. ਜਸਪਾਲ ਸਿੰਘ (ਪ੍ਰਿੰਸੀਪਲ, ਲਾਇਲਪੁਰ ਖ਼ਾਲਸਾ ਕਾਲਜ), ਪ੍ਰੋ. ਕਿਰਪਾਲ ਸਿੰਘ ਮਠਾਰੂ, ਡਾ. ਮਨੂ ਸੂਦ (ਮੁਖੀ ਸਪੋਰਟਸ, ਡੀ.ਏ.ਵੀ. ਕਾਲਜ), ਡਾ. ਸਿਮਰਨਜੀਤ ਸਿੰਘ ਬੈਂਸ (ਡੀਨ ਸਪੋਰਟਸ, ਲਾਇਲਪੁਰ ਖ਼ਾਲਸਾ ਕਾਲਜ), ਜਗਦੇਵ ਸਿੰਘ (ਯੂਨੀਵਰਸਿਟੀ ਹਾਕੀ ਕੋਚ) ਅਤੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਰਿਪੁਦਮਨ ਕੁਮਾਰ ਸਿੰਘ ਹਾਜ਼ਰ ਸਨ। ਚੈਂਪੀਅਨਸ਼ਿਪ ਟਰਾਫੀ ਡੀਏਵੀ ਕਾਲਜ, ਜਲੰਧਰ ਨੇ ਜਿੱਤੀ ਅਤੇ ਲਾਇਲਪੁਰ ਖ਼ਾਲਸਾ ਕਾਲਜ ਨੇ ਦੂਜਾ ਸਥਾਨ ਹਾਸਲ ਕੀਤਾ। ਖ਼ਾਲਸਾ ਕਾਲਜ, ਕਰਤਾਰਪੁਰ ਨੇ ਤੀਜਾ ਸਥਾਨ ਹਾਸਲ ਕੀਤਾ। ਅਵਤਾਰ ਸਿੰਘ ਅਤੇ ਖ਼ੁਸ਼ਵੀਰ ਸਿੰਘ ਡੀਏਵੀ ਕਾਲਜ ਦੀ ਟੀਮ ਦੇ ਕੋਚ ਅਤੇ ਦਵਿੰਦਰਪਾਲ ਨੇ ਲਾਇਲਪੁਰ ਖ਼ਾਲਸਾ ਕਾਲਜ ਦੀ ਟੀਮ ਦੇ ਕੋਚ ਵਜੋਂ ਸੇਵਾਵਾਂ ਨਿਭਾਈਆਂ।

# ਪੰਜਾਬੀ ਬੋਲੀ ਓਲੰਪਿਆਡ-2023 ਸੰਬੰਧੀ ਸੈਮੀਨਾਰ ਕਰਵਾਇਆ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ,ਐਸ.ਏ.ਐਸ. ਨਗਰ ਵੱਲੋਂ ਪੰਜਾਬੀ ਬੋਲੀ ਓਲੰਪਿਆਡ-2023 ਸਬੰਧੀ ਸੈਮੀਨਾਰ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਪਬਲਿਕ ਹਾਈ ਸਕੂਲ, ਖਿਜਰਾਬਾਦ (ਐਸ.ਏ.ਐਸ. ਨਗਰ) ਵਿਖੇ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਬੱਚਿਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦਾ ਸੰਚਾਲਨ ਸ਼੍ਰੀਮਤੀ ਅਮਨਪ੍ਰੀਤ ਕੌਰ (ਪੰਜਾਬੀ ਅਧਿਆਪਕਾ) ਵੱਲੋਂ ਕੀਤਾ ਗਿਆ। ਸੈਮੀਨਾਰ ਵਿੱਚ ਵੱਖ-ਵੱਖ ਬੁਲਾਰਿਆਂ ਨੇ ਪੰਜਾਬੀ ਮਾਂ ਬੋਲੀ ਦੇ ਸਭਿਆਚਾਰ ਅਤੇ ਇਤਿਹਾਸ ਬਾਰੇ ਚਾਨਣਾ ਪਾਇਆ। ਜਿਸ ਨੂੰ ਪੰਜਾਬੀ ਅਧਿਆਪਕਾਂ ਡਾ. ਹਰਿਹਰ ਸਿੰਘ ਸ.ਸ.ਸ., ਦੇਹਕਲਾਂ, ਗੁਰਬਚਨ ਸਿੰਘ ਸ.ਹ.ਸ.,ਡਾਣੀ ਮਾਜਰਾ ਅਤੇ ਸ੍ਰੀਮਤੀ ਗੁਰਵਿੰਦਰਪਾਲ ਕੌਰ ਆਦਰਸ਼ ਸੀ.ਸੈ.ਸਕੂਲ, ਕਾਲੇਵਾਲ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਪੰਜਾਬੀ ਮਾਂ ਬੋਲੀ ਦੇ ਵਿਰਸੇ ਬਾਰੇ ਚਾਨਣਾ ਪਾਇਆ ਗਿਆ ਅਤੇ ਨਾਲ ਹੀ ਬੱਚਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਪੰਜਾਬੀ ਬੋਲੀ ਓਲੰਪਿਆਡ-2023 ਵਿੱਚ ਵੱਧ ਤੋਂ ਵੱਧ ਭਾਗ ਲੈਣਾ ਯਕੀਨੀ ਬਣਾਉਣ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਹੁੰਚੇ ਮਹਿਮਾਨ ਭਗਵਾਨ ਸਿੰਘ (ਜ਼ਿਲ੍ਹਾ ਮੈਨੇਜਰ ਮੋਹਾਲੀ) ਅਤੇ ਸੁਨੀਲ ਅਰੋੜਾ ਨੇ ਬੱਚਿਆਂ ਨੂੰ ਪੰਜਾਬੀ ਬੋਲੀ ਦੇ ਓਲੰਪਿਆਡ-2023 ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਅੰਤ ਵਿੱਚ ਪ੍ਰਿੰਸੀਪਲ ਹਰਚਰਨ ਸਿੰਘ ਅਤੇ ਡਾਇਰੈਕਟਰ ਸਤਨਾਮ ਸਿੰਘ ਵੱਲੋਂ ਸੈਮੀਨਾਰ ਵਿੱਚ ਆਏ ਸਾਰੇ ਬੱਚਿਆਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨੁਮਾਇੰਦੇ ਲੱਖਨ ਸਿੰਘ, ਜਸਬੀਰ ਸਿੰਘ, ਕੁਲਜੀਤ ਸਿੰਘ ਰੰਧਾਵਾ, ਪ੍ਰਦੀਪ ਕੁਮਾਰ, ਰਜਿੰਦਰ ਸਿੰਘ (ਰਾਜਾ), ਰਘਬੀਰ ਸਿੰਘ ਅਤੇ ਪਰਵਿੰਦਰ ਸਿੰਘ ਮੌਜੂਦ ਸਨ।

# ਸੰਗ ਢੇਸੀਆਂ ਦੀ ਔਰਤ ਨਾਲ 4 ਲੱਖ ਰੁਪਏ ਦੀ ਠੱਗੀ



**ਗੁਰਾਇਆ ( ਬਿੰਦਰ ਸੁਮਨ )**-ਸੰਗ ਢੇਸੀਆਂ ਦੀ ਮਹਿਲਾ ਡਾਕਟਰ ਨਾਲ ਇਕ ਠੱਗ ਨੇ 4 ਲੱਖ ਰੁਪਏ ਦੀ ਠੱਗੀ ਮਾਰੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਨੇ ਭਲਵਿੰਦਰ ਕੌਰ ਪਤਨੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਉਸ ਨੂੰ 0014697461275 ਨੰਬਰ ਤੋਂ ਵਟਸਐਪ 'ਤੇ ਕਾਲ ਆਈ ਅਤੇ ਕਿਹਾ ਕੇ ਉਹ ਉਸ ਦੇ ਬੇਟੇ ਜਸਪ੍ਰੀਤ ਸਿੰਘ ਦਾ ਦੋਸਤ ਮਨਦੀਪ ਆਸਟ੍ਰੇਲੀਆ ਤੋਂ ਹੈ ਅਤੇ ਉਹ ਉਨ੍ਹਾਂ ਨੂੰ 9.10 ਲੱਖ ਰੁਪਏ ਭੇਜ ਰਿਹਾ ਹੈ। ਉਸ ਵਿੱਚੋਂ ਉਸਨੇ 4 ਲੱਖ ਰੁਪਏ ਲੁਧਿਆਣਾ ਵਿੱਚ ਆਪਣੇ ਦੋਸਤ ਨੂੰ ਦੇਣੇ ਹਨ ਕਿਉਂਕਿ ਕੋਈ ਵਿਅਕਤੀ ਲੁਧਿਆਣਾ ਵਿੱਚ ਦੇ ਮੈਡੀਕਲ ਮਕਾਨ ਵੇਚ ਰਿਹਾ ਹੈ ਜਿਸ ਨੂੰ ਪੈਸਿਆਂ ਦੀ ਲੋੜ ਹੈ ਕਿਉਂਕਿ ਉਸ ਦੀ ਮਾਂ ਹਸਪਤਾਲ 'ਚ ਦਾਖਲ ਹੈ। ਉਸ ਨੇ ਵਿਦੇਸ਼ ਤੋਂ 9.10 ਲੱਖ ਰੁਪਏ ਦੀ ਰਸੀਦ ਵੀ ਭੇਜੀ ਅਤੇ ਦੋ ਦਿਨਾਂ ਵਿਚ ਪੈਸੇ ਤੁਹਨੂੰ ਮਿਲ ਜਾਣੇ ਬਾਰੇ ਕਿਹਾ, ਉਹ ਇਨ੍ਹਾਂ ਪੈਸਿਆਂ 'ਚੋ ਲੁਧਿਆਣਾ ਵਿਚ ਕਿਸੇ ਵਿਅਕਤੀ ਨੂੰ 4 ਲੱਖ ਰੁਪਏ ਆਨਲਾਈਨ ਪੈਸੇ ਭੇਜ ਦੇਣ। ਇਸ ਤੋਂ ਬਾਅਦ ਉਸ ਨੂੰ 8967410226 'ਤੋਂ ਕਾਲ ਆਈ ਅਤੇ ਕਿਹਾ ਕਿ ਮਨਦੀਪ ਨੇ ਉਨ੍ਹਾਂ ਨੂੰ ਜੋ ਪੈਸੇ ਭੇਜੇ ਨੇ ਉਨ੍ਹਾਂ 'ਚੋਂ 4 ਲੱਖ ਰੁਪਏ ਉਸ ਨੂੰ ਭੇਜ ਦੇਣ। ਇਸ ਤੋਂ ਬਾਅਦ ਉਕਤ ਵਿਅਕਤੀ ਨੇ ਐਚ.ਡੀ.ਐਫ.ਸੀ. ਦਾ ਬੈਂਕ ਖਾਤਾ ਦੇ ਦਿੱਤਾ। ਭਲਵਿੰਦਰ ਕੌਰ ਨੇ ਦੱਸਿਆ ਕਿ ਉਹ ਦੋਵਾਂ ਦੇ ਜਾਲ ਵਿੱਚ ਫਸ ਗਈ। ਉਸ ਨੇ ਬੈਂਕ ਵਿੱਚ ਜਾ ਕੇ ਦਿੱਤੇ ਬੈਂਕ ਖਾਤੇ ਵਿੱਚ 4 ਲੱਖ ਰੁਪਏ ਜਮ੍ਹਾਂ ਕਰਵਾ ਦਿੱਤੇ। ਇਸ ਤੋਂ ਬਾਅਦ ਵੀਰਵਾਰ ਦੁਪਹਿਰ ਨੂੰ ਜਦੋਂ ਉਸ ਦੇ ਲੜਕੇ ਜਸਪ੍ਰੀਤ ਸਿੰਘ ਨੇ ਆਸਟਰੇਲੀਆ ਤੋਂ ਫੋਨ ਕੀਤਾ ਤਾਂ ਉਸ ਨੇ ਉਸ ਨੂੰ ਪੈਸਿਆਂ ਬਾਰੇ ਦੱਸਿਆ। ਇਸ ਤੋਂ ਬਾਅਦ ਜਸਪ੍ਰੀਤ ਨੇ ਆਪਣੇ ਦੋਸਤ ਮਨਦੀਪ ਨਾਲ ਪੈਸਿਆਂ ਦੇ ਲੈਣ-ਦੇਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਸ ਨੇ ਕੋਈ ਪੈਸੇ ਨਹੀਂ ਮੰਗੇ। ਇਸ ਤੋਂ ਬਾਅਦ ਉਸ ਦੇ ਲੜਕੇ ਜਸਪ੍ਰੀਤ ਨੇ ਦੱਸਿਆ ਕਿ ਕਿਸੇ ਠੱਗ ਨੇ ਉਸ ਨਾਲ ਠੱਗੀ ਮਾਰੀ ਹੈ ਅਤੇ ਉਸ ਦੇ ਕਿਸੇ ਵੀ ਦੋਸਤ ਨੇ ਉਸ ਤੋਂ ਪੈਸੇ ਨਹੀਂ ਮੰਗੇ। ਇਸ ਤੋਂ ਬਾਅਦ ਉਸ ਨੇ ਤੁਰੰਤ ਉਕਤ ਨੰਬਰਾਂ ਅਤੇ ਪੈਸਿਆਂ ਸਬੰਧੀ ਗੁਰਾਇਆ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ।

## ਚੱਪੜਚਿੜੀ ਵਿਖੇ ਹੋਣਗੇ ਕ੍ਰਿਕਟ ਮੁਕਾਬਲੇ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**-67ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਕ੍ਰਿਕਟ ਅੰਡਰ-19 ਲੜਕੇ/ਲੜਕੀਆਂ ਦੇ ਸੂਬਾਈ ਮੁਕਾਬਲੇ 20 ਨਵੰਬਰ ਤੋਂ 24 ਨਵੰਬਰ ਤੱਕ ਚੈਂਪੀਅਨਜ਼ ਕ੍ਰਿਕਟ ਅਕੈਡਮੀ ਚੱਪੜਚਿੜੀ ਵਿਖੇ ਹੋ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਗਿਨੀ ਦੁੱਗਲ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ 23 ਜ਼ਿਲ੍ਹਿਆਂ ਦੇ ਲੜਕੇ-ਲੜਕੀਆਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ, ਜਿਸ ਵਿੱਚ ਕਰੀਬ 600 ਖਿਡਾਰੀ ਭਾਗ ਲੈਣਗੇ। ਉਨ੍ਹਾਂ ਨੇ ਦੱਸਿਆ ਕਿ ਟੂਰਨਾਮੈਂਟ ਨੂੰ ਲੈ ਕੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

## 570 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਦੋ ਗ੍ਰਿਫ਼ਤਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ )**- ਐਸ ਐਚ ਓ ਓਂਕਾਰ ਸਿੰਘ ਬਰਾੜ ਥਾਣਾ ਟਾਂਡਾ ਨੇ ਦੱਸਿਆ ਕਿ ਏ ਐਸ ਆਈ ਜਸੇਸ਼ ਕੁਮਾਰ ਇੰਚਾਰਜ ਚੌਕੀ ਸਰਾ ਸਮੇਤ ਪੁਲਸ ਪਾਰਟੀ ਨੇ ਨਜ਼ਦੀਕ ਸਰਕਾਰੀ ਸਕੂਲ ਪਿੰਡ ਮਿਰਜ਼ਾਪੁਰ ਸਾਇਡ ਤੋਂ ਆਉਂਦੀ ਇਕ ਔਰਤ ਨੂੰ ਕਾਬੂ ਕਰਕੇ ਉਸ ਪਾਸੋਂ 570 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ, ਜਿਸਦੀ ਪਛਾਣ ਬਿਮਲਾ ਪਤਨੀ ਦਰਸ਼ਨ ਲਾਲ ਵਾਸੀ ਚੋਟਾਲਾ ਜ਼ਿਲ੍ਹਾ ਹੁਸਿਆਰਪੁਰ ਵਜੋਂ ਹੋਈ ਹੈ ਅਤੇ ਉਸ ਦੇ ਸਾਥੀ ਤਰਸੇਮ ਲਾਲ ਪੁੱਤਰ ਦਰਸ਼ਨ ਲਾਲ ਵਾਸੀ ਚੋਟਾਲਾ ਨੂੰ ਮੁਕੱਦਮਾ ਵਿਚ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ। ਇਹ ਦੋਨੋਂ ਨਸ਼ੇ ਦੇ ਸਮਗਲਰ ਹਨ ਤੇ ਇਨ੍ਹਾਂ ਦੇ ਖਿਲਾਫ ਪਹਿਲਾਂ ਹੀ 13/13 ਮੁਕੱਦਮੇ ਦਰਜ ਹਨ। ਟਾਂਡਾ ਪੁਲਸ ਨੇ ਐਨ.ਡੀ.ਪੀ.ਐਸ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕੌਮਾਂਤਰੀ ਵਪਾਰ ਮੇਲੇ 'ਚ ਭਲਕੇ ਹੋਵੇਗਾ ਹਰਿਆਣਾ-ਡੇ



**ਚੰਡੀਗੜ੍ਹ, (ਕ੍ਰਿਸ਼ਨ ਗਰਗ )** - ਦਿੱਲੀ ਦੇ ਪ੍ਰਗਤੀ ਮੈਦਾਨ ਵਿਚ ਚੱਲ ਰਹੇ ਭਾਰਤ ਕੌਮਾਂਤਰੀ ਵਪਾਰ ਮੇਲਾ (ਆਈਆਈਟੀਐਫ) ਵਿਚ 19 ਨਵੰਬਰ ਨੂੰ ਹਰਿਆਣਾ ਡੇ ਮਨਾਇਆ ਜਾਵੇਗਾ। ਇਸ ਮੌਕੇ 'ਤੇ ਮੁੱਖ ਮਹਿਮਾਨ ਸੂਬੇ ਦੇ ਬਿਜਲੀ ਅਤੇ ਜਲ ਮੰਤਰੀ ਰਣਜੀਤ ਸਿੰਘ ਹੋਣਗੇ। ਇਸ ਦਿਨ ਸਭਿਆਚਾਰਕ ਪ੍ਰੋਗ੍ਰਾਮ ਦੇ ਨਾਲ ਹਰਿਆਣਾ-ਡੇ ਮਨਾਇਆ ਜਾਵੇਗਾ। ਹਰਿਆਣਾ ਦੇ ਵਪਾਰ ਮੇਲਾ ਅਥਾਰਿਟੀ ਦੀ ਮੁੱਖ ਪ੍ਰਸ਼ਾਸਕ ਸ੍ਰੀਮਤੀ ਅਨੁਪਮਾ ਨੇ ਦਸਿਆ ਕਿ 19 ਨਵੰਬਰ ਐਤਵਾਰ ਨੂੰ ਵਪਾਰ ਮੇਲੇ ਵਿਚ ਪ੍ਰਬੰਧਿਤ ਕੀਤੇ ਜਾ ਰਹੇ ਹਰਿਆਣਾ-ਡੇ 'ਤੇ ਮੇਲਾ ਪਰਿਸਰ ਵਿਚ ਸਥਿਤ ਐਂਮਫੋ ਥਇਏਟਰ ਵਿਚ ਹਰਿਆਣਵੀਂ ਕਲਾ ਤੇ ਨਾਚ ਦੀ ਮਨਮੋਹਕ ਪੇਸ਼ਗੀ ਹੋਵੇਗੀ। ਇੰਨ੍ਹਾਂ ਵਿਚ ਮੁੱਖ ਰੂਪ ਨਾਲ ਹਰਿਆਣਵੀਂ ਨਾਚ , ਹਰਿਆਣਵੀਂ ਫੈਸ਼ਨ ਸ਼ੌ, ਰਾਗਨੀ, ਹਰਿਆਣਵੀਂ ਕਾਮੇਡੀ ਦੇਖਣ ਨੂੰ ਮਿਲੇਗੀ। ਸੂਬੇ ਦੇ ਕਲਾ ਅਤੇ ਸਭਿਆਚਾਰਕ ਵਿਭਾਗ ਦੇ ਕਲਾਕਾਰ ਐਤਵਾਰ ਨੂੰ ਵਪਾਰ ਮੇਲਾ ਪਰਿਸਰ ਵਿਚ ਹਰਿਆਣਾ ਦੀ ਰਿਵਾਇਤੀ ਤੇ ਸਭਿਆਚਾਰਕ ਦੀ ਮਨੋਹਰ ਛਵੀਂ ਬਿਖੇਰਣਗੇ। ਪ੍ਰਸਿੱਦ ਹਰਿਆਣਵੀਂ ਲੋਕ ਕਲਾਕਾਰ ਨਵੀਨ ਪੁਨਿਆ ਤੇ ਉਨ੍ਹਾਂ ਦੀ ਟੀਮ ਦਿਲਖਿੱਚ ਪੇਸ਼ਗੀ ਦਵੇਗੀ। ਉਸ ਦਿਨ ਮੇਲੇ ਵਿਚ ਹਰਿਆਣਵੀਂ ਕਲਾ ਦੀ ਧੂਮ ਹੋਵੇਗੀ ਅਤੇ ਮੇਲਾ ਪਰਿਸਰ ਹਰਿਆਣਵੀਂ ਸੂਰਾਂ ਨਾਲ ਗੂੰਜ ਉੱਠੇਗਾ। ਸ੍ਰੀਮਤੀ ਅਨੁਪਮਾ ਨੇ ਦਸਿਆ ਕਿ ਕੌਮਾਂਤਰੀ ਵਪਾਰ ਮੇਲੇ ਵਿਚ ਹਰਿਆਣਾ ਨਾਲ ਜੁੜੇ ਵੱਖ-ਵੱਖ ਉਤਪਾਦ ਤੇ ਵਸਤੂਆਂ ਦੇ ਨਿਰਮਾਣ ਨਾਲ ਸਬੰਧਿਤ ਸਟਾਲ ਲਗਾਏ ਗਏ ਹਨ। ਹਰਿਆਣਾ ਮੰਡਪ ਵਿਚ ਇਸ ਵਾਰ ਟ੍ਰੇਡ ਯਾਨੀ ਵਪਾਰ ਨੂੰ ਹਰਿਆਣਵੀਂ ਸਭਿਆਚਾਰ ਅਤੇ ਆਧੁਨਿਕਤਾ ਦੇ ਨਾਲ ਜੋੜਿਆ ਗਿਆ ਹੈ। ਸੂਬੇ ਦੇ ਮੇਲਾ ਅਥਾਰਿਟੀ ਦੀ ਪ੍ਰਸ਼ਾਸ਼ਕ ਸੋਫਿਆ ਦਹਿਆ ਨੇ ਦਸਿਆ ਕਿ ਇਸ ਵਾਰ ਪ੍ਰਗਤੀ ਮੈਦਾਨ ਦੇ ਪੰਜ ਨੰਬਰ ਹਾਲ ਦੇ ਪਹਿਲੀ ਮੰਜਿਲ 'ਤੇ ਹਰਿਆਣਾ ਮੰਡਪ ਬਣਿਆ ਹੋਇਆ ਹੈ। ਉਨ੍ਹਾਂ ਨੇ ਦਸਿਆ ਕਿ ਇਸ ਵਾਰ ਹਰਿਆਣਾ ਮੰਡਪ ਬਨਾਉਣ ਵਿਚ ਕੌਮੀ ਡਿਜਾਇਨ ਸੰਸਥਾਨ ਕੁਰੂਕਸ਼ੇਤਰ ਵਾਸਤੂਕਲਾ ਵਿਭਾਗ ਅਤੇ ਸੋਨੀਪਤ ਜ਼ਿਲ੍ਹਾ ਦੇ ਮੂਰਥਲ ਸਥਿਤ ਦੀਨਬੰਧੂ ਚੌਧਰੀ ਛੋਟੂ ਰਾਮ ਵਿਗਿਆਨ ਅਤੇ ਤਕਨਾਲੋਜੀ ਯੂਨੀਵਰਸਿਟੀ ਦਾ ਸਹਿਯੋਗ ਲਿਆ ਗਿਆ ਹੈ।

# ਪੀ ਸੀ ਐੱਮ ਐੱਸ ਡੀ ਕਾਲਜ ਵੱਲੋਂ 'ਖੋਜ ਪ੍ਰੋਜੈਕਟ ਤੇ ਗ੍ਰਾਂਟਾਂ' ਸੰਬੰਧੀ ਪੰਜ ਦਿਨਾਂ ਦਾ ਫੈਕਲਟੀ ਵਿਕਾਸ ਪ੍ਰੋਗਰਾਮ



**ਜਲੰਧਰ (ਵਿਕਾਸ ਸਿੰਘ ਉੱਬੀ)**- ਪੀ.ਸੀ.ਐੱਮ.ਐੱਸ.ਡੀ ਕਾਲਜ ਫਾਰ ਵੂਮੈਨ ਦੇ ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ ਨੇ ਰਿਸਰਚ ਕਮੇਟੀ ਦੇ ਸਹਿਯੋਗ ਨਾਲ 'ਰਿਸਰਚ ਪ੍ਰੋਜੈਕਟ ਐਂਡ ਗ੍ਰਾਂਟਸ' ਸਿਰਲੇਖ ਵਾਲਾ ਪੰਜ-ਰੋਜ਼ਾ ਫੈਕਲਟੀ ਵਿਕਾਸ ਪ੍ਰੋਗਰਾਮ ਆਯੋਜਿਤ ਕੀਤਾ। ਪ੍ਰੋਗਰਾਮ ਦੇ ਬੁਲਾਰੇ ਡਾ. ਅਨੰਤ ਰਾਮ, ਸਲਾਹਕਾਰ, ਉੱਚ ਸਿੱਖਿਆ ਅਤੇ ਖੋਜ ਪ੍ਰਸ਼ੰਸਨ, ਨਵੀਂ ਦਿੱਲੀ ਸਨ। ਉਹ ਖੋਜ ਅਤੇ ਨਵੀਨਤਾ ਦੇ ਪ੍ਰਚਾਰ ਲਈ ਸਲਾਹਕਾਰ ਵਜੋਂ ਪੰਜਾਹ ਤੋਂ ਵੱਧ ਯੂਨੀਵਰਸਿਟੀਆਂ ਅਤੇ ਸੌ ਕਾਲਜਾਂ ਨਾਲ ਜੁੜੇ ਹੋਏ ਹਨ। ਉਹ ਵਰਤਮਾਨ ਵਿੱਚ ਵਾਈਸ-ਚਾਂਸਲਰ, ਕੈਪੀਟਲ ਯੂਨੀਵਰਸਿਟੀ, ਕੋਡਰਮਾ, ਝਾਰਖੰਡ ਵਿੱਚ ਵਿਸ਼ੇਸ਼ ਡਿਊਟੀ ਦੇ ਅਧਿਕਾਰੀ ਵਜੋਂ ਸੇਵਾ ਕਰ ਰਿਹਾ ਹੈ। ਦਾ ਪਿਛਲਾ ਉਦੇਸ਼ ਖੋਜ ਗ੍ਰਾਂਟ ਪ੍ਰਾਪਤੀ ਦੇ ਹੁਨਰ ਨੂੰ ਵਧਾਉਣਾ ਸੀ। ਜਿਸਨੇ ਖੋਜ ਫੰਡਿੰਗ ਦੀ ਦੁਨੀਆ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਉਤਸੁਕ ਫੈਕਲਟੀ ਮੈਂਬਰਾਂ ਦੇ ਇੱਕ ਵਿਭਿੰਨ ਸਮੂਹ ਨੂੰ ਇਕੱਠਾ ਕੀਤਾ। ਚਰਚਾ ਨੇ ਭਾਗੀਦਾਰਾਂ ਨੂੰ ਨਵੀਨਤਾ ਅਤੇ ਨਵੀਨਤਾ ਦੁਆਰਾ ਉਹਨਾਂ ਦੇ ਸਬੰਧਤ ਅਕਾਦਮਿਕ ਖੇਤਰਾਂ ਵਿੱਚ ਖੋਜ ਗ੍ਰਾਂਟਾਂ ਦੇ ਗੁੰਝਲਦਾਰ ਲੈਂਡਸਕੇਪ ਨੂੰ ਨੈਵੀਗੇਟ ਕਰਨ ਲਈ ਸ਼ਕਤੀ ਦਿੱਤੀ। ਗ੍ਰਾਂਟਾਂ ਦੀਆਂ ਵੱਖ-ਵੱਖ ਕਿਸਮਾਂ, ਗ੍ਰਾਂਟ ਪ੍ਰਸਤਾਵ ਵਿਕਾਸ ਦੇ ਪਹਿਲੂਆਂ, ਬਜਟ ਬਣਾਉਣ, ਪ੍ਰਵਾਨਗੀ ਪ੍ਰਕਿਰਿਆ ਅਤੇ ਪ੍ਰੋਜੈਕਟ ਪ੍ਰਬੰਧਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਉਦੇਸ਼ ਸਿਰਫ ਖੋਜ ਨੂੰ ਉਤਸ਼ਾਹਿਤ ਕਰਨਾ ਨਹੀਂ ਸੀ, ਸਗੋਂ ਅਨੁਸ਼ਾਸ਼ਨੀ ਸੀਮਾਵਾਂ ਨੂੰ ਪਾਰ ਕਰਦੇ ਹੋਏ ਸਹਿਯੋਗ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ, ਗੱਲਬਾਤ ਨੂੰ ਭੜਕਾਉਣਾ ਅਤੇ ਅੰਤਰ-ਅਨੁਸਾਸ਼ਨੀ ਖੋਜ ਪ੍ਰੋਜੈਕਟਾਂ ਲਈ ਵਿਚਾਰਾਂ ਨੂੰ ਜਗਾਉਣਾ ਸੀ। ਆਪਣੀ ਪੇਸ਼ਕਾਰੀ ਰਾਹੀਂ ਉਸਨੇ ਸਮਾਜਿਕ ਵਿਗਿਆਨ, ਅਪਲਾਈਡ ਸਾਇੰਸਜ਼, ਗਣਿਤ, ਵਣਜ, ਮਾਰਕੀਟਿੰਗ ਅਤੇ ਹੋਰ ਵਿਸ਼ਿਆਂ ਵਿੱਚ ਫੰਡਿੰਗ ਏਜੰਸੀਆਂ ਦੇ ਸਕੋਰ ਦੀ ਗਿਣਤੀ ਕੀਤੀ ਜੋ ਸੈਮੀਨਾਰਾਂ, ਕਾਨਫਰੰਸਾਂ ਅਤੇ ਖੋਜ ਪ੍ਰੋਜੈਕਟਾਂ ਲਈ ਗ੍ਰਾਂਟਾਂ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਰਾਸ਼ਟਰੀ ਸਰਕਾਰੀ ਯੋਜਨਾਵਾਂ 'ਤੇ ਵੀ ਮੁੱਖ ਜ਼ੋਰ ਦਿੱਤਾ ਜਿੱਥੇ ਮਹਿਲਾ ਸਿੱਖਿਅਕ ਗ੍ਰਾਂਟਾਂ ਅਤੇ ਫੈਲੋਸ਼ਿਪਾਂ ਦਾ ਲਾਭ ਲੈ ਸਕਦੀਆਂ ਹਨ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਸੈਸ਼ਨ ਦੇ ਸਫਲ ਆਯੋਜਨ ਲਈ ਇੰਟਰਨਲ ਕੁਆਲਿਟੀ ਅਸ਼ੋਰੈਂਸ ਸੈੱਲ ਅਤੇ ਰਿਸਰਚ ਕਮੇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਨੇ ਕਿਹਾ ਕਿ ਸਿੱਖਿਆ ਪ੍ਰਣਾਲੀ ਵਿੱਚ ਪੈਰਾਡਿਗਮੈਟਿਕ ਬਦਲਾਅ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹੇ ਸੈਸ਼ਨਾਂ ਦਾ ਆਯੋਜਨ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਵਿੱਚ ਖੋਜ ਸੱਭਿਆਚਾਰ ਪੈਦਾ ਕਰਨ ਲਈ ਜ਼ਰੂਰੀ ਹੈ।

# ਜ਼ਿਲ੍ਹਾ ਹਸਪਤਾਲ ਵਿਖੇ ਵਿਸ਼ਵ ਪਰੀਮੈਚੁਰਟੀ ਦਿਵਸ ਮਨਾਇਆ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਪੁਰੀਆ )**-ਸਿਵਲ ਸਰਜਨ ਡਾਕਟਰ ਜਸਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਤਵਿੰਦਰ ਪਾਲ ਸਿੰਘ ਦੀਆਂ ਹਦਾਇਤਾਂ ਅਨੁਸਾਰ ਡਾਕਟਰ ਹਿਤੇਸ਼ ਪਾਹਵਾ ਦੀ ਅਗਵਾਈ ਵਿੱਚ ਜ਼ਿਲ੍ਹਾ ਸਿਵਲ ਸਰਕਾਰੀ ਹਸਪਤਾਲ ਨਵਾਂਸ਼ਹਿਰ ਵਿਖੇ ਵਿਸ਼ਵ ਪਰੀਮੈਚੁਰਟੀ ਦਿਵਸ ਮਨਾਇਆ ਗਿਆ । ਇਸ ਮੌਕੇ ਸਿਵਲ ਸਰਜਨ ਦਫਤਰ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਦਲਜੀਤ ਸਿੰਘ ਅਤੇ ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਤਰਸੇਮ ਲਾਲ ਵੀ ਪਹੁੰਚੇ । ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਤਰਸੇਮ ਲਾਲ ਨੇ ਦੱਸਿਆ ਕਿ ਵਿਸ਼ਵ ਪਰੀਮੈਚੁਰਟੀ ਉਪਰੋਕਤ ਥੀਮ ਤਹਿਤ ਜਿੱਥੇ ਖਾਸ ਕਰ 36 ਹਫਤੇ ਤੋਂ ਪਹਿਲਾਂ ਪੈਦਾ ਹੋਣ ਵਾਲੇ ਬੱਚਿਆਂ ਨੂੰ ਖਾਸ ਕਰਕੇ ਲਾਭ ਹੁੰਦਾ ਹੈ ਉੱਥੇ 36 ਹਫਤੇ ਤੋਂ ਬਾਅਦ ਜਨਮ ਲੈਣ ਵਾਲੇ ਬੱਚਿਆ ਨੂੰ ਵੀ ਲਾਭ ਹੁੰਦਾ ਹੈ। ਇਸ ਮੌਕੇ ਡਾਕਟਰ ਹਿਤੇਸ਼ ਪਾਹਵਾ ਬੱਚਿਆਂ ਦੇ ਮਾਹਿਰ ਨੇ ਦੱਸਿਆ ਕਿ ਪਰੀਮੈਚੁਰ ਬੱਚਿਆਂ ਦਾ ਜਨਮ ਉਸ ਸਰਕਾਰੀ ਹਸਪਤਾਲ ਵਿੱਚ ਹੋਣਾ ਚਾਹੀਦਾ ਹੈ ਜਿੱਥੇ ਬੱਚਿਆਂ ਦੇ ਮਾਹਿਰ ਡਾਕਟਰ ਹੋਣ, ਕਿਉਂਕਿ ਪਹਿਲਾ ਗੋਲਡਨ ਮਿੰਟ ਬੱਚੇ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਜੇਕਰ ਬੱਚਾ ਰੋਵੇਗਾ ਤਾਂ ਹੀ ਠੀਕ ਸਾਹ ਲਵੇਗਾ । ਸਕਿਨ ਨਾਲ ਜਿੱਥੇ ਬੱਚੇ ਦਾ ਵਾਧਾ ਵਿਕਾਸ ਸਹੀ ਹੁੰਦਾ ਹੈ ਉੱਥੇ ਬੱਚਾ ਨਿਮੋਨੀਆ ਤੇ ਹੋਰ ਇਨਫੈਕਸ਼ਨ ਤੋਂ ਵੀ ਬੱਚਦਾ ਹੈ । ਇਸ ਦੇ ਨਾਲ ਹੀ ਮਾਂ ਨੂੰ ਦੁੱਧ ਵੀ ਜਲਦੀ ਬੱਚੇ ਲਈ ਆਉਂਦਾ ਹੈ । ਇਸ ਨਾਲ ਬੱਚੇ ਤੇ ਮਾਂ ਦਾ ਆਪਸੀ ਲਗਾਵ ਵੀ ਵੱਧਦਾ ਹੈ । ਇਸ ਨਾਲ ਅਸੀਂ 5 ਸਾਲ ਤੱਕ ਦੇ ਬੱਚਿਆਂ ਵਿੱਚ ਖਾਸ ਕਰ ਪਰੀਮੈਚੁਰ ਬੱਚਿਆਂ ਦੀ ਮੌਤ ਦਰ ਨੂੰ ਘੱਟ ਕਰ ਸਕਦੇ ਹਾਂ । ਇਸ ਮੌਕੇ ਡਾਕਟਰ ਸਵਿਤਾ ਕੁਮਾਰੀ, ਚੇਤਨਾ ਰਠੌਰ, ਜਸਵਿੰਦਰ ਕੌਰ, ਗੁਰਮਿੰਦਰ ਕੌਰ, ਹਰਜੀਤ ਸਿੰਘ ਐਲ. ਟੀ ਤੇ ਮਾਵਾਂ, ਮਰੀਜਾਂ ਵਲੋਂ ਸੰਪੂਰਨ ਸਹਿਯੋਗ ਦਿੱਤਾ ਗਿਆ ।

# ਸੀਟੂ ਪੰਜਾਬ ਵੱਲੋਂ ਲੇਬਰ ਕਮਿਸ਼ਨ ਦੇ ਦਫਤਰ ਅੱਗੇ ਵਿਸ਼ਾਲ ਰੈਲੀ

**ਮੋਹਾਲੀ ( ਗੁਰਜੀਤ ਬਿੱਲਾ)**- ਸੀਟੂ ਪੰਜਾਬ ਰਾਜ ਕਮੇਟੀ ਦੇ ਸੱਦੇ 'ਤੇ ਲੇਬਰ ਕਮਿਸ਼ਨਰ ਦੇ ਮੋਹਾਲੀ ਸਥਿਤ ਦਫਤਰ ਸਾਹਮਣੇ ਰੋਹ ਪੂਰਵਕ ਧਰਨਾ ਮਾਰਿਆ ਗਿਆ। ਧਰਨੇ ਦੀ ਪ੍ਰਧਾਨਗੀ ਸੀਟੂ ਦੇ ਸੂਬਾਈ ਪ੍ਰਧਾਨ ਮਹਾਂ ਸਿੰਘ ਰੋੜੀ ਨੇ ਕੀਤੀ। ਇਸ ਧਰਨੇ ਵਿੱਚ ਕਿਰਤੀ ਔਰਤਾਂ, ਨਰੇਗਾ, ਸਕੀਮ ਵਰਕਰ ਨਿਰਮਾਣ, ਭੱਠਾ ਤੇ ਉਦਯੋਗਿਕ ਮਜਦੂਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਸਮੁੱਚੇ ਪੰਜਾਬ ਵਿਚੋਂ ਸੀਟੂ ਨਾਲ ਸਬੰਧਤ ਯੂਨੀਅਨਾਂ ਦੇ ਵਰਕਰ ਬੱਸਾਂ, ਟਰੱਕਾਂ ਤੇ ਹੋਰ ਸਾਧਨਾਂ ਰਾਹੀਂ ਧਰਨੇ ਵਿੱਚ ਪਹੁੰਚੇ। ਇਸ ਕਾਰਨ ਲੇਬਰ ਦਫਤਰ ਦੇ ਸਾਹਮਣੇ ਦਾ ਗਰਾਊਂਡ ਲਾਲੋ ਲਾਲ ਦਿੱਖ ਰਿਹਾ ਸੀ। ਇਹ ਧਰਨਾ ਪੰਜਾਬ ਸਰਕਾਰ ਦੀ ਮਜਦੂਰ ਵਿਰੋਧੀ ਨੀਤੀ ਵਿਰੁੱਧ ਦਿੱਤਾ ਗਿਆ। ਧਰਨੇ ਦੀਆਂ ਮੁੱਖ ਮੰਗਾਂ ਵਿੱਚ 11 ਸਾਲ ਤੋਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਨਾ ਕਰਨ, ਅੱਠ ਘੰਟੇ ਦੀ ਥਾਂ 12 ਘੰਟੇ ਡਿਊਟੀ ਦੀ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ ਸਕੀਮ ਵਰਕਰਾਂ ਨੂੰ ਗ੍ਰੈਚੁਅਟੀ ਦੇਣ, 3 ਤੋਂ 6 ਸਾਲ ਦੇ ਬੱਚੇ ਆਂਗਨਵਾੜੀਆਂ ਵਿੱਚ ਭੇਜਣ ਗੈਰ-ਕਾਨੂੰਨੀ ਠੇਕੇਦਾਰੀ ਖਤਮ ਕਰਨ, ਸਥਾਈ ਕੰਮਾਂ 'ਤੇ ਲੱਗੇ ਮੁਲਾਜਮਾਂ ਨੂੰ ਰੈਗੂਲਰ ਕਰਨ, ਨਿੱਜੀਕਰਨ ਬੰਦ ਕਰਨ, ਘੱਟੋ-ਘੱਟ ਪੈਨਸ਼ਨ 10000 ਰੁ: ਮਹੀਨਾ ਕਰਨ, ਨਰੇਗਾ ਮਜਦੂਰਾਂ ਦੀ ਦਿਹਾੜੀ 700 ਰੁ: ਕਰਨ, ਪੇਂਡੂ ਚੌਕੀਦਾਰਾਂ ਦੀਆਂ ਉਜਰਤਾਂ ਹਰਿਆਣਾ ਦੇ ਬਰਾਬਰ ਕਰਨ, ਨਿਰਮਾਣ ਮਜਦੂਰਾਂ ਦੇ ਲਾਭਾਂ ਵਿੱਚ ਕੀਤੀਆਂ ਕਟੌਤੀਆਂ ਬਹਾਲ ਕਰਨਾ ਆਦਿ ਸ਼ਾਮਿਲ ਸਨ। ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸੀਟੂ ਦੀ ਕੁਲ ਹਿੰਦ ਸਕੱਤਰ ਊਸ਼ਾ ਰਾਣੀ, ਸੂਬਾਈ ਜਨਰਲ ਸਕੱਤਰ ਚੰਦਰ ਸ਼ੇਖਰ, ਆਂਗਨਵਾੜੀ ਦੀ ਪ੍ਰਧਾਨ ਸੁਭਾਸ਼ ਰਾਣੀ, ਮਨਰੇਗਾ ਆਗੂ ਸ਼ੇਰ ਸਿੰਘ ਫਰਵਾਹੀ, ਅਮਰਨਾਥ ਕੂੰਮਕਲਾਂ, ਗੁਰਨਾਮ ਸਿੰਘ ਘਨੌਰ, ਨਿਰਮਾਣ ਮਜਦੂਰ ਦੇ ਆਗੂ ਦਲਜੀਤ ਕੁਮਾਰ ਗੋਰਾ, ਭੱਠਾ ਮਜਦੂਰਾ ਦੇ ਆਗੂ ਗੁਰਦਰਸ਼ਨ ਸਿੰਘ, ਨਾਇਬ ਸਿੰਘ ਲੋਚਮਾ, ਜੋਗਿੰਦਰ ਸਿੰਘ ਔਲਖ, ਸੁਖਮਿੰਦਰ ਸਿੰਘ ਲੋਟੇ, ਪਰਮਜੀਤ ਸਿੰਘ ਨੀਲੋਂ, ਨਛੱਤਰ ਸਿੰਘ, ਹਨੂੰਮਾਨ ਪ੍ਰਸਾਦ, ਜਸਵੰਤ ਸਿੰਘ ਸੈਣੀ, ਗੁਰਦੀਪ ਸਿੰਘ ਮੋਹਾਲੀ, ਸੁਰਿੰਦਰ ਕੌਰ ਸੀਮਾ ਨੇ ਸੰਬੋਧਨ ਕੀਤਾ। ਸਾਥੀ ਚੰਦਰ ਸ਼ੇਖਰ ਨੇ ਐਲਾਨ ਕੀਤਾ ਕਿ ਅਸੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਲੇਬਰ ਕਮਿਸ਼ਨਰ ਰਾਹੀਂ ਆਪਣਾ ਮੰਗ ਪੱਤਰ ਦੇਣ ਲਈ ਇਕੱਠੇ ਹੋਏ ਹਾਂ। ਜੇਕਰ ਇਹ ਮੰਗਾਂ ਤੁਰੰਤ ਨਾ ਮੰਨੀਆਂ ਗਈਆਂ ਤਾਂ ਸੀਟੂ ਪੰਜਾਬ ਸਰਕਾਰ ਵਿਰੁੱਧ ਲਗਾਤਾਰ ਸੰਘਰਸ਼ ਅਰੰਭੇਗੀ, ਜਿਸਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਉਹ 26 ਤੋਂ 28 ਨਵੰਬਰ ਤੱਕ ਕਿਸਾਨਾਂ, ਮਜਦੂਰਾਂ ਤੇ ਮੁਲਾਜਮਾਂ ਵਲੋਂ ਕੀਤੇ ਜਾ ਰਹੇ ਮਹਾਂ ਪੜਾਵ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।

# ਸਾਰਿਆਂ ਦੇ ਸਹਿਯੋਗ ਨਾਲ ਨਸ਼ਿਆਂ 'ਤੇ ਪਾਇਆ ਜਾ ਸਕਦੈ ਕਾਬੂ : ਡਿਪਟੀ ਕਮਿਸ਼ਨਰ

**ਨਵਾਂਸ਼ਹਿਰ, ਬਹਿਰਾਮ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ )**-ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਪ੍ਰਸ਼ਾਸਨ ਵਲੋਂ ਸਾਂਝੇ ਤੌਰ 'ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਮਿਊਜ਼ੀਅਮ ਪਿੰਡ ਖਟਕੜ ਕਲਾਂ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸਕੂਲਾਂ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਸਬੰਧੀ ਜਾਗਰੂਕ ਕਰਨ ਲਈ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ.ਐਸ.ਪੀ ਡਾ. ਅਖਿਲ ਚੌਧਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਰੰਧਾਵਾ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਖਟਕੜ ਕਲਾਂ ਵਿਖੇ ਵੱਡੇ ਪੱਧਰ 'ਤੇ ਆਯੋਜਿਤ ਕੀਤੇ ਗਏ ਸਮਾਗਮਾਂ ਵਿਚੋਂ ਇਹ ਦੂਜਾ ਸਮਾਗਮ ਹੈ। ਉਨ੍ਹਾਂ ਕਿਹਾ ਕਿ ਪਹਿਲੇ ਸਮਾਗਮ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ 5 ਹਜ਼ਾਰ ਦੇ ਕਰੀਬ ਬੱਚਿਆਂ ਵਲੋਂ ਖਟਕੜ ਕਲਾਂ ਮਿਊਜ਼ੀਅਮ ਤੋਂ ਜਾਗਰੂਕਤਾ ਰੈਲੀ ਕੱਢੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਇਸ ਸਮਾਗਮ ਵਿੱਚ ਦੁਆਬਾ ਪਬਲਿਕ ਸਕੂਲ ਮਾਹਿਲਪੁਰ ਦੀ 9ਵੀਂ ਜਮਾਤ ਦੀ ਵਿਦਿਆਰਥਣ ਦੀਕਸ਼ਾ ਨੇ 2800 ਸਕੇਅਰ ਫੁੱਟ ਦੀ ਰੰਗੋਲੀ ਬਣਾ ਕੇ ਵਰਲਡ ਰਿਕਾਰਡ ਬਣਾਇਆ ਹੈ। ਉਨ੍ਹਾਂ ਕਿਹਾ ਕਿ ਆਸ਼ਾ ਰਾਣੀ ਪਿੰਡ ਅਟਾਰੀ ਜੋ ਆਇਰਨ ਮੈਨ ਇੰਡੀਆ ਦੇ ਨਾਂਅ ਤੋਂ ਮਸ਼ਹੂਰ ਹੈ, ਨੇ ਆਪਣੇ ਵਾਲਾ ਨਾਲ ਸਕੂਲੀ ਬੱਸ ਨੂੰ ਖਿਚਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਅੰਦਰ ਇਹ ਭਾਵਨਾ ਹੋਣੀ ਚਾਹੀਦੀ ਹੈ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਨੂੰ ਇੱਕ ਚੰਗੀ ਸੇਧ ਦੇਣ ਅਤੇ ਹੋਰਨਾਂ ਲੋਕਾਂ ਨੂੰ ਵੀ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਨਸ਼ਿਆਂ 'ਤੇ ਕਾਬੂ ਪਾਇਆ ਜਾ ਸਕਦਾ ਹੈ। ਇਸ ਵਿੱਚ ਜਿਥੇ ਪੁਲਸ ਪ੍ਰਸ਼ਾਸਨ ਅਹਿਮ ਰੋਲ ਨਿਭਾਉਂਦਾ ਹੈ, ਉਥੇ ਸਮਾਜਿਕ ਤੌਰ 'ਤੇ ਵੀ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਮਿਲ ਕੇ ਨਸ਼ਿਆਂ ਨੂੰ ਰੋਕਣ ਲਈ ਕੰਮ ਕਰੀਏ।

ਐਸ.ਐਸ.ਪੀ ਚੌਧਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸ਼ਨ ਵੱਲੋਂ ਨਸ਼ਿਆਂ 'ਤੇ ਸਖਤ ਐਕਸ਼ਨ ਲੈਂਦਿਆ ਹੋਇਆ ਲਗਭਗ 350 ਐਫ.ਆਈ.ਆਰ. ਰਜਿਸਟਰਡ ਕਰਕੇ 400 ਦੇ ਕਰੀਬ ਦੋਸ਼ੀਆਂ ਨੂੰ ਜੇਲ੍ਹ ਭੇਜਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਡਰੱਗ ਸਮਗਲਰਾਂ ਉਪਰ ਬਹੁਤ ਸਖਤ ਕਾਰਵਾਈ ਕਰਕੇ ਉਨ੍ਹਾਂ ਦੀਆਂ ਸੰਪਤੀਆਂ ਅਟੈਂਚ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੁਲਸ ਆਪਣਾ ਅਹਿਮ ਰੋਲ ਨਿਭਾਉਂਦੀ ਹੈ ਅਤੇ ਜਦ ਵੀ ਪੁਲਸ ਨੂੰ ਕੋਈ ਸੂਚਨਾ ਜਾਂ ਮਾੜੇ ਅਨਸਰਾਂ ਸਬੰਧੀ ਜਾਣਕਾਰੀ ਮਿਲਦੀ ਹੈ ਤਾਂ ਉਹ ਆਪਣੀ ਕਾਰਵਾਈ ਕਰਦੇ ਹੋਏ ਸਪਲਾਈ ਚੇਨ ਨੂੰ ਕੱਟ ਕਰਦੀ ਹੈ ਤਾਂ ਜੋ ਕਿਸੇ ਤਰ੍ਹਾਂ ਦਾ ਨਸ਼ਾ ਰੂਪੀ ਜਹਿਰ ਸਮਾਜ ਦੇ ਵਿੱਚ ਨਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਨਾਲ ਅਧਿਆਪਕ, ਮਾਤਾ ਪਿਤਾ, ਸਮਾਜ, ਪੁਲਸ ਪ੍ਰਸ਼ਾਸਨ, ਐਨ.ਜੀ.ਓਜ਼ ਅਤੇ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਭੂਮਿਕਾ ਨਿਭਾਅ ਕੇ ਆਪਸੀ ਤਾਲਮੇਲ ਅਤੇ ਮਿਲ ਕੇ ਨਸ਼ਿਆਂ 'ਤੇ ਠੱਲ੍ਹ ਪਾ ਸਕਦੇ ਹਨ। ਐਸ.ਐਸ.ਪੀ ਨੇ ਕਿਹਾ ਕਿ ਜੇਕਰ ਕਿਸੇ ਇਲਾਕੇ ਵਿੱਚ ਕੋਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦਾ ਹੈ ਜਾਂ ਨਸ਼ੀਲੇ ਪਦਾਰਥ ਵੇਚਦਾ ਹੈ ਤਾਂ ਇਸ ਦੀ ਸੂਚਨਾ ਐਨ.ਟੀ ਡਰੱਗ ਹੈਲਪਲਾਈਨ ਨੰਬਰ 99883-03232 'ਤੇ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ 'ਤੇ ਆਜ਼ਾਦ ਰੰਗ ਮੰਚ ਕਲਾਂ ਭਵਨ ਫਗਵਾੜਾ ਵਲੋਂ ਇਕ ਨਾਟਕ ਦਾ ਮੰਚਨ ਕੀਤਾ ਗਿਆ। ਜਿਸ ਵਿੱਚ ਬੀਬਾ ਕੁਲਵੰਤ ਦੀ ਟੀਮ ਨੇ ਬਹੁਤ ਹੀ ਵਧੀਆ ਢੰਗ ਦੇ ਨਾਲ ਨਾਟਕ ਦਾ ਮੰਚਨ ਕਰਕੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਐਨ.ਆਰ.ਆਈ ਸਭਾ ਵੱਲੋਂ ਵਿਦਿਆਰਥਣ ਦੀਕਸ਼ਾ ਨੂੰ ਨਕਦ ਇਨਾਮ ਰਾਸ਼ੀ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਸਹਾਇਕ ਕਮਿਸ਼ਨਰ ਜਨਰਲ ਡਾ. ਗੁਰਲੀਨ ਕੌਰ, ਐਸ.ਡੀ.ਐਮ ਬੰਗਾ ਜਸ਼ਨਜੀਤ ਸਿੰਘ, ਸਿਵਲ ਸਰਜਨ ਡਾ. ਜਸਪ੍ਰੀਤ ਕੌਰ, ਜ਼ਿਲ੍ਹਾ ਮਨੋਵਿਗਿਆਨੀ ਡਾ. ਰਾਜਨ ਸ਼ਾਸ਼ਤਰੀ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਅੰਤਰ ਜ਼ਿਲ੍ਹਾ ਪ੍ਰਾਇਮਰੀ ਖੇਡਾਂ 20 ਤੋਂ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**-ਅੰਤਰ ਜ਼ਿਲ੍ਹਾ ਪ੍ਰਾਇਮਰੀ ਖੇਡਾਂ (ਲੜਕੇ/ਲੜਕੀਆਂ) 20 ਨਵੰਬਰ ਤੋਂ 22 ਨਵੰਬਰ ਤੱਕ ਸਰਕਾਰੀ ਮਲਟੀਪਰਪਜ ਸਟੇਡੀਅਮ, ਸੈਕਟਰ 78, ਮੋਹਾਲੀ ਵਿਖੇ ਹੋ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ) ਅਸ਼ਵਨੀ ਕੁਮਾਰ ਦੱਤਾ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ 23 ਜ਼ਿਲ੍ਹਿਆ ਦੇ ਲੜਕੇ/ਲੜਕੀਆਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਲਗਪਗ 1100 ਖਿਡਾਰੀ ਭਾਗ ਲੈ ਰਹੇ ਹਨ।

## ਲੇਬਰ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਇੱਥੇ ਮਜ਼ਦੂਰਾਂ ਦੀਆਂ ਭਖਦੀਆ ਮੰਗਾਂ ਨੂੰ ਲੈ ਕੇ ਸਹਾਇਕ ਕਿਰਤ ਕਮਿਸ਼ਨਰ ਰਾਹੀਂ ਇੱਕ ਮੰਗ ਪੱਤਰ ਪੰਜਾਬ ਦੇ ਲੇਬਰ ਕਮਿਸ਼ਨਰ ਨੂੰ ਭੇਜਿਆ ਗਿਆ। ਇਸ ਮੌਕੇ ਸੀਟੂ ਪੰਜਾਬ ਦੇ ਸੂਬਾਈ ਆਗੂ ਮਹਿੰਦਰ ਕੁਮਾਰ ਬੱਡੋਆਣ, ਧਨਪਤ, ਗੁਰਬਖ਼ਸ਼ ਕੌਰ ਚੱਕਗੁਰੂ ਨੇ ਕਿਹਾ ਮਾਨ ਸਰਕਾਰ ਨੇ 12 ਘੰਟੇ ਡਿਊਟੀ ਦਾ ਨੋਟੀਫਿਕੇਸ਼ਨ ਕਰਕੇ ਮਜ਼ਦੂਰਾਂ ਨਾਲ ਧੱਕਾ ਕੀਤਾ ਹੈ ਇਸ ਨੂੰ ਰੱਦ ਕੀਤਾ ਜਾਵੇ। ਮਨਰੇਗਾ ਮਜ਼ਦੂਰਾਂ ਨੂੰ 200 ਦਿਨ ਕੰਮ 600 ਰੁਪਏ ਦਿਹਾੜੀ ਦਿੱਤੀ ਜਾਵੇ, ਠੇਕਾ ਸਿਸਟਮ ਬੰਦ ਕੀਤਾ ਜਾਵੇ, ਸਕੀਮ ਵਰਕਰ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਮਜ਼ਦੂਰ ਕਾਨੂੰਨ ਬਹਾਲ ਕੀਤੇ ਜਾਣ, 4 ਲੇਬਰ ਕੋਡ ਰੱਦ ਕੀਤੇ ਜਾਣ। ਜੇਕਰ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸ਼ੰਘਰਸ਼ ਤੇਜ ਕੀਤਾ ਜਾਵੇਗਾ। ਇਸ ਮੌਕੇ ਬਲਵੀਰ ਕੌਰ, ਰਛਪਾਲ ਕੌਰ, ਹਰਮੇਸ਼ ਲਾਲ, ਰਾਮ ਨਿਵਾਸ, ਸੇਵਾ ਰਾਮ ਮੌਜੂਦ ਸਨ।

## ਪੰਜਾਬ ਨਾਲ ਵਿਤਕਰੇ ਵਾਲਾ ਕਦਮ : ਸਿੱਧੂ

**ਚੰਡੀਗੜ੍ਹ-(ਗੁਰਜੀਤ ਬਿੱਲਾ)**- ਪੰਜਾਬ ਵਿੱਚ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐਨਐਸਯੂਆਈ) ਦੇ ਪ੍ਰਧਾਨ ਈਸਰਪ੍ਰੀਤ ਸਿੰਘ ਸਿੱਧੂ ਨੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬ ਦੇ ਵਿਦਿਆਰਥੀਆਂ ਨੂੰ ਪ੍ਰੀ-ਨਰਸਰੀ ਅਤੇ ਨਰਸਰੀ ਕਲਾਸਾਂ ਵਿੱਚ ਦਾਖਲਾ ਦੇਣ ਤੋਂ ਇਨਕਾਰ ਕਰਨ ਦੇ ਫੈਸਲੇ ਦਾ ਵਿਰੋਧ ਕੀਤਾ। ਸਿੱਧੂ ਨੇ ਇਸ ਗੱਲ 'ਤੇ ਡੂੰਘੀ ਚਿੰਤਾ ਜਾਹਰ ਕੀਤੀ ਕਿ ਉਹ ਪੰਜਾਬ ਨਾਲ ਵਿਤਕਰੇ ਵਾਲਾ ਕਦਮ ਸਮਝਦੇ ਹਨ। ਕਾਨਫਰੰਸ ਦੌਰਾਨ ਸਿੱਧੂ ਨੇ ਪੰਜਾਬ ਅਤੇ ਚੰਡੀਗੜ੍ਹ ਦਰਮਿਆਨ ਇਤਿਹਾਸਕ ਸਬੰਧਾਂ ਨੂੰ ਉਜਾਗਰ ਕਰਦਿਆਂ ਇਸ ਗੱਲ 'ਤੇ ਜੋਰ ਦਿੱਤਾ ਕਿ ਇਹ ਫੈਸਲਾ ਦੋਵਾਂ ਖਿੱਤਿਆਂ ਦਰਮਿਆਨ ਏਕਤਾ ਦੀ ਭਾਵਨਾ ਦੇ ਉਲਟ ਜਾਂਦਾ ਹੈ। ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਪੰਜਾਬ ਨੂੰ ਹਾਸ਼ੀਏ 'ਤੇ ਪਹੁੰਚਾਉਣ ਅਤੇ ਚੰਡੀਗੜ੍ਹ 'ਤੇ ਇਸ ਦੇ ਅਧਿਕਾਰਾਂ ਨੂੰ ਦਬਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ।

## ਟਰੱਕ ਨੇ ਮੋਟਰਸਾਈਕਲ ਸਵਾਰ ਨੂੰ ਕੁਚਲਿਆ

**ਗੁਰਾਇਆ (ਬਿੰਦਰ ਸੁਮਨ)**-ਬੀਤੀ ਰਾਤ ਮਨਸੂਰਪੁਰ ਵਿਖੇ ਵਾਪਰੇ ਦਰਦਨਾਕ ਹਾਦਸੇ ਵਿਚ ਇਕ ਟਰੱਕ ਨੇ ਮੋਟਰਸਾਈਕਲ ਸਵਾਰ ਨੂੰ ਕੁਚਲ ਕੇ ਮਾਰ ਦਿੱਤਾ। ਇਹ ਭਾਣਾ ਰਾਤ ਤਕਰੀਬਨ 10.15 ਮਿੰਟ 'ਤੇ ਵਾਪਰਿਆ ਜਦੋਂ ਪਰਮਿੰਦਰ ਸਰੋਏ ਆਪਣੇ ਮੋਟਰਸਾਈਕਲ ਨੰਬਰ ਪੀ ਬੀ 08ਡੀ ਬੀ 3988 'ਤੇ ਪਿੰਡ ਨੂੰ ਆ ਰਿਹਾ ਸੀ। ਮ੍ਰਿਤਕ ਦੀ ਪਹਿਚਾਣ ਪਰਮਿੰਦਰ ਸਰੋਏ ਪੁੱਤਰ ਹਰਭਜਨ ਦਾਸ ਪਿੰਡ ਸਰਗੁੰਦੀ ਵਜੋਂ ਹੋਈ ਹੈ। ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਰੇਸ਼ਮ ਲਾਲ ਪੁੱਤਰ ਧਰਮਪਾਲ ਵਾਸੀ ਪਿੰਡ ਗੜੀ ਅਜੀਤ ਸਿੰਘ ਜ਼ਿਲ੍ਹਾ ਸ਼ਹੀਦ ਭਗਤ ਸਿਘ ਨਗਰ ਖਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਟਰੱਕ ਨੰਬਰ ਪੀ ਬੀ 08ਸੀ ਪੀ 4531 ਕਬਜ਼ੇ ਵਿਚ ਲੈ ਲਿਆ ਹੈ। ਮ੍ਰਿਤਕ ਦੋ ਲੜਕੀਆਂ ਦਾ ਬਾਪ ਸੀ ਅਤੇ ਦੁਬਈ ਵਿਚ ਕੰਮ ਕਰਦਾ ਸੀ। ਅੱਜਕੱਲ੍ਹ ਉਹ ਭਾਰਤ ਆਇਆ ਹੋਇਆ ਸੀ।

# ਲੋੜਵੰਦਾਂ ਦੀ ਮਦਦ ਵਾਸਤੇ ਹਮੇਸ਼ਾ ਹੀ ਰਹਿਣਾ ਚਾਹੀਦਾ ਯਤਨਸ਼ੀਲ : ਚੌਧਰੀ ਮਿਆਨੀ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ ਉਂਕਾਰ ਸਿੰਘ)**- ਬੇਟ ਖੇਤਰ ਦੀ ਵਿਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਿਆਨੀ ਵਿਖੇ ਹੋਏ ਇੱਕ ਸਮਾਗਮ ਦੌਰਾਨ ਲੋੜਵੰਦ ਉੱਘੇ ਸਮਾਜ ਸੇਵੀ ਤੇ ਮੈਂਬਰ ਪੰਚਾਇਤ ਸੰਨੀ ਕੁਮਾਰ ਮਿਆਨੀ ਵੱਲੋਂ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਨੂੰ ਸਰਦੀ ਤੋਂ ਬਚਾਉਣ ਵਾਸਤੇ ਜਰਸੀਆਂ ਭੇਂਟ ਕੀਤੀਆਂ ਗਈਆਂ। ਪ੍ਰਿੰਸੀਪਲ ਕੁਲਦੀਪ ਰਾਜ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਦੌਰਾਨ ਸੰਨੀ ਕੁਮਾਰ ਮਿਆਨੀ ਨੇ ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਨੀ ਦੀ ਮੌਜੂਦਗੀ ਵਿੱਚ ਇਹ ਜਰਸੀਆਂ ਭੇਟ ਕੀਤੀਆਂ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਲਈ ਇੱਛਾ ਪ੍ਰਗਟਾਈ। ਇਸ ਮੌਕੇ ਸਾਬਕਾ ਮੰਤਰੀ ਪੰਜਾਬ ਸਰਕਾਰ ਚੌਧਰੀ ਬਲਵੀਰ ਸਿੰਘ ਮਿਆਨੀ ਨੇ ਸਮਾਜ ਸੇਵੀ ਸੰਨੀ ਮਿਆਨੀ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਨੂੰ ਵੀ ਹਮੇਸ਼ਾ ਹੀ ਲੋੜਵੰਦਾਂ ਦੀ ਮਦਦ ਵਾਸਤੇ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਮੌਕੇ ਸਾਬਕਾ ਮੰਤਰੀ ਚੌਧਰੀ ਮਿਆਨੀ ਨੇ ਹੋਰ ਕਿਹਾ ਕਿ ਜਰੂਰਤੰਦਾਂ ਦੀ ਮਦਦ ਕਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ ਅਤੇ ਸਾਨੂੰ ਆਪਣੇ ਗੁਰੂਆਂ ਦੇ ਉਪਦੇਸ਼ 'ਤੇ ਚੱਲ ਕੇ ਅਜਿਹੇ ਕਾਰਜਾਂ ਵਿੱਚ ਪਿੱਛੇ ਨਹੀਂ ਹਟਣਾ ਚਾਹੀਦਾ। ਇਸ ਮੌਕੇ ਪ੍ਰਿੰਸੀਪਲ ਕੁਲਦੀਪ ਰਾਜ ਤੇ ਸਟਾਫ ਮੈਂਬਰਾਂ ਨੇ ਸੰਨੀ ਮਿਆਨੀ ਦੇ ਇਸ ਯੋਗ ਉਪਰਾਲੇ ਲਈ ਧੰਨਵਾਦ ਕੀਤਾ। ਇਸ ਮੌਕੇ ਹਰਜਿੰਦਰ ਕੌਰ, ਦਵਿੰਦਰ ਸਿੰਘ ਲਾਡੀ, ਸਤਵਿੰਦਰ ਸਿੰਘ, ਪੰਚ ਕਮਲ ਲਾਲ ਪੰਚ ਰਾਜੂ ਕੁਮਾਰ,ਬਲਬੀਰ ਕੌਰ ,ਸੁੱਖਵਿੰਦਰ ਕੌਰ ਤੇ ਸਕੂਲ ਦੇ ਹੋਰ ਸਟਾਫ ਮੈਂਬਰ ਵੀ ਮੌਜੂਦ ਸਨ।

# ਡੇਂਗੂ ਦਾ ਟੈਸਟ ਸਰਕਾਰੀ ਹਸਪਤਾਲਾਂ 'ਚ ਹੁੰਦਾ ਹੈ ਮੁਫ਼ਤ : ਗੁਰਦੇਵ ਕੌਰ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ )** ਪਿੰਡ ਮਹਾਲੋਂ ਸਬ ਸੈਂਟਰ ਦੇ ਅਧੀਨ ਪੈਂਦੇ ਪਿੰਡ ਅਮਰਗੜ੍ਹ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਡੇਂਗੂ ਤੋਂ ਮੁਕਤੀ ਲਈ ਹੈਲਥ ਏ ਐਨ ਐਮ ਗੁਰਦੇਵ ਕੌਰ ਨੇ ਦੱਸਿਆ ਕਿ ਡੇਂਗੂ ਫੈਲਾਉਣ ਵਾਲਾ ਮੱਛਰ ਖੜੇ ਸਾਫ਼ ਪਾਣੀ ਵਿੱਚ ਪਲਦਾ ਹੈ, ਇਸ ਲਈ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਸਫ਼ਾਈ ਰੱਖਣ ਅਤੇ ਗਮਲਿਆਂ ਵਿੱਚ ਪਾਣੀ ਇਕੱਠਾ ਨਾ ਹੋਣ ਦੇਣ,ਪਾਣੀ ਭਰੇ ਭਾਂਡਿਆਂ ਅਤੇ ਟੈਂਕੀਆਂ ਨੂੰ ਚੰਗੀ ਤਰਾਂ ਢੱਕ ਕੇ ਰੱਖੋ, ਹਫ਼ਤੇ ਵਿੱਚ ਕੂਲਰ ਅਤੇ ਗਮਲਿਆਂ ਨੂੰ ਇੱਕ ਵਾਰੀ ਖ਼ਾਲੀ ਕਰ ਕੇ ਸੁਕਾਇਆ ਜਾਵੇ, ਕੱਪੜੇ ਅਜਿਹੇ ਪਹਿਨੋ ਜਿਸ ਵਿੱਚ ਸਰੀਰ ਪੂਰੀ ਤਰ੍ਹਾਂ ਢੱਕਿਆ ਰਹੇ, ਜੇਕਰ ਕਿਸੇ ਵਿਅਕਤੀ ਨੂੰ ਇਸ ਸਬੰਧੀ ਕੋਈ ਲੱਛਣ ਜਿਵੇਂ ਤੇਜ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਅਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ 'ਚ ਜਾ ਕੇ ਮਾਹਿਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਡੇਂਗੂ ਦਾ ਟੈਸਟ ਜਰੂਰ ਕਰਵਾਇਆ ਜਾਵੇ ਅਤੇ ਪਾਜੇਟਿਵ ਆਉਣ ਦੀ ਸੂਰਤ ਵਿੱਚ ਸੰਪੂਰਨ ਇਲਾਜ ਕਰਵਾਇਆ ਜਾਵੇ। ਡੇਂਗੂ ਦਾ ਟੈਸਟ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।

# ਕੇਜਰੀਵਾਲ ਦਾ ਕੀਤਾ ਜਾਵੇਗਾ ਵਿਸ਼ੇਸ਼ ਸਵਾਗਤ : ਵਿਧਾਇਕ ਰਾਜਾ



**ਟਾਂਡਾ ਉੜਮੁੜ , (ਉਕਾਰ ਸਿੰਘ ਜਸਵਿੰਦਰ ਸੰਧੂ )**-ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਤੇ ਸਮੁੱਚੀ ਲੀਡਰਸ਼ਿਪ ਦਾ 18 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਹੋ ਰਹੀ ਵਿਕਾਸ ਕ੍ਰਾਂਤੀ ਰੈਲੀ ਵਿੱਚ ਪਹੁੰਚਣ ਤੇ ਭਰਵਾਂ ਸਵਾਗਤ ਕੀਤਾ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਸਰਕਾਰ ਨੇ ਆਪਣੇ ਹੁਣ ਤੱਕ ਦੇ ਕਾਰਜਕਾਲ ਵਿੱਚ ਸੂਬੇ ਨੂੰ ਇਤਿਹਾਸਿਕ ਵਿਕਾਸ ਵੱਲ ਲੈ ਜਾਣ ਦੇ ਨਾਲ ਨਾਲ ਹਰੇਕ ਤਰੀਕੇ ਨਾਲ ਬੁਲੰਦੀਆਂ 'ਤੇ ਪਹੁੰਚਾਇਆ ਹੈ ਅਤੇ ਸੂਬਾ ਸਰਕਾਰ ਦੀਆਂ ਇਹਨਾਂ ਹੀ ਲੋਕ ਉਸਾਰੂ ਗਤੀਵਿਧੀਆਂ ਦੀ ਸਮੀਖਿਆ ਕਰਨ ਵਾਸਤੇ ਆਪ ਵੱਲੋਂ ਵਿਕਾਸ ਕ੍ਰਾਂਤੀ ਰੈਲੀ ਕੀਤੀ ਜਾ ਰਹੀ ਹੈ ਜਿਸ ਵਿੱਚ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਹੋਰ ਸਮੁੱਚੀ ਵਜਾਰਤ ਤੇ ਲੀਡਰਸ਼ਿਪ ਪਹੁੰਚੇਗੀ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਸਵਾਗਤ ਕਰਨ ਲਈ ਹਲਕਾ ਟਾਂਡਾ ਤੇ ਗੜ੍ਹਦੀਵਾਲ ਤੋਂ ਵਰਕਰਾਂ ਦੇ ਵਿਸ਼ੇਸ਼ ਜਥੇ ਪਹੁੰਚਣਗੇ। ਰਾਜਾ ਨੇ ਹੋਰ ਕਿਹਾ ਕਿ ਇਸ ਰੈਲੀ ਦੀਆਂ ਸਮੁੱਚੀਆਂ ਤਿਆਰੀਆਂ ਮੁਕੰਮਲ ਕੀਤੀਆਂ ਗਈਆਂ ਹਨ ਅਤੇ ਸਮੁੱਚੀ ਹੁਸ਼ਿਆਰਪੁਰ ਦੀ ਲੀਡਰਸ਼ਿਪ ਅਰਵਿੰਦ ਕੇਜਰੀਵਾਲ ਦੀ ਹੁਸ਼ਿਆਰਪੁਰ ਫੇਰੀ ਨੂੰ ਸਫਲ ਬਣਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਇਸ ਮੌਕੇ ਉਹਨਾਂ ਹੋਰ ਕਿਹਾ ਕਿ ਹਲਕਾ ਉੜਮੁੜ ਟਾਂਡਾ ਦੇ ਵਿਕਾਸ ਕਾਰਜਾਂ ਲਈ ਵੀ ਇਸ ਮੌਕੇ ਆਵਾਜ ਉਠਾਈ ਜਾਵੇਗੀ ਤਾਂ ਜੋ ਹਲਕੇ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਸੰਪੂਰਨ ਕਰਕੇ ਨਵੀਂ ਦਿਸ਼ਾ ਦਿੱਤੀ ਜਾ ਸਕੇ। ਇਸ ਮੌਕੇ ਉਹਨਾਂ ਨਾਲ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਬਲਾਕ ਪ੍ਰਧਾਨ ਜਗਜੀਵਨ ਜੱਗੀ, ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ, ਸਰਬਜੀਤ ਸਿੰਘ ਵਿੱਕੀ, ਅਤਵਾਰ ਸਿੰਘ ਪਲਾਚਕ ਪ੍ਰੇਮ ਪਡਵਾਲ, ਪ੍ਰੇਮ ਜੈਨ, ਵਿੱਕੀ ਮਹਿੰਦਰੂ ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਹਰੀ ਕ੍ਰਿਸ਼ਨ ਸੈਣੀ, ਬਲਜੀਤ ਸੈਣੀ ਵੀ ਮੌਜੂਦ ਸਨ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ 14ਵੇਂ ਫੁੱਟਬਾਲ ਟੂਰਨਾਮੈਂਟ ਦਾ ਆਗਾਜ਼



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸ਼ਹੀਦ ਏ ਆਜ਼ਮ ਭਗਤ ਸਿੰਘ ਸਪੋਰਟਸ ਕਲੱਬ ਗੜ੍ਹਸ਼ੰਕਰ ਵਲੋ ਸਵ: ਦਿਲਪ੍ਰੀਤ ਸਿੰਘ ਢਿੱਲੋਂ ਦੀ ਨਿੱਘੀ ਯਾਦ ਨੂੰ ਸਮਰਪਿਤ 14ਵਾਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਦਾ ਅਗਾਜ ਕੀਤਾ ਗਿਆ। ਸ਼ੁਰੂਆਤ ਮੌਕੇ ਅਰਦਾਸ ਕੀਤੀ ਗਈ ਉਪਰੰਤ ਸੰਤ ਬਾਬਾ ਅਮਰੀਕ ਸਿੰਘ ਮੰਨਣਹੰਨਾ ਵਾਲਿਆਂ ਦੇ ਆਸ਼ੀਰਵਾਦ ਸਦਕਾ ਮੈਚ ਦੀ ਸ਼ੁਰੂਆਤ ਕੀਤੀ ਗਈ । ਮੈਚ ਦਾ ਉਦਘਾਟਨ ਬੀ ਜੇ ਪੀ ਆਗੂ ਅਵਿਨਾਸ਼ ਰਾਏ ਖੰਨਾ ਅਤੇ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿ. ਸੀਮਾ ਬੁੱਧੀ ਰਾਜਾ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਉਹਨਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਸਪੋਰਟਸ ਕਲੱਬ ਦੇ ਸਮੂਹ ਮੈਂਬਰਾਂ ਨੂੰ ਵਧਾਈ ਦਿੱਤੀ। ਸਕੂਲ ਪੱਧਰ ਦੇ ਫੁੱਟਬਾਲ ਦਾ ਪਹਿਲਾ ਮੈਚ ਫਤਿਹਪੁਰ ਸਕੂਲ ਤੇ ਗੜ੍ਹਸ਼ੰਕਰ ਸਕੂਲ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਫਤਹਿਪੁਰ ਦੀ ਟੀਮ ਜੇਤੂ ਰਹੀ ਅਤੇ ਦੂਸਰਾ ਸਕੂਲ ਪੱਧਰ ਮੈਚ ਖਾਲਸਾ ਸਕੂਲ ਬੰਗਾ ਅਤੇ ਸੀਨੀਅਰ ਸੈਕੰਡਰੀ ਸਕੂਲ ਰੁੜਕੀ ਖਾਸ ਵਿੱਚਕਾਰ ਹੋਇਆ ਜਿਸ ਵਿੱਚ ਖਾਲਸਾ ਸਕੂਲ ਬੰਗਾ ਦੀ ਟੀਮ 0-1 ਨਾਲ ਜੇਤੂ ਰਹੀ। ਪਿੰਡ ਪੱਧਰ ਸੜੋਆ ਅਤੇ ਚੱਕ ਸਿੰਘਾਂ ਟੀਮ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਚੱਕ ਸਿੰਘਾਂ ਦੀ ਟੀਮ ਜੇਤੂ ਰਹੀ ਅਤੇ ਅਗਲਾ ਪਿੰਡ ਪੱਧਰ ਮੈਚ ਸੋਨਾ ਅਤੇ ਸੁੱਜੋ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਸੋਨਾ ਦੀ ਟੀਮ ਜੇਤੂ ਰਹੀ। ਪਿੰਡ ਪੱਧਰ ਦਾ ਮੈਚ ਸਮੁੰਦੜਾ ਅਤੇ ਬੋੜਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਸਮੁੰਦੜਾ ਦੀ ਟੀਮ ਜੇਤੂ ਰਹੀ। ਟੂਰਨਾਮੈਂਟ ਮੌਕੇ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਨੇ ਦੱਸਿਆ ਕਿ ਕਲੱਬ ਵਲੋਂ ਪਿਛਲੇ ਲੰਮੇ ਸਮੇਂ ਤੋਂ ਨੌਜਵਾਨਾਂ ਨੂੰ ਖੇਡਾਂ ਵੱਲ ਜੋੜਨ ਦਾ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ ਤਾਂ ਜੋ ਨੌਜਵਾਨ ਆਪਣੀ ਜਿੰਦਗੀ ਵਿੱਚ ਚੰਗਾ ਮੁਕਾਮ ਹਾਸਲ ਕਰ ਸਕਣ ਅਤੇ ਨਸ਼ਿਆਂ ਵਰਗੀਆਂ ਭੈੜੀਆਂ ਕੁਰੀਤੀਆਂ ਤੋਂ ਬਚ ਸਕਣ। ਇਸ ਮੌਕੇ ਬਾਵਾ ਸਿੰਘ, ਸ਼੍ਰੀਮਤੀ ਨਰੰਜਨ ਕੋਰ, ਐਡਵੋਕੇਟ ਪੰਕਜ਼ ਕ੍ਰਿਪਾਲ,ਅਵਿਨਾਸ਼ ਸ਼ਰਮਾ,ਰਾਜੀਵ ਕੁਮਾਰ ,ਹਰਪ੍ਰੀਤ ਸਿੰਘ ਵਾਲੀਆ ,ਕਿਸਾਨ ਆਗੂ ਜਸਵੰਤ ਸਿੰਘ ਬੱਠਲ,ਬਲਵੀਰ ਸਿੰਘ ਚੰਗਿਆੜਾ,ਪਰਮਜੀਤ ਸਿੰਘ ਬੱਬਰ ,ਐਨ ਆਰ ਆਈ ਤੀਰਥ ਸਿੰਘ ਰੱਤੂ,ਰਿਟਾ. ਸੁਬੇਦਾਰ ਕੇਵਲ ਸਿੰਘ ਭੱਜਲ, ,ਸੁਨੀਲ ਕੁਮਾਰ ਗੋਲਡੀ,ਮਨੀ ਗੜ੍ਹਸ਼ੰਕਰ,ਲਖਵੀਰ ਲੱਕੀ, ਜੋਗ ਰਾਜ ਗੰਭੀਰ,ਰਮਨ ਬੰਗਾ,ਝਲਮਣ ਸਿੰਘ,ਹਰਪ੍ਰੀਤ ਸਿੰਘ,ਸਰਪੰਚ ਅਵਤਾਰ ਸਿੰਘ ਨਾਨੋਵਾਲ,ਰਾਜਪਾਲ ਹੈਪੀ,ਪਰਮਜੀਤ ਪੰਮਾ,ਕਮਲਜੀਤ ਬੈਂਸ,ਰਾਜ ਕੁਮਾਰ ਭੱਟੀ , ਪੁਰੇਵਾਲ ਬ੍ਰਦਰਸ਼, ਕਰਨ ਭੱਟੀ,ਸਲਿੰਦਰ ਰਾਣਾ,ਸਤਨਾਮ ਪਾਰੋਵਾਲ ਅਤੇ ਹੋਰ ਮਾਨਯੋਗ ਸ਼ਖਸੀਅਤਾਂ ਹਾਜਰ ਸਨ। ਸਟੇਜ ਸੰਚਾਲਕ ਦੀ ਭੂਮਿਕਾ ਅਮਰੀਕ ਹਮਰਾਜ਼ ਅਤੇ ਮਨਜੀਤ ਲੱਲੀਆਂ ਵਲੋਂ ਨਿਭਾਈ ਗਈ।

# ਅਦਾਲਤ ਨੇ ਮੇਅਰ ਖਿਲਾਫ ਸਥਾਨਕ ਸਰਕਾਰ ਵੱਲੋਂ ਦਿੱਤਾ ਨੋਟਿਸ ਕੀਤਾ ਸਟੇਅ

**ਮੋਹਾਲੀ, (ਗੁਰਜੀਤ ਬਿੱਲਾ)** -ਮੋਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਦੇ ਵਿਰੋਧੀਆਂ ਨੂੰ ਬਹੁਤ ਕਰਾਰਾ ਝਟਕਾ ਲੱਗਿਆ ਹੈ। ਵਿਰੋਧੀ ਧਿਰ ਦੀ ਸ਼ਿਕਾਇਤ ਉੱਤੇ ਸਥਾਨਕ ਸਰਕਾਰ ਵਿਭਾਗ ਵੱਲੋਂ ਮੇਅਰ ਦੇ ਖਿਲਾਫ ਜਾਰੀ ਕੀਤੇ ਗਏ ਨੋਟਿਸ ਨੂੰ ਅਦਾਲਤ ਨੇ ਸਟੇਅ ਕਰ ਦਿੱਤਾ ਹੈ। ਸਕੱਤਰ ਸਥਾਨਕ ਸਰਕਾਰ ਵਿਭਾਗ ਵੱਲੋਂ ਭੇਜੇ ਨੋਟਿਸ ਅਨੁਸਾਰ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਨੂੰ ਕੌਂਸਲਰ ਦੇ ਅਹੁਦੇ ਤੋਂ ਲਾਹੁਣ ਦੀ ਤਜਵੀਜ ਸੀ। ਜ਼ਿਕਰਯੋਗ ਹੈ ਕਿ ਮੋਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਨੂੰ ਅਹੁਦੇ ਤੋਂ ਬਰਖਾਸਤ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਵਿਰੋਧੀ ਧਿਰ ਵੱਲੋਂ ਜਾਰੀ ਹਨ। ਇਸ ਤੋਂ ਪਹਿਲਾਂ ਵੀ ਇੱਕ ਵਾਰ ਮੇਅਰ ਨੂੰ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਜਿਸ ਦੇ ਖਿਲਾਫ ਮੇਅਰ ਜੀਤੀ ਸਿੱਧੂ ਅਦਾਲਤ ਵਿੱਚ ਗਏ ਸਨ ਅਤੇ ਉਥੋਂ ਉਹਨਾਂ ਨੂੰ ਰਾਹਤ ਮਿਲ ਗਈ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ ਫਰਵਰੀ 2024 ਵਿੱਚ ਹੋਣੀ ਹੈ।

ਇਸ ਮਾਮਲੇ ਵਿੱਚ ਗੱਲਬਾਤ ਕਰਦਿਆਂ ਮੇਅਰ ਜੀਤੀ ਸਿੱਧੂ ਨੇ ਕਿਹਾ ਕਿ ਉਹਨਾਂ ਦੇ ਖਿਲਾਫ ਲਗਾਤਾਰ ਮੌਜੂਦਾ ਸਰਕਾਰ ਦੇ ਵਿਧਾਇਕ ਅਤੇ ਉਹਨਾਂ ਦੇ ਸਾਥੀ ਕੌਂਸਲਰ ਸਿਆਸੀ ਸਾਜ਼ਿਸ਼ਾਂ ਕਰਦੇ ਆ ਰਹੇ ਹਨ ਤਾਂ ਜੋ ਕੋਈ ਵੀ ਢੰਗ ਤਰੀਕਾ ਕਰਕੇ ਉਹਨਾਂ ਨੂੰ ਅਹੁਦੇ ਤੋਂ ਲਾਹ ਕੇ ਇਹ ਲੋਕ ਕਿਸੇ ਵੀ ਤਰੀਕੇ ਨਗਰ ਨਿਗਮ ਉੱਤੇ ਕਾਬਜ ਹੋ ਸਕਣ। ਉਹਨਾਂ ਕਿਹਾ ਕਿ ਜਦੋਂ ਪਹਿਲਾਂ ਕੀਤੀਆਂ ਸ਼ਿਕਾਇਤਾਂ ਦੇ ਅਧਾਰ 'ਤੇ ਵਿਰੋਧੀ ਧਿਰ ਦਾ ਕੇਸ ਮੂਧੇ ਮੂੰਹ ਡਿੱਗ ਗਿਆ ਤਾਂ ਹੁਣ ਇੱਕ ਨਵੀਂ ਸ਼ਿਕਾਇਤ ਕਰਕੇ ਉਹਨਾਂ ਨੂੰ ਅਹੁਦੇ ਤੋਂ ਲਾਹੁਣ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ ਅਤੇ ਪੰਜਾਬ ਸਰਕਾਰ ਦਾ ਵੀ ਇਸ ਵਿੱਚ ਪੂਰਾ ਜੋਰ ਲੱਗਿਆ ਹੋਇਆ ਹੈ। ਤਾਜਾ ਮਾਮਲੇ ਵਿੱਚ ਕੁਝ ਕੌਂਸਲਰਾਂ ਵੱਲੋਂ ਸਥਾਨਕ ਸਰਕਾਰ ਵਿਭਾਗ ਨੂੰ ਇਹ ਸ਼ਿਕਾਇਤ ਦਿੱਤੀ ਗਈ ਸੀ ਕਿ ਮੇਅਰ ਵੱਲੋਂ ਲੈਂਡ ਚੈਸਟਰ ਇੰਫਰਾਸਟਰਕਚਰ ਐਸੋਸੀਏਟਸ ਦੇ ਹਿੱਸੇਦਾਰ ਹੋਣ ਦੇ ਬਾਵਜੂਦ ਅਤੇ ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰ ਹੁੰਦੇ ਹੋਏ ਦੋ ਚੌਂਕ ਕੰਪਨੀ ਨੂੰ ਰੱਖ ਰਖਾਉ ਕਰਨ ਵਾਸਤੇ ਅਲਾਟ ਕੀਤੇ ਗਏ ਜਿਸ ਉੱਤੇ ਕੰਪਨੀ ਆਪਣੀ ਇਸ਼ਤਿਹਾਰਬਾਜੀ ਕਰ ਸਕਦੀ ਸੀ। ਇਸ ਸ਼ਿਕਾਇਤ ਦੇ ਆਧਾਰ ਉੱਤੇ ਸਥਾਨਕ ਸਰਕਾਰ ਵਿਭਾਗ ਦੇ ਸਕੱਤਰ ਅਜੋਏ ਸ਼ਰਮਾ ਨੇ ਮੇਅਰ ਜੀਤੀ ਸਿੱਧੂ ਨੂੰ ਨੋਟਿਸ ਜਾਰੀ ਕਰ ਦਿੱਤਾ ਜਿਸ ਵਿੱਚ ਕਿਹਾ ਗਿਆ ਕਿ ਜੇਕਰ ਉਹ ਸਮੇਂ ਸਿਰ ਇਸ ਦਾ ਜਵਾਬ ਨਹੀਂ ਦਿੰਦੇ ਤਾਂ ਉਹਨਾਂ ਦੇ ਖਿਲਾਫ ਇੱਕਤਰਫਾ ਕਾਰਵਾਈ ਕੀਤੀ ਜਾਵੇਗੀ। ਮੇਅਰ ਜੀਤੀ ਸਿੱਧੂ ਨੇ ਇਸ ਮਾਮਲੇ ਵਿੱਚ ਕਿਹਾ ਕਿ ਉਹਨਾਂ ਨੇ ਇਸ ਨੋਟਿਸ ਦਾ ਜਵਾਬ ਦੇਣਾ ਮੁਨਾਸਬ ਨਾ ਸਮਝਿਆ ਕਿਉਂਕਿ ਜਵਾਬ ਦੇਣ ਦੇ ਬਾਵਜੂਦ ਸਰਕਾਰ ਉਹਨਾਂ ਨੂੰ ਅਹੁਦੇ ਤੋਂ ਲਾਹੁਣ ਦੀ ਕਾਰਵਾਈ ਹੀ ਅਮਲ ਵਿੱਚ ਲਿਆਂਦੀ ਜਿਵੇਂ ਕਿ ਪਿਛਲੇ ਮਾਮਲੇ ਵਿੱਚ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਉਹਨਾਂ ਨੂੰ ਮਾਨਯੋਗ ਅਦਾਲਤ ਉੱਤੇ ਪੂਰਾ ਵਿਸ਼ਵਾਸ ਹੈ ਅਤੇ ਇਸ ਕਰਕੇ ਉਹਨਾਂ ਨੇ ਸਿਆਸਤ ਤੋਂ ਪ੍ਰੇਰਿਤ ਇਸ ਕੇਸ ਦੇ ਖਿਲਾਫ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਰੁਖ ਕੀਤਾ ਅਤੇ ਅਦਾਲਤ ਨੇ ਉਹਨਾਂ ਨੂੰ ਪੂਰਾ ਨਿਆ ਦਿੰਦਿਆਂ ਇਸ ਨੋਟਿਸ ਨੂੰ ਸਟੇਅ ਕਰ ਦਿੱਤਾ ਹੈ।

## ਲਾਇਨਜ਼ ਕਲੱਬ ਨੇ ਅੱਖਾਂ ਦਾ ਕੈਂਪ ਲਗਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**-ਲਾਇਨਜ ਕਲੱਬ ਨੂਰਮਹਿਲ ਸਿਟੀ ਵੱਲੋਂ ਮਨਜੀਤ ਹਸਪਤਾਲ ਵਿਚ ਅੱਖਾਂ ਦਾ ਕੈਂਪ ਲਗਾਇਆ ਗਿਆ। ਉਦਘਾਟਨ ਵਾਈਸ ਜ਼ਿਲ੍ਹਾ ਗਵਰਨਰ ਰਸ਼ਪਾਲ ਸਿੰਘ ਬੱਚਾਜਣੀ ਨੇ ਰੀਬਨ ਕੱਟ ਕੇ ਕੀਤਾ। ਰੰਜਨਾ ਸੇਠੀ ਤੇ ਕਮਲੇਸ਼ ਸੇਠੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪਿਮਸ ਹਸਪਤਾਲ ਜਲੰਧਰ ਦੇ ਡਾਕਟਰਾਂ ਦੀ ਟੀਮ ਨੇ ਮਰੀਜਾਂ ਦੀਆ ਅੱਖਾਂ ਦੀ ਜਾਂਚ ਕੀਤੀ। ਡਾਕਟਰਾਂ ਦੀ ਟੀਮ ਦੀ ਅਗਵਾਈ ਡਾਕਟਰ ਉਮੇਸ ਸ਼ਰਮਾ ਕਰ ਰਹੇ ਸਨ। ਲਾਇਨ ਡਾ. ਮਨਜੀਤ ਸਿੰਘ ਨੇ ਦੱਸਿਆ ਕਿ ਮਰੀਜਾਂ ਨੂੰ ਦਵਾਈਆਂ ਤੇ ਐਨਕਾਂ ਫ੍ਰੀ ਦਿੱਤੀਆਂ ਜਾਣਗੀਆਂ ਤੇ ਆਪਰੇਸ਼ਨ ਤੇ ਲੈੱਨਜ ਵੀ ਫ੍ਰੀ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮਰੀਜਾਂ ਦੇ ਆਪਰੇਸ਼ਨ ਲਾਇਨਜ ਕਲੱਬ ਹਸਪਤਾਲ ਆਦਮਪੁਰ ਵਿੱਚ ਕੀਤੇ ਜਾਣਗੇ। ਇਸ ਮੌਕੇ ਦਵਿੰਦਰ ਸੰਧੂ ਪਧਾਨ, ਓ. ਪੀ ਕੁੰਦੀ, ਰਾਮ ਤੀਰਥ ਸ਼ਰਮਾ ਸੈਕਟਰੀ, ਮੈਡਮ ਸੁਮਨ ਪਾਠਕ, ਰਮਨ ਕੋਹਲੀ, ਸੁਭਾਸ਼ ਕੋਹਲੀ, ਗੁਰਮੀਤ ਸ਼ੈਲੀ, ਸ਼ਿਵ ਕੁਮਾਰ, ਦਲਜੀਤ ਸਿੰਘ ਸੰਧੂ, ਰਵਿੰਦਰ ਪਵਾਰ, ਪ੍ਰੇਮ ਬਤਰਾ, ਪ੍ਰਦੀਪ ਨਈਅਰ ਅਤੇ ਹੋਰ ਕਲੱਬ ਦੇ ਮੈਂਬਰ ਹਾਜਰ ਸਨ।

CMYK

19-Nov-PAGE-12.qxd 11/18/2023 10:20 PM Page 1



# ਰਵਿੰਦਰ ਸ਼ਰਮਾ ਬਣੇ ਪ੍ਰੈੱਸ ਐਸੋਸੀਏਸ਼ਨ ਆਫ਼ ਸਟੇਟ ਦੇ ਜ਼ਿਲ੍ਹਾ ਪ੍ਰਧਾਨ, ਰਾਜੇਸ਼ ਥਾਪਾ ਬਣੇ ਪੰਜਾਬ ਚੇਅਰਮੈਨ



ਜਲੰਧਰ (ਸ਼ੈਲੀ ਐਲਬਰਟ)- ਪ੍ਰੈੱਸ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ ਪ੍ਰਧਾਨ ਜਗਜੀਤ ਸਿੰਘ ਡੋਗਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਐਸੋਸੀਏਸ਼ਨ ਦੇ ਦੋ ਸਾਲਾਂ ਦੇ ਕੰਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਆਉਣ ਵਾਲੇ ਸਾਲ ਵਿੱਚ ਐਸੋਸੀਏਸ਼ਨ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਰੂਪ ਰੇਖਾ ਤਿਆਰ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਪ੍ਰਧਾਨ ਜਗਜੀਤ ਸਿੰਘ ਡੋਗਰਾ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਦੌਰਾਨ ਪ੍ਰਧਾਨ ਰਾਜੇਸ਼ ਥਾਪਾ ਅਤੇ ਸੀਨੀਅਰ ਮੀਤ ਪ੍ਰਧਾਨ ਸ਼ੈਲੀ ਐਲਬਰਟ ਦੀ ਅਗਵਾਈ ਹੇਠ ਸੰਸਥਾ ਨੇ ਬਹੁਤ ਹੀ ਮਹੱਤਵਪੂਰਨ ਕੰਮ ਕੀਤੇ ਹਨ ਅਤੇ ਸਫਲਤਾ ਹਾਸਲ ਕੀਤੀ ਹੈ।

ਐਸੋਸੀਏਸ਼ਨ ਦੇ ਸੰਵਿਧਾਨ ਅਨੁਸਾਰ ਹਰ ਸਾਲ ਐਸੋਸੀਏਸ਼ਨ ਦੇ ਕੰਮ ਨੂੰ ਅੱਗੇ ਤੋਰਨ ਲਈ ਨਵੀਂ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਅਤੇ ਇਸ ਸਾਲ ਦੈਨਿਕ ਸਵੇਰਾ ਦੇ ਸੀਨੀਅਰ ਪੱਤਰਕਾਰ ਅਤੇ ਪੰਜਾਬ ਬਿਊਰੋ ਚੀਫ਼ ਰਵਿੰਦਰ ਸ਼ਰਮਾ ਨੂੰ ਅੱਗੇ ਲਿਜਾਣ ਲਈ ਜ਼ਿਲ੍ਹਾ ਜਲੰਧਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਅਤੇ ਰਾਜੇਸ਼ ਥਾਪਾ ਦਾ ਕੱਦ ਵਧਣ ਕਰਕੇ ਉਨ੍ਹਾਂ ਨੂੰ ਪੰਜਾਬ ਚੇਅਰਮੈਨ ਦੀ ਜ਼ਿੰਮੇਵਾਰੀ ਸੌਂਪੀ ਗਈ। ਇੱਕ ਹਫ਼ਤੇ ਦੇ ਅੰਦਰ ਰਵਿੰਦਰ ਸ਼ਰਮਾ ਪੰਜਾਬ ਦੀ ਟੀਮ ਨਾਲ ਮੀਟਿੰਗ ਕਰਕੇ ਐਸੋਸੀਏਸ਼ਨ ਦੀ ਬਾਕੀ ਟੀਮ ਤਿਆਰ ਕਰਨਗੇ। ਰਵਿੰਦਰ ਸ਼ਰਮਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੱਤਰਕਾਰਾਂ ਨੂੰ ਦਰਪੇਸ਼ ਹਰ ਸਮੱਸਿਆ ਦਾ ਹੱਲ ਕੀਤਾ ਜਾਵੇਗਾ ਅਤੇ ਪੱਤਰਕਾਰਾਂ ਦੀ ਬਿਹਤਰੀ ਲਈ ਸੈਮੀਨਾਰ ਵੀ ਕਰਵਾਏ ਜਾਣਗੇ। ਸੀਨੀਅਰ ਪੱਤਰਕਾਰ ਅਸ਼ੋਕ ਅਨੁਜ ਨੇ ਇਸ ਸਮੇਂ ਪੱਤਰਕਾਰਾਂ ਦੇ ਡਿੱਗਦੇ ਗ੍ਰਾਫ ਨੂੰ ਉੱਚਾ ਚੁੱਕਣ ਦੀ ਲੋੜ 'ਤੇ ਜ਼ੋਰ ਦਿੱਤਾ। ਜਗਜੀਤ ਸਿੰਘ ਡੋਗਰਾ ਨੇ ਕਿਹਾ ਕਿ ਪ੍ਰੈੱਸ ਐਸੋਸੀਏਸ਼ਨ ਦੀ ਟੀਮ ਪਿਛਲੇ ਕਈ ਸਾਲਾਂ ਤੋਂ ਪੱਤਰਕਾਰਾਂ ਦੀ ਅਵਾਜ਼ ਬੁਲੰਦ ਕਰਨ ਲਈ ਸੰਘਰਸ਼ ਕਰ ਰਹੀ ਹੈ ਅਤੇ ਭਵਿੱਖ ਵਿੱਚ ਵੀ ਪੱਤਰਕਾਰਾਂ ਦੀਆਂ ਸਮੱਸਿਆਵਾਂ ਲਈ ਡਟ ਕੇ ਖੜੀ ਰਹੇਗੀ।

ਇਸ ਮੌਕੇ ਪੰਜਾਬ ਸਕੱਤਰ ਦੀਨਾਨਾਥ ਮੰਦਰਿੰਗ, ਸੀਨੀਅਰ ਪੱਤਰਕਾਰ ਅਸ਼ੋਕ ਅਨੁਜ, ਮੇਹਰ ਮਲਿਕ, ਰਾਜਿੰਦਰ ਠਾਕੁਰ, ਰਮੇਸ਼ ਗਾਬਾ, ਰਮੇਸ਼ ਹੈਪੀ, ਸੁਰਿੰਦਰ ਬੇਰੀ, ਰਮੇਸ਼ ਭਗਤ, ਵਿਕਾਸ ਮਲਿਕ, ਗੌਰਵ ਗੋਇਲ, ਬਿੱਟੂ ਓਬਰਾਏ, ਨਵ ਸੰਧੂ, ਸੰਜੀਵ ਕੁਮਾਰ, ਸੰਨੀ ਭਗਤ, ਪਵਨ ਕੁਮਾਰ, ਗੁਰਪ੍ਰੀਤ ਸਿੰਘ ਪੱਪੀ, ਸ਼ਿਵ ਕੁਮਾਰ ਸਮੇਤ ਕਈ ਸੀਨੀਅਰ ਪੱਤਰਕਾਰ ਹਾਜ਼ਰ ਸਨ।

# ਆਸ਼ਾ ਵਰਕਰਾਂ ਵੱਲੋਂ ਮੰਗਾਂ ਨੂੰ ਲੈ ਕੇ ਪ੍ਰਿੰਸੀਪਲ ਸਕੱਤਰ ਨੂੰ ਮੰਗ ਪੱਤਰ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਅੱਜ ਇੱਥੇ ਭਗਵੰਤ ਮਾਨ ਮੁੱਖ ਮੰਤਰੀ ਦੇ ਆਉਣ 'ਤੇ ਸੀਟੂ ਅਤੇ ਆਸ਼ਾ ਵਰਕਰਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਦੇ ਪ੍ਰਿੰਸੀਪਲ ਸਕੱਤਰ ਨੂੰ ਮੰਗ ਪੱਤਰ ਦਿੱਤਾ ਗਿਆ ਤੇ ਉਨ੍ਹਾਂ 'ਕੱਲੀ 'ਕੱਲੀ ਮੰਗ 'ਤੇ ਵਿਚਾਰ ਕੀਤੀ। ਜਿਸ ਵਿੱਚ ਆਸ਼ਾ ਵਰਕਰਾਂ, ਚੌਕੀਦਾਰ, ਮਿਡ ਡੇ ਮੀਲ, ਆਂਗਣਵਾੜੀ ਨੂੰ ਸਰਕਾਰੀ ਮੁਲਾਜ਼ਮ ਬਣਾਇਆ ਜਾਵੇ, 20 ਨਵੰਬਰ ਦਾ 12 ਘੰਟੇ ਦੀ ਡਿਊਟੀ ਵਾਲਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਮਿਨੀਮਮ ਵੇਜ ਦੇ ਘੇਰੇ ਵਿੱਚ ਸ਼ਾਮਲ ਕੀਤਾ ਜਾਵੇ। ਸਾਰੇ ਮਜ਼ਦੂਰਾਂ ਦੀ ਘੱਟੋ ਘੱਟ ਪੈਨਸ਼ਨ 10 ਹਜ਼ਾਰ ਕੀਤੀ ਜਾਵੇ। ਮਨਰੇਗਾ ਮਜ਼ਦੂਰਾਂ ਨੂੰ 200 ਦਿਨ ਕੰਮ 600 ਰੁਪਏ ਦਿਹਾੜੀ ਦਿੱਤੀ ਜਾਵੇ। ਠੇਕਾ ਸਿਸਟਮ ਬੰਦ ਕਰਕੇ ਸਾਰੇ ਕਿਰਤੀਆਂ ਨੂੰ ਪੱਕਾ ਕੀਤਾ ਜਾਵੇ, ਘੱਟੋ ਘੱਟ ਉਜਰਤ 26000 ਰੁਪਏ ਮਹੀਨਾ ਕੀਤੀ ਜਾਵੇ, ਭੱਠਿਆਂ ਉੱਤੇ ਫੈਕਟਰੀ ਐਕਟ ਲਾਗੂ ਕੀਤਾ ਜਾਵੇ, ਸਾਰੇ ਕਿਰਤ ਕਾਨੂੰਨ ਲਾਗੂ ਕੀਤੇ ਜਾਣ, ਕੰਸਟ੍ਰਕਸ਼ਨ ਵਰਕਰਾਂ ਦੀ ਰਜਿਸਟਰੇਸ਼ਨ ਅਤੇ ਲਾਭ ਦੇ ਫਾਰਮ ਲੈਣ ਲਈ ਆਨਲਾਈਨ ਆਫਲਾਈਨ ਦੋਨੋਂ ਚਲਾਏ ਜਾਣ। ਪ੍ਰਿੰਸੀਪਲ ਸਕੱਤਰ ਵੱਲੋਂ ਸਾਰੀਆਂ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕੀਤੀ ਅਤੇ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਸੀਟੂ ਦੇ ਸੂਬਾਈ ਆਗੂ ਮਹਿੰਦਰ ਕੁਮਾਰ ਬੱਡੋਆਣ, ਧਨਪਤ, ਜੋਗਿੰਦਰ ਕੌਰ, ਰਾਜਵਿੰਦਰ ਕੌਰ, ਜਸਵੀਰ ਕੌਰ, ਰਾਮ ਨਿਵਾਸ, ਰੋਸ਼ਨ, ਅਮਰਜੀਤ ਕੌਰ ਆਦਿ ਹਾਜ਼ਰ ਸਨ।

# ਰਣਜੀਤ ਸਿੰਘ ਕਲਿਆਣ ਨਮਿਤ ਸ਼ਰਧਾਂਜਲੀ ਸਮਾਗਮ ਅੱਜ



ਸਾਥੀ ਰਣਜੀਤ ਸਿੰਘ ਕਲਿਆਣ ਦਾ ਜਨਮ 15.5.1961 ਨੂੰ ਸਰਦਾਰ ਬੰਤ ਸਿੰਘ ਦੇ ਘਰ ਮਾਤਾ ਅਮਰ ਕੌਰ ਦੀ ਕੁੱਖੋਂ ਪਿੰਡ ਕਲਿਆਣ ਜ਼ਿਲ੍ਹਾ ਸੰਗਰੂਰ ਹੁਣ ਮਾਲੇਰਕੋਟਲਾ ਵਿਖੇ ਹੋਇਆ। ਰਣਜੀਤ ਸਿੰਘ ਕਲਿਆਣ ਬੇਜ਼ਮੀਨੇ ਦਲਿਤ ਪਰਵਾਰ ਵਿੱਚ ਪੈਦਾ ਹੋਇਆ। ਸਾਥੀ ਨੇ ਆਪਣੀ ਮੁਢਲੀ ਪੜ੍ਹਾਈ ਪਿੰਡ ਕਲਿਆਣ ਤੇ ਦਸਵੀਂ ਸਰਕਾਰੀ ਹਾਈ ਸਕੂਲ ਸਦੌੜ ਤੋਂ ਪਾਸ ਕੀਤੀ। ਸਾਥੀ ਨੇ ਪੱਲੇਦਾਰੀ ਵਿੱਚ 1980 ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਉਸ ਸਾਲ ਸੁਨਾਮ ਵਿਖੇ ਚੱਲੇ ਘੋਲ ਦੌਰਾਨ ਜਿਸ ਵਿੱਚ ਅਮਰ ਸਿੰਘ ਭੱਟੀਆਂ ਅਤੇ ਗੁਰਸੇਵਕ ਧੀਮਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਾਥੀ ਰਿਹਾਅ ਹੋਏ ਤੇ ਘੋਲ ਜਿੱਤ ਦੇ ਰੂਪ ਵਿੱਚ ਸਮਾਪਤ ਹੋਇਆ। 1983 ਨੂੰ ਰਣਜੀਤ ਸਿੰਘ ਦਾ ਵਿਆਹ ਬੀਬੀ ਮਨਜੀਤ ਕੌਰ ਵਾਸੀ ਡਾਂਗੋ ਜ਼ਿਲ੍ਹਾ ਲੁਧਿਆਣਾ ਨਾਲ ਹੋਇਆ। ਸਾਥੀ ਦੇ ਘਰ ਦੋ ਪੁੱਤਰ ਅਵਤਾਰ ਸਿੰਘ ਅਤੇ ਲਖਬੀਰ ਸਿੰਘ ਅਤੇ ਤਿੰਨ ਬੇਟੀਆਂ ਗੁਰਮੀਤ ਕੌਰ, ਅਮਨਦੀਪ ਕੌਰ, ਗੁਰਵਿੰਦਰ ਕੌਰ ਪੈਦਾ ਹੋਈਆਂ। ਸਾਥੀ ਨੇ ਧੂਰੀ ਅਤੇ ਭਵਾਨੀਗੜ੍ਹ ਵਿੱਚ ਚੱਲੇ ਦੋ ਵੱਡੇ ਸੰਘਰਸ਼ਾਂ ਵਿੱਚ ਲਗਾਤਾਰ ਡਿਪੂਆਂ ਵਿੱਚ ਬੈਠ ਕੇ ਜ਼ਿਲ੍ਹੇ ਵੱਲੋਂ ਅਗਵਾਈ ਕੀਤੀ। ਧੂਰੀ ਵਿਖੇ ਲੇਖਕ ਸੁਖਦੇਵ ਸ਼ਰਮਾ ਵੀ ਮੁਲਾਜ਼ਮ ਹੋਣ ਦੇ ਬਾਵਜੂਦ ਐੱਫ ਸੀ ਆਈ ਵਰਕਰਜ਼ ਪੱਲੇਦਾਰ ਯੂਨੀਅਨ ਏਟਕ ਦੀ ਲੜਾਈ ਵਿੱਚ ਸ਼ਾਮਲ ਰਹੇ। ਰਾਏਕੋਟ ਦੇ ਸੰਘਰਸ਼ ਵਿੱਚ ਇੱਕ ਪੱਲੇਦਾਰ ਦੀ ਸ਼ਹਾਦਤ ਹੋਈ ਤੇ ਕਈ ਸਾਥੀ ਜ਼ਖ਼ਮੀ ਹੋਏ। ਰਣਜੀਤ ਸਿੰਘ ਕਲਿਆਣ ਪ੍ਰਮੁੱਖ ਸਾਥੀ ਦੇ ਤੌਰ 'ਤੇ ਉਭਰਿਆ ਤੇ ਘੋਲਾਂ ਵਿੱਚੋਂ ਇੱਕ ਪਰਪੱਕ ਸਾਥੀ ਬਣਿਆ। 1984 ਦੀ ਕੰਮ-ਵੰਡ ਦੇ ਮਾਲੇਰਕੋਟਲਾ ਅੰਦੋਲਨ ਸਮੇਂ ਭਗਵਾਨ ਸਿੰਘ ਅਣਖੀ, ਅਮਰ ਸਿੰਘ ਭੱਟੀਆਂ, ਮਦਨ ਲਾਲ ਬਾਗੀ, ਜਗੀਰ ਸਿੰਘ ਭੂਦਨ ਨੂੰ ਐੱਸ ਡੀ ਐੱਮ ਮਾਲੇਰਕੋਟਲਾ ਨੇ ਮਸਲੇ ਦੇ ਹੱਲ ਦੇ ਬਹਾਨੇ ਸੱਦ ਕੇ ਜੇਲ੍ਹ ਭੇਜ ਦਿੱਤਾ ਤਾਂ ਇਸ ਗੱਲ ਤੋਂ ਦੁਖੀ ਹੋ ਕੇ ਬਿਜਲੀ ਮੁਲਾਜ਼ਮਾਂ ਨੇ ਪੱਲੇਦਾਰ ਸਾਥੀਆਂ ਦੀ ਪੇਸ਼ੀ ਸਮੇਂ ਵੱਡਾ ਇਕੱਠ ਕੀਤਾ। ਦਫ਼ਾ 144 ਦੀ ਪਰਵਾਹ ਨਾ ਕਰਦੇ ਹੋਏ 38 ਬਿਜਲੀ ਮੁਲਾਜ਼ਮ ਸਮੇਤ ਲੇਖਕ ਤੇ ਪੱਲੇਦਾਰ ਆਗੂ ਹਰਨੇਕ ਖੰਨਾ ਸਮੇਤ ਦਫ਼ਾ 188 ਅਧੀਨ ਜੇਲ੍ਹ ਭੇਜ ਦਿੱਤਾ। ਸਾਥੀਆਂ ਦੀ ਰਿਹਾਈ ਲਈ ਚੱਲੇ ਸੰਘਰਸ਼ਾਂ ਅਤੇ ਦਬਾਅ ਬਣਾਉਣ ਦੀ ਨੀਤੀ ਨਾਲ ਵੱਡਾ ਸੰਘਰਸ਼ ਕੀਤਾ ਗਿਆ, ਜਿਸ ਦੀ ਅਗਵਾਈ ਰਣਜੀਤ ਸਿੰਘ ਨੇ ਕੀਤੀ। ਸੰਘਰਸ਼ ਦੀ ਕੁਠਾਲੀ ਵਿੱਚ ਤਪ ਕੇ ਸ਼ੁੱਧ ਸੋਨਾ ਬਣਿਆ ਇਹ ਯੋਧਾ ਰਣਜੀਤ ਸਿੰਘ 2007 ਵਿੱਚ ਐੱਫ ਸੀ ਆਈ ਵਰਕਰਜ਼ ਪੱਲੇਦਾਰ ਯੂਨੀਅਨ ਏਟਕ ਦੀ ਨਾਭਾ ਕਾਨਫਰੰਸ ਸੂਬਾ ਟੀਮ ਵਿੱਚ ਬਤੌਰ ਸਕੱਤਰ ਸ਼ਾਮਲ ਕਰ ਲਿਆ ਗਿਆ। ਸਾਥੀ ਨੂੰ ਸੂਬਾ ਟੀਮ ਵਿੱਚ ਕੰਮ ਕਰਦਿਆਂ ਅਨੇਕਾਂ ਡਿਪੂਆਂ 'ਤੇ ਸੰਘਰਸ਼ੀ ਲੜਾਈਆਂ ਵਿੱਚ ਅਗਵਾਈ ਕਰਨ ਦਾ ਸਮਾਂ ਮਿਲਿਆ। ਸਾਥੀ ਨੇ ਹਮੇਸ਼ਾ ਸੰਘਰਸ਼ ਪ੍ਰਤੀ ਵੀਰਤਾ, ਸੁਹਿਰਦਤਾ ਤੇ ਇਮਾਨਦਾਰੀ ਨੂੰ ਕਦੇ ਆਂਚ ਨਾ ਆਉਣ ਦਿਤੀ। ਸਾਥੀ ਨੂੰ 29.01.2018 ਨੂੰ ਲੁਧਿਆਣਾ ਵਿੱਚ ਹੋਈ ਕਾਨਫਰੰਸ ਵਿੱਚ ਅਮਰ ਸਿੰਘ ਭੱਟੀਆਂ ਨਾਲ ਡਿਪਟੀ ਜਨਰਲ ਸਕੱਤਰ ਚੁਣ ਲਿਆ ਗਿਆ। 30 ਅਪ੍ਰੈਲ 2018 ਦੀ ਜਗਰਾਉਂ ਵਿਖੇ ਹੋਈ ਮੀਟਿੰਗ ਵਿੱਚ ਅਮਰ ਸਿੰਘ ਭੱਟੀਆਂ ਵੱਲੋਂ ਰਣਜੀਤ ਸਿੰਘ ਕਲਿਆਣ ਡਿਪਟੀ ਜਨਰਲ ਸਕੱਤਰ ਦੇ ਤੌਰ 'ਤੇ ਪੂਰਾ ਕੰਮ ਕਰਨ ਦੀ ਪ੍ਰਵਾਨਗੀ ਮਿਲਣ ਉਪਰੰਤ ਲਗਾਤਾਰ ਸਾਰੇ ਪੰਜਾਬ ਦੇ ਡਿਪੂਆਂ ਵਿੱਚ ਆਪ ਜਾ ਕੇ ਮੀਟਿੰਗਾਂ ਕਰਵਾ ਕੇ ਯੂਨੀਅਨ ਨੂੰ ਮਜ਼ਬੂਤ ਕੀਤਾ। 8.12.2021 ਨੂੰ ਕਾਨਫਰੰਸ ਨੇ ਅਮਰੀਕ ਸਿੰਘ ਭੱਟੀਆ ਨੂੰ ਪ੍ਰਧਾਨ ਅਤੇ ਰਣਜੀਤ ਸਿੰਘ ਕਲਿਆਣ ਨੂੰ ਜਨਰਲ ਸਕੱਤਰ ਚੁਣ ਲਿਆ ਗਿਆ। ਰਾਏਕੋਟ ਦੇ ਐੱਫ ਸੀ ਆਈ ਪੱਲੇਦਾਰ ਯੂਨੀਅਨ ਏਟਕ ਦੇ ਦਫ਼ਤਰ ਦੇ ਚੱਲੇ ਘੋਲ ਵਿੱਚ ਹਜ਼ਾਰਾਂ ਸਾਥੀਆਂ ਨਾਲ ਮੁਜ਼ਾਹਰਿਆਂ ਦੀ ਅਗਵਾਈ ਕਰਕੇ ਅਦਾਲਤਾਂ ਵਿੱਚ ਕਾਰਵਾਈ ਕਰਦਿਆਂ ਯੂਨੀਅਨ ਦੇ ਦਫ਼ਤਰ ਨੂੰ ਬਚਾਉਣ ਵਿੱਚ ਸਫ਼ਲਤਾ ਹਾਸਲ ਕੀਤੀ।

ਰਣਜੀਤ ਸਿੰਘ ਕਲਿਆਣ ਭਾਰਤੀ ਕਮਿਊਨਿਸਟ ਪਾਰਟੀ ਤਹਿਸੀਲ ਮਾਲੇਰਕੋਟਲਾ ਤੇ ਜ਼ਿਲ੍ਹਾ ਸੰਗਰੂਰ ਦੇ ਉਚ ਪਾਏ ਤੇ ਆਗੂ ਸਨ। ਉਹ ਲੰਮਾ ਸਮਾਂ ਜ਼ਿਲ੍ਹਾ ਕੌਂਸਲ ਦੇ ਮੈਂਬਰ ਅਤੇ ਕਾਰਜਕਾਰਨੀ ਜ਼ਿਲ੍ਹਾ ਸੰਗਰੂਰ ਦੇ ਮੈਂਬਰ ਰਹੇ। ਉਹ 1994 ਤੋਂ ਲਗਾਤਾਰ ਜ਼ਿਲ੍ਹਾ ਏਟਕ ਦੇ ਸਕੱਤਰ ਚਲੇ ਆ ਰਹੇ ਸਨ। ਰਣਜੀਤ ਸਿੰਘ ਕਲਿਆਣ ਨੂੰ ਪਟਿਆਲਾ ਵਿਖੇ ਏਟਕ ਦੀ ਕਾਨਫਰੰਸ ਵਿੱਚ ਸੂਬਾ ਏਟਕ ਦਾ ਮੀਤ ਪ੍ਰਧਾਨ ਚੁਣਿਆ ਗਿਆ ਅਤੇ ਕੇਂਦਰੀ ਏਟਕ ਦੀ ਪਦਵੀ ਕਾਨਫਰੰਸ ਵਿੱਚ ਏਟਕ ਦੀ ਕੇਂਦਰੀ ਜਨਰਲ ਕੌਂਸਲ ਦੇ ਮੈਂਬਰ ਚੁਣੇ ਗਏ। ਰਣਜੀਤ ਸਿੰਘ ਕਲਿਆਣ ਲਗਾਤਾਰ ਲੋਕ ਹਿੱਤਾਂ ਲਈ ਲੜਦੇ ਰਹੇ। ਬੀਤੇ ਦਿਨੀਂ ਏਟਕ ਦੀ ਜਨਰਲ ਕੌਂਸਲ ਤਰੀਪੁਰ (ਤਾਮਿਲਨਾਡੂ) ਵਿਖੇ ਹੋਈ, ਉਦੋਂ ਸਾਥੀ ਮੇਰੇ ਨਾਲ ਇੱਕੋ ਹੋਟਲ ਦੇ ਕਮਰੇ ਵਿੱਚ ਠਹਿਰੇ ਸਨ। ਉਨ੍ਹਾ ਨਾਲ ਪੱਲੇਦਾਰ ਪ੍ਰਮੁੱਖ ਆਗੂ ਗੁਰਮੀਤ ਸਿੰਘ ਨਾਲ ਸਨ। ਸਾਥੀਆਂ ਨੇ ਮਿਹਨਤ ਕਰਕੇ ਕੇਰਲ, ਆਂਧਰਾ ਪ੍ਰਦੇਸ਼, ਤੇਲੰਗਾਨਾ, ਮਹਾਰਾਸ਼ਟਰ ਦੇ ਸਾਥੀਆਂ ਨਾਲ ਮਿਲ ਕੇ ਹਾਸਲ ਕੀਤੀ ਜਾਣਕਾਰੀ ਤੋਂ ਪਤਾ ਲੱਗਿਆ ਕਿ ਇਨ੍ਹਾਂ ਸਟੇਟਾਂ ਵਿੱਚ ਪੱਲੇਦਾਰਾਂ ਦੇ ਬੋਰਡ ਬਣੇ ਹੋਏ ਹਨ। ਮਜ਼ਦੂਰੀ ਦੇ ਰੇਟ ਸਾਡੇ ਨਾਲੋਂ ਉਚੇ ਹਨ। ਪੱਲੇਦਾਰ ਸਾਥੀ ਦੀ ਮੌਤ ਹੋਣ 'ਤੇ ਐਕਸ ਗਰੇਸ਼ੀਆ ਦੇ ਤੌਰ 'ਤੇ ਪੰਜ ਲੱਖ ਦਿੱਤੇ ਜਾਂਦੇ ਹਨ। ਠੇਕੇਦਾਰੀ ਖ਼ਤਮ ਹੋਈ ਹੈ, ਇਹ ਸਾਰੇ ਕਾਗਜ਼ਾਤ ਲਿਆ ਕੇ ਸੰਘਰਸ਼ ਕਮੇਟੀ ਨਾਲ ਕੈਬਨਿਟ ਮੰਤਰੀਆਂ ਦੀਆਂ ਸਬ-ਕਮੇਟੀਆਂ ਨੂੰ ਸੌਂਪ ਦਿੱਤੇ, ਜਿਸ ਉਪਰੰਤ ਉਨ੍ਹਾ ਕੋਲ ਡਾਇਰੈਕਟਰ ਫੂਡ ਐਂਡ ਸਪਲਾਈ ਵਿਭਾਗ ਦੀ ਡਿਊਟੀ ਲਾਈ ਗਈ, ਜਿਸ ਨੇ ਤੇਜ਼ੀ ਨਾਲ ਕੰਮ ਕੀਤਾ, ਪਰ ਉਨ੍ਹਾ ਦੀ ਬਦਲੀ ਬਤੌਰ ਡੀ ਸੀ ਕਰ ਦਿੱਤੀ। ਉਨ੍ਹਾਂ ਦਾ ਪਿੱਛਾ ਕਰਦੇ ਹੋਏ ਸਾਥੀ ਰਣਜੀਤ ਸਿੰਘ ਕਲਿਆਣ ਵੱਲੋਂ ਸ਼ੁਰੂ ਕੀਤੇ ਇਸ ਕੰਮ ਨੂੰ, ਜੋ ਅਧੂਰਾ ਹੈ, ਉਸ ਦੇ ਵਾਰਸਾਂ ਦੇ ਤੌਰ 'ਤੇ ਸਾਨੂੰ ਪੂਰਾ ਕਰਨਾ ਚਾਹੀਦਾ ਹੈ।

ਰਣਜੀਤ ਸਿੰਘ ਕਲਿਆਣ ਨੇ ਜਿਵੇਂ ਪੰਜਾਬ ਦੇ ਮਜ਼ਦੂਰ ਸਾਥੀਆਂ ਦੇ ਸਹਿਯੋਗ ਵਿੱਚ ਯੋਗਦਾਨ ਪਾਇਆ, ਉਵੇਂ ਹੀ ਪਿੰਡ ਦੇ ਵਿਕਾਸ ਅੰਦਰ ਵੀ ਯੋਗਦਾਨ ਪਾਇਆ। ਸਾਥੀ 15 ਸਾਲ ਪਿੰਡ ਦੀ ਪੰਚਾਇਤ ਦੇ ਮੈਂਬਰ ਵਜੋਂ ਕੰਮ ਕਰਦੇ ਰਹੇ। ਪਿੰਡ ਦੇ ਵਿਕਾਸ ਵਿੱਚ ਹਰ ਸਮੇਂ ਅੱਗੇ ਰਹੇ, ਪਿੰਡ ਦੇ ਮਨਰੇਗਾ ਮਜ਼ਦੂਰਾਂ ਦਾ ਹਮੇਸ਼ਾ ਸਾਥ ਦਿੱਤਾ। ਬੀਤੀ 30 ਅਕਤੂਬਰ ਨੂੰ ਟਰੇਡ ਯੂਨੀਅਨ ਅਤੇ ਨਰੇਗਾ ਵਰਕਰਜ਼ ਵੱਲੋਂ ਡੀ ਸੀ ਮਾਲੇਰਕੋਟਲਾ ਦੇ ਦਫ਼ਤਰ ਸਾਹਮਣੇ ਰਣਜੀਤ ਸਿੰਘ ਕਲਿਆਣ ਦੀ ਅਗਵਾਈ ਹੇਠ ਧਰਨਾ ਦਿੱਤਾ ਗਿਆ, ਜਿਸ ਵਿੱਚ ਲੇਖਕ ਵੀ ਏਟਕ ਦੇ ਵਰਕਿੰਗ ਪ੍ਰਧਾਨ ਪੰਜਾਬ ਦੇ ਤੌਰ 'ਤੇ ਸ਼ਾਮਲ ਸੀ। ਸਾਥੀ ਕਲਿਆਣ ਜਦ ਵਾਪਸ ਕਲਿਆਣ ਜਾ ਰਿਹਾ ਸੀ ਤਾਂ ਅਚਾਨਕ ਸੰਦੌੜ ਨੇੜੇ ਉਨ੍ਹਾ ਦਾ ਮੋਟਰਸਾਈਕਲ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ 'ਚ ਸਾਥੀ ਜ਼ਖ਼ਮੀ ਹੋ ਗਏ। ਉਹਨਾ ਨੂੰ ਤੁਰੰਤ ਲੁਧਿਆਣਾ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਸਾਥੀ ਜ਼ਿੰਦਗੀ ਅਤੇ ਮੌਤ ਦੇ ਸੰਘਰਸ਼ ਵਿੱਚ ਆਖਰ 9 ਨਵੰਬਰ ਨੂੰ ਮੌਤ ਦੇ ਹੱਥੋਂ ਹਾਰ ਗਿਆ। ਸਾਡਾ ਇਹ ਯੋਧਾ ਸਾਥੋਂ ਸਦਾ ਲਈ ਵਿਛੜ ਗਿਆ। ਅਸੀਂ ਉਸ ਦੇ ਵਾਰਿਸ ਸ਼ਰਧਾਂਜਲੀ ਸਮਾਗਮ 'ਤੇ ਪ੍ਰਣ ਕਰੀਏ ਕਿ ਉਸ ਦੇ ਰਹਿੰਦੇ ਕਾਰਜ ਪੂਰੇ ਕਰਾਂਗੇ।

ਉਨ੍ਹਾ ਨਮਿਤ ਸ਼ਰਧਾਂਜਲੀ ਸਮਾਗਮ 19 ਨਵੰਬਰ (ਐਤਵਾਰ) ਨੂੰ ਉਨ੍ਹਾ ਦੇ ਪਿੰਡ ਕਲਿਆਣ, ਮਾਲੇਰਕੋਟਲਾ-ਰਾਏਕੋਟ ਰੋਡ ਨੇੜੇ ਸੰਦੌੜ ਵਿਖੇ 12 ਤੋਂ 1 ਵਜੇ ਤੱਕ ਹੋਵੇਗਾ। ਆਓ, ਯੂਨੀਅਨ ਦੀ ਮਜ਼ਬੂਤੀ ਲਈ ਆਪਣੇ ਵਿਛੜੇ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਦਾ ਪ੍ਰਣ ਕਰੀਏ।

—ਸੁਖਦੇਵ ਸ਼ਰਮਾ
ਸਕੱਤਰ, ਸੀ ਪੀ ਆਈ, ਜ਼ਿਲ੍ਹਾ ਸੰਗਰੂਰ

## ਜਨਮ ਦਿਨ ਮੁਬਾਰਕ



ਸਨੋਵਰ ਸਿੰਘ, ਮੋਰਿੰਡਾ



ਮਨਕੀਰਤ ਸਿੰਘ ਸੋਰਾ, ਜਲੰਧਰ

## ਵਰ੍ਹੇਗੰਢ ਮੁਬਾਰਕ



ਬੁਢਲਾਡਾ ਜ਼ਿਲ੍ਹਾ ਮਾਨਸਾ ਦੇ ਸੰਦੀਪ ਰਾਣਾ ਤੇ ਰਜਨੀ ਰਾਣੀ ਨੂੰ ਵਿਆਹ ਦੀ 10ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

# 'ਵਿਕਸਤ ਭਾਰਤ ਸੰਕਲਪ ਯਾਤਰਾ' ਮੁਹਿੰਮ ਤਹਿਤ ਦਰਾਂ 'ਤੇ ਮੁਹੱਈਆ ਕਰਵਾਈਆਂ ਜਾਣਗੀਆਂ ਸਿਹਤ ਸੇਵਾਵਾਂ : ਸਿਵਲ ਸਰਜਨ

ਨਵਾਂਸ਼ਹਿਰ, (ਮਨੋਜ ਲਾਡੀ)-ਜ਼ਿਲ੍ਹੇ ਵਿੱਚ 20 ਨਵੰਬਰ 2023 ਤੋਂ ਸ਼ੁਰੂ ਹੋ ਰਹੀ "ਵਿਕਸਤ ਭਾਰਤ ਸੰਕਲਪ ਯਾਤਰਾ- ਹਮਾਰਾ ਸੰਕਲਪ ਵਿਕਸਿਤ ਭਾਰਤ" ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਆਖਰੀ ਕਤਾਰ ਵਿੱਚ ਖੜ੍ਹੇ ਯੋਗ ਵਿਅਕਤੀਆਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਨਾਲ ਯਤਨਸ਼ੀਲ ਹੈ। ਸਿਵਲ ਸਰਜਨ ਡਾ ਜਸਪ੍ਰੀਤ ਕੌਰ ਨੇ "ਵਿਕਸਤ ਭਾਰਤ ਸੰਕਲਪ ਯਾਤਰਾ- ਹਮਾਰਾ ਸੰਕਲਪ ਵਿਕਸਿਤ ਭਾਰਤ" ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸ਼ੁੱਕਰਵਾਰ ਨੂੰ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਇਸ ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਇਸ ਸਬੰਧੀ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨੇ ਯਕੀਨੀ ਬਣਾਏ ਜਾਣ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਸਿਹਤ ਸਹੂਲਤਾਂ ਨੂੰ ਮੌਕੇ 'ਤੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਸਰਕਾਰੀ ਸਕੀਮਾਂ ਦਾ ਪ੍ਰਸਾਰ ਅਤੇ ਪ੍ਰਚਾਰ ਜਮੀਨੀ ਪੱਧਰ ਤੱਕ ਕਰਨਾ ਹੈ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਨ੍ਹਾਂ ਸਿਹਤ ਸੇਵਾਵਾਂ ਦੇ ਲਾਭ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ "ਵਿਕਸਤ ਭਾਰਤ ਸੰਕਲਪ ਯਾਤਰਾ" ਮੁਹਿੰਮ ਤਹਿਤ ਲੋਕਾਂ ਨੂੰ ਉਨ੍ਹਾਂ ਦੇ ਦਰਾਂ 'ਤੇ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਸਿਵਲ ਸਰਜਨ ਡਾ ਜਸਪ੍ਰੀਤ ਕੌਰ ਨੇ ਇਸ ਮੁਹਿੰਮ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਡਿਪਟੀ ਕਮਿਸਨਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ "ਵਿਕਸਤ ਭਾਰਤ ਸੰਕਲਪ ਯਾਤਰਾ- ਹਮਾਰਾ ਸੰਕਲਪ ਵਿਕਸਿਤ ਭਾਰਤ" ਤਹਿਤ ਸਿਹਤ ਵਿਭਾਗ ਨੂੰ ਫਲੈਗਸ਼ਿਪ ਪ੍ਰੋਗਰਾਮ ਆਯੂਸ਼ਮਾਨ ਭਾਰਤ ਮੁੱਖ-ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਦੇ ਆਯੂਸ਼ਮਾਨ ਕਾਰਡ ਬਣਾਉਣ ਦੇ ਨਾਲ-ਨਾਲ ਗੈਰ-ਸੰਚਾਰੀ ਬਿਮਾਰੀਆਂ ਦੀ ਜਾਂਚ ਅਤੇ ਸਾਲ 2025 ਤੱਕ ਟੀਬੀ ਦੀ ਬਿਮਾਰੀ ਨੂੰ ਜੜ੍ਹੋਂ ਖਤਮ ਕਰਨ ਲਈ ਸਕਰੀਨਿੰਗ ਕਰਨ ਲਈ ਹਦਾਇਤਾਂ ਪ੍ਰਾਪਤ ਹੋਈਆਂ ਹਨ। ਇਸ ਲਈ ਸ਼ਹਿਰੀ ਖੇਤਰਾਂ ਖਾਸ ਕਰਕੇ ਤਕਰੀਬਨ ਹਰ ਪਿੰਡ ਵਿਚ ਪ੍ਰਚਾਰ ਵੈਨਾਂ ਭੇਜ ਕੇ ਸਿਹਤ ਜਾਂਚ ਕੈਂਪ ਲਗਾਏ ਜਾਣਗੇ। 57 ਦਿਨ ਚੱਲਣ ਵਾਲੀ ਇਸ ਮੁਹਿੰਮ ਦੌਰਾਨ ਜ਼ਿਲ੍ਹੇ ਵਿੱਚ ਹਰੇਕ ਆਈ.ਈ.ਸੀ. ਵੈਨ ਰੋਜਾਨਾ ਦੋ ਪਿੰਡਾਂ ਨੂੰ ਕਵਰ ਕਰਨਗੀਆਂ। ਮੌਕੇ 'ਤੇ ਹੀ ਆਯੂਸ਼ਮਾਨ ਕਾਰਡ ਬਣਾਉਣ ਦੇ ਨਾਲ-ਨਾਲ ਗੈਰ-ਸੰਚਾਰੀ ਬਿਮਾਰੀਆਂ ਅਤੇ ਟੀਬੀ ਦੀ ਬਿਮਾਰੀ ਦੀ ਪਛਾਣ ਲਈ ਸਕਰੀਨਿੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮੌਕੇ ਲਾਭਪਾਤਰੀਆਂ ਦੇ ਸੁਝਾਅ ਅਤੇ ਸਫਲਤਾ ਦੇ ਕਿੱਸੇ ਵੀ ਰਿਕਾਰਡ ਕੀਤੇ ਜਾਣਗੇ ਤਾਂ ਜੋ ਹਰ ਯੋਗ ਵਿਅਕਤੀ ਨੂੰ ਪ੍ਰੇਰਿਤ ਕਰਕੇ ਹਰ ਸਿਹਤ ਯੋਜਨਾ ਦਾ ਲਾਭ ਦਿੱਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਪ੍ਰਚਾਰ ਵੈਨਾਂ ਰਾਹੀਂ ਲੋਕਾਂ ਨੂੰ ਸਰਕਾਰੀ ਸਿਹਤ ਸਕੀਮਾਂ ਬਾਰੇ ਵੀ ਜਾਣੂ ਕਰਵਾਇਆ ਜਾਵੇਗਾ। ਇਹ ਵੈਨਾਂ ਪੈਂਫਲੈਟ, ਬਰੋਸ਼ਰਜ਼ ਤੋਂ ਇਲਾਵਾ ਸਾਊਂਡ ਸਿਸਟਮ, ਐੱਲ.ਈ.ਡੀ. ਸਕਰੀਨਾਂ ਨਾਲ ਲੈਸ ਹੋਣਗੀਆਂ।

# ਐੱਸ ਓ ਪੀ ਜਾਰੀ ਕਰਕੇ ਤੁਰੰਤ ਜੀ ਪੀ ਐੱਫ ਦੇ ਖਾਤੇ ਖੋਲ੍ਹੇ ਜਾਣ : ਕਰਨੈਲ ਫਿਲੌਰ



ਫਿਲੌਰ (ਨਿਰਮਲ) ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਜਲੰਧਰ ਦੇ ਵੱਖ ਵੱਖ ਬਲਾਕਾਂ ਤੇ ਸਕੂਲਾਂ ਵਿੱਚ ਪਿਛਲੀ ਦਿਵਾਲੀ ਮੌਕੇ ਪੁਰਾਣੀ ਪੈਨਸ਼ਨ ਦੇ ਕੀਤੇ ਅਧੂਰੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਪ੍ਰਦਰਸ਼ਨ ਕੀਤਾ ਗਿਆ ਤੇ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਸਮੇਂ ਸੂਬਾਈ ਆਗੂ ਕਰਨੈਲ ਫਿਲੌਰ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਪਿਛਲੇ 12 ਸਾਲਾਂ ਤੋਂ ਇੱਕੋ- ਇੱਕ ਮੰਗ ਨੂੰ ਲੈ ਕੇ ਲਾਗਾਤਾਰ ਸੰਘਰਸ਼ ਕਰ ਰਹੀ। ਪੰਜਾਬ ਵਿੱਚ ਸੰਨ 2004 ਤੋਂ ਬਾਅਦ ਭਰਤੀ ਹੋਣ ਵਾਲੇ ਕਰਮਚਾਰੀਆਂ ਦੀ ਪੁਰਾਣੀ ਪੈਨਸ਼ਨ ਵਿਵਸਥਾ ਖਤਮ ਕਰਕੇ ਸ਼ੇਅਰ ਮਾਰਕਿਟ ਤੇ ਨਿਰਭਰ ਐਨ ਪੀ ਐਸ ਸਕੀਮ ਮੜ੍ਹ ਦਿੱਤੀ ਗਈ ਸੀ। ਪੁਰਾਣੀ ਪੈਨਸ਼ਨ ਦੇ ਖਤਮ ਹੁੰਦਿਆਂ ਹੀ ਇਸ ਨਾਲ ਜੁੜੇ ਹੋਰ ਵਿੱਤੀ ਲਾਭ ਵੀ ਖਤਮ ਕਰ ਦਿੱਤੇ ਗਏ ਸਨ। ਲਗਾਤਾਰ ਸੰਘਰਸ਼ ਕਰਦਿਆਂ ਅਤੇ ਐਨ ਪੀ ਐਸ ਮੁਲਾਜਮਾਂ ਵੱਲੋਂ ਮਿਲ ਰਹੇ ਡਟਵੇਂ ਸਹਿਯੋਗ ਸਦਕਾ ਫੈਮਲੀ ਪੈਂਨਸਨ, ਐਕਸ ਗ੍ਰੇਸ਼ੀਆ. ਅਤੇ ਐਨ ਪੀ ਐਸ ਕਟੌਤੀ ਵਿੱਚ ਸਰਕਾਰ ਦਾ ਸ਼ੇਅਰ 10 ਤੋਂ 14 ਪ੍ਰਤੀਸ਼ਤ ਕਰਵਾਉਣ ਸਬੰਧੀ ਪ੍ਰਾਪਤੀਆਂ ਵੀ ਹੋਈਆਂ। ਪਰ ਮੁੱਖ ਮੰਗ ਸਬੰਧੀ ਸਰਕਾਰਾਂ ਲਾਰੇ ਤਾਂ ਲਾਉਂਦੀਆਂ ਰਹੀਆਂ ਪਰ ਅਮਲੀ ਜਾਮਾ ਕਿਸੇ ਵੀ ਸਰਕਾਰ ਨੇ ਨਹੀਂ ਪਾਇਆ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਪਿੱਛਲੇ ਸਾਲ 18 ਨਵੰਬਰ 2022 ਨੂੰ ਪੁਰਾਣੀ ਪੈਂਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ ਇਸ ਨੋਟੀਫਿਕੇਸ਼ਨ ਨੂੰ ਜਾਰੀ ਹੋਇਆਂ ਸਾਲ ਪੂਰਾ ਹੋਣ ਜਾ ਰਿਹਾ ਹੈ। ਪਰ ਅਜੇ ਤੱਕ ਪੰਜਾਬ ਦੀ ਆਪ ਸਰਕਾਰ ਇਸਨੂੰ ਲਾਗੂ ਨਹੀਂ ਕਰ ਸਕੀ। ਪਿਛਲੇ ਸਾਲ ਦਿਵਾਲੀ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਾਈਵ ਹੋ ਕੇ ਕਿਹਾ ਕਿ "ਜੋ ਅਸੀਂ ਕਹਿੰਦੇ ਹਾਂ ਉਹ ਕਰਦੇ ਹਾਂ ਅਤੇ ਜੋ ਅਸੀਂ ਨਹੀਂ ਕਰਨਾ ਉਹ ਕਹਿੰਦੇ ਹੀ ਨਹੀਂ, ਦੋ ਮਹੀਨਿਆਂ ਵਿੱਚ ਐਸ ਓ ਪੀ ਬਣਾ ਕੇ ਪੁਰਾਣੀ ਪੈਂਨਸ਼ਨ ਲਾਗੂ ਕਰ ਦੇਵਾਂਗੇ।" ਪਰ ਪੁਰਾਣੀ ਪੈਨਸ਼ਨ ਦੀ ਬਹਾਲੀ ਐਲਾਨ ਤੱਕ ਹੀ ਸੀਮਿਤ ਰਹੀ ਜਦ ਧਰਾਤਲ ਤੇ ਪੰਜਾਬ ਦੇ ਕਿਸੇ ਕਰਮਚਾਰੀ ਨੂੰ ਇਸ ਦਾ ਲਾਭ ਨਹੀ ਮਿਲਿਆ। ਆਗੂਆਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਤੇ ਪ੍ਰਚੰਡ ਕੀਤਾ ਜਾਵੇਗਾ। ਇਸ ਸਮੇਂ ਬਲਾਕ ਫਿਲੌਰ ਦੇ ਜਗਜੀਵਨ ਸਿੰਘ, ਲੇਖ ਰਾਜ ਪੰਜਾਬੀ, ਅਮਨਦੀਪ, ਕਵਿਸ਼ ਵਾਲੀਆ, ਰਾਜਦੀਪ ਕੌਰ, ਆਰਤੀ,ਹਰਵਿੰਦਰ ਕੌਰ, ਗੀਨਾ ਰਾਣੀ, ਸਰੋਜ ਰਾਣੀ, ਸਵਰਨਜੀਤ ਕੌਰ, ਜਸਪ੍ਰੀਤ ਕੌਰ, ਹਰਦੀਪ ਕੌਰ, ਮਨਜੀਤ ਕੌਰ, ਸਮੇਤ ਵੱਡੀ ਗਿਣਤੀ ਵਿੱਚ ਮੁਲਾਜਮ ਹਾਜਰ ਸਨ।

# ਭਗਵਾਨ ਵਾਲਮੀਕਿ ਦੇ ਦਰਸਾਏ ਮਾਰਗ 'ਤੇ ਚਲਣਾ ਚਾਹੀਦੈ : ਮਾਇਆ, ਮਾਰਸ਼ਲ



ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਾਲਮੀਕਿ ਸਭਾ ਉੜਮੁੜ ਦੇ ਪ੍ਰਧਾਨ ਪ੍ਰਦੀਪ ਰਾਣਾ, ਸੇਠ ਰਾਮ ਸੇਠੀ, ਹੀਰਾ ਭੱਟੀ ਅਤੇ ਅਤਵਾਰੀ ਲਾਲ ਦੀ ਅਗਵਾਈ ਵਿੱਚ ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਮੰਦਿਰ ਉੜਮੁੜ ਵਿਖੇ ਇੱਕ ਸਤਿਸੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸਫਾਈ ਸੇਵਕ ਨਗਰ ਕੌਂਸਲ ਟਾਂਡਾ ਦੀ ਪ੍ਰਧਾਨ ਸ੍ਰੀਮਤੀ ਮਾਇਆ ਤੇ ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ ਨੇ ਹਾਜਰੀ ਲਗਵਾਈ। ਇਸ ਮੌਕੇ ਤੇ ਉਨ੍ਹਾਂ ਨਾਲ ਸਮਾਜ ਸੇਵੀ ਸਾਬਕਾ ਕੌਂਸਲਰ ਰਾਕੇਸ਼ ਬਿੱਟੂ, ਕੌਂਸਲਰ ਰਾਜੇਸ਼ ਲਾਡੀ ਹਾਜਰ ਸਨ।

ਇਸ ਮੌਕੇ ਤੇ ਟਾਂਡਾ ਸ਼ਹਿਰ ਦੀਆਂ ਭਜਨ ਮੰਡਲੀਆਂ ਨੇ ਭਗਵਾਨ ਸ੍ਰੀ ਵਾਲਮੀਕਿ ਜੀ ਦੀ ਮਹਿਮਾ ਦਾ ਗੁਣਗਾਨ ਕਰਦੇ ਹੋਏ ਸੰਗਤ ਨੂੰ ਪ੍ਰਭੂ ਚਰਨਾਂ ਦੇ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ 'ਤੇ ਹਾਜਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮਾਇਆ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਚੰਗੇ ਕਰਮ ਕਰਨੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਨਾਮ ਸਿਮਰਨ ਦਾ ਜਾਪ ਕਰਦੇ ਹੋਏ ਆਪਣੇ ਅਸਲ ਜੀਵਨ ਦੇ ਮਕਸਦ ਨੂੰ ਹਾਸਿਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜੋਕੇ ਯੁੱਗ ਵਿੱਚ ਹਰ ਇਨਸਾਨ ਇਹ ਮੇਰਾ ਹੈ ਕਹਿਣ ਵਿੱਚ ਹੀ ਲੱਗਿਆ ਹੋਇਆ ਹੈ ਜਦਕਿ ਅਸਲ ਵਿੱਚ ਇਸ ਨਾਸ਼ਵਾਨ ਦੁਨੀਆਂ ਵਿੱਚ ਉਸਦਾ ਕੁਝ ਵੀ ਨਹੀਂ ਹੈ। ਗੁਰਸੇਵਕ ਮਾਰਸ਼ਲ ਨੇ ਕਿਹਾ ਕਿ ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਨੇ ਸਾਰੀ ਦੁਨੀਆ ਨੂੰ ਆਪਸੀ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ ਨਾਮ ਸਿਮਰਨ ਦਾ ਜਾਪ ਕਰਨ ਦੀ ਪ੍ਰੇਰਨਾ ਦਿੱਤੀ ਸੀ ਤਾਂ ਜੋ ਜੀਵਨ ਵਿੱਚ ਚੰਗੇ ਕਰਮ ਕਰਦੇ ਹੋਏ ਹਰ ਵੇਲੇ ਹਰ ਕਿਸੇ ਦੇ ਭਲੇ ਦੀ ਹੀ ਅਰਦਾਸ ਕੀਤੀ ਜਾਵੇ। ਇਸ ਮੌਕੇ 'ਤੇ ਪ੍ਰਦੀਪ ਰਾਣਾ, ਸੇਠ ਰਮ ਸੇਠੀ, ਹੀਰਾ ਭੱਟੀ ਅਤੇ ਅਤਵਾਰੀ ਲਾਲ ਨੇ ਪ੍ਰਧਾਨ ਮਾਇਆ ਨੂੰ ਸਿਰੋਪਾ ਤੇ ਸ਼ੀਲਡ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਮਰਜਿੰਦਰ (ਨਿੱਕੀ), ਦੀਪਕ ਮੱਟੂ, ਸੋਹਨ ਲਾਲ, ਬਲਦੇਵ, ਜਸਪਾਲ, ਕਾਕਾ ਮਾਡਲ ਟਾਊਨ, ਸੱਨੀ ਭੱਟੀ, ਮੰਜੂ, ਰਮਨ, ਰਾਜ ਕੁਮਾਰ ਅਤੇ ਹੋਰ ਸੰਗਤ ਹਾਜਰ ਸੀ।

# ਕੇਂਦਰੀ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਲਈ ਕੱਢੀ ਜਾਵੇਗੀ 'ਵਿਕਸਿਤ ਭਾਰਤ ਸੰਕਲਪ ਯਾਤਰਾ'



ਜਲੰਧਰ, (ਸੁਰਿੰਦਰ ਕੁਮਾਰ)-ਕੇਂਦਰੀ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਦੇ ਮੰਤਵ ਨਾਲ ਜਲੰਧਰ ਵਿੱਚ 'ਵਿਕਸਿਤ ਭਾਰਤ ਸੰਕਲਪ ਯਾਤਰਾ' ਕੱਢਣ ਸਬੰਧੀ ਕੇਂਦਰ ਦੇ ਸੀਨੀਅਰ ਆਈ.ਆਰ.ਐਸ. ਅਧਿਕਾਰੀ ਭਾਰਤ ਪ੍ਰਕਾਸ਼ ਵੱਲੋਂ ਸ਼ੁੱਕਰਵਾਰ ਨੂੰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਤੇ ਭਾਗੀਦਾਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਸਥਾਨਕ ਸਰਕਟ ਹਾਊਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੀਨੀਅਰ ਆਈ.ਆਰ.ਐਸ. ਅਧਿਕਾਰੀ ਨੇ ਕਿਹਾ ਕਿ ਇਸ ਯਾਤਰਾ ਦਾ ਮੁੱਖ ਮੰਤਵ ਹੇਠਲੇ ਪੱਧਰ ਤੱਕ ਸਰਕਾਰੀ ਸਕੀਮਾਂ ਦਾ ਪ੍ਰਸਾਰ ਅਤੇ ਜਾਗਰੂਕਤਾ ਪੈਦਾ ਕਰਨਾ ਹੈ ਤਾਂ ਜੋ ਕੋਈ ਵੀ ਲੋੜਵੰਦ ਇਨ੍ਹਾਂ ਸਕੀਮਾਂ ਦੇ ਲਾਭ ਤੋਂ ਵਾਂਝਾ ਨਾ ਰਹੇ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਜਾਗਰੂਕਤਾ ਵੈਨਾਂ ਜ਼ਿਲ੍ਹੇ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਪਹੁੰਚ ਕੇ ਲੋਕਾਂ ਨੂੰ ਸਰਕਾਰੀ ਸਕੀਮਾਂ ਬਾਰੇ ਜਾਣੂ ਕਰਵਾਉਣਗੀਆਂ। ਉਨ੍ਹਾਂ ਦੱਸਿਆ ਕਿ ਇਹ ਵੈਨਾਂ ਪੈਂਫਲੈਟ, ਬਰੋਸ਼ਰਜ ਤੋਂ ਇਲਾਵਾ ਸਾਊਂਡ ਸਿਸਟਮ, ਐਲ.ਈ.ਡੀ. ਸਕਰੀਨਾਂ ਨਾਲ ਲੈਸ ਹੋਣਗੀਆਂ। ਉਨ੍ਹਾਂ ਭਾਗੀਦਾਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋਕਾਂ ਨੂੰ ਭਲਾਈ ਸਕੀਮਾਂ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਲੋੜਵੰਦਾਂ ਨੂੰ ਯੋਜਨਾਵਾਂ ਦਾ ਲਾਭ ਪ੍ਰਦਾਨ ਕਰਨ ਵਿੱਚ ਹੋਰ ਵੀ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਬਾਜਵਾ ਨੇ ਜਾਣੂ ਕਰਵਾਇਆ ਕਿ 'ਵਿਕਸਿਤ ਭਾਰਤ ਸੰਕਲਪ ਯਾਤਰਾ' ਨੂੰ ਸਫਲਤਾਪੂਰਵਰ ਲਾਗੂ ਕਰਨ ਲਈ ਜ਼ਿਲ੍ਹਾ ਪੱਧਰ ਦੇ ਨਾਲ-ਨਾਲ ਬਲਾਕ, ਸ਼ਹਿਰੀ ਅਤੇ ਗ੍ਰਾਮ ਪੰਚਾਇਤ ਪੱਧਰ 'ਤੇ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਅਤੇ ਨੋਡਲ ਅਫਸਰ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਭਾਗੀਦਾਰ ਵਿਭਾਗਾਂ ਦੇ ਤਾਲਮੇਲ ਨਾਲ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਪ੍ਰਦਾਨ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਮੌਕੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਫੀਲਡ ਪਬਲੀਸਿਟੀ ਅਫਸਰ ਰਾਜੇਸ਼ ਬਾਲੀ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਜਤਿਨ ਮੇਜ ਡਾਂਸ ਕੰਪਨੀ ਦੇ ਲੜਕੇ-ਲੜਕੀਆਂ ਦੇ ਹੁਨਰ ਨੇ ਪਾਈ ਧਮਾਲ





ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਮੇਜ ਡਾਂਸ ਕੰਪਨੀ ਨੂਰਮਹਿਲ ਦੇ ਸੰਚਾਲਕ ਜਤਿਨ ਨੇ ਨੂਰਮਹਿਲ ਦੇ ਰਾਮ ਮੰਦਰ ਵਿੱਚ ਤੀਸਰਾ ਸ਼ਾਨਦਾਰ ਸੀਜਨ ਸੋਕੇਸ ਕਰਵਾਕੇ ਕੋਰਿਓਗ੍ਰਾਫੀ ਦੇ ਖੇਤਰ ਵਿੱਚ ਇੱਕ ਜਾਨਦਾਰ ਮੀਲ ਪੱਥਰ ਕਾਇਮ ਕੀਤਾ। ਇਸ ਸਮਾਗਮ ਵਿੱਚ ਲਾਇਨਜ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਨੇ ਆਪਣੀ ਕਲੱਬ ਦੇ ਅਫਸਰਾਂ ਜਿਨ੍ਹਾਂ ਵਿੱਚ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਸੈਕੰਡ ਮੀਤ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਪੀ.ਆਰ.ਓ ਲਾਇਨ ਰੋਹਿਤ ਸੰਧੂ, ਚੇਅਰਪਰਸਨ ਲਾਇਨ ਜਸਪ੍ਰੀਤ ਕੌਰ ਸੰਧੂ ਸਮੇਤ ਸ਼ਿਰਕਤ ਕੀਤੀ। ਸੋਮਿਨਾਂ ਸੰਧੂ ਨੇ ਰਿਬਨ ਕੱਟ ਕੇ ਪ੍ਰੋਗਰਾਮ ਦਾ ਸ਼ੁੱਭ ਆਰੰਭ ਕੀਤਾ ਅਤੇ ਸ਼ਹੀਦ-ਏ-ਆਜਮ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਸਰਧਾਂਜਲੀ ਭੇਂਟ ਕਰਦਿਆਂ ਬੱਚਿਆਂ ਨੂੰ ਸ਼ਹੀਦਾਂ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਕੰਪਨੀ ਦੇ ਸੰਚਾਲਕ ਜਤਿਨ ਵੱਲੋਂ ਗਣਪਤੀ ਗਣਸ਼ਸ ਜੀ ਦੀ ਅਰਾਧਨਾ ਕਰਕੇ ਅਸ਼ੀਰਵਾਦ ਲਿਆ ਗਿਆ ਉਪਰੰਤ ਜੋ ਛੋਟੇ-ਛੋਟੇ ਬੱਚਿਆਂ ਤੋਂ ਇਲਾਵਾ ਨਟਰਾਜ ਡਾਂਸ ਅਕੈਡਮੀ ਬਲਾਚੌਰ, ਮੈਕਸ ਡਾਂਸ ਸਟੂਡੀਓ ਲੁਧਿਆਣਾ, ਪ੍ਰੀਆਂਸੂ ਡਾਂਸ ਅਕੈਡਮੀ ਨਵਾਂਸ਼ਹਿਰ ਅਤੇ ਰਮਨਪ੍ਰੀਤ ਕੌਰ, ਕੈਂਬਰਿਜ ਓਵਰਸੀਜ ਇੰਟਰਨੈਸਨਲ ਸਕੂਲ ਫਿਲੌਰ ਦੇ ਡਾਇਰੈਕਟਰ ਮਮਤਾ ਬਖਸੀ ਤੋਂ ਇਲਾਵਾ ਹੋਰਨਾਂ ਨੇ ਜੋ ਆਪਣੀ ਕੋਰਿਓਗ੍ਰਾਫੀ ਰਾਹੀਂ ਪ੍ਰਤਿਭਾ ਦੇ ਜੌਹਰ ਦਿਖਾਏ ਉਹ ਬੇਮਿਸਾਲ ਸਨ। ਇਸ ਪ੍ਰੋਗਰਾਮ ਵਿੱਚ ਕੌਂਸਲਰ ਦੀਪਕ ਕੁਮਾਰ, ਸਮਾਜ ਸੇਵੀ ਭੂਸ਼ਣ ਸ਼ਰਮਾ, ਜਤਿਨ ਦੇ ਮਾਤਾ ਪਿਤਾ ਸ੍ਰੀਮਤੀ ਅਨੀਤਾ ਅਤੇ ਸੁਰਿੰਦਰ ਕੁਮਾਰ, ਦਵਿੰਦਰ ਚਾਹਲ, ਮੁਨੀਸ ਗਿੱਲ ਕਾਲੀ, ਮੰਥਨ ਕਲੇਰ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਮਾਣ ਮੱਤੀਆਂ ਸ਼ਖਸੀਅਤਾਂ ਹਾਜਰ ਸਨ। ਮੰਚ ਸੰਚਾਲਨ ਦਾ ਕਾਰਜ ਸੁੱਖਾ ਬਸਰ ਨੇ ਬਹੁਤ ਹੀ ਖੂਬਸੂਰਤੀ ਨਾਲ ਨਿਭਾਇਆ। ਆਰਿ ਵਿੱਚ ਪ੍ਰੋਗਰਾਮ ਵਿੱਚ ਜੀਅ-ਜਾਨ ਲਗਾਕੇ ਕੋਰਿਓਗ੍ਰਾਫੀ ਪੇਸ਼ ਕਰਨ ਵਾਲੇ ਅਤੇ ਸਮਾਗਮ ਵਿੱਚ ਸ਼ਾਮਲ ਪ੍ਰਮੁੱਖ ਸ਼ਖਸੀਅਤਾਂ ਨੂੰ ਖੂਬਸੂਰਤ ਸਨਮਾਨ ਚਿੰਨ੍ਹ ਦੇ ਕੇ ਨਵਾਜਿਆ ਗਿਆ।

# ਇਨੋਵੇਟਿਵ ਜੂਨੀਅਰ ਸਕੂਲ ਉੜਮੁੜ ਦਾ ਸਾਲਾਨਾ ਸਮਾਗਮ 23 ਨੂੰ



ਟਾਂਡਾ ਉੜਮੜ (ਉਕਾਰ ਸਿੰਘ ਜਸਵਿੰਦਰ ਸੰਧੂ) -ਇਥੋਂ ਦੇ ਸਥਾਨਕ ਇਨੋਵੇਟਿਵ ਯੂਨੀਅਨ ਸਕੂਲ ਉੜਮੁੜ ਦਾ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ 23 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ ਨੇ ਦੱਸਿਆ ਕਿ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਬੱਚਿਆਂ ਵੱਲੋਂ ਇਸ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਝਲਕੀਆਂ ਪੇਸ਼ ਕੀਤੀਆਂ ਜਾਣਗੀਆਂ ਅਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਸਕਿਟ ,ਗੀਤ ,ਗਿੱਧਾ, ਅਤੇ ਭੰਗੜਾ ਪੇਸ਼ ਕੀਤਾ ਜਾਵੇ। ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਹਲਕਾ ਵਿਧਾਇਕ ਟਾਂਡਾ ਉੜਮੜ ਜਸਵੀਰ ਸਿੰਘ ਰਾਜਾ ਗਿੱਲ ਪਹੁੰਚ ਰਹੇ ਹਨ। ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮਾਜ ਸੇਵੀ ਸੁਖਵਿੰਦਰ ਸਿੰਘ ਅਰੋੜਾ, ਸਿਟੀ ਪ੍ਰਧਾਨ ਜਗਜੀਵਨ ਜੱਗੀ, ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਬੇਟ ਇੰਚਾਰਜ ਰਜਿੰਦਰ ਸਿੰਘ ਮਾਰਸਲ ਵੀ ਸਮਾਰੋ ਵਿੱਚ ਹਾਜਰੀ ਲਵਾਉਣਗੇ। ਇਸ ਮੌਕੇ ਮੈਡਮ ਦੀਕਸ਼ਾ ਅਰੋੜਾ, ਭੁਪਿੰਦਰ ਕੌਰ, ਅਨੀਤਾ ਰਾਣੀ, ਹਰਪ੍ਰੀਤ ਕੌਰ, ਪ੍ਰਭਜੋਤ ਕੌਰ, ਨੇਹਾ ਅਤੇ ਕਮਲਜੀਤ ਕੌਰ ਹਾਜਰ ਸਨ।

# ਵਿਕਾਸ ਕ੍ਰਾਂਤੀ ਰੈਲੀ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਮੀਲ ਦਾ ਪੱਥਰ ਸਾਬਤ ਹੋਵੇਗੀ : ਰਾਓ ਕੈਂਡੋਵਾਲ



ਮਾਹਿਲਪੁਰ (ਸਫਰੀ) - ਪੰਜਾਬ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਪੰਜਾਬ ਨੂੰ ਖੁਸ਼ਹਾਲ ਤੇ ਤੰਦਰੁਸਤ ਬਣਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਸਨ ਜਿਸ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੰਜਾਬੀਆਂ ਲਈ ਉਸਾਰੂ ਕਾਰਜ ਕੀਤੇ ਹਨ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵਲੋਂ ਹੁਸ਼ਿਆਰਪੁਰ ਵਿਖੇ ਵਿਕਾਸ ਰੈਲੀ ਵਿੱਚ ਸ਼ਾਮਲ ਹੋਣ ਲਈ ਜ਼ਿਲ੍ਹਾ ਪ੍ਰਧਾਨ ਬੁੱਧੀਜੀਵੀ ਵਿੰਗ ਕ੍ਰਿਸ਼ਨਜੀਤ ਰਾਓ ਕੈਂਡੋਵਾਲ, ਸਰਪੰਚ ਬਲਵਿੰਦਰ ਕੌਰ ਕੈਂਡੋਵਾਲ ਦੀ ਅਗਵਾਈ ਵਿੱਚ ਬੱਸਾਂ ਰਾਹੀ ਵੱਡੇ ਜਥੇ ਦੇ ਰੂਪ ਵਿੱਚ ਸ਼ਾਮਲ ਹੋਣ ਲਏ ਪਹੁੰਚੇ। ਵਿਕਾਸ ਕ੍ਰਾਂਤੀ ਰੈਲੀ ਰਾਹੀਂ 867 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕ੍ਰਾਂਤੀ ਵੱਲ ਵੱਡਾ ਕਦਮ ਵਧਾਇਆ ਜਾਵੇਗਾ। ਇਸ ਮੌਕੇ ਆਪ ਦੇ ਕੌਮੀ ਕਨਵੀਨਰ ਦਿੱਲੀ ਦੇ ਮੁੱਖ ਮੰਤਰੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੈਡੀਕਲ ਕਾਲਜ ਦੀ ਉਸਾਰੀ ਦੀ ਸ਼ੁਰੂਆਤ ਕਰਨਗੇ ਜੋ ਪੰਜਾਬ ਦੀ ਤਰੱਕੀ ਅਤੇ ਵਿਦਿਆਰਥੀਆਂ ਲਈ ਵੱਡਾ ਉਪਰਾਲਾ ਹੋਵੇਗਾ। ਇਸ ਮੌਕੇ ਜਗਤਾਰ ਸਿੰਘ ਰੂਪੋਵਾਲ, ਸਰਪੰਚ ਦੀਪਕ ਸ਼ਰਮਾ, ਹਰਮਿੰਦਰ ਸਿੰਘ ਗਰੇਵਾਲ, ਤੇਜ ਕੌਰ ਪੰਚ, ਰਵਜੋਤ ਰਾਓ, ਕ੍ਰਿਸ਼ਨਪਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਅਹੁਦੇਦਾਰ, ਵਲੰਟੀਅਰ, ਵਰਕਰ, ਵੋਟਰ ਤੇ ਸਪੋਰਟਰ ਸ਼ਾਮਲ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ 25 ਨੂੰ



ਮੋਹਾਲੀ (ਗੁਰਜੀਤ ਬਿੱਲਾ)- ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਗੁਰਦੁਆਰਾ ਤਾਲਮੇਲ ਕਮੇਟੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਇਕ ਵਿਸ਼ੇਸ਼ ਮੀਟਿੰਗ ਜੋਗਿੰਦਰ ਸੋਂਧੀ ਦੀ ਪ੍ਰਧਾਨਗੀ ਹੇਠ ਗਰਦੁਆਰਾ ਗੋਬਿੰਦਸਰ ਸਾਹਿਬ ਪਿੰਡ ਮੋਹਾਲੀ ਵਿਖੇ ਹੋਈ, ਜਿਸ ਵਿਚ ਸੰਤ ਬਾਬਾ ਅਵਤਾਰ ਸਿੰਘ ਧੂਲਕੋਟ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਜਿਸ ਵਿਚ ਇਹ ਫੈਸਲਾ ਲਿਆ ਗਿਆ ਕਿ ਧੰਨ ਧੰਨ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 27 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ, ਇਸ ਸਬੰਧ ਵਿਚ ਮੋਹਾਲੀ ਵਿਖੇ ਮਿਤੀ 25 ਨਵੰਬਰ ਦਿਨ ਸ਼ਨੀਵਾਰ ਨੂੰ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਦੀ ਆਰੰਭਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਪੰਜ ਪਿਆਰਿਆਂ ਅਤੇ ਸੰਗਤ ਵਲੋਂ ਸਵੇਰੇ 10.00 ਵਜੇ ਗੁਰਦੁਆਰਾ ਗੋਬਿੰਦਸਰ ਸਾਹਿਬ ਪਿੰਡ ਮੋਹਾਲੀ ਤੋਂ ਕੀਤੀ ਜਾਵੇਗੀ ਅਤੇ ਜਿਸ ਦੀ ਸੰਪੂਰਨਤਾ ਰਾਤ ਤਕਰੀਬਨ 9 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਜ਼ 11 ਮੋਹਾਲੀ ਵਿਖੇ ਹੋਵੇਗੀ। ਨਗਰ ਕੀਰਤਨ ਗੁਰਦੁਆਰਾ ਗੋਬਿੰਦਸਰ ਦੇ ਨਾਲ ਲਗਦੀ ਮਾਰਕੀਟ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਸਿੰਘ ਸਭਾ ਫੇਜ਼ 1 ਮੁਹਾਲੀ, ਪੁਰਾਣਾ ਡੀ ਸੀ ਦਫਤਰ, ਫਰੈਂਕੋ ਹੋਟਲ, 2-4 ਚੌਂਕ, ਡਿਪਲਾਸਟ ਚੌਂਕ, ਮਦਨਪੁਰਾ ਚੌਂਕ, 3-5 ਦੀਆਂ ਲਾਈਟਾਂ, ਗੁਰਦੁਆਰਾ ਸਾਚਾ ਧੰਨੁ ਸਾਹਿਬ, ਅੰਬਾਂ ਵਾਲਾ ਚੌਂਕ, ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਤੋਂ ਹੁੰਦਾ ਹੋਇਆ ਫੇਜ਼ 9-10 ਤੋਂ ਲੰਘਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਜ਼ 11 ਵਿਖੇ ਰਾਤ ਤਕਰੀਬਨ 9 ਵਜੇ ਸੰਪੂਰਨ ਹਵੇਗਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਲਵਿੰਦਰ ਸਿੰਘ, ਮਨਜੀਤ ਸਿੰਘ ਮਾਨ, ਤਰਲੋਚਨ ਸਿੰਘ, ਸੁਰਜੀਤ ਸਿੰਘ, ਨਿਰਮਲ ਸਿੰਘ, ਕਮਲਜੀਤ ਸਿੰਘ, ਅਮਰਜੀਤ ਸਿੰਘ, ਕਰਮ ਸਿੰਘ ਬਬਰਾ, ਰਵਿੰਦਰ ਸਿੰਘ, ਬਲਦੇਵ ਸਿੰਘ ਨਛੱਤਰ ਸਿੰਘ, ਪ੍ਰੀਤਮ ਸਿੰਘ, ਅਮਰੀਕ ਸਿੰਘ, ਰਣਜੀਤ ਸਿੰਘ, ਹਰਜੀਤ ਸਿੰਘ, ਹਰਪਾਲ ਸਿੰਘ, ਸੁਖਦੇਵ ਸਿੰਘ ਅਤੇ ਕਈ ਪਤਵੰਤੇ ਹਾਜਰ ਸਨ।

# ਸ਼ਹੀਦ ਗਿਆਨ ਸਿੰਘ ਸੰਘਾ ਦੀ ਯਾਦ 'ਚ ਚਿੱਤਰਕਲਾ ਮੁਕਾਬਲੇ ਕਰਵਾਏ



ਨਵਾਂਸ਼ਹਿਰ (ਮਨੋਜ ਲਾਡੀ) ਨਜਦੀਕੀ ਪਿੰਡ ਸ਼ਹਾਬ ਪੁਰ ਵਿਖੇ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਯਾਦਗਾਰੀ ਕਮੇਟੀ ਵਲੋਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸਹਿਯੋਗ ਨਾਲ ਸੰਘਾ ਦੀ 31ਵੀਂ ਬਰਸੀ ਮੌਕੇ ਉਹਨਾਂ ਦੀ ਯਾਦਗਾਰ ਉੱਤੇ ਬੱਚਿਆਂ ਦੇ ਚਿੱਤਰਕਲਾ ਮੁਕਾਬਲੇ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ ਜਿਸ ਵਿਚ 27 ਸਕੂਲਾਂ ਦੇ 351 ਬੱਚਿਆਂ ਨੇ ਭਾਗ ਲਿਆ। ਜੱਜਾਂ ਦੀ ਭੂਮਿਕਾ ਬਗੀਚਾ ਸਿੰਘ ਸਹੂੰਗੜਾ,ਮਾਸਟਰ ਸ਼ਾਦੀ ਰਾਮ, ਤਿਲਕ ਰਾਜ ਅਤੇ ਅਮਰਜੀਤ ਸਿੰਘ ਨੇ ਨਿਭਾਈ। ਜੇਤੂ ਬੱਚਿਆਂ ਨੂੰ ਇਨਾਮਾਂ ਦੀ ਵੰਡ ਦਲਜੀਤ ਸਿੰਘ ਐਡਵੋਕੇਟ, ਬੀਬੀ ਗੁਰਬਖਸ਼ ਕੌਰ ਸੰਘਾ ਅਤੇ ਜਸਬੀਰ ਦੀਪ ਨੇ ਕੀਤੀ। ਪਹਿਲੇ ਵਰਗ ਵਿਚ ਹਰਚੇਤਨ ਸਿੰਘ ਸ.ਹ.ਸ. ਸਕੂਲ ਜਾਡਲਾ ਪਹਿਲਾ, ਭਾਵਨਾ ਦੂਜਾ, ਯਸ਼ਪ੍ਰੀਤ ਸਕੌਲਰਜ਼ ਪਬਲਿਕ ਸਕੂਲ ਜਾਡਲਾ ਤੀਜਾ ਅਤੇ ਆਯੂਸ਼ੀ ਸ.ਸ.ਰਾਹੋਂ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਦੂਜੇ ਵਰਗ ਵਿਚ ਅੰਸ਼ਿਕਾ ਸੱਭਰਵਾਲ ਸ.ਸ.ਰਾਹੋਂ ਨੇ ਪਹਿਲਾ, ਗੁਰਕਮਲ ਕੌਰ ਸਕੌਲਰਜ਼ ਪਬਲਿਕ ਸਕੂਲ ਜਾਡਲਾ ਨੇ ਦੂਜਾ, ਮਿਨਾਕਸ਼ੀ ਚੁੰਬਰ ਸ ਸ ਨਵਾਂਸ਼ਹਿਰ ਨੇ ਤੀਜਾ ਅਤੇ ਮਨਜਿੰਦਰ ਸਿੰਘ ਓਰੀਐਂਟ ਪਬਲਿਕ ਸਕੂਲ ਸਮੁੰਦੜਾ ਨੇ ਚੌਥਾ ਸਥਾਨ ਹਾਸਲ ਕੀਤਾ। ਤੀਜੇ ਵਰਗ ਵਿਚ ਇੰਦਰਜੀਤ ਕੌਰ ਸਕੌਲਰਜ਼ ਪਬਲਿਕ ਸਕੂਲ ਸਕੌਲਰਜ਼ ਪਬਲਿਕ ਸਕੂਲ ਜਾਡਲਾ ਨੇ ਪਹਿਲਾ,ਜੋਤੀ ਸ਼ਰਮਾ ਸ ਸ ਉਸਮਾਨ ਪੁਰ ਨੇ ਦੂਜਾ ,ਮਿਅੰਕ ਰੰਗੜ ਸਕੌਲਰਜ਼ ਪਬਲਿਕ ਸਕੂਲ ਜਾਡਲਾ ਨੇ ਤੀਜਾ ਅਤੇ ਜਸਪ੍ਰੀਤ ਓਰੀਐਂਟ ਪਬਲਿਕ ਸਕੂਲ ਸਮੁੰਦੜਾ ਨੇ ਚੌਥਾ ਸਥਾਨ ਹਾਸਲ ਕੀਤਾ।ਚੌਥੇ ਵਰਗ ਵਿਚ ਦਵਿੰਦਰ ਕੁਮਾਰ ਐਮ ਏ ਪਬਲਿਕ ਸਕੂਲ ਜਾਡਲਾ ਨੇ ਪਹਿਲਾ,ਬਬਲੀਨ ਕੌਰ ਸਕੌਲਰਜ਼ ਪਬਲਿਕ ਸਕੂਲ ਜਾਡਲਾ ਨੇ ਦੂਜਾ, ਰਜਿਤ ਕੁਮਾਰ ਐਮ ਏ ਪਬਲਿਕ ਸਕੂਲ ਜਾਡਲਾ ਨੇ ਤੀਜਾ ਅਤੇ ਏਕਮਪ੍ਰੀਤ ਕੌਰ ਪੀ ਐਸ ਪਬਲਿਕ ਸਕੂਲ ਰਾਹੋਂ ਨੇ ਚੌਥਾ ਸਥਾਨ ਹਾਸਲ ਕੀਤਾ।ਸੁੰਦਰ ਲਿਖਾਈ ਵਿਚ ਉਮਾ ਅਰਿਵਾਰ ਸ ਮਿ ਸ ਕੁਲਾਮ ਪਹਿਲੇ, ਪ੍ਰਿਆ ਸ ਹ ਸ ਮਜਾਰਾ ਖੁਰਦ ਦੂਜੇ ਅਤੇ ਪ੍ਰਿਆ ਕੁਮਾਰੀਸ ਸ ਸ ਸ ਨਵਾਂਸ਼ਹਿਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਆਗੂ ਅਜੈ ਕੁਮਾਰ ਚਾਹੜ ਮਜਾਰਾ,ਵਿਨਾਇਕ ਲਖਣਪਾਲ,ਸਤਨਾਮ ਸਿੰਘ ਮੀਰਪੁਰੀ,ਮਨੋਹਰ ਲਾਲ, ਗੁਰਦੀਪ ਸਿੰਘ ਦੁਪਾਲਪੁਰੀ,ਸ਼ੰਕਰ ਦਾਸ ਬੰਗਾ,ਭੁਪਿੰਦਰ ਸਿੰਘ ਵੜੈਚ, ਸੁਰਜੀਤ ਕੌਰ ਉਟਾਲ,ਬਲਵੀਰ ਕੁਮਾਰ, ਸਰਬਜੀਤ ਮੰਗੂਵਾਲ, ਸਤਨਾਮ ਸਿੰਘ ਰਾਹੋਂ,ਗੁਰਮੀਤ ਸਿੰਘ ਰਾਹੋਂ, ਪਰਵਿੰਦਰ ਸਿੰਘ, ਨਰਿੰਦਰ ਸਿੰਘ ਉੜਾਪੜ,ਸੁਰਜੀਤ ਸਿੰਘ ਉੜਾਪੜ ,ਪੀ. ਐਸ. ਯੂ ਆਗੂਆਂ ਬਲਜੀਤ ਸਿੰਘ ਧਰਮਕੋਟ, ਰਾਜੂ ਬਰਨਾਲਾ, ਜਸ਼ਨ ਸਜਾਵਲ ਪੁਰ, ਰੋਹਿਨ ਨਵਾਂਸ਼ਹਿਰ, ਨਵੀਨ ਨਵਾਂਸ਼ਹਿਰ ਨੇ ਜਿੰਮੇਵਾਰੀਆਂ ਨਿਭਾਈਆਂ। ਗੁਰਚੇਤਨ ਸ ਸ ਜਾਡਲਾ ਨੇ ਪਹਿਲੇ ਵਰਗ ਵਿਚੋਂ ਲਗਾਤਾਰ ਤੀਜੇ ਸਾਲ ਪਹਿਲਾ ਸਥਾਨ ਪ੍ਰਾਪਤ ਕੀਤਾ।

19-Nov-Sunday.qxd 11/18/2023 9:58 PM Page 1



ਸੁਖਪਾਲ ਸਿੰਘ ਥਿੰਦ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

ਤੁਮ ਕਤ ਬ੍ਰਾਹਮਣ ਹਮ ਕਤ ਸੂਦ।
ਹਮ ਕਤ ਲੋਹੂ ਤੁਮ ਕਤ ਦੂਧ।
ਕਹੁ ਕਬੀਰ ਜੋ ਬ੍ਰਹਮ ਬੀਚਾਰੈ।
ਸੋ ਬ੍ਰਾਹਮਣ ਕਹੀਅਤ ਹੈ ਹਮਾਰੈ।
-ਸੰਤ ਕਬੀਰ

Regd. No : Pb/JL-123/2021-2023, (R.N.I.)-00068/57 | ਜਲੰਧਰ : ਐਤਵਾਰ, 19 ਨਵੰਬਰ 2023 | www.nawanzamana.in | ਕੀਮਤ 5.00 ਰੁਪਏ


## ਫ਼ਲਸਫ਼ੇ ਦੀ ਪ੍ਰਸੰਗਿਕਤਾ

# ਮਾਰਕਸਵਾਦ ਸਦਾ ਰਾਹ-ਦਸੇਰਾ

**ਜਗਰੂਪ**

ਭਾਗ-25

ਪਦਾਰਥਵਾਦ-'ਵਿਰੋਧਵਿਕਾਸੀ' ਦਾ ਗਿਆਨ ਮਨੁੱਖੀ ਸੋਚ ਨੂੰ ਉਲਝਣਾ ਰਹਿਤ ਉਸਾਰਦਾ, ਸੋਧਤ ਕਰਦਾ ਹੈ। ਜਿਵੇਂ ਹਾਲਾਤ ਰਾਹ ਦਿੰਦੇ ਹਨ, ਉਹ ਉਵੇਂ ਅਮਲ ਨੂੰ ਤੇਜ਼ ਕਰਨ ਦੇ ਰਾਹ ਪਾਉਂਦਾ ਹੈ। ਇਸ ਲਈ ਇਕ ਪਦਾਰਥਵਾਦੀ ਨੂੰ, ਸਮਾਜਕ-

ਵਿਗਿਆਨ ਸਮਝਣ ਵਿਚ ਬਹੁਤੀ ਅੜਚਣ ਨਹੀਂ ਆਉਂਦੀ, ਉਹ ਜਲਦੀ ਸਮਾਜਿਕ ਬਦਲਾਓ ਭਾਵ 'ਭਵਿੱਖੀ-ਵਿਰੋਧਵਿਕਾਸ' (Conscious-Dialectics) ਰਾਹੀਂ ਅਗਲੇ ਉੱਚੇ ਸਮਾਜਕ ਪੜਾਅ ਸਮਾਜਵਾਦ/ ਸਾਂਝੀਵਾਲ ਦੀ ਆਮਦ (ਉਸਾਰੀ) ਵੱਲ ਵਧਦਾ ਜਾਂਦਾ ਹੈ।

ਸਰਮਾਏਦਾਰੀ ਦੀਆਂ ਪੈਦਾ ਕੀਤੀਆਂ ਵਿਰੋਧਤਾਈਆਂ ਵਿਚ, ਬੁਨਿਆਦੀ ਵਿਰੋਧਤਾਈ; "ਸਰਮਾਏ ਅਤੇ ਉਜਰਤੀ-ਕਿਰਤ" (ਜਾਂ, 'ਸਰਮਾਏਦਾਰ ਅਤੇ ਕਿਰਤੀ' ਜਾਂ 'ਸਰਮਾਏਦਾਰੀ ਅਤੇ ਕਿਰਤਦਾਰੀ') ਵਿਚਲੀ ਵਿਰੋਧਤਾਈ ਹੈ। ਜੋ ਕੇਵਲ ਸਮਾਜ ਦੇ ਅਗਲੇ, ਉੱਚੇ ਪੜਾਅ, ਸਾਂਝੀਵਾਲ ਵਿਚ ਹੀ ਹੱਲ ਹੋਣੀ ਹੈ। ਸੋ, 'ਸੂਝ ਦੀ ਸਿਖਰ'

(ਫਲਸਫੇ) ਵਿਚ ਪਦਾਰਥਵਾਦੀ ਹੋਣਾ, ਸਮੱਸਿਆਵਾਂ ਦੇ ਹੱਲ ਲਈ ਪਰਮ-ਮਹੱਤਵ ਰੱਖਦਾ ਹੈ।

ਇਹ ਦਾਰਸ਼ਨਿਕ-ਬੌਧਿਕਤਾ ਨਹੀਂ, ਸਗੋਂ ਉਜੱਡਪੁਣਾ ਅਤੇ ਘੋਰ ਅਗਿਆਨਤਾ ਜਾਂ ਬੇਈਮਾਨੀ ਹੈ, ਜਿਹੜੇ 'ਖਪਤਵਾਦ' (consumerism) ਨੂੰ, ਪਦਾਰਥਵਾਦ (materialism) ਨਾਲ ਰਲਗੱਡ ਕਰਦੇ ਹਨ। ਉਹ ਕਹੀ ਜਾਂਦੇ ਨੇ, ["ਦੁਨੀਆ ਪਦਾਰਥਵਾਦੀ ਹੋ ਗਈ", ਉਹ ਪਦਾਰਥਾਂ ਪਿੱਛੇ ਭੱਜੀ ਫਿਰਦੀ ਹੈ।' ] ਇਹ 'ਪਦਾਰਥਵਾਦ' ਨੂੰ ਵਿਗਾੜ ਕੇ ਪੇਸ਼ ਕਰਨਾ ਅਤੇ ਸਾਜਿਸ਼ੀ ਭਾਸ਼ਾ ਦੀ ਵਰਤੋਂ ਕਰਨਾ ਵੀ ਹੈ। ਜਿਸ ਦਾ ਦਾਰਸ਼ਨਿਕ ਪਦਾਰਥਵਾਦ ਨਾਲ ਕੋਈ ਵਾਹ-ਵਾਸਤਾ ਨਹੀਂ। ਦਾਰਸ਼ਨਿਕ ਪਦਾਰਥਵਾਦ: 'ਜੋ ਪਦਾਰਥਕ-ਗਤੀ ਦੇ ਵਿਕਸਤ ਸਮਾਜਕ-ਰੂਪ ਨੂੰ 'ਆਧਾਰ' (base) ਅਤੇ (ਆਤਮਾ-ਚੇਤਨਾ-ਸੋਚ-ਵਿਚਾਰ ਨੂੰ ਉਸ ਦਾ) 'ਉਸਾਰ' (Superstructure) ਸਵੀਕਾਰ ਕਰਦਾ ਹੈ। ਮਨੁੱਖੀ ਗਿਆਨ ਬਾਹਰਮੁਖੀ ਹੈ। ਇਸ ਦਾ ਇਤਿਹਾਸ ਅੰਬਰੀ; ਸੂਰਜ, ਚੰਦ ਅਤੇ ਤਾਰਿਆਂ ਦੀ ਗਤੀ (Astronomy) ਦੇ ਲੇਖੇ ਵਜੋਂ, ਹਿਸਾਬ (math), ਜਮ੍ਹਾਂ-ਘਟਾਓ ਰਾਹੀਂ ਅੱਗੇ ਵਧਿਆ ਹੈ। ਜੋ ਇਤਿਹਾਸ (ਬੀਤੇ ਵਰਤਾਰਿਆਂ ਦੀ ਯਾਦ) ਵਜੋਂ ਸਾਡਾ ਅੰਗ-ਭਾਗ (ਗਿਆਨ) ਬਣਦਾ ਹੈ। ਇਹਨਾਂ ਗਤੀਆਂ ਦੇ ਬਦਲਾਓ ਦੀ ਮੁੱਢਲੀ ਸਮਝਦਾਰੀ, ਕੁਦਰਤੀ-ਵਿਗਿਆਨ (Natural Science) ਦਾ ਮੁੱਢ ਹੈ। ਜਦੋਂ ਇਹ ਬਦਲਾਓ ਰੂਪ, ਆਮ ਲੋਕਾਂ ਦੀ ਸਮਝ (common science) ਦਾ ਹਿੱਸਾ ਬਣ ਜਾਂਦਾ ਹੈ ਤਾਂ ਸਧਾਰਨ-ਵਿਗਿਆਨ (General-Science) ਵੀ ਸੱਦਿਆ ਜਾਂਦਾ ਹੈ। ਜਿੱਥੋਂ ਵਿਗਿਆਨ ਦੀਆਂ ਅਗਲੀਆਂ ਸ਼ਾਖਾਂ (ਗਤੀ-ਰੂਪ) ; ਮਕੈਨੀਕਲ, ਫਿਜੀਕਲ, ਕੈਮੀਕਲ, ਬਾਇਓਲੋਜੀਕਲ ਅਤੇ ਸਮਾਜਿਕ ਗਤੀਆਂ (ਸੱਭਿਆਚਾਰ ਅਤੇ ਸਾਹਿਤ) ਰਾਹੀਂ 'ਵਿਚਾਰਧਾਰਕ-ਗਤੀ' ਰੂਪ ਤੱਕ ਪੁੱਜਿਆ ਹੈ। ਉਹ ਜਿਹੜੇ ਪਦਾਰਥਵਾਦੀ-ਗਿਆਨ ਤੋਂ ਦੂਰ ਰਹਿੰਦੇ ਹਨ, ਉਹ ਵਿਗਿਆਨ ਤੋਂ ਵੀ ਅਣਜਾਣ ਰਹਿੰਦੇ ਹਨ।

ਮਨੁੱਖ ਨੂੰ ਵਿਗਿਆਨਕ-ਗਿਆਨ ਤੋਂ ਦੂਰ ਰੱਖਣ ਲਈ, ਸਰਮਾਏਦਾਰੀ ਪਦਾਰਥਵਾਦ ਨੂੰ ਨਕਾਰਨ, ਬਦਨਾਮ ਕਰਨ, ਵਿਗਾੜਨ, ਅਤੇ ਵਿਚਾਰਵਾਦ ਦੀ 'ਉਤਮਤਾ' ਦਰਸਾਉਣ ਲਈ, ਆਪਣੀ ਪੂਰੀ ਸ਼ਕਤੀ ਲਗਾਈ ਰੱਖਦੀ ਹੈ। ਉਹ ਆਪਣੇ ਸਾਰੇ ਵਸੀਲੇ, ਬੌਧਿਕ-ਸੋਮਿਆਂ (ਵਿਦਿਅਕ-ਸਿਲੇਬਸਾਂ, ਯੂਨੀਵਰਸਿਟੀਆਂ ਦੇ ਖੋਜ-ਵਿਸ਼ਿਆਂ, ਅਦਾਰਿਆਂ ਦੇ ਸੰਪਾਦਕਾਂ, ਚੈਨਲਾਂ ਦੇ ਸੰਚਾਲਕਾਂ ਤੇ ਐਂਕਰਾਂ, ਭਾੜੇ ਦੇ ਬੁਲਾਰਿਆਂ ਆਦਿ, ਸਾਧਨਾ) ਉਪਰ ਝੋਕ ਰੱਖਦੀ ਹੈ। ਉਹ ਆਪਣੇ ਪ੍ਰਚਾਰਕਾਂ, ਬੁਲਾਰਿਆਂ ਅਤੇ ਅਦਾਰਿਆਂ ਉਤੇ ਖੁਲ੍ਹਦਿਲੀ ਨਾਲ, ਲੋੜੋਂ ਵਧੇਰੇ ਹੀ ਖਰਚ ਕਰਦੀ ਹੈ। ਫਿਰ ਵੀ ਜਦੋਂ ਉਹਨਾਂ ਨੂੰ ਪਦਾਰਥਵਾਦ ਵੱਲੋਂ ਟੱਕਰ ਮਿਲਦੀ ਹੈ ਤਾਂ ਉਹ ਸੱਚ ਅੱਗੇ ਹਾਰ ਜਾਂਦੇ ਹਨ। ਜੇ ਟੱਕਰ ਨਾ ਮਿਲੇ ਤਾਂ ਉਹ ਚਾਂਬਲ ਜਾਂਦੇ ਹਨ। ਇਹ ਵਿਚਾਰਧਾਰਕ ਟੱਕਰ ਹੈ। ਇਸ ਟੱਕਰ ਵਿਚ ਸਰਮਾਏ ਦੀ ਸੱਤਾ ਨੂੰ ਵਿਚਾਰਵਾਦ ਰਾਸ ਆਉਂਦਾ ਹੈ। ਇਸ ਲਈ ਉਹ ਪਦਾਰਥਵਾਦ ਵਿਰੁੱਧ ਸਦਾ ਹੀ ਵਿਚਾਰਵਾਦ ਦੀ ਪਿੱਠ ਥਾਪੜਦੀ ਹੈ।

ਪਦਾਰਥਵਾਦ ਸ਼ਕਤੀਸ਼ਾਲੀ, ਸਰਵ ਸਮੱਰਥ ਹੈ, ਉਸ ਦਾ ਕੋਈ ਮੁਕਾਬਲਾ ਜਾਂ ਬਦਲ ਹੀ ਨਹੀਂ ਹੈ। ਬਸ, ਪਦਾਰਥਵਾਦੀ ਲਈ ਆਪਣੇ ਆਪ ਨੂੰ ਨਵਿਆਉਣਾ ਅਤੇ ਇਸ ਉਪਰ ਅਡੋਲਤਾ ਨਾਲ ਪਹਿਰਾ ਦੇਣਾ ਜ਼ਰੂਰੀ ਹੈ। ਨਾਲ ਹੀ, ਸਦਾ ਸਾਵਧਾਨ ਹੋਣਾ ਜ਼ਰੂਰੀ ਹੈ, ਕਿਉਂਕਿ ਕੱਚ-ਘਰੜਤਾ ਅਤੇ ਨੀਮ ਹਕੀਮੀ, ਮਨੁੱਖ ਨੂੰ ਪਦਾਰਥਵਾਦੀ-ਦਵੰਦਵਾਦੀ ਹੋਣ ਦੀ ਥਾਂ, ਪਦਾਰਥਵਾਦੀ-ਅਧਿਆਤਮਵਾਦੀ ਬਣਾ ਧਰਦੀ ਹੈ।

ਉਹ ਜਿਹੜੇ ਸਰਮਾਏਦਾਰਾ-ਵਿਚਾਰਧਾਰਾ ਦੇ ਜ਼ੋਰਦਾਰ ਪ੍ਰਚਾਰ, ਪ੍ਰਸਾਰ ਹੇਠ, ਇਹ ਮੰਨ ਬੈਠਦੇ ਹਨ ਕਿ "ਸਰਮਾਏਦਾਰੀ ਹੀ ਸਮਾਜ ਦੀ ਆਖਰੀ ਸਟੇਜ ਹੈ, ਇਸ ਤੋਂ ਅੱਗੇ ਬਦਲਾਓ ਨਹੀਂ"। ਇਹੀ, "ਇਤਿਹਾਸ ਦਾ ਅੰਤ (ਭਾਵ ਸਿਖਰ) ਹੈ", ਉਹ ਊਣੇ-ਬੌਣੇ, ਅਖੌਤੀ, ਨਕਲੀ ਪਦਾਰਥਵਾਦੀ ਬਣ ਕੇ ਵਿਚਰਦੇ ਹਨ। ਉਹ ਹਨੇਰ ਗਲੀ ਵਿੱਚ ਫਸਦੇ ਅਤੇ ਨੁਕਸਾਨ ਕਰਦੇ ਹਨ। ਉਹ, "ਇੱਥੇ ਕੁਝ ਨਹੀਂ ਹੋ ਸਕਦਾ" ਦੇ ਧਾਰਨੀ ਅਤੇ ਪ੍ਰਚਾਰਕ ਬਣ ਕੇ ਨਿਰਾਸ਼ਾ ਫੈਲਾਉਣ ਲੱਗਦੇ ਹਨ।

ਇਕ ਹੋਰ ਵੰਨਗੀ ਹੈ, ਜਿਸ ਬਾਰੇ ਸਦੀ ਪਹਿਲਾਂ ਆਹਲਾ-ਫਲਾਸਫਰਾਂ ਨੇ ਸੁਚੇਤ ਕੀਤਾ ਸੀ। ਉਹ ਜੋ, ਭੌਤਿਕ ਵਿਗਿਆਨ ਦੀਆਂ ਲੱਭਤਾਂ ਨੂੰ ਤੋੜ-ਮਰੋੜ ਕੇ ਵਿਚਾਰਵਾਦ ਦੇ ਮੇਚ ਕਰਨ ਅਤੇ ਪਦਾਰਥਵਾਦ ਵਿਰੁੱਧ ਖੜਾ ਕਰਨ ਦੇ ਕੰਮ ਲਾਏ ਹੋਏ ਹਨ। ਉਹ ਕਿਸੇ "ਮੱਤ" (doctrine) ਨੂੰ, ਸਿਧਾਂਤ (theory)

ਬਣਾ ਧਰਦੇ ਹਨ। ਉਹ ਮੱਤ ਨੂੰ ਹੀ ਸਿਧਾਂਤ ਵਜੋਂ ਪ੍ਰਚਾਰਨ ਲਗਦੇ ਹਨ। ਜਿਵੇਂ "ਮਹਾਂ ਧਮਾਕਾ"

(Big-bang) ਮੱਤ (doctrine) ਹੈ; "ਇਕ ਸਮਾਂ ਸੀ ਜਦੋਂ ਸਮਾਂ ਨਹੀਂ ਸੀ", -(ਮਹਾਂ ਧਮਾਕੇ ਤੋਂ ਪਹਿਲਾਂ)

ਅਤੇ "ਇਕ ਸਮਾਂ ਹੋਵੇਗਾ ਜਦੋਂ ਸਮਾਂ ਨਹੀਂ ਹੋਵੇਗਾ"

[ਮਹਾ ਸੁਗੜਾਅ (big crunch) ਪਿੱਛੋਂ]। ਇਹ ਦਾਰਸ਼ਨਿਕ ਧਾਰਨਾਵਾਂ ਦੇ ਵਿਗਾੜ ਨਾਲ, ਭੁਲਾਂਦਰਾਵਾਦ ਰਾਹੀਂ ਵਿਚਾਰਵਾਦ ਵੱਲ ਮੋੜਾ ਦੇਣ ਦੀ, ਸੱਚ ਤੋਂ ਮੂੰਹ ਮੋੜਨ ਦੀ (ਅਸਫਲ) ਕੋਸ਼ਿਸ਼ ਹੈ।

ਇਹ ਵਿਗਿਆਨਕ-"ਝੂਠ" ਹੈ! ਇਹ ਨਿਸ਼ੰਗ ਆਪਾ ਵਿਰੋਧ ਹੈ, "ਇਕ ਸਮਾਂ ਸੀ, (ਮੰਨ ਲਿਆ) ਜਦੋਂ ਸਮਾਂ ਨਹੀਂ ਸੀ" (ਫਿਰ ਮੁੱਕਰ ਗਏ)। ਇਸ ਨੂੰ ਯੂਨੀਵਰਸ ਦੇ ਅਰੰਭ ਅਤੇ ਅੰਤ ਨਾਲ, ਗੈਰ ਵਿਗਿਆਨਕ ਢੰਗ ਨਾਲ ਜੋੜਨਾ, ਵਾਰ-ਵਾਰ ਪ੍ਰਚਾਰਨਾ, ਧੱਕੇ ਨਾਲ ਸਿਧਾਂਤ ਵਜੋਂ ਵਿਦਿਅਕ ਸਿਲੇਬਸਾਂ ਵਿੱਚ ਸ਼ਾਮਲ ਕਰਨਾ ਆਦਿ, ਇਹ ਵਿਚਾਰਵਾਦ ਨੂੰ ਠੁੰਮਣਾ ਦੇਣ ਦੀ ਕੋਸ਼ਿਸ਼ ਤੋਂ ਵੱਧ ਕੁਝ ਨਹੀਂ ਹੈ।

'ਵਿਗਿਆਨ' ਦੇ ਨਾਂਅ 'ਤੇ ਅਜਿਹਾ ਪ੍ਰਚਾਰ, ਜੋ ਸੂਝ ਦੀ ਸਿਖਰ (ਫਲਸਫੇ) ਨੂੰ ਮੁੱਢੋਂ ਕਟਦਾ ਹੈ, ਉਸ ਦੇ ਦਾਰਸ਼ਨਿਕੀ ਕਰਨ ਤੱਕ, ਉਸ ਨੂੰ ਇਕ ਮੱਤ (doctrine) ਹੀ ਮੰਨਣਾ ਚਾਹੀਦਾ ਹੈ। ਕਿਸੇ ਵੀ 'ਮੱਤ' ਨੂੰ, ਪੁਸ਼ਟੀ ਬਗੈਰ 'ਸਿਧਾਂਤ' ਪਰਵਾਨ ਕਰਨ ਨਾਲ ਫਲਸਫੇ (ਸੂਝ ਦੀ ਸਿਖਰ) ਦੇ ਵਿਗਾੜ, ਅੱਗੋਂ ਵਿਚਾਰਧਾਰਕ ਵਿਗਾੜਾਂ ਦਾ ਸਬੱਬ ਬਣਦੇ ਹਨ।

ਪਦਾਰਥਵਾਦ ਦੀ ਵਿਗਿਆਨਕ ਸਮਝਦਾਰੀ ਨੇ ਪਰਪੱਕਤਾ ਹਾਸਲ ਕਰ ਲਈ ਹੈ।

* ਵਿਚਾਰਵਾਦ ਵਿਸ਼ਵਾਸ, ਆਸਥਾ (faith), ਅਗਿਆਨਤਾ, ਅੰਤਰ-ਮੁਖਤਾ, ਖੜੋਤ ਜਾਂ ਚਕਰੀ ਗੇੜ (ਅਧਿਆਤਮਵਾਦ) ਨੂੰ ਆਧਾਰ ਬਣਾਉਂਦਾ, ਪ੍ਰਚਾਰਦਾ ਹੈ।

* ਪਦਾਰਥਵਾਦ ਬਾਹਰ-ਮੁਖਤਾ, ਪ੍ਰਤੱਖਤਾ, ਕਾਰਨਤਾ ਅਤੇ ਬਦਲਾਓ ਦੇ ਦਵੰਦਵਾਦ ਦਾ ਧਾਰਨੀ ਹੈ।

ਵਿਚਾਰਵਾਦੀ-ਢੰਗ, ਦ੍ਰਿਸ਼ਟੀਕੋਣ ਅਧਿਆਤਮਵਾਦੀ ਹੈ। ਜਦੋਂ ਕਿ ਪਦਾਰਥਵਾਦੀ-ਢੰਗ, ਦ੍ਰਿਸ਼ਟੀਕੋਣ ਵਿਰੋਧਵਿਕਾਸੀ ਹੈ।

ਵਿਚਾਰਵਾਦੀ-ਵਿਚਾਰਧਾਰਾ, ਗੈਰ-ਪਰਕਿਰਤਕ ਸ਼ਕਤੀਆਂ ਵਿਚਲੀ ਆਸਥਾ ਨੂੰ ਖੁਸ਼ ਕਰਨ ਲਈ, ਉਹਨਾਂ ਦਾ ਤਰਲਾ, ਸਿਮਰਨ, ਪੂਜਣ ਨਾਲ ਉਹਨਾਂ ਦੀ ਬਖਸ਼ਿਸ਼-ਮੰਨਤ ਨਾਲ 'ਖੁਸ਼ੀ' ਹਾਸਲ ਕਰਨਾ ਹੈ।

ਪਦਾਰਥਵਾਦੀ-ਵਿਚਾਰਧਾਰਾ, ਪਦਾਰਥਕ-ਗਤੀ ਦੇ ਨੇਮਾਂ ਨੂੰ ਸਮਾਜਕ-ਗਤੀ (ਜਮਾਤੀ-ਘੋਲ) 'ਤੇ ਲਾਗੂ ਕਰਨਾ, ਉਸ ਨੂੰ ਗਤੀਸ਼ੀਲ ਬਣਾਉਣਾ, ਨਵਾਂ (ਸਮਾਜ) ਉਸਾਰਨ ਦਾ ਅਮਲ ਹੈ।

ਅਜੋਕੇ ਦੌਰ ਵਿਚ ਪਦਾਰਥਵਾਦ ਹੀ ਰਾਹ-ਦਸੇਰਾ ਹੈ। ਲੋੜਾਂ ਦੀ ਲੋੜ, ਪਦਾਰਥਕ ਹਾਲਤਾਂ ਦੇ "ਵਿਸ਼ਲੇਸ਼ਨ ਅਤੇ ਸੰਸਲੇਸ਼ਨ ਦੀ ਏਕਤਾ" ਵਿੱਚੋਂ ਮਿਲਦੀ ਸੇਧ ਉਪਰ ਅਡੋਲ ਅਮਲ ਕਰਨ ਦੀ ਹੈ।


ਮਾਰਕਸ ਜਿਸ ਨੇ ਸੂਝ ਦੀ ਸਿਖਰ (ਫਲਸਫੇ) ਵਿਚ,

ਪਦਾਰਥ ਅਤੇ ਦਵੰਦਵਾਦ, ਦੋਏ ਵੱਖ-ਵੱਖ ਨਹੀਂ, ਸਗੋਂ 'ਪਦਾਰਥਕ-ਦਵੰਦਵਾਦ' ਇਕੋ ਅਮਲ ਹੈ।

ਪਦਾਰਥ ਬਗੈਰ ਕੋਈ ਦਵੰਦਵਾਦ ਨਹੀਂ, ਦਵੰਦਵਾਦ ਬਗੈਰ ਕੋਈ ਪਦਾਰਥ ਨਹੀਂ।

ਮਾਰਕਸ ਨੇ ਇਹ ਕਾਰਜ ਪੂਰਾ ਕਰਕੇ, ਦਰਸ਼ਨ ਦਾ ਇਨਕਲਾਬੀਕਰਨ ਕਰ ਦਿੱਤਾ। ਮਾਰਕਸੀ-ਦਰਸ਼ਨ, ਪਦਾਰਥਵਾਦ-ਵਿਰੋਧਵਿਕਾਸੀ ਹੈ। ਇਹੀ

ਲੱਭਤ ਸਮਾਜਕ ਸਮੱਸਿਆਵਾਂ ਦਾ, ਸਰਮਾਏਦਾਰੀ ਦੀ ਬੁਨਿਆਦੀ ਵਿਰੋਧਤਾਈ; 'ਸਰਮਾਏ ਅਤੇ ਉਜਰਤੀ-ਕਿਰਤ' ਦੀ ਵਿਰੋਧਤਾਈ ਦਾ ਹੱਲ ਪੇਸ਼ ਕਰਦੀ ਹੈ। ਇਸ ਬੁਨਿਆਦੀ ਵਿਰੋਧਤਾਈ ਦੇ ਹੱਲ ਦੀ ਸਿਧਾਂਤਕ ਸੇਧ ਦੇ ਅਮਲ ਬਗੈਰ, 'ਕੋਈ ਵੀ ਸਮਾਜਕ-ਸੁਧਾਰ ਦੀ ਕੋਸ਼ਿਸ਼ ਅਸਫਲ ਸਿੱਧ ਹੋਵੇਗੀ'। ਕਿਰਤੀ-ਧਿਰ ਦੇ ਹਿੱਤਾਂ ਨੂੰ ਲੱਗਿਆ ਅਤੇ ਲੱਗ ਰਿਹਾ ਖੋਰਾ, ਇਸ ਸਚਾਈ ਦਾ ਇਤਿਹਾਸਕ ਸਬੂਤ ਹੈ।



ਸਾਰੀ ਲਹਿਰ "ਪਦਾਰਥਵਾਦ-ਵਿਰੋਧਵਿਕਾਸੀ" ਅਮਲ ਦੀ ਥਾਂ "ਪਦਾਰਥਵਾਦ-ਅਧਿਆਤਮਵਾਦੀ" ਅਮਲ ਦਾ ਸ਼ਿਕਾਰ ਬਣ ਗਈ ਹੈ। ਸਰਗਰਮੀ ਦੀ ਕੋਈ ਘਾਟ ਨਹੀਂ ਹੈ, ਪਰ ਫਲ ਪ੍ਰਾਪਤ ਨਹੀਂ ਹੁੰਦਾ।

"ਕੋਈ ਫਰਕ ਨਹੀਂ ਨਜ਼ਰੀਂ ਆਉਂਦਾ ਬਦਲ ਗਈ ਭਾਵੇਂ ਸਰਕਾਰ...." ਇਹ ਇਕ ਅਪੇਰਾ ਗੀਤ ਦੇ ਬੋਲ, ਚੱਕਰੀ-ਗੇੜ ਦੀ ਸਰਗਰਮੀ ਦੀ ਮੂੰਹ ਬੋਲਦੀ ਤਸਵੀਰ ਹੈ।

ਭਾਗ- 26

ਮਾਰਕਸ ਦੀ ਮੌਤ (ਮਾਰਚ 14,1883) ਪਿੱਛੋਂ, ਜਦੋਂ

"ਮਾਰਕਸਵਾਦ" ਸ਼ਬਦ ਵਰਤੋਂ ਹੋਣਾ ਸ਼ੁਰੂ ਹੋਇਆ ਤਾਂ ਉਸ ਦੇ ਸਿਧਾਂਤਕ ਸਹਿਯੋਗੀ, ਸਹਿਕਰਮੀ ਫਰੈਡਰਿਕ ਏਂਗਲਜ਼ ਨੇ ਇਸ ਸ਼ਬਦ ਦੀ ਵਰਤੋਂ ਬਾਰੇ ਚਿਤਾਵਨੀ ਵਜੋਂ ਕਿਹਾ ਸੀ;

ਮਾਰਕਸਵਾਦੀ ਸ਼ਬਦ ਤਾਂ ਹੀ ਵਰਤਣਾ ਵਾਜਬ ਹੈ, ਜੇ ਉਵੇਂ ਸੋਚਿਆ ਜਾਵੇ, 'ਜੇ ਅੱਜ ਮਾਰਕਸ ਹੁੰਦਾ ਤਾਂ ਉਹ ਅੱਜ ਕਿਵੇਂ ਸੋਚਦਾ'?

ਇਹ ਸੁਝਾਅ ਮਾਰਕਸ ਦੀ ਖੋਜ ਆਧਾਰਤ ਹੈ, ਕਿ;

['ਸਮਾਜਕ-ਪ੍ਰਸਥਿਤੀਆਂ ਸਮਾਜਕ ਚੇਤਨਤਾ ਸਿਰਜਦੀਆਂ ਹਨ'।] ਇਹ ਪਦਾਰਥਵਾਦ ਦਾ ਸਮਾਜਕ-ਰੂਪ ਹੈ। ਜੇ ਵਿਚਾਰ ਹਾਲਤਾਂ ਦੀ ਤਰਜਮਾਨੀ ਨਹੀਂ ਕਰਦੇ ਤਾਂ ਉਹ ਪਦਾਰਥਵਾਦ ਤੋਂ ਹਟਵੇਂ ਵਿਚਾਰ ਹਨ। "ਪਦਾਰਥਵਾਦ" ਤੋਂ ਵੱਖਰੇ ਵਿਚਾਰ ਮਾਰਕਸਵਾਦੀ ਨਹੀਂ ਹੋ ਸਕਦੇ। ਫਿਰ "ਮਾਰਕਸਵਾਦ", "ਮਾਰਕਸਵਾਦੀ" ਸ਼ਬਦ ਦੀ ਵਰਤੋਂ ਸਹੀ ਨਹੀਂ ਹੈ। ਮਾਰਕਸਵਾਦ ਵਿਗਿਆਨ ਹੈ ਅਤੇ ਇਹ ਵਿਗਿਆਨਕ ਰੂਪ ਵਿਚ ਹੀ ਲਾਗੂ ਹੋ ਸਕਦਾ ਹੈ। ਫ. ਏਂਗਲਜ਼ ਇਸ ਪਹਿਲੂ ਦੀ ਵਿਗਿਆਨਕ ਮਹੱਤਤਾ ਉਤੇ ਜ਼ੋਰ ਦੇ ਰਿਹਾ ਸੀ/ਹੈ। ਇਸ ਚਿਤਾਵਨੀ ਦੇ ਬਾਵਜੂਦ ਮਾਰਕਸਵਾਦੀ ਸ਼ਬਦ ਦੀ, 'ਹਾਂ-ਪੱਖੀ' ਅਤੇ 'ਨਾਂਹ-ਪੱਖੀ', ਦੋਵਾਂ ਰੂਪਾਂ ਵਿਚ ਦੁਰਵਰਤੋਂ ਹੋ ਰਹੀ ਹੈ। ਗੈਰ-ਪਦਾਰਥਵਾਦੀ ਸਮਝ ਵਾਲੇ ਵੀ 'ਮਾਰਕਸਵਾਦੀ' ਬਣੇ, ਫਬੇ ਫਿਰਦੇ ਹਨ ਅਤੇ "ਮਾਰਕਸਵਾਦ ਹਾਰ ਗਿਆ" ਕਹਿਣ ਵਾਲੇ ਵੀ ਪ੍ਰਸੰਗ ਤੋਂ ਬਾਹਰੀਆਂ, ਗੈਰ-ਪਦਾਰਥਵਾਦੀ ਟਿੱਪਣੀਆਂ ਕਰਦੇ ਹਨ। ਇਹ ਦੋਵੇਂ ਰੂਪ 'ਮਾਰਕਸਵਾਦ' ਵਿਰੁੱਧ ਭੁਗਤਦੇ, ਉਸ ਨੂੰ ਬਦੂ ਕਰਦੇ ਹਨ। ਮਾਰਕਸਵਾਦੀ ਹੋਣ ਲਈ ਪਦਾਰਥਵਾਦੀ ਭਾਵ; "ਪਦਾਰਥਕ-ਗਤੀ"

(Materialistic-Motion) ਦੇ ਗਿਆਨ ਦੀ ਭਰਪੂਰਤਾ ਲੋੜੀਂਦੀ ਹੈ। ਇਸ ਦਾ ਸਮਾਜਕ-ਗਤੀ-ਰੂਪ (ਜਮਾਤੀ-ਵਿਰੋਧਵਿਕਾਸ) ਅਵੇਸਲੇਪਨ ਦੀ ਆਗਿਆ ਬਿਲਕੁੱਲ ਹੀ ਨਹੀਂ ਦਿੰਦਾ ਹੈ। ਇਸ ਨੂੰ ਅਣਡਿੱਠ ਕਰਨਾ ਕੋਤਾਹੀ ਹੈ। ਜਮਾਤੀ-ਘੋਲ ਵਿਚ ਕੋਤਾਹੀ ਦੀ ਸਜ਼ਾ ਝੱਲਣੀ ਪੈਂਦੀ ਹੈ। ਲੈਨਿਨ ਨੇ ਜ਼ੋਰ ਦੇ ਕੇ ਕਿਹਾ ਸੀ :

["ਇਕ ਸਮਾਜਵਾਦੀ ਨੂੰ ਚੰਗੀ ਤਰ੍ਹਾਂ ਸੋਚੇ-ਸਮਝੇ ਤੇ ਪੱਕੀ ਤਰ੍ਹਾਂ ਗ੍ਰਹਿਣ ਕੀਤੇ ਸੰਸਾਰ ਦ੍ਰਿਸ਼ਟੀਕੋਣ ਦੀ ਲੋੜ ਹੈ ਤਾਂ ਕਿ ਘਟਨਾਵਾਂ ਉਸ 'ਤੇ ਅਸਰ ਨਾ ਕਰਨ ਬਲਕਿ ਉਹ ਘਟਨਾਵਾਂ 'ਤੇ ਕਾਬੂ ਪਾ ਸਕੇ"।]

ਹਕੀਕਤ ਇਹ ਹੈ ਕਿ ਦਾਰਸ਼ਨਿਕ ਪਦਾਰਥਵਾਦ ਨੂੰ ਜਾਨਣ, ਇਸ ਵਿਚ ਮੁਹਾਰਤ ਹਾਸਲ ਕਰਨ ਵੱਲ ਰੁਚੀ ਲਗਾਤਾਰ ਢਿੱਲੀ ਪਈ ਅਤੇ ਪੈ ਰਹੀ ਹੈ। ਨਤੀਜੇ ਵਜੋਂ ਸੰਸਾਰ ਦ੍ਰਿਸ਼ਟੀਕੋਣ ('ਚੰਗੀ ਤਰ੍ਹਾਂ ਸੋਚੇ-ਸਮਝੇ ਤੇ ਪੱਕੀ ਤਰ੍ਹਾਂ ਗ੍ਰਹਿਣ ਕੀਤੇ') ਦੀ ਸਪੱਸ਼ਟਤਾ, ਧੁੰਦਲੀ ਤੇ ਧੁਆਂਖੀ ਗਈ ਹੈ। ਸਿਧਾਂਤਕ-ਸੇਧ ਵਿੱਚ ਸਮਾਜਕ-ਅਮਲ (ਵਿਗਿਆਨਕ) ਦੀ ਥਾਂ, ਪ੍ਰਯੋਗਵਾਦ (pragmatism) ਭਾਰੂ ਵਰਤਾਰਾ ਬਣ ਗਿਆ ਹੈ।

'ਸਮਾਜਕ-ਵਿਗਿਆਨ (ਜਮਾਤੀ-ਘੋਲ) ਨੂੰ, ਬਾਕੀ ਵਿਗਿਆਨਾਂ ਜਿੰਨੀ ਸ਼ੁੱਧਤਾ ਨਾਲ ਅਮਲ ਵਿਚ ਲਿਆਂਦਾ ਜਾ ਸਕਦਾ ਹੈ', ਇਸ ਮਾਰਕਸੀ ਕਥਨ 'ਤੇ ਧਿਆਨ ਜਾਂਦਾ ਹੀ ਨਹੀਂ ਹੈ।

ਲੈਨਿਨ ਦੀ ਚੇਤਾਵਨੀ ਕਿ "ਵਿਗਿਆਨਕ ਸਾਂਝੀਵਾਲ ਤੋਂ ਬਗੈਰ, ਪਦਾਰਥਵਾਦ ਅਧੂਰਾ,

ਇਕ-ਪਾਸੜ ਅਤੇ ਬੇਜਾਨ ਹੈ।"

["Without scientific communism, materialism is incomplete, one-sided and lifeless".(Lenin)]

ਜਦੋਂ ਕਿ ਪਦਾਰਥਵਾਦ ਅਤੇ ਪਦਾਰਥਵਾਦੀ-ਢੰਗ

ਮੁਕਤੀ-ਮਾਰਗ ਦਾ ਭਰਪੂਰ ਗਿਆਨ ਦਿੰਦਾ ਹੈ। ਜਿਸ ਬਾਰੇ ਲੈਨਿਨ ਦਾ ਹੇਠਲਾ ਕਥਨ ਵਿਸ਼ੇਸ਼ ਧਿਆਨ ਮੰਗਦਾ ਹੈ:-

'ਇਕੋ-ਇਕ ਮਾਰਕਸ ਦਾ ਦਾਰਸ਼ਨਿਕ ਪਦਾਰਥਵਾਦ ਹੀ ਹੈ, ਜਿਸ ਨੇ ਪਰੋਲਤਾਰੀਆ ਨੂੰ ਰੂਹਾਨੀ ਗੁਲਾਮੀ ਤੋਂ ਮੁਕਤੀ ਦਾ ਰਾਹ ਦਰਸਾਇਆ ਹੈ, ਜਿਸ ਵਿੱਚ ਸਭੇ ਪੀੜਤ ਜਮਾਤਾਂ ਹੁਣ ਤਕਿ ਨਿਢਾਲ ਹਨ।'

["Marx's philosophical materialism alone has shown the proletarian the way out of spiritual slavery in which all oppressed classes have hitherto languished"- (Lenin).]

# ਇਹ "ਰੂਹਾਨੀ-ਗੁਲਾਮੀ"
(spiritual-slavery) ਕੀ ਹੈ ?
# ਇਸ ਤੋਂ, 'ਮੁਕਤੀ-ਮਾਰਗ' ਕੀ ਹੈ ?
# ਮਾਰਕਸ ਦਾ ਦਾਰਸ਼ਨਿਕ ਪਦਾਰਥਵਾਦ ਹੀ ਇਕੋ-ਇਕ ਰਾਹ-ਦਸੇਰਾ ਕਿਉਂ ਹੈ ?

ਇਸ ਦਾ ਜਵਾਬ ਵੀ ਲੈਨਿਨ ਨੇ ਦਿੰਦਿਆਂ ਕਿਹਾ :

* 'ਸਰਮਾਏਦਾਰੀ ਦੇ ਆਮ ਪ੍ਰਬੰਧ ਵਿਚ ਪਰੋਲਤਾਰੀਆ ਦੀ ਸਹੀ ਸਥਿਤੀ ਸਮਝਾਉਂਦਾ ਇਕੋ-ਇਕ ਮਾਰਕਸ ਦਾ ਆਰਥਕ ਸਿਧਾਂਤ ਹੈ।'

[" Marx's economic theory alone has explained the true position of the proletariat in the general system of Capitalism."-(Lenin.)]

# ਇਹ "ਇਕੋ-ਇਕ" (Alone), 'ਮਾਰਕਸ ਦਾ ਆਰਥਕ-ਸਿਧਾਂਤ' ਹੀ, ਇਹ ਕਿਉਂ ਅਤੇ ਕੀ ਹੈ ?

ਉਪਰੋਕਤ ਤਿੰਨ ਹਵਾਲਿਆਂ ;

(1) ਦਾਰਸ਼ਨਿਕ-ਪਦਾਰਥਵਾਦ ਜੋ ਰੂਹਾਨੀ-ਗੁਲਾਮੀ 'ਚੋਂ ਨਿਕਲਣ ਦਾ ਰਾਹ-ਦਸੇਰਾ ਹੈ।

(2) ਮਾਰਕਸ ਦਾ ਆਰਥਕ-ਸਿਧਾਂਤ
ਜੋ ਪਰੋਲਤਾਰੀਏ ਦੀ ਸਹੀ ਪਹਿਚਾਣ ਅਤੇ ਸਮਾਜਕ
ਅਮਲ ਦੀ ਸੇਧ ਦਾ ਰਾਹ-ਦਸੇਰਾ ਹੈ।

(3) ਵਿਗਿਆਨਕ-ਸਾਂਝੀਵਾਲਤਾ ਜਿਸ ਬਗੈਰ ਪਦਾਰਥਵਾਦ ਅਧੂਰਾ, ਇਕ-ਪਾਸੜ ਅਤੇ ਬੇਜਾਨ ਹੈ,

ਨੇ, ਆਪਣੇ ਅੰਦਰ ਉਪਰੋਕਤ ਸਵਾਲਾਂ ਦੇ ਜਵਾਬ ਸਮੋਏ ਹੋਏ ਹਨ।

ਸਿਧਾਂਤਕ ਸਪੱਸ਼ਟਤਾ ਅਤੇ ਇਸ ਦਾ ਲਗਾਤਾਰ ਨਿਤਾਰ-ਨਿਖਾਰ ਭਾਵ, ਬਦਲਦੀਆਂ ਹਾਲਤਾਂ ਵਿਚ

"ਵਿਸ਼ਲੇਸ਼ਨ ਅਤੇ ਸੰਸਲੇਸ਼ਣ ਦੀ ਏਕਤਾ" ਦੇ ਨੇਮ ਦੀ ਕਾਰਬੰਦੀ ਸਿਖਰਲੀ ਲੋੜ ਹੁੰਦੀ ਹੈ। ਇਸ ਤੋਂ ਹਟਵੀਂ ਕੋਈ ਸੇਧ "ਮਾਰਕਸਵਾਦੀ" ਨਹੀਂ ਹੈ। ਇਹ ਜਮਾਤੀ-ਘੋਲ ਦੇ ਮੀਲ-ਪੱਥਰ ਹਨ।

ਇਸ ਸੇਧ ਤੋਂ ਭਟਕਣਾ ਅਤੇ (ਕਰਤਾ ਵੱਲੋਂ) ਆਪਣੇ ਮੁਤਾਬਕ ਅਰਥ ਭਰਨੇ, ਇਹ ਖੋਟ ਰਲਾਉਣਾ ਹੈ, ਜਿਸ ਨੂੰ ਮਾਰਕਸਵਾਦੀ ਭਾਸ਼ਾ ਵਿਚ "ਸੋਧਵਾਦ" ਸੱਦਿਆ ਜਾਂਦਾ ਹੈ।

ਕੁਦਰਤ ਵਾਂਗ, ਸਮਾਜਕ ਤਬਦੀਲੀ ਦੀਆਂ ਹਾਲਤਾਂ ਮਿਕਦਾਰੀ ਤੋਂ ਸਿਫਤੀ ਰੂਪ ਰਾਹੀਂ ਪੱਕਦੀਆਂ ਹਨ। ਹਾਲਤਾਂ ਪੱਕਣ ਤੋਂ ਪਹਿਲਾਂ ਹੀ, ਪੱਕੀਆਂ ਹਾਲਤਾਂ ਵਾਲੇ ਨਾਹਰੇ ਦੇਣਾ, ਜਾਂ ਅਮਲ ਕਰਨ ਦੀ ਕੋਸ਼ਿਸ਼ ਕਰਨਾ, ਨੂੰ ਮਾਰਕਸਵਾਦੀ ਭਾਸ਼ਾ ਵਿਚ "ਮਾਅਰਕੇਬਾਜ਼ੀ" ਸੱਦਿਆ ਜਾਂਦਾ ਹੈ। ਇਸ ਤਰ੍ਹਾਂ ਦੋਵੇਂ; 'ਸੋਧਵਾਦ' ਅਤੇ 'ਮਾਅਰਕੇਬਾਜ਼ੀ' ਕੁਰਾਹੇ (ਗਲਤ ਰਾਹ) ਹਨ। ਇਹ ਬੱਚਗਾਨਾ-ਪਣ ਐ, ਪਰਪੱਕਤਾ ਨਹੀਂ ਹੈ।

ਬੁਰਜੂਆ ਅਤੇ ਪਰੋਲਤਾਰੀਆ ਵਿਚਕਾਰ ਸੰਗਰਾਮ

ਇਕਸਾਰ ਨਹੀਂ ਚਲਦਾ, ਉਤਰਾਅ-ਚੜ੍ਹਾਅ ਆਉਂਦੇ ਹਨ, ਸਮਝੌਤੇ ਹੁੰਦੇ ਹਨ। ਜਿਸ ਵਿਚ ਲਹਿਰ ਦੇ ਵਰਤਮਾਨ ਹਿੱਤ ਭਾਰੂ ਹੁੰਦੇ ਹਨ। ਜੇ ਵਰਤਮਾਨ ਲਾਭ ਲਈ ਭਵਿੱਖ ਕੁਰਬਾਨ ਹੋਵੇ ਤਾਂ ਇਹ "ਮੌਕਾਪ੍ਰਸਤੀ" (opportunism) ਹੈ। ਜੇ ਜਾਣਦਿਆਂ, ਵਰਤਮਾਨ ਲਾਭ ਲਈ ਭਵਿੱਖ ਕੁਰਬਾਨ ਕੀਤਾ ਜਾਵੇ ਤਾਂ ਇਸ ਨੂੰ "ਇਮਾਨਦਾਰ-ਮੌਕਾਪ੍ਰਸਤੀ" ਸੱਦਿਆ ਜਾਂਦਾ ਹੈ। ਮਾਰਕਸ ਇਸ ਨੂੰ ਸਭ ਤੋਂ ਖਤਰਨਾਕ ਸੱਦਦਾ ਹੈ ( Honest opportunism is the most dangerous' -Marx)

ਉਹ ਜਿਹੜੇ ਵਿਰੋਧੀਆਂ ਦੇ ਪਰਚਾਰ; 'ਮਾਰਕਸਵਾਦ ਬੀਤੇ ਦੀ ਬਾਤ ਹੈ', ਇਹ 'ਪੁਰਾਣਾ ਸਿਧਾਂਤ ਹੈ', ਇਹ 'ਫੇਲ੍ਹ' ਹੈ, ਆਦਿ, ਹੇਠ ਆ ਜਾਂਦੇ ਹਨ, ਉਹਨਾਂ ਦੀ 'ਦਾਰਸ਼ਨਿਕ ਪਦਾਰਥਵਾਦ', 'ਆਰਥਕ-ਸਿਧਾਂਤ' ਅਤੇ 'ਵਿਗਿਆਨਕ-ਸਾਂਝੀਵਾਲਤਾ' ਬਾਰੇ ਸਮਝਦਾਰੀ ਊਣੀ-ਬੌਣੀ ਹੁੰਦੀ ਹੈ, ਜਿਸ ਨਾਲ ਵਿਚਾਰਾਂ ਦੀ ਕਿਰਿਆਸ਼ੀਲਤਾ ਦੀ ਥਾਂ, ਜੜ੍ਹਤਾ (ਖੜੋਤ) ਮੱਲ ਲੈਂਦੀ ਹੈ। ਉਹ ਪੱਛੜ ਜਾਂਦੇ ਹਨ। ਉਹ ਹਾਲਤਾਂ ਦੇ ਮੇਚ ਦੇ ਨਹੀਂ ਰਹਿੰਦੇ।

'ਕੁਝ ਤਾਂ ਕਰੋ' ਦੇ ਅੱਬੜਵਾਹ ਹੰਭਲੇ, ਸਮਾਜਕ ਬਦਲਾਓ ਵਿਚ, ਇਕ ਬਰੋਲੇ ਦੇ ਵਾਤਾਵਰਣ ਵਿੱਚ ਰੋਲ ਤੋਂ ਵੱਧ, ਕੁਝ ਨਹੀਂ ਕਰ ਪਾਉਂਦੇ। ਸੂਝ ਦੀ ਸਮਾਜਕ ਸਿਖਰ (ਫਲਸਫਾ) ਹੀ ਕੰਮ ਆਉਂਦਾ ਹੈ।

ਇਸ 'ਰਾਹ ਦਸੇਰੇ' ਤੋਂ ਭੜਕਾਉਣ ਲਈ ਸਰਮਾਏਦਾਰੀ ਆਪਣੇ ਪ੍ਰਚਾਰ ਦਾ ਸ਼ਿਕਾਰ ਬਣਾਉਂਦੀ ਹੈ; ਉਹ ਕਹਿੰਦੀ ਹੈ 'ਇਹ ਇਕੋ ਗੱਲ 'ਤੇ ਅੜੇ ਹਨ, "ਛੁਟੇਰੀ ਕੰਮ ਦਿਹਾੜੀ", ਇਹਨਾਂ ਨੂੰ ਹੋਰ ਕੁਝ ਸੁੱਝਦਾ ਹੀ ਨਹੀਂ! ਇਸ ਤਰ੍ਹਾਂ ਉਹ ਮਾਰਕਸ ਦੇ ਕਥਨ,

["ਕੰਮ ਦਿਹਾੜੀ ਦੀ ਸੀਮਾ ਉਹ ਮੁੱਢਲੀ ਸ਼ਰਤ ਹੈ, ਜਿਸ ਬਗੈਰ ਮੁਕਤੀ ਅਤੇ ਸੁਧਾਰ ਦੇ ਸਾਰੇ ਹੰਭਲੇ ਅਸਫਲ ਸਿੱਧ ਹੋਣਗੇ" (ਦਾਸ ਕੈਪੀਟਲ, ਸਫਾ....), ਦੀ ਖਿੱਲੀ ਉਡਾਉਣ ਦੀ ਕੋਸ਼ਿਸ਼ ਕਰਦੇ ਹਨ।

ਉਹਨਾਂ ਦੇ ਪ੍ਰਚਾਰ ਦੇ ਡੰਗੇ ਕੁਝ 'ਖੱਬੇ ਪੱਖੀ' ਵੀ ਮਿਲ ਜਾਂਦੇ ਹਨ, ਜੋ ਕਹਿੰਦੇ ਨੇ, "ਬਸ ਇਹੀ ਮਾਰਕਸਵਾਦ ਹੈ?" ਉਹ ਚਲਾਕ ਬਣਨ ਦੀ ਕੋਸ਼ਿਸ਼ ਕਰਦੇ ਹਨ। ਇਹੀ 'ਚਲਾਕੀ' ਉਹਨਾਂ ਨੂੰ ਪਦਾਰਥਵਾਦ ਦੇ ਵਿਰੋਧ ਵਿੱਚ ਖੜਾ ਕਰ ਦਿੰਦੀ ਹੈ। ਜਿਸ ਬਗੈਰ 'ਮਾਰਕਸਵਾਦ', ਮਾਰਕਸਵਾਦ ਨਹੀਂ ਬਚਦਾ! ਉਹ ਭੁੱਲ ਜਾਂਦੇ ਹਨ ਕਿ "ਇਕੋ ਗੱਲ" ਵਾਦ ਬਦਲ ਦਿੰਦੀ ਹੈ। ਉਦਾਹਰਨ ਵਜੋਂ ਪਦਾਰਥਵਾਦ ਅਤੇ ਵਿਚਾਰਵਾਦ ਵਿਚ "ਇਕੋ ਗੱਲ"

ਦਾ ਅੰਤਰ ਹੈ : ਪਦਾਰਥ ਮੁੱਢਲਾ ਹੈ ? ਜਾਂ

ਵਿਚਾਰ ਮੁੱਢਲਾ ਹੈ? ਜਿਵੇਂ ਪਦਾਰਥਕ-ਹਰਕਤ ਦਾ ਹਰ ਰੂਪ "ਪਦਾਰਥਵਾਦ" ਹੈ।

ਇਵੇਂ ਮੁੱਖ ਵਿਰੋਧਤਾਈ ਦੇ ਹੱਲ ਦਾ ਸਵਾਲ ਹੈ ; ਸਿਵਾਏ ਇਸ ਇਕੋ "ਛੁਟੇਰੀ ਕੰਮ ਦਿਹਾੜੀ" ਦੇ, "ਉਜਰਤੀ-ਗੁਲਾਮੀ" ਦੇ ਖਾਤਮੇ ਦਾ, ਹੋਰ ਰਾਹ ਕੀ ਹੈ? ਇਹੀ ਰਾਹ ਵਿਗਿਆਨਕ ਸਾਂਝੀਵਾਲਤਾ ਵੱਲ

ਵਿਕਸਤ ਹੁੰਦਾ ਹੈ। 'ਮੁੱਲ ਦਾ ਕਿਰਤ ਸਿਧਾਂਤ'

(Labour-theory of value) ਦੀ ਵਿਗਿਆਨਕ ਸਮਝਦਾਰੀ ਬਗੈਰ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ' ਦਾ ਖਾਤਮ ਸੰਭਵ ਹੀ ਨਹੀਂ ਹੈ।

ਇਸ ਬਗੈਰ ਵਸਤੂ (goods) ਅਤੇ ਜਿਣਸ (Commodity) ਦਾ ਅੰਤਰ ਕਰਨਾ ਅਸੰਭਵ ਹੈ।

ਜਦੋਂ ਇਸ ਨੇਮ ਨੂੰ ਸੰਖੇਪ ਕਰਕੇ ਕੇਵਲ 'ਲੇਬਰ-ਥਿਊਰੀ' ਕਰ ਦਿੱਤਾ ਜਾਂਦਾ ਹੈ ਤਾਂ ਭੁਲਾਂਦਰਾਵਾਦ ਦੀ ਸੰਭਾਵਨਾ ਵੀ ਬਣ ਜਾਂਦੀ ਹੈ। ਮਹਾਨ ਮਨੁੱਖੀ ਅਧਿਕਾਰ ਪੱਤਰ (ਮੰਗ-ਚਾਰਟਰ) ਦੀ ਥਾਂ ਇਸ (ਛੁਟੇਰੀ ਕੰਮ ਦਿਹਾੜੀ) ਇਕੋ ਨੂੰ ਮਾਰਕਸ ਮਾਨਤਾ ਕਿਉਂ ਦਿੰਦਾ ਹੈ? ਕਿਉਂਕਿ ਇਸ ਅਮਲ ਬਗੈਰ ਬਦਲਾਓ ਸੰਭਵ ਹੀ ਨਹੀਂ ਹੈ!

(ਚਲਦਾ)

ਸੰਪਰਕ : 94174-09216

# ਸਿੱਖਿਆ ਜੀਵਨ ਸਰੋਕਾਰਾਂ ਦੀ ਹਾਣੀ ਹੋਵੇ

**ਗੁਰਬਿੰਦਰ ਸਿੰਘ ਮਾਣਕ**

ਮਨੁੱਖੀ ਜੀਵਨ ਵਿਚ ਸਿੱਖਿਆ ਦੇ ਮਹੱਤਵ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਸਿੱਖਿਆ ਕੇਵਲ ਕਿਸੇ ਨੌਕਰੀ ਦੀ ਪ੍ਰਾਪਤੀ ਲਈ ਹੀ ਨਹੀਂ ਹੁੰਦੀ, ਸਗੋਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਜੁੜੇ ਵਿਸ਼ਾਲ ਅਰਥਾਂ ਵਿਚ ਸਿੱਖਿਆ ਦੀ ਸਾਰਥਿਕਤਾ ਬਹੁਤ ਡੂੰਘੇਰੀ ਹੈ। ਜ਼ਿੰਦਗੀ ਨੂੰ ਸੁਚੱਜਤਾ ਨਾਲ ਜਿਊਣ ਲਈ, ਮਨੁੱਖੀ ਸਮਝ ਨੂੰ ਪਕੇਰਾ ਕਰਨ ਲਈ, ਸਿੱਖਿਆ ਇਕ ਚਾਨਣ-ਮੁਨਾਰੇ ਦਾ ਕੰਮ ਕਰਦੀ ਹੈ। ਸਿੱਖਿਆ ਦਾ ਮੂਲ-ਮਕਸਦ ਕਿਸੇ ਬੱਚੇ ਦੇ ਜੀਵਨ ਦਾ ਸਰਬਪੱਖੀ ਵਿਕਾਸ ਕਰਨਾ ਹੈ। ਨਿਸਚਤ ਪਾਠ-ਕ੍ਰਮ ਦੀਆਂ ਕਿਤਾਬਾਂ ਪੜ੍ਹ ਕੇ ਪ੍ਰੀਖਿਆ ਪਾਸ ਕਰਨ ਦੇ ਨਾਲ-ਨਾਲ ਬੱਚੇ ਦੇ ਅੰਦਰ ਛੁਪੀਆਂ ਕਲਾਤਮਿਕ ਸੰਭਾਵਨਾਵਾਂ ਨੂੰ ਪ੍ਰਗਟ ਕਰਨਾ ਵੀ ਸਿੱਖਿਆ ਦੇ ਗੁਣਾਤਮਿਕ ਉਦੇਸ਼ਾਂ ਵਿਚ ਸ਼ਾਮਲ ਹੈ। ਮਨੋਵਿਗਿਆਨੀਆਂ ਤੇ ਸਿੱਖਿਆ ਮਾਹਿਰਾਂ ਦੀ ਰਾਏ ਹੈ ਕਿ ਹਰ ਬੱਚੇ ਵਿਚ ਕੋਈ ਅਜਿਹਾ ਵਿਲੱਖਣ ਗੁਣ ਜ਼ਰੂਰ ਛੁਪਿਆ ਹੁੰਦਾ ਹੈ, ਜੋ ਉਸ ਨੂੰ ਦੂਜਿਆਂ ਨਾਲੋਂ ਵਖਰਿਆਉਂਦਾ ਹੈ। ਬੱਚੇ ਅੰਦਰ ਛੁਪੇ ਅਜਿਹੇ ਗੁਣ ਦੀ ਜੇਕਰ ਮਾਪੇ ਜਾਂ ਅਧਿਆਪਕ, ਬਚਪਨ ਵਿਚ ਹੀ ਥਾਹ ਪਾ ਲੈਣ ਤਾਂ ਇਕ ਕਲਾਤਮਿਕ ਪ੍ਰਤਿਭਾ ਉਜਾਗਰ ਹੋਣ ਦੀ ਪੂਰੀ ਸੰਭਾਵਨਾ ਹੁੰਦੀ ਹੈ।

ਅਜੋਕੀ ਸਿੱਖਿਆ ਪ੍ਰਣਾਲੀ ਵਿਚ ਬਹੁਤ ਕੁਝ ਅਜਿਹਾ ਹੈ, ਜੋ ਕਿਸੇ ਵੀ ਤਰ੍ਹਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਵਾਬਸਤਾ ਨਹੀਂ ਹੈ। ਕਈ-ਕਈ ਵਿਸ਼ਿਆਂ ਦੇ ਲੰਮੇ-ਚੌੜੇ, ਗੈਰ-ਵਿਗਿਆਨਕ, ਉਕਾਊ ਤੇ ਨੀਰਸ ਪਾਠਕ੍ਰਮ, ਬੱਚੇ ਦਾ ਤੀਜਾ ਨੇਤਰ ਖੋਲ੍ਹਣ ਦੀ ਥਾਂ, ਹੌਲੀ ਹੌਲੀ ਬੱਚੇ ਦੇ ਅੰਦਰਲੀ ਮੌਲਿਕਤਾ ਨੂੰ ਨਸ਼ਟ ਕਰ ਦਿੰਦੇ ਹਨ। ਮੁਕਾਬਲੇ ਦੇ ਯੁੱਗ ਦਾ ਡਰਾਵਾ ਹਰ ਵਿਸ਼ੇ ਵਿੱਚੋਂ ਪੂਰੇ ਦੇ ਪੂਰੇ ਨੰਬਰ ਪ੍ਰਾਪਤ ਕਰਨ ਦੀਆਂ ਨਸੀਹਤਾਂ ਤੇ ਦਬਾਅ, ਬੱਚੇ ਦੇ ਕਿਸੇ ਸ਼ੌਕ ਜਾਂ ਚੰਗੇ ਗੁਣ ਪ੍ਰਤੀ ਨਿਰਾਰਥਕ ਰਵੱਈਆ ਤੇ ਬੱਚੇ ਦਾ ਕਿਸੇ ਹੋਰ ਬੱਚੇ ਨਾਲ ਮੁਕਾਬਲਾ ਕਰਦੇ ਰਹਿਣ ਦੀ ਨੀਤੀ ਬੱਚੇ ਦੇ ਮਨ-ਮਸਤਕ ਵਿਚ ਕਈ ਵਿਗਾੜ ਪੈਦਾ ਕਰ ਦਿੰਦੀ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਬੱਚੇ ਦੇ ਮਨ ਵਿਚ ਇਕ ਖਲਾਅ ਪੈਦਾ ਹੋ ਜਾਂਦਾ ਹੈ ਤੇ ਕੁਝ ਵੀ ਸਿੱਖਣ ਤੋਂ ਉਸ ਦਾ ਮਨ ਉਚਾਟ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਅੰਦਰੋਂ ਖੋਖਲੇ ਸਿੱਖਿਆ ਪ੍ਰਬੰਧ ਵਿਚ ਡਾਕਟਰ, ਵਿਗਿਆਨੀ ਤੇ ਇੰਜੀਨੀਅਰ ਤਾਂ ਜ਼ਰੂਰ 'ਬਣਾਏ' ਜਾ ਰਹੇ ਹਨ, ਪਰ ਚੰਗੇ ਗੁਣਾਂ ਵਾਲੇ ਸਾਲਮ-ਸਬੂਤੇ ਇਨਸਾਨ ਪੈਦਾ ਕਰਨ ਤੋਂ ਅਜੋਕੀ ਸਿੱਖਿਆ ਪੂਰੀ ਤਰ੍ਹਾਂ ਅਸਮਰੱਥ ਹੈ। ਪੜ੍ਹਾਏ ਜਾ ਰਹੇ ਸਿਲੇਬਸ ਤੇ ਪ੍ਰੀਖਿਆਵਾਂ ਨੂੰ ਹਊਆ ਬਣਾ ਦੇਣ ਦੇ ਸਿੱਟੇ ਵਜੋਂ ਬੱਚੇ ਅੰਦਰ ਸਹਿਜ ਰੂਪ ਵਿਚ ਕੁਝ ਸਿੱਖਣ ਦੀ ਚਿਣਗ ਪੈਦਾ ਨਹੀਂ ਹੁੰਦੀ। ਇਸ ਦੇ ਉਲਟ ਪੜ੍ਹਨ-ਪੜ੍ਹਾਉਣ ਦੀ ਸਾਰੀ ਪ੍ਰਕਿਰਿਆ ਸਗੋਂ ਬੱਚੇ ਦੇ ਕੁਦਰਤੀ ਗੁਣਾਂ ਨੂੰ ਖੁੰਢਾ ਕਰਨ ਵਿਚ ਸਹਾਈ ਹੁੰਦੀ ਹੈ।

ਪੜ੍ਹਾਏ ਜਾ ਰਹੇ ਪਾਠਕ੍ਰਮ ਦਾ ਬਹੁਤ ਹਿੱਸਾ, ਵੱਡੀ ਗਿਣਤੀ ਵਿਚ ਬੱਚਿਆਂ ਦੇ ਸਿਰਾਂ ਉੱਤੋਂ ਦੀ ਲੰਘ ਜਾਂਦਾ ਹੈ। ਕੁਝ ਵਿਦਿਆਰਥੀ ਘੋਟਾ ਲਾ ਕੇ ਪ੍ਰੀਖਿਆ ਪਾਸ ਕਰਨ ਵਿਚ ਤਾਂ ਜ਼ਰੂਰ ਸਫਲ ਹੋ ਜਾਂਦੇ ਹਨ, ਪਰ ਛੇਤੀ ਹੀ ਇਹ ਸਭ ਕੁਝ ਉਨ੍ਹਾਂ ਦੇ ਚੇਤਿਆਂ ਵਿੱਚੋਂ ਕਿਰ ਜਾਂਦਾ ਹੈ। ਸੂਝ-ਸਮਝ ਨਾਲ ਕਿਸੇ ਵਿਸ਼ੇ ਜਾਂ ਵਿਚਾਰ ਨੂੰ ਆਤਮਸਾਤ ਕਰਨਾ ਹੋਰ ਗੱਲ ਹੈ ਤੇ ਪ੍ਰੀਖਿਆ ਪਾਸ ਕਰਨੀ ਹੋਰ ਗੱਲ ਹੈ। ਇਸੇ ਕਾਰਨ ਹੀ ਕਈ ਸਿੱਖਿਆ ਮਾਹਿਰ ਵਿਦਿਆਰਥੀ ਦੀ ਸਾਰੇ ਸਾਲ ਦੀ ਲਿਆਕਤ ਪਰਖਣ ਦੀ ਵਿਧੀ ਨੂੰ ਵੀ ਬੇਹੱਦ ਦੋਸ਼ਪੂਰਨ ਮੰਨਦੇ ਹਨ। ਕਿਸੇ ਵਿਸ਼ੇ ਦੇ ਵਿਸ਼ਾਲ ਪਾਠਕ੍ਰਮ ਨੂੰ ਕੇਵਲ ਤਿੰਨ ਘੰਟਿਆਂ ਦੇ ਸਮੇਂ ਵਿਚ ਸਮੇਟ ਕੇ ਕਿਸੇ ਬੱਚੇ ਦੀ ਸੂਝ-ਸਮਝ ਦੀ ਪਰਖ ਕਰਨੀ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਕਹੀ ਜਾ ਸਕਦੀ। ਕਈ ਵਾਰ ਇਹ ਵਿਦਿਆਰਥੀਆਂ ਲਈ ਜੂਆ ਬਣ ਜਾਂਦੀ ਹੈ। ਵਿਸ਼ਾਲ ਸਿਲੇਬਸ ਵਿੱਚੋਂ ਪ੍ਰੀਖਿਆ ਦੀ ਤਿਆਰੀ ਕਰਦਿਆਂ ਜੇ ਵਿਦਿਆਰਥੀ ਨੂੰ ਚੰਗੇ ਤਿਆਰ ਕੀਤੇ ਪ੍ਰਸ਼ਨ ਆ ਜਾਣ ਤਾਂ ਉਸ ਦਾ ਬੇੜਾ ਪਾਰ ਹੋ ਜਾਂਦਾ ਹੈ, ਪਰ ਜੇਕਰ ਉਹ ਕੁਝ ਟੌਪਿਕ ਸਤਹੀ ਪੱਧਰ 'ਤੇ ਹੀ ਪੜ੍ਹਦਾ ਹੈ ਤਾਂ ਪ੍ਰਸ਼ਨ-ਪੱਤਰ ਵਿਚ ਉਸ ਟੌਪਿਕ ਵਿੱਚੋਂ ਆਏ ਪ੍ਰਸ਼ਨਾਂ ਨੂੰ ਚੰਗੀ ਤਰ੍ਹਾਂ ਹੱਲ ਕਰਨ ਤੋਂ ਅਸਮਰੱਥ ਹੋਵੇਗਾ। ਇਕ ਬੱਚਾ ਸਾਰਾ ਸਾਲ ਪੜ੍ਹਨ ਦੇ ਬਾਵਜੂਦ ਚੰਗੀ ਕਾਰਗੁਜ਼ਾਰੀ ਨਹੀਂ ਦਿਖਾਉਂਦਾ, ਜਦੋਂ ਕਿ ਦੂਜਾ ਕੁਝ ਸਮਾਂ ਪੜ੍ਹ ਕੇ ਹੀ ਸਫਲਤਾ ਪ੍ਰਾਪਤ ਕਰ ਲੈਂਦਾ ਹੈ। ਸਾਰੇ ਬੱਚਿਆਂ ਦੀ ਸਿੱਖਣ ਦੀ ਰੁਚੀ, ਸੂਝ-ਸਮਝ ਦਾ ਪੱਧਰ ਤੇ ਸ਼ੌਕ ਇਕੋ ਜਿਹੇ ਨਹੀਂ ਹੋ ਸਕਦੇ। ਹਰ ਵਿਦਿਆਰਥੀ ਦੂਜੇ ਤੋਂ ਵੱਖਰਾ ਹੈ। ਉਂਜ ਸਿੱਖਿਆ ਕੋਈ ਕਲਾਸ-ਰੂਮ ਤੱਕ ਹੀ ਸੀਮਤ ਨਹੀਂ ਹੁੰਦੀ, ਇਹ ਜੀਵਨ ਵਿਚ ਵਿਚਰਦਿਆਂ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ। ਜ਼ਿੰਦਗੀ ਵਿਚ ਵਿਚਰਦਿਆਂ ਬਹੁਤ ਕੁੱਝ ਜਾਨਣ, ਸਮਝਣ ਤੇ ਸਿੱਖਣ ਦਾ



ਮੌਕਾ ਮਿਲਦਾ ਹੈ, ਬਸ਼ਰਤੇ ਸਿਖਿਆਰਥੀ ਦੇ ਮਨ ਵਿਚ ਅਧਿਆਪਕ ਨੇ ਸਿੱਖਣ ਦੀ ਜਗਿਆਸਾ ਪੈਦਾ ਕਰ ਦਿੱਤੀ ਹੋਵੇ।

ਸਮਾਜਿਕ, ਆਰਥਿਕ ਰੂਪ ਵਿਚ ਵੀ ਹਰ ਵਿਦਿਆਰਥੀ ਦੀ ਸਥਿਤੀ ਵੱਖਰੀ-ਵੱਖਰੀ ਹੈ। ਪਰਵਾਰ ਦੀ ਮਾੜੀ ਆਰਥਿਕਤਾ ਕਾਰਨ ਕੁਝ ਬੱਚਿਆਂ ਨੂੰ ਘਰ ਦੇ ਕੰਮਾਂ ਵਿਚ ਵੀ ਹੱਥ ਵਟਾਉਣਾ ਪੈਂਦਾ ਹੈ। ਇਸ ਤਰ੍ਹਾਂ ਪੜ੍ਹਾਈ ਨਾਲ ਉਨ੍ਹਾਂ ਦਾ ਨਾਤਾ ਲਗਾਤਾਰ ਨਹੀਂ ਜੁੜਦਾ। ਇਸ ਤਰ੍ਹਾਂ ਵਿੱਦਿਆ ਦਾ ਅਸਲੀ ਉਦੇਸ਼ ਪੂਰਾ ਨਹੀਂ ਹੋ ਰਿਹਾ ਤੇ ਅਸੀਂ ਹਰ ਸਾਲ ਬੱਚਿਆਂ ਨੂੰ ਵੱਖ-ਵੱਖ ਸ਼੍ਰੇਣੀਆਂ ਪਾਸ ਕਰਨ ਦੇ ਸਰਟੀਫਿਕੇਟ ਦੇਈ ਜਾ ਰਹੇ ਹਾਂ। ਸਕੂਲਾਂ-ਕਾਲਜਾਂ ਤੇ ਹੋਰ ਸਿੱਖਿਆ ਸੰਸਥਾਵਾਂ ਵਿੱਚੋਂ ਨਿਕਲਣ ਪਿੱਛੋਂ, ਜਦੋਂ ਇਨ੍ਹਾਂ ਵਿਦਿਆਰਥੀਆਂ ਨੂੰ ਜੀਵਨ ਦੇ ਯਥਾਰਥ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਜੀਵਨ ਦੀ ਦੌੜ ਵਿਚ ਬਹੁਤ ਪੱਛੜ ਜਾਂਦੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਅਜੋਕਾ 'ਪੜ੍ਹਿਆ-ਲਿਖਿਆ' ਨੌਜਵਾਨ ਇਸ ਸਿੱਖਿਆ ਪ੍ਰਣਾਲੀ ਦਾ ਇਸ ਕਦਰ ਸ਼ਿਕਾਰ ਹੋ ਚੁੱਕਾ ਹੈ ਕਿ ਉਹ ਕੋਈ ਵੀ ਕੰਮ ਕਰਨ ਦੇ ਯੋਗ ਨਹੀਂ ਰਹਿੰਦਾ। ਹਜ਼ਾਰਾਂ ਨੌਜਵਾਨ ਹਰ ਸਾਲ ਡਿਗਰੀਆਂ ਪ੍ਰਾਪਤ ਕਰਕੇ ਵੀ, ਬੇਰੁਜ਼ਗਾਰੀ ਦੀ ਲਗਾਤਾਰ ਲੰਮੀ ਹੋ ਰਹੀ ਕਤਾਰ ਵਿਚ ਸ਼ਾਮਲ ਹੋਈ ਜਾ ਰਹੇ ਹਨ। ਆਪਣੇ ਇਤਿਹਾਸ, ਸਾਹਿਤ ਤੇ ਵਿਰਸੇ ਦੀਆਂ ਜੀਵੰਤ ਤੇ ਪ੍ਰੇਰਨਾਮਈ ਕਹਾਣੀਆਂ ਨਾ ਤਾਂ ਪਾਠਕ੍ਰਮ ਦਾ ਹਿੱਸਾ ਹਨ ਤੇ ਨਾ ਹੀ ਸਕੂਲ ਪਾਠਕ੍ਰਮ ਤੋਂ ਬਿਨਾਂ ਹੋਰ ਪੁਸਤਕਾਂ ਪੜ੍ਹਨ ਦੀ ਬਹੁਤੀ ਰੁਚੀ ਹੈ। ਜਿੱਥੇ ਕੋਈ ਅਧਿਆਪਕ ਆਪ ਪੁਸਤਕਾਂ ਵਿਚ ਰੁਚੀ ਰੱਖਦਾ ਹੈ, ਉਹ ਤਾਂ ਬੱਚਿਆਂ ਨੂੰ ਹੋਰ ਪੁਸਤਕਾਂ ਪੜ੍ਹਨ ਦੀ ਚੇਟਕ ਲਾਉਣ ਵਿਚ ਕਾਮਯਾਬ ਹੋ ਜਾਂਦਾ ਹੈ। ਬੱਚਿਆਂ ਵਿਚ ਨਰੋਈਆਂ ਸੋਚਾਂ ਤੇ ਸਿਰਜਣਾਤਮਿਕ ਰੁਚੀਆਂ ਪੈਦਾ ਕਰਨ ਵਿਚ ਪੁਸਤਕਾਂ ਦੀ ਅਹਿਮ ਭੂਮਿਕਾ ਹੈ।

ਇਹ ਕਿਹੋ ਜਿਹੀ ਸਿੱਖਿਆ ਹੈ, ਜਿਹੜੀ ਵਿਦਿਆਰਥੀ ਦੇ ਮਨ ਵਿਚ ਘੱਟ ਨੰਬਰ ਆਉਣ ਜਾਂ ਅਸਫਲ ਹੋਣ ਦੀ ਸੂਰਤ ਵਿਚ ਅਜਿਹੀ ਗਹਿਰੀ ਮਾਨਸਿਕ ਪਰੇਸ਼ਾਨੀ ਪੈਦਾ ਕਰ ਦਿੰਦੀ ਹੈ ਕਿ ਉਹ ਇਸ ਨਿਗੂਣੀ ਜਿਹੀ ਗੱਲ ਬਦਲੇ ਹੀ ਜ਼ਿੰਦਗੀ ਤੋਂ ਉਕਤਾਅ ਜਾਂਦਾ ਹੈ ਤੇ ਖੁਦਕੁਸ਼ੀ ਦੇ ਰਾਹ ਤੁਰ ਪੈਂਦਾ ਹੈ। ਅਜੋਕੀ ਸਿੱਖਿਆ ਵਿਚ ਬੱਚੇ ਦੀ ਸੂਝ-ਬੂਝ ਤੇ ਲਿਆਕਤ ਦਾ ਮਿਆਰ ਕੇਵਲ ਤੇ ਕੇਵਲ ਨੰਬਰਾਂ ਦੀ ਖੇਡ ਨਾਲ ਹੀ ਜੋੜ ਦਿੱਤਾ ਗਿਆ ਹੈ। ਘੱਟ ਨੰਬਰ ਪ੍ਰਾਪਤ ਕਰਨ ਵਾਲਾ ਬੱਚਾ ਮਾਪਿਆਂ, ਅਧਿਆਪਕਾਂ ਤੇ ਸਮਾਜ ਦੇ ਵਤੀਰੇ ਵਿੱਚੋਂ ਆਪਣੇ ਨਲਾਇਕ ਹੋਣ ਦੇ ਤਾਅਨੇ ਸੁਣ ਕੇ ਘਟੀਆਪਨ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਘੱਟ ਨੰਬਰ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਨਲਾਇਕ ਹੀ ਹੋਵੇ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਹੁਣ ਵਿਦਿਆਰਥੀ ਸੌ ਪ੍ਰਤੀਸ਼ਤ, ਨੜਿਨਵੇਂ ਪ੍ਰਤੀਸ਼ਤ ਨੰਬਰ ਲੈ ਕੇ ਸਫਲਤਾ ਦੇ ਝੰਡੇ ਗੱਡ ਰਹੇ ਹਨ। ਕਈ ਵਾਰ ਤਾਂ ਨੱਬੇ, ਪਚੰਨਵੇਂ ਪ੍ਰਤੀਸ਼ਤ ਨੰਬਰ ਪ੍ਰਾਪਤ ਕਰਨ ਵਾਲਾ ਵੀ 'ਘੱਟ' ਨੰਬਰ ਆਉਣ ਕਾਰਨ ਨਿਰਾਸ਼ਾ ਪ੍ਰਗਟ ਕਰਦਾ ਹੈ। ਉੱਚੀਆਂ ਮੰਜ਼ਲਾਂ ਹਾਸਲ ਕਰਨ ਵਾਲੇ ਅਨੇਕਾਂ ਨਾਮਵਰ ਵਿਅਕਤੀ ਅਜਿਹੇ ਹਨ, ਜਿਨ੍ਹਾਂ ਨੇ ਸਕੂਲੀ ਤੇ ਅਗਲੇਰੀ ਸਿੱਖਿਆ ਵਿੱਚੋਂ ਬਹੁਤ ਥੋੜ੍ਹੇ ਅੰਕ ਪ੍ਰਾਪਤ ਕੀਤੇ, ਪਰ ਜੀਵਨ-ਮਾਰਗ ਤੇ ਉਨ੍ਹਾਂ ਨੇ ਸਫਲਤਾ ਦੇ ਝੰਡੇ ਗੱਡੇ।

ਬਹੁਤਾ ਜ਼ੋਰ ਨਿਸ਼ਚਿਤ ਪਾਠ-ਕ੍ਰਮ ਨੂੰ ਪੜ੍ਹਾਉਣ 'ਤੇ ਹੀ ਲਾਇਆ ਜਾ ਰਿਹਾ ਹੈ। ਜੇ ਕਿਸੇ ਦੇ ਮਨ ਵਿਚ ਆਲੇ-ਦੁਆਲੇ ਵਿਚ ਵਾਪਰ ਰਹੀਆਂ ਗੱਲਾਂ ਬਾਰੇ ਕੋਈ ਚੇਤਨਾ ਪੈਦਾ ਨਹੀਂ ਹੁੰਦੀ ਤਾਂ ਪੜ੍ਹਾਈ ਜਾ ਰਹੀ ਸਿੱਖਿਆ ਕਿਹੜੇ ਅਰਥ ਹੈ। ਸੱਚਾਈ, ਇਮਾਨਦਾਰੀ, ਸਹਿਣਸ਼ੀਲਤਾ, ਦਇਆ, ਜ਼ਿੰਮੇਵਾਰੀ ਦੀ ਭਾਵਨਾ, ਵਾਤਾਵਰਣ ਦੀ ਸੰਭਾਲ, ਕਿਤੇ ਵੀ ਕੁਝ ਗਲਤ ਹੋ ਰਹੇ ਪ੍ਰਤੀ ਸਵਾਲ ਕਰਨਾ, ਭਰੂਣ-ਹੱਤਿਆ ਪ੍ਰਤੀ ਜਾਗਰਤੀ, ਨਸ਼ਿਆਂ ਦੇ ਕੋਹੜ ਪ੍ਰਤੀ ਚੇਤੰਨਤਾ, ਔਰਤਾਂ ਨੂੰ ਸਤਿਕਾਰ ਦੇਣਾ ਤੇ ਅਨੇਕਾਂ ਹੋਰ ਅਜਿਹੇ ਮਸਲੇ ਹਨ, ਜਿਨ੍ਹਾਂ ਨੇ ਪੂਰੇ ਸਮਾਜ ਨੂੰ ਜਕੜਿਆ ਹੋਇਆ ਹੈ। ਜਿਹੜੀ ਸਿੱਖਿਆ ਪ੍ਰਣਾਲੀ ਕਿਸੇ ਨੌਜਵਾਨ ਨੂੰ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਜੂਝਣ ਦੀ ਸਿੱਖਿਆ ਨਹੀਂ ਦਿੰਦੀ, ਉਸ ਦੇ ਵਿਵਹਾਰ ਵਿਚ ਕੋਈ ਸਾਰਥਿਕ ਤਬਦੀਲੀ ਨਹੀਂ ਲਿਆਉਂਦੀ, ਉਸ ਨੂੰ ਬਦਲ ਦੇਣਾ ਸਮੇਂ ਦੀ ਲੋੜ ਹੈ। ਸਿੱਖਿਆ, ਜੀਵਨ ਦੇ ਹਰ ਕਾਰਜ ਦੀ ਬੁਨਿਆਦ ਹੈ, ਇਸ ਪ੍ਰਤੀ ਗੰਭੀਰ ਹੋਣਾ ਬੇਹੱਦ ਜ਼ਰੂਰੀ ਹੈ। ਸਾਡੀਆਂ ਬਹੁਤੀਆਂ ਸਮੱਸਿਆਵਾਂ ਦਾ ਬੁਨਿਆਦੀ ਕਾਰਨ ਅਜੋਕੀ ਸਿੱਖਿਆ ਪ੍ਰਣਾਲੀ ਹੀ ਹੈ।

ਸੰਪਰਕ-98153-56086

# ਲੀਡਰਾਂ ਨੇ ਪੈਦਾ ਕੀਤੀ ਹੈ 'ਕੋਈ ਲੀਡਰ ਭਰੋਸੇ ਦੇ ਯੋਗ ਨਹੀਂ' ਵਾਲੀ ਆਮ ਲੋਕਾਂ ਦੀ ਮਾਨਸਿਕਤਾ

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਬਹੁਤੀ ਸਮਝ ਦਾ ਦਾਅਵਾ ਕਰਨ ਜੋਗਾ ਤਾਂ ਇਨ੍ਹਾਂ ਸਤਰਾਂ ਦਾ ਲੇਖਕ ਉਮਰ ਦੇ ਸੱਤਵਾਂ ਦਹਾਕਾ ਟੱਪਣ ਲਾਗੇ ਵੀ ਨਹੀਂ ਹੋਇਆ, ਪਰ ਕੱਚੀ ਮੁੱਛ-ਫੁੱਟ ਉਮਰ ਦੇ ਵਕਤ ਦੀ ਇੱਕ ਗੱਲ ਕਈ ਵਾਰ ਯਾਦ ਆਉਂਦੀ ਹੈ। ਉਨ੍ਹੀਂ ਦਿਨੀਂ ਇੱਕ ਵਾਰੀ ਇੱਕ ਵਿਦਿਆਰਥੀ ਜਥੇਬੰਦੀ ਨੇ ਸਾਡੇ ਵਰਗੇ ਜਵਾਕਾਂ ਲਈ ਇੱਕ ਸਟੱਡੀ ਸਰਕਲ ਲਵਾਇਆ ਸੀ ਤੇ ਉਸ ਵਿੱਚ ਇੱਕ ਘੱਟ ਪੜ੍ਹੇ ਤੇ ਵੱਧ ਗੁੜ੍ਹੇ ਆਗੂ ਨੇ ਸਾਨੂੰ ਸਮਾਜ ਦੇ ਵਰਤਾਰੇ ਸਮਝਾਉਣ ਦਾ ਯਤਨ ਕੀਤਾ ਸੀ। ਉਹ ਜਦੋਂ ਸਭ ਕੁਝ ਦੱਸ ਚੁੱਕਾ ਤਾਂ ਭਾਰਤ ਦੇ ਭਵਿੱਖ ਲਈ ਕਮਿਊਨਿਸਟ ਯੁੱਗ ਬਾਰੇ ਦੱਸਦੇ ਹੋਏ ਕਹਿਣ ਲੱਗਾ ਕਿ ਸਾਰਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਤਬਦੀਲੀ ਸੌਖੀ ਨਹੀਂ ਆਉਂਦੀ, ਹਰ ਨਵਾਂ ਪ੍ਰਬੰਧ ਪਹਿਲੇ ਦੀ ਕਬਰ ਉੱਤੇ ਪੈਰ ਰੱਖਣ ਪਿੱਛੋਂ ਕਾਮਯਾਬ ਹੁੰਦਾ ਹੈ। ਉਸ ਨੇ ਦੱਸਿਆ ਸੀ ਕਿ ਜਦੋਂ ਗੁਲਾਮਾਂ ਦੇ ਯੁੱਗ ਦਾ ਅੰਤ ਹੋਇਆ ਸੀ ਤਾਂ ਉਸ ਦੀ ਥਾਂ ਆਏ ਜਗੀਰੂ ਪ੍ਰਬੰਧ ਨੇ ਗੁਲਾਮਦਾਰੀ ਦੇ ਮੋਹਰੀਆਂ ਨੂੰ ਖੂੰਜੇ ਲਾ ਦਿੱਤਾ ਸੀ, ਕਈ ਤਾਂ ਮਾਰੇ ਵੀ ਗਏ ਸਨ ਤੇ ਜਦੋਂ ਜਗੀਰੂ ਯੁੱਗ ਦੀ ਥਾਂ ਪੂੰਜੀਪਤੀ ਯੁੱਗ ਆਇਆ ਤਾਂ ਉਨ੍ਹਾਂ ਇਹੋ ਕੁਝ ਜਗੀਰਦਾਰਾਂ ਅਤੇ ਨਵਾਬਾਂ ਨਾਲ ਕੀਤਾ ਸੀ। ਅਸਲ ਵਿੱਚ ਇਹ ਇੱਕ ਲੋੜ ਸੀ, ਜਦੋਂ ਵੀ ਕੋਈ ਨਵਾਂ ਆਉਂਦਾ ਹੈ, ਉਹ ਪਹਿਲੇ ਨੂੰ ਰੱਦ ਕੀਤੇ ਤੇ ਤਹਿਸ-ਨਹਿਸ ਕੀਤੇ ਬਿਨਾਂ ਅੱਗੇ ਨਹੀਂ ਵਧ ਸਕਦਾ। ਸਟੋਵ ਚੁੱਲ੍ਹੇ ਦੀ ਕਬਰ ਉੱਤੇ ਜੰਮਿਆ ਸੀ, ਹੀਟਰ ਨੇ ਸਟੋਵ ਦੇ ਸਿਵਿਆਂ ਦੇ ਸੇਕ ਨਾਲ ਗਰਮ ਹੋਣਾ ਹੈ, ਉਸੇ ਤਰ੍ਹਾਂ ਕਦੇ ਕੋਈ ਨਵਾਂ ਪ੍ਰਬੰਧ ਏਦਾਂ ਕੀਤੇ ਬਗੈਰ ਸਫਲ ਨਹੀਂ ਹੋ ਸਕਿਆ। ਅਸੀਂ ਅੱਖਾਂ ਟੱਡ-ਟੱਡ ਵੇਖਦੇ ਸਾਂ।

ਉਸ ਤੋਂ ਅੱਧੀ ਸਦੀ ਬਾਅਦ ਅੱਜ ਇਹ ਕੁਝ ਹੁੰਦਾ ਅਸੀਂ ਖੁਦ ਵੇਖਦੇ ਹਾਂ। ਜਿਹੜਾ ਵੀ ਕੋਈ ਸਿੰਘਾਸਨ ਦੇ ਵੱਲ ਆਉਂਦਾ ਹੈ, ਸਿੰਘਾਸਨ ਕਿਸੇ ਵੱਡੇ-ਛੋਟੇ ਰਾਜ ਦਾ ਹੋਵੇ ਤੇ ਭਾਵੇਂ ਉਹ ਭਾਰਤ ਦੀ ਕੇਂਦਰ ਸਰਕਾਰ ਦਾ, ਦੇਸ਼ ਦੇ ਅਸਲੀ ਮਾਲਕ ਲੋਕਾਂ ਵੱਲ ਫਰਜ਼ ਚੇਤਾ ਕਰਨ ਦਾ ਕੰਮ ਪਿੱਛੇ ਪਾ ਕੇ ਪਹਿਲਾ ਜ਼ੋਰ ਇਹ ਦੱਸਣ ਉੱਤੇ ਲਾਉਂਦਾ ਹੈ ਕਿ ਉਸ ਨਾਲੋਂ ਪਹਿਲਾਂ ਅੱਜ ਤੱਕ ਜਿਹੜੇ ਵੀ ਗੱਦੀ-ਨਸ਼ੀਨ ਹੋਏ ਹਨ, ਸਭ ਸਿਰੇ ਦੇ ਨਿਕੰਮੇ ਸਨ। ਉਸ ਦੇ ਕਹਿਣ ਦੇ ਢੰਗ ਤੋਂ ਜਾਪਦਾ ਹੈ ਕਿ ਕੁਦਰਤ ਨੇ ਅਕਲ ਦਾ ਡੱਬਾ ਕਿਸੇ ਫਰਿੱਜ ਵਿੱਚ ਲਾ ਕੇ ਰੱਖਿਆ ਸੀ ਕਿ ਜਦੋਂ ਇਹ ਆਗੂ ਸੰਸਾਰ ਵੱਲ ਨੂੰ ਜਾਵੇਗਾ, ਇਹ ਕੀਮਤੀ ਚੀਜ਼ ਸਿਰਫ ਏਸੇ ਨੂੰ ਦੇਣੀ ਹੈ, ਕੋਈ ਨਿਕੰਮਾ ਬੰਦਾ ਨਾ ਲੈ ਜਾਂਦਾ ਹੋਵੇ। ਕੁਦਰਤ ਦੀ ਇਹ ਦਾਤ ਮਿਲਣ ਦੇ ਵਹਿਮ ਨਾਲ ਡੰਗੇ ਹੋਏ ਇਹ ਸਿਆਸੀ ਆਗੂ ਅੱਗੇ ਆਉਂਦੇ ਸਾਰ ਹਰ ਗੱਲ ਏਥੋਂ ਸ਼ੁਰੂ ਕਰਦੇ ਹਨ ਕਿ ਜਦੋਂ ਤੱਕ ਮੈਂ ਨਹੀਂ ਆ ਗਿਆ, ਦੇਸ਼ ਦੇ ਕਿਸੇ ਹਾਕਮ ਨੂੰ ਆਹ ਕੰਮ ਕਰਨ ਦਾ ਚੇਤਾ ਨਹੀਂ ਆਇਆ। ਏਦਾਂ ਕਰਦੇ ਵਕਤ ਕਈ ਵਾਰੀ ਆਪਣੇ ਉਨ੍ਹਾਂ ਵੱਡੇ-ਵਡੇਰਿਆਂ ਦੀ ਬੇਇੱਜ਼ਤੀ ਵੀ ਨਾਲ ਹੀ ਕਰ ਛੱਡਦੇ ਹਨ, ਜਿਨ੍ਹਾਂ ਦੀ ਛਤਰਛਾਇਆ ਹੇਠ ਸਿਆਸਤ ਦਾ ਗੁੱਲੀ-ਡੰਡਾ ਖੇਡਣਾ ਸਿੱਖਿਆ ਹੁੰਦਾ ਹੈ ਅਤੇ ਕਈ ਵਾਰੀ ਖੁਦ ਆਪਣਾ ਜਲੂਸ ਵੀ ਕੱਢ ਬੈਠਦੇ ਹਨ।

ਭਾਰਤ ਦੇ ਕਿਸੇ ਵੀ ਕੇਂਦਰੀ ਹਾਕਮ ਜਾਂ ਕਿਸੇ ਵੀ ਰਾਜ ਦੇ ਮੁੱਖ ਮੰਤਰੀ ਬਾਰੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਉਹ ਬੋਲਣ ਵੇਲੇ ਇੰਜ ਕਰੀ ਜਾਂਦਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਏਦਾਂ ਕਰਦੇ ਹਨ ਅਤੇ ਅਜੇ ਉਨ੍ਹਾ ਦੇ ਰਾਜ ਦਾ ਸਿਰਫ ਡੇਢ ਸਾਲ ਲੰਘਿਆ ਹੋਣ ਕਾਰਨ ਇਹ ਗੱਲ ਬਹੁਤੀ ਚੁਭਦੀ ਨਹੀਂ, ਪਰ ਅਸੀਂ ਉਹ ਆਗੂ ਵੀ ਇਸ ਰਾਜ ਨੂੰ ਚਲਾਉਂਦੇ ਵੇਖੇ ਹਨ, ਜਿਹੜੇ ਆਪਣੀ ਸਰਕਾਰ ਦੇ ਪੰਜਵੇਂ ਸਾਲ ਵਿੱਚ ਵੀ ਆਪਣੇ ਤੋਂ ਪਹਿਲਿਆਂ ਨੂੰ ਭੰਡਣ ਦਾ ਕੰਮ ਕਰੀ ਜਾਂਦੇ ਸਨ, ਆਪ ਭਾਵੇਂ ਆਮ ਲੋਕਾਂ ਦੀ ਨਜ਼ਰ ਵਿੱਚ ਪਹਿਲਿਆਂ ਨਾਲੋਂ ਵੀ ਨਿਕੰਮੇ ਸਮਝੇ ਜਾਂਦੇ ਸਨ। ਭਗਵੰਤ ਮਾਨ ਨੂੰ ਇਸ ਮਾਮਲੇ ਵਿੱਚ ਸੁਚੇਤ ਰਹਿਣ ਦੀ ਲੋੜ ਹੈ। ਆਪਣੀ ਕਾਰ ਖਰੀਦ ਨਾ ਸਕਣ ਜੋਗੇ ਬੰਦੇ ਵੱਲੋਂ ਕਿਸੇ ਹੋਰ ਦੀ ਕਾਰ ਉੱਤੇ ਝਰੀਟਾਂ ਮਾਰਨ ਦੀ ਬਹੁਤ ਵਾਰੀ ਕਹੀ ਜਾ ਚੁੱਕੀ ਕਹਾਣੀ ਵਾਂਗ ਬਾਕੀ ਦੀਆਂ ਗੱਲਾਂ ਵੀ ਆਮ ਲੋਕਾਂ ਦੇ ਯਾਦ ਰਹਿਣ ਲੱਗ ਪੈਣਗੀਆਂ। ਉਹ ਖੁਦ ਕਹਿੰਦੇ ਹੁੰਦੇ ਸਨ ਕਿ ਲਾਲ ਕਿਲ੍ਹੇ ਤੋਂ ਵਾਰ-ਵਾਰ ਸੁਣਾਏ ਗਏ ਇੱਕੋ ਕਿਸਮ ਦੇ ਭਾਸ਼ਣ ਤਾਂ ਸਮਾਂ ਪਾ ਕੇ ਉਸ ਕਿਲ੍ਹੇ ਦੇ ਕਾਂਵਾਂ ਨੂੰ ਵੀ ਯਾਦ ਹੋ ਗਏ ਹਨ, ਜਿਹੜੇ ਟੋਟਕੇ ਖੁਦ ਉਨ੍ਹਾਂ ਨੇ ਬਹੁਤ ਵਾਰੀ ਲੋਕਾਂ ਨੂੰ ਸੁਣਾਏ ਹਨ, ਉਹ ਵੀ ਲੋਕਾਂ ਨੂੰ ਯਾਦ ਰਹਿ ਜਾਂਦੇ ਹਨ, ਉਨ੍ਹਾਂ ਨੂੰ ਆਪਣੇ ਭਾਸ਼ਣਾਂ ਦੀ ਸਮੱਗਰੀ ਤੇ ਉਨ੍ਹਾਂ ਨਾਲ ਜੁੜੀਆਂ ਮਿਸਾਲਾਂ ਵਿੱਚ ਤਬਦੀਲੀ ਕਰਨੀ ਤੇ ਲੋਕਾਂ ਨੂੰ ਕੁਝ ਨਵਾਂ ਦੱਸਣ ਦੀ ਕੋਸ਼ਿਸ਼ ਕਰਕੇ ਵੇਖਣੀ ਚਾਹੀਦੀ ਹੈ। ਪੰਜਾਬ ਦੇ ਲੋਕ ਭਾਰਤ ਦੇ ਬਾਕੀ ਰਾਜਾਂ ਦੇ ਲੋਕਾਂ ਨਾਲੋਂ ਕੁਝ ਵੱਧ ਗੱਲਾਂ ਯਾਦ ਰੱਖਦੇ ਹਨ, ਇਹ ਵੀ ਯਾਦ ਰੱਖਣਾ ਚਾਹੀਦਾ ਹੈ।

ਜਿਹੜੀ ਗੱਲ ਅਸੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਾਰੇ ਕਹੀ ਹੈ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਇਹੋ ਗੱਲ ਇਸ ਤੋਂ ਕਈ ਗੁਣਾ ਵੱਧ ਸਾਰੇ ਦੇਸ਼ ਵਿੱਚ ਕਹੀ ਜਾਂਦੀ ਹੈ। ਫਰਕ ਏਥੇ ਦੋ ਗੱਲਾਂ ਦਾ ਹੈ। ਪਹਿਲੀ ਇਹ ਕਿ ਭਗਵੰਤ ਮਾਨ ਦੇ ਭਾਸ਼ਣ ਤੇ ਉਨ੍ਹਾਂ ਵਿਚਲੀਆਂ ਮਿਸਾਲਾਂ ਚਰਚਾ ਵਿੱਚ ਹਨ, ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣਾਂ ਦੀ ਸਮੱਗਰੀ ਦੇ ਗੁਣਾਂ-ਦੋਸ਼ਾਂ ਬਾਰੇ ਨਿੱਤ ਨਵੇਂ ਦਿਨ ਵੀਡੀਓ ਕਲਿੱਪ ਵੀ ਵਾਇਰਲ ਹੁੰਦੇ ਹਨ, ਜਿਨ੍ਹਾਂ ਵਿੱਚ ਕਦੇ-ਕਦੇ ਉਹ ਅੰਗਰੇਜ਼ੀ ਬੋਲਣ ਵੇਲੇ ਸ਼ਬਦਾਂ ਜਾਂ ਬੋਲਣ ਦੇ ਲਹਿਜੇ ਦੀ ਗਲਤੀ ਕਰ ਬੈਠਦੇ ਹਨ। ਦੂਸਰੀ ਚਰਚਿਤ ਗੱਲ ਭਾਰਤ ਵਰਗੇ ਦੇਸ਼ ਦੀ ਅਗਵਾਈ ਕਰਨ ਦੇ ਆਪਣੇ ਸਾਲ ਚੇਤੇ ਨਾ ਰੱਖਣ ਵਾਲੀ ਹੈ। ਹਾਲੇ ਪਿਛਲੇ ਹਫਤੇ ਨਰਿੰਦਰ ਮੋਦੀ ਨੇ ਇੱਕ ਥਾਂ ਇਹ ਗੱਲ ਕਹਿ ਦਿੱਤੀ ਕਿ ਜਿਹੜਾ ਕੰਮ ਪਿਛਲੇ ਪੰਝੱਤਰ ਸਾਲਾਂ ਵਿੱਚ ਨਹੀਂ ਕੀਤਾ ਗਿਆ, ਉਹ ਮੈਂ ਕਰਦਾ ਹਾਂ। ਇਸ ਦੇ ਅਗਲੇ ਦਿਨ ਚਰਚਾ ਇਸ ਗੱਲ ਦੀ ਛਿੜ ਗਈ ਕਿ ਪੰਝੱਤਰ ਸਾਲਾਂ ਵਿੱਚ ਰਾਜ ਕੌਣ ਕਰਦਾ ਸੀ ਤੇ ਫਿਰ ਚਰਚਾ ਅੱਜ ਦੇ ਪ੍ਰਧਾਨ ਮੰਤਰੀ ਤੱਕ ਵੀ ਆ ਪੁੱਜੀ। ਪੰਝੱਤਰਾਂ ਵਿੱਚੋਂ ਪਜਵੰਜਾ ਸਾਲ ਦੇ ਕਰੀਬ ਕਾਂਗਰਸ ਪਾਰਟੀ ਨੇ ਰਾਜ ਕੀਤਾ ਸੀ, ਸੱਤ ਸਾਲਾਂ ਦੇ ਨੇੜੇ ਏਧਰ-ਓਧਰ ਦੀਆਂ ਭਾਨਮਤੀ ਦੇ ਕੁਨਬੇ ਵਰਗੀਆਂ ਧਿਰਾਂ ਦਾ ਰਾਜ ਰਿਹਾ ਸੀ, ਪਰ ਛੇਹੱਤਰਵਾਂ ਚਲਦਾ ਸਾਲ ਜੋੜ ਕੇ ਇਸ ਵਿੱਚੋਂ ਪੰਦਰਾਂ ਸਾਲ ਤੋਂ ਵੱਧ ਪ੍ਰਧਾਨ ਮੰਤਰੀ ਦੀ ਪਾਰਟੀ ਭਾਜਪਾ ਦਾ ਰਾਜ ਸੀ। ਗੱਲ ਇਸ ਨਾਲੋਂ ਹੋਰ ਅੱਗੇ ਵਧ ਗਈ ਅਤੇ ਇੱਕ ਯੂ-ਟਿਊਬਰ ਨੇ ਇਹ ਚਰਚਾ ਚਲਾ ਦਿੱਤੀ ਕਿ ਨਰਿੰਦਰ ਮੋਦੀ ਜਦੋਂ ਕਹਿੰਦੇ ਹਨ ਕਿ ਪੰਝੱਤਰ ਸਾਲਾਂ ਵਿੱਚ ਕੁਝ ਨਹੀਂ ਕੀਤਾ ਗਿਆ ਤਾਂ ਉਹ ਆਪਣੇ ਵਡੇਰੇ ਅਟਲ ਬਿਹਾਰੀ ਵਾਜਪਾਈ ਦੀ ਭੰਡੀ ਤਾਂ ਕਰਦੇ ਹਨ, ਨਾਲ ਹੀ ਖੁਦ ਆਪਣੇ ਸਾਢੇ ਨੌਂ ਸਾਲ ਕੋਈ ਕੰਮ ਨਾ ਹੋਇਆ ਹੋਣ ਦਾ ਇਕਬਾਲ ਖੜੇ ਪੈਰ ਕਰ ਜਾਂਦੇ ਹਨ।

ਅਸਲ ਗੱਲ ਏਥੋਂ ਤੱਕ ਨਹੀਂ ਕਿ ਉਹ ਆਪਣੇ ਤੋਂ ਪਹਿਲਾਂ ਰਾਜ ਕਰਦੇ ਰਹੇ ਆਪਣੇ ਰਾਜਸੀ ਵਿਰੋਧੀਆਂ ਦੇ ਬਾਰੇ ਕੁਝ ਵੀ ਕਹਿ ਕੇ ਉਨ੍ਹਾਂ ਨੂੰ ਲੋਕਾਂ ਦੀ ਨਜ਼ਰ ਵਿੱਚ ਊਣਾ ਤੇ ਖੁਦ ਨੂੰ ਉੱਚਾ ਕਰਨਾ ਚਾਹੁੰਦੇ ਹੋਣਗੇ। ਉਹ ਹਰ ਕੋਈ ਗੱਲ ਰੱਦ ਕਰਨ ਦੀ ਇਸ ਦੇਸ਼ ਦੇ ਲੋਕਾਂ ਦੀ ਸੋਚ ਮੁਤਾਬਕ ਚੱਲਣਾ ਚਾਹੁੰਦੇ ਹਨ। ਬਿਲਕੁਲ ਸੱਚ ਹੈ ਕਿ ਅੱਜ ਭਾਰਤ ਦੇ ਲੋਕ ਕਿਸੇ ਵੀ ਆਗੂ ਦੀ ਗੱਲ ਦਾ ਇੰਨ-ਬਿੰਨ ਭਰੋਸਾ ਕਰਨ ਨੂੰ ਤਿਆਰ ਨਹੀਂ। ਬੀਤੇ ਸਮਿਆਂ ਵਿੱਚ ਭਾਰਤੀ ਲੀਡਰਾਂ ਨੇ ਹਰ ਦੂਸਰੇ ਆਗੂ ਦੀ ਭੰਡੀ ਕਰਦਿਆਂ ਇਹੋ ਜਿਹਾ ਮਾਹੌਲ ਬਣਾ ਧਰਿਆ ਹੈ ਕਿ ਕਿਸੇ ਆਗੂ ਦੇ ਬਾਰੇ ਕੋਈ ਵੀ ਪੁੱਠੀ-ਸਿੱਧੀ ਗੱਲ ਕਹਿ ਦਿੱਤੀ ਜਾਵੇ ਤਾਂ ਲੋਕ ਉਸ ਨੂੰ ਮੰਨਣ ਲਈ ਝੱਟ ਤਿਆਰ ਹੁੰਦੇ ਹਨ। ਸਮਾਜ ਵਿੱਚ ਇਹ ਧਾਰਨਾ ਬਣ ਚੁੱਕੀ ਹੈ ਕਿ ਆਗੂ ਹੋਣ ਦਾ ਅਰਥ ਅਗਵਾਈ ਕਰਨ ਵਾਲਾ ਬੰਦਾ ਨਹੀਂ ਰਿਹਾ, ਸਗੋਂ ਇਸ ਦੀ ਥਾਂ ਆਗੂ ਦਾ ਮਤਲਬ ਅੱਖੀਂ ਘੱਟਾ ਪਾਉਣ ਵਾਲਾ ਸਾਜ਼ਿਸ਼ੀ ਕਿਰਦਾਰ ਹੋ ਗਿਆ ਹੈ। ਇਹ ਕਿਸੇ ਵੀ ਸਮਾਜ ਲਈ ਅੱਤ ਦੀ ਸ਼ਰਮਨਾਕ ਸਥਿਤੀ ਹੋ ਸਕਦੀ ਹੈ ਕਿ ਲੋਕਾਂ ਨੂੰ ਆਪਣੇ ਲੀਡਰ ਉੱਤੇ ਨਹੀਂ, ਲੀਡਰਾਂ ਦੀ ਸਮੁੱਚੀ ਧਾੜ ਉੱਤੇ ਕੋਈ ਭਰੋਸਾ ਨਾ ਰਹੇ ਅਤੇ ਉਹ ਹਰ ਕਿਸੇ ਨੂੰ ਸੱਚਾ ਸਾਬਤ ਹੋਣ ਦੀ ਉਡੀਕ ਕੀਤੇ ਬਿਨਾਂ ਚੋਰ ਮੰਨ ਲੈਣ ਨੂੰ ਤਿਆਰ ਬੈਠੇ ਹੋਣ। ਸਮਾਜ ਦੀ ਇਹੋ ਜਿਹੀ ਮਾਨਸਿਕਤਾ ਕਿਸੇ ਬਾਹਰਲੇ ਬੰਦੇ ਨੇ ਪੈਦਾ ਨਹੀਂ ਸੀ ਕੀਤੀ, ਖੁਦ ਭਾਰਤੀ ਲੀਡਰਾਂ ਨੇ ਹੀ ਬਣਾਈ ਹੈ। ਉਹ ਇੱਕ-ਦੂਸਰੇ ਦੀ ਨੀਤੀ ਦੀ ਆਲੋਚਨਾ ਜਾਂ ਨਿੰਦਾ ਨਹੀਂ ਕਰਦੇ, ਉਨ੍ਹਾਂ ਦੇ ਕਿਰਦਾਰ ਅਤੇ ਨੀਤ ਦੇ ਖੋਟ ਦਾ ਮੁੱਦਾ ਬਣਾਉਂਦੇ ਹਨ। ਜਾਪਾਨ ਤੋਂ ਲੈ ਕੇ ਅਮਰੀਕਾ ਤੱਕ ਹਰ ਦੇਸ਼ ਵਿੱਚ ਘੱਟ ਜਾਂ ਵੱਧ ਏਦਾਂ ਦੇ ਆਗੂ ਹਨ, ਪਰ ਓਥੇ ਕਿਸੇ ਆਗੂ ਦੇ ਨਿੱਜ ਬਾਰੇ ਟਿਪਣੀ ਕਰਨ ਦੀ ਥਾਂ ਉਸ ਦੀਆਂ ਰਾਜਸੀ ਨੀਤੀਆਂ ਦੀ ਚੀਰ-ਪਾੜ ਸਮਾਜ ਮੂਹਰੇ ਰੱਖੀ ਜਾਂਦੀ ਹੈ, ਭਾਰਤ ਵਿੱਚ ਲੀਡਰਾਂ ਦੇ ਨਿੱਜ ਬਾਰੇ ਟਿਪਣੀਆਂ ਕਰਨ ਤੋਂ ਬਾਅਦ ਉਨ੍ਹਾਂ ਦੇ ਪਰਵਾਰਾਂ ਬਾਰੇ ਇਖਲਾਕੀ ਮਿਆਰ ਤੋਂ ਗਿਰੀਆਂ ਗੱਲਾਂ ਕੀਤੀਆਂ ਅਤੇ ਪ੍ਰਚਾਰੀਆਂ ਜਾਂਦੀਆਂ ਹਨ ਅਤੇ ਫਿਰ ਅੱਗੋਂ ਆਈਆਂ ਟਿਪਣੀਆਂ ਵੀ ਸਹਾਰੀਆਂ ਜਾਂਦੀਆਂ ਹਨ।

ਨਤੀਜਾ ਇਹ ਹੁੰਦਾ ਹੈ ਕਿ ਸਮਾਜ ਵਿੱਚ ਏਦਾਂ ਦੀ ਚਰਚਾ ਸੁਣਨ ਦੀ ਇੱਕ ਖਾਸ ਮਾਨਸਿਕਤਾ ਪੈਦਾ ਹੋ ਜਾਂਦੀ ਹੈ ਤੇ ਫਿਰ ਸਮਾਜ ਆਪਣੇ ਆਪ ਵਿੱਚ ਸਮਾਜ ਵਜੋਂ ਜਿਹੜੇ ਫਰਜ਼ਾਂ ਨੂੰ ਨਿਭਾਉਣ ਦਾ ਜ਼ਿੰਮੇਵਾਰ ਸਮਝਿਆ ਜਾਂਦਾ ਹੈ, ਉਨ੍ਹਾਂ ਫਰਜ਼ਾਂ ਨੂੰ ਭੁੱਲ ਬੈਠਦਾ ਹੈ। ਰਾਜ ਕਰਨ ਵਾਲਾ ਹਰ ਆਗੂ ਇਸ ਕੰਮ ਵਿੱਚ ਸਭ ਤੋਂ ਵੱਧ ਹਮਲਾ ਆਪਣੇ ਤੋਂ ਪਹਿਲਾਂ ਦੇ ਰਾਜ-ਕਰਤਿਆਂ ਉੱਤੇ ਕਰਦਾ ਹੈ, ਪਰ ਜਿਸ ਕਿਸੇ ਆਗੂ ਦੇ ਕੱਲ੍ਹ ਨੂੰ ਅੱਗੇ ਆਉਣ ਦੀ ਮਾੜੀ ਜਿਹੀ ਝਲਕ ਜਾਪਦੀ ਹੈ, ਉਸ ਨੂੰ ਵੀ ਮਾਰ ਹੇਠ ਰੱਖ ਲੈਂਦਾ ਹੈ। ਸਾਨੂੰ ਦੱਸਿਆ ਗਿਆ ਸੀ ਕਿ ਭਵਿੱਖ ਦਾ ਮੋਹਰੀ ਬਣਨ ਵਾਲਾ ਹਰ ਪ੍ਰਬੰਧ ਆਪਣੇ ਤੋਂ ਪਹਿਲੇ ਪ੍ਰਬੰਧ ਤੇ ਪ੍ਰਬੰਧਕਾਂ ਦੀ ਕਬਰ ਉੱਤੇ ਪੈਰ ਰੱਖਣ ਨੂੰ ਕਾਮਯਾਬੀ ਦਾ ਲੁਕਮਾਨੀ ਨੁਸਖਾ ਮੰਨਦਾ ਹੈ, ਅੱਜ ਗੱਲ ਏਨੀ ਅੱਗੇ ਵਧ ਚੁੱਕੀ ਹੈ ਕਿ ਪਹਿਲਿਆਂ ਦੇ ਨਾਲ ਭਵਿੱਖ ਵਿੱਚ ਅੱਗੇ ਆਉਣ ਵਾਲੇ ਵੀ ਸੁੱਕੇ ਨਹੀਂ ਛੱਡੇ ਜਾਂਦੇ। ਇਸ ਦਾ ਖਮਿਆਜ਼ਾ ਅੱਜ ਭਾਰਤ ਦੇ ਆਮ ਲੋਕ ਭੁਗਤਦੇ ਹਨ, ਭਵਿੱਖ ਵਿੱਚ ਸਮੁੱਚਾ ਭਾਰਤ ਭੁਗਤੇਗਾ। ਉਸ ਵੇਲੇ ਸੰਸਾਰ ਭਰ ਦੇ ਸਾਹਮਣੇ ਜਿਹੜੀ ਨਮੋਸ਼ੀ ਵਾਲੀ ਸਥਿਤੀ ਹੋਵੇਗੀ, ਉਸ ਲਈ ਅਜੋਕੇ ਆਗੂ ਦੋਸ਼ੀ ਮੰਨੇ ਜਾਣਗੇ। ਅਹਿਸਾਸ ਇਸ ਗੱਲ ਦਾ ਹੋਣਾ ਚਾਹੀਦਾ ਹੈ, ਪਰ ਅਜੋਕੇ ਆਗੂ ਇਸ ਸੋਚ ਨਾਲ ਖੁਸ਼ ਜਾਪਦੇ ਹਨ ਕਿ ਕੱਲ੍ਹ ਕਿਸ ਨੇ ਵੇਖਿਆ ਹੈ, ਉਸ ਵੇਲੇ ਅਸੀਂ ਏਥੇ ਹੋਣਾ ਨਹੀਂ, 'ਆਪ ਮਰੇ ਜੱਗ ਪਰਲੋ' ਦੇ ਮੁਹਾਵਰੇ ਵਾਂਗ ਉਹ ਸਿਰਫ ਅੱਜ ਵਿੱਚ ਜਿਊਣਾ ਚਾਹੁੰਦੇ ਹਨ ਤੇ ਇਹੀ ਸਭ ਤੋਂ ਵੱਡੀ ਬਦਕਿਸਮਤੀ ਸਮਝੀ ਜਾ ਸਕਦੀ ਹੈ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੀ।

# ਲੱਗਦੈ ਕਾਂਗਰਸ ਮੁਕਤ ਤੋਂ ਬਾਅਦ ਆਰ ਐੱਸ ਐੱਸ ਯੁਕਤ

## ਸੁਲਘਦੇ ਸਵਾਲ

### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਮੇਰਾ ਮਹਾਨ ਦੇਸ਼ ਜਿੱਥੇ ਵੱਖ-ਵੱਖ ਧਾਰਮਿਕ ਸਮਾਗਮਾਂ ਵਿੱਚ ਲਗਾਤਾਰ ਲੀਨ ਰਹਿੰਦਾ ਹੈ। ਸਮਾਗਮ ਸਾਰੇ ਧਰਮਾਂ ਨਾਲ ਵੱਖ-ਵੱਖ ਸਮੇਂ ਹੁੰਦੇ ਰਹਿੰਦੇ ਹਨ। ਉੱਥੇ ਹੀ ਸੰਸਾਰ ਵਿੱਚੋਂ ਇੱਕ ਵੱਡਾ ਲੋਕ ਰਾਜੀ ਦੇਸ਼ ਹੋਣ ਕਰਕੇ ਤਕਰੀਬਨ ਸਾਰਾ ਸਾਲ ਛੋਟੀਆਂ ਤੋਂ ਵੱਡੀਆਂ ਚੋਣਾਂ ਵਿੱਚ ਸਰਗਰਮ ਰਹਿੰਦਾ ਹੈ। ਇਹ ਚੋਣਾਂ, ਪੰਚਾਇਤਾਂ ਤੋਂ ਲੈ ਕੇ ਪਾਰਲੀਮੈਂਟ ਤੱਕ ਤਕਰੀਬਨ ਚੱਲਦੀਆਂ ਹੀ ਰਹਿੰਦੀਆਂ ਹਨ। ਤਕਰੀਬਨ ਇਸ ਸਾਲ ਦੇ ਅਖੀਰਲੇ ਮਹੀਨਿਆਂ ਵਿੱਚ ਸ਼ੁਰੂ ਹੋ ਕੇ ਖਤਮ ਹੋਣ ਵਾਲੀਆਂ ਚੋਣਾਂ ਪੰਜ ਛੋਟੇ-ਵੱਡੇ ਸੂਬਿਆਂ ਵਿੱਚ ਆਪਣੀ ਹਾਜ਼ਰੀ ਲੁਆ ਰਹੀਆਂ ਹਨ। ਇਹਨਾਂ ਚੋਣਾਂ ਨਾਲ ਸੰਬੰਧਤ ਕਈ ਸੂਬਿਆਂ ਵਿੱਚ ਵੋਟਾਂ ਪੈ ਚੁੱਕੀਆਂ ਹਨ, ਬਾਕੀ ਵਿੱਚ ਬਹੁਤ ਜਲਦੀ ਹੋਣ ਜਾ ਰਹੀਆਂ ਹਨ। ਇਸ ਕਰਕੇ ਇਹਨਾਂ ਸੂਬਿਆਂ ਵਿੱਚ ਸਿਆਸੀ ਪਾਰਟੀਆਂ ਆਪਣੀ ਯੋਗਤਾ ਅਨੁਸਾਰ ਜਨਤਾ ਪਾਸ ਜਾ ਰਹੀਆਂ ਹਨ। ਜਿਨ੍ਹਾਂ ਪਾਰਟੀਆਂ ਪਾਸ ਲੜਨ ਦੀ ਸਮਰੱਥਾ ਨਹੀਂ ਹੈ, ਉਹ ਆਪੋ-ਆਪਣੀਆਂ ਸਹਿਯੋਗੀ ਪਾਰਟੀਆਂ ਦੀ ਮਦਦ ਕਰ ਰਹੀਆਂ ਹਨ। ਭਾਵ ਸੰਬੰਧਤ ਸੂਬਿਆਂ ਵਿੱਚ ਚੋਣਾਂ ਕਰਕੇ ਸਮੁੱਚੀ ਜਨਤਾ ਹਰਕਤ ਵਿੱਚ ਆ ਚੁੱਕੀ ਹੈ। ਆਪੋ-ਆਪਣੇ ਦਾਅਵੇ ਕਰ ਰਹੀਆਂ ਹਨ, ਪਰ ਅਖੀਰ ਵਿੱਚ ਹੋਣਾ ਉਹ ਕੁਝ ਹੈ, ਜੋ ਕੁਝ ਜਨਤਾ ਨੇ ਝੋਲੀ ਪਾਉਣਾ ਹੈ।

ਜਿੱਤਣ ਜਾਂ ਵੱਧ ਵੋਟਾਂ ਵਟੋਰਨ ਲਈ ਸਭ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕਰ ਰਹੇ ਹਨ। ਜਨਤਾ ਨੂੰ ਠੱਗਣ ਲਈ ਤਰ੍ਹਾਂ-ਤਰ੍ਹਾਂ ਦੇ ਸਰਵੇ ਪੇਸ਼ ਕਰ ਰਹੀਆਂ ਹਨ ਜਾਂ ਪੇਸ਼ ਕਰਵਾ ਰਹੀਆਂ ਹਨ। ਸਰਵੇ, ਟੇਵੇ ਆਦਿ ਸਭ ਬੇਮਾਅਨੇ ਹੀ ਨਿਕਲਦੇ ਹਨ। ਅਖੀਰ ਪਾਰਟੀ ਰਾਹੀਂ ਕੀਤਾ ਕੰਮ ਜਾਂ ਸੰਬੰਧਤ ਪਾਰਟੀ ਦਾ ਜਨਤਾ 'ਤੇ ਭਰੋਸਾ ਹੀ ਕੰਮ ਆਉਂਦਾ ਹੈ। ਚੋਣਾਂ ਦੀਆਂ ਭਵਿੱਖਬਾਣੀਆਂ ਨਾਕਾਮ ਹੋ ਜਾਂਦੀਆਂ ਹਨ। ਪਰ ਕਈ ਭਵਿੱਖਬਾਣੀਆਂ ਕਰੀ ਕਰਾਏ ਜਾਂਦੇ ਹਨ। ਕਈ ਨਤੀਜਾ ਆਉਣ ਤੱਕ ਅਜਿਹੀਆਂ ਭਵਿੱਖਬਾਣੀਆਂ 'ਤੇ ਨਿਰਭਰ ਹੋ ਕੇ ਆਪਣਾ ਸਮਾਂ ਗੁਜ਼ਾਰਦੇ ਹਨ। ਕੋਈ ਕਿਸੇ ਦੀ ਜਿੱਤਣ ਦੀ ਵਕਾਲਤ ਕਰਦਾ ਹੈ, ਕੋਈ ਕਿਸੇ ਦੀ। ਪਰ ਸੱਚ ਕੀ ਹੁੰਦਾ ਹੈ, ਉਹ ਵੋਟਾਂ ਵਾਲੇ ਦਿਨ ਬਕਸਿਆਂ ਵਿੱਚੋਂ ਨਿਕਲੀਆਂ ਵੋਟਾਂ ਦੱਸਦੀਆਂ ਹਨ।

ਹੁਣ ਤੱਕ ਜਿਹੜੇ ਪੰਜ ਸੂਬਿਆਂ ਵਿੱਚ ਵੋਟਾਂ ਪੈ ਚੁੱਕੀਆਂ ਹਨ, ਉੱਥੇ ਵੋਟਾਂ ਦੀ ਫੀਸਦੀ ਚੰਗੀ ਰਹੀ। ਜਨਤਾ ਨੇ ਵਧ-ਚੜ੍ਹ ਕੇ ਹਿੱਸਾ ਲਿਆ, ਪਰ ਫੀਸਦੀ ਪਿਛਲੀਆਂ ਚੋਣਾਂ ਤੋਂ ਘੱਟ ਰਹੀ। ਭਾਰਤੀ ਜਨਤਾ ਪਾਰਟੀ ਕਾਂਗਰਸ ਮੁਕਤ ਨਾਅਰੇ ਤੋਂ ਬਾਅਦ ਹਾਰ ਮੰਨ ਕੇ ਲੱਗਦੈ ਕਿ ਉਸ ਨੇ ਆਰ ਐੱਸ ਐੱਸ ਯੁਕਤ ਸਰਕਾਰਾਂ ਬਣਾਉਣ ਦੀ ਧਾਰੀ ਹੈ। ਬੀ ਜੇ ਪੀ ਨੇ ਜ਼ਿਆਦਾ ਪਹਿਲੀ ਵਾਰ ਇਹ ਕੀਤਾ ਹੈ ਕਿ ਉਸ ਨੇ ਮੁੱਖ ਮੰਤਰੀਆਂ ਦੇ ਨਾਂਅ ਅਨਾਊਂਸ ਨਹੀਂ ਕੀਤੇ। ਸਾਫ ਹੈ ਕਿ ਰਾਜਸਥਾਨ ਦੀ ਸਿਰਕੱਢ ਉਮੀਦਵਾਰ, ਬੰਬੇ ਦੀ ਜਨਮੀ, ਗਵਾਲੀਅਰ ਸਿੰਧੀਆ ਘਰਾਣੇ ਨਾਲ ਸੰਬੰਧ ਰੱਖਦੀ ਵਸੁੰਧਰਾ ਬੀ ਜੇ ਪੀ ਨਾਲ ਸੰਬੰਧ ਤਾਂ ਰੱਖਦੀ ਹੈ, ਪਰ ਆਰ ਐੱਸ ਐੱਸ ਨਾਲ ਨਹੀਂ। ਇਸ ਕਰਕੇ ਸ਼ਾਇਦ ਨਾਂਅ ਮੁੱਖ ਮੰਤਰੀ ਲਈ ਘੋਸ਼ਿਤ ਨਹੀਂ ਕੀਤਾ ਗਿਆ। ਲੱਗਦੈ ਦਰਅਸਲ ਬੀ ਜੇ ਪੀ ਵਸੁੰਧਰਾ ਅਤੇ ਮਿਸਟਰ ਸਿੰਧੀਆ ਤੋਂ ਪੱਲਾ ਛੁਡਾਉਣਾ ਚਾਹੁੰਦੀ ਹੈ। ਇਵੇਂ ਹੀ ਮੱਧ ਪ੍ਰਦੇਸ਼ ਦਾ ਸਾਬਕਾ ਮੁੱਖ ਮੰਤਰੀ ਜੋ ਮਾਮੇ ਕਰਕੇ ਜ਼ਿਆਦਾ ਜਾਣਿਆ ਜਾਂਦਾ ਹੈ। ਉਹ ਵੀ ਬੀ ਜੇ ਪੀ ਦਾ ਸਿਪਾਹੀ ਤਾਂ ਹੈ, ਪਰ ਆਰ ਐੱਸ ਐੱਸ ਦਾ ਨਹੀਂ। ਇਸ ਕਰਕੇ ਇੱਥੇ ਵੀ ਕਿਸੇ ਕਾਰਨ ਕਰਕੇ ਮੁੱਖ ਮੰਤਰੀ ਦਾ ਨਾਂਅ ਉਛਾਲਿਆ ਨਹੀਂ ਗਿਆ। ਇਹੋ ਕਹਾਣੀ ਛੱਤੀਸਗੜ੍ਹ ਸੂਬੇ ਦੀ ਹੈ। ਰਮਨ ਸਿੰਘ ਬੀ ਜੇ ਪੀ ਦਾ ਕਾਰਕੁੰਨ ਤਾਂ ਹੈ ਪਰ ਉਹ ਆਰ ਐੱਸ ਐੱਸ ਵਿਚਾਰਧਾਰਾ ਦਾ ਨਹੀਂ। ਅਸਪੱਸ਼ਟ ਖਬਰਾਂ ਮੁਤਾਬਕ ਯੂ ਪੀ ਦਾ ਲਾਡਲਾ ਮੁੱਖ ਮੰਤਰੀ ਹਿੰਦੂਤੱਵ ਦਾ ਬਹੁਤ ਧਾਰਨੀ ਹੈ, ਪਰ ਆਰ ਐੱਸ ਐੱਸ ਨਾਲ ਸੰਬੰਧ ਨਹੀਂ ਰੱਖਦਾ। ਯੂ ਪੀ ਵਿੱਚ ਜਦ ਤੱਕ ਯੋਗੀ ਦਾ ਬਦਲ ਨਹੀਂ ਮਿਲੇਗਾ, ਉਦੋਂ ਤੱਕ ਸੰਘੀਆਂ ਦਾ ਪਸੰਦ ਯੋਗੀ ਹੀ ਰਹਿਣਗੇ।

ਹਾਲ ਇਹ ਹੈ ਕਿ ਜੋ ਮੋਦੀ ਜੀ ਦੂਰਬੀਨ ਦੇ ਬਹੁਤ ਸ਼ੌਕੀਨ ਹਨ। ਜੋ ਦੂਰ-ਦੂਰ ਤੱਕਣ ਤੱਕ ਦੂਰਬੀਨ ਦੀ ਅਕਸਰ ਵਰਤੋਂ ਕਰਦੇ ਹਨ। ਦੇਖਣ ਵਾਲੀ ਚੀਜ਼ ਦੇਖ ਲੈਂਦੇ ਹਨ। ਲੱਗਦੈ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਸੂਬੇ ਵਿੱਚ ਮੁੱਖ ਮੰਤਰੀ ਦੂਰਬੀਨ ਨਾਲ ਵੀ ਨਹੀਂ ਦੇਖ ਸਕੇ। ਤਾਹੀਓਂ ਮਜਬੂਰੀਵੱਸ ਤਿੰਨੋਂ ਸੂਬੇ ਬਿਨਾਂ ਮੁੱਖ ਮੰਤਰੀ ਦੇ ਨਾਵਾਂ ਤੋਂ ਖਾਲੀ ਛੱਡੇ ਹਨ। ਬੀ ਜੇ ਪੀ ਦੀ ਮਜਬੂਰੀ ਵਿੱਚੋਂ ਪ੍ਰਧਾਨ ਮੰਤਰੀ ਦੇ ਨਾਂਅ 'ਤੇ ਵੋਟਾਂ ਮੰਗਣ ਦੀ ਨੀਤੀ ਨੇ ਜਨਮ ਲਿਆ ਹੈ। ਜਿਸ ਤੋਂ ਤਿੰਨਾਂ ਸੂਬਿਆਂ ਦੇ ਲੋਕਾਂ ਵਿੱਚ ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਪ੍ਰਧਾਨ ਮੰਤਰੀ, ਮੁੱਖ ਮੰਤਰੀ ਥੋੜ੍ਹਾ ਬਨਣਗੇ। ਜਨਤਾ ਸੋਚਦੀ ਹੈ ਕਿ ਜੇ ਪਹਿਲਾਂ ਮੁੱਖ ਮੰਤਰੀਆਂ ਦੇ ਨਾਂਅ ਦਿੱਤੇ ਜਾ ਸਕਦੇ ਸਨ ਤਾਂ ਐਤਕੀਂ ਕਿਉਂ ਨਹੀਂ?

ਦਰਅਸਲ ਸੱਚ ਤਾਂ ਇਹ ਹੈ ਕਿ ਐਤਕੀਂ ਮੌਜੂਦਾ ਦੇਸ਼ ਦੀ ਸਰਕਾਰ ਘਬਰਾਹਟ ਵਿੱਚ ਹੈ। ਉਸ ਨੂੰ ਕੁਝ ਸੁੱਝ ਨਹੀਂ ਰਿਹਾ ਕਿ ਉਹ ਕੀ ਕਰੇ, ਕੀ ਨਾ ਕਰੇ? ਸਾਰੀਆਂ ਸਰਕਾਰੀ ਏਜੰਸੀਆਂ ਨੂੰ ਸੰਬੰਧਤ ਸੂਬਿਆਂ 'ਚ ਸੰਬੰਧਤ ਸਿਆਸੀ ਪਾਰਟੀਆਂ ਦੇ ਖਿਲਾਫ ਕਰ ਦਿੱਤਾ ਗਿਆ ਹੈ, ਜਿਸ ਦਾ ਆਮ ਜਨਤਾ ਵਿੱਚ ਪ੍ਰਭਾਵ ਕੋਈ ਚੰਗਾ ਨਹੀਂ ਪੈ ਰਿਹਾ। ਸਭ ਨੂੰ ਸਮਝ ਨਹੀਂ ਲੱਗ ਰਹੀ ਕਿ ਇਹ ਏਜੰਸੀਆਂ ਚੋਣਾਂ ਸਮੇਂ ਹੀ ਕਿਉਂ ਸਰਗਰਮ ਹੋ ਜਾਂਦੀਆਂ ਨੇ? ਜਨਤਾ ਪਾਸ ਇਹ ਸਾਫ ਸੁਨੇਹਾ ਜਾ ਰਿਹਾ ਹੈ ਕਿ ਇਹ ਸਭ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ।

ਆਪ ਨੂੰ ਵਿਸ਼ਵ ਗੁਰੂ ਦਾ ਦਰਜਾ ਦੇ ਕੇ ਜੀ-20 ਸਿਖਰ ਸੰਮੇਲਨ ਕਰਵਾ ਕੇ, ਸੰਸਾਰ ਦੀ ਅਰਥ ਵਿਵਸਥਾ ਵਿੱਚ ਪੰਜਵੇਂ ਨੰਬਰ 'ਤੇ ਆਉਣ ਦੀ ਰਟ ਲਾਉਣ ਵਾਲਾ ਮਹਾਨ ਦੇਸ਼ ਅੰਤਰ-ਰਾਸ਼ਟਰੀ ਤੌਰ 'ਤੇ ਉਸ ਤਰ੍ਹਾਂ ਦੇ ਕਮਜ਼ੋਰ ਫੈਸਲੇ ਲੈ ਰਿਹਾ ਹੈ, ਜਿਵੇਂ ਇਹ ਸੰਸਾਰ ਵਿੱਚ ਪਾਕਿਸਤਾਨ ਦਾ ਛੋਟਾ ਭਰਾ ਹੋਵੇ। ਪਹਿਲੇ ਸੱਤਰ ਸਾਲਾਂ ਵਿੱਚ ਜੋ ਕਾਂਗਰਸ ਸਰਕਾਰ ਜਾਂ ਗ਼ੈਰ ਕਾਂਗਰਸੀ ਸਰਕਾਰਾਂ ਨੇ ਦੇਸ਼ ਦਾ ਬਣਾਇਆ ਸੀ, ਉਹ ਸਭ ਹੌਲੀ-ਹੌਲੀ ਵੇਚ ਦਿੱਤਾ ਹੈ ਜਾਂ ਗਹਿਣੇ ਕਰ ਦਿੱਤਾ ਹੈ। ਇਹ ਇੱਕ ਹੱਥ ਦੀਆਂ ਉਂਗਲਾਂ 'ਤੇ ਗਿਣੇ ਜਾਣ ਵਾਲੇ ਆਪਣੇ ਅਮੀਰ ਦੋਸਤਾਂ ਪਾਸ ਗਹਿਣੇ ਤੱਕ ਦੇਸ਼ ਨੂੰ ਪਾ ਦਿੱਤਾ ਹੈ। ਦਰਵਾਜ਼ੇ ਬੰਦ ਕਰਕੇ ਚੀਨ ਵਰਗੇ ਦੇਸ਼ਾਂ ਨੂੰ ਜਵਾਬ ਦਿੱਤਾ ਜਾਂਦਾ ਹੈ। ਇਹ ਸਿਰਫ ਸਾਡੀ ਅੱਖ ਨਹੀਂ ਦੇਖ ਰਹੀ, ਬਲਕਿ ਇੰਡੀਆ ਵਾਸੀ ਸਭ ਦੇਖ ਅਤੇ ਮਹਿਸੂਸ ਕਰ ਰਹੇ ਹਨ। ਜਿਸ ਇੰਡੀਆ ਸ਼ਬਦ ਨੂੰ ਮੌਜੂਦਾ ਸਰਕਾਰ ਅਲੋਪ ਕਰ ਰਹੀ ਸੀ, ਉਸ ਇੰਡੀਆ ਦਾ ਪ੍ਰਚਾਰ ਕ੍ਰਿਕਟ ਦੀ ਜਿੱਤ ਨੇ ਇੰਡੀਆ-ਇੰਡੀਆ ਕਰ ਦਿੱਤਾ। ਇਸ ਲਈ ਇਸ ਇੰਡੀਆ ਸ਼ਬਦ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਪਣਾ ਪੂਰਾ-ਪੂਰਾ ਰੰਗ ਦਿਖਾਉਣਾ ਹੈ। ਅੱਜ ਤੋਂ ਹੀ ਇੰਡੀਆ ਗੱਠਜੋੜ ਬਾਰੇ ਜਾਣਕਾਰੀ ਹਾਸਲ ਕਰੋ। ਇੰਡੀਆ ਗੱਠਜੋੜ ਨਾਲ ਜੁੜੋ। ਨਿੱਕੇ ਤੋਂ ਲੈ ਕੇ ਵੱਡੇ ਆਪਸੀ ਮੱਤਭੇਦ ਭੁਲਾਓ ਤਾਂ ਕਿਸੇ ਹੋਰ ਗੱਠਜੋੜ ਬਾਰੇ ਜਨਤਾ ਭੁੱਲ ਹੀ ਜਾਵੇ।

**ਸੰਪਰਕ : 98721-65741**

# 'ਲੋਕਾਂ ਦੇ ਮੇਲੇ' ਦੀ ਵਿਲੱਖਣਤਾ-2

## ਲੋਕਾਂ ਦੀ ਗੱਲ

### ਹਰਜਿੰਦਰ ਸਿੰਘ ਅਟਵਾਲ (ਡਾ.)

ਲੋਕ ਸਮਝ ਨੂੰ ਪ੍ਰਚੰਡ ਕਰਨ ਹਿੱਤ ਸ਼ਬਦ ਦੀ ਤਾਕਤ ਬਹੁਤ ਮਹੱਤਵਪੂਰਨ ਹੁੰਦੀ ਹੈ। ਸ਼ਬਦ ਲੋਕ ਰਾਇ ਨੂੰ ਸਹੀ ਸੇਧ ਦੇਣ ਦੀ ਸਮਰੱਥਾ ਵੀ ਰੱਖਦਾ ਹੈ ਅਤੇ ਲੋਕ ਰਾਇ ਨੂੰ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਕਰਨ ਵੱਲ ਵੀ ਅੱਗੇ ਵਧਣ ਵਿੱਚ ਮਦਦਗਾਰ ਹੁੰਦਾ ਹੈ। ਸ਼ਬਦ ਸੱਭਿਆਚਾਰ ਦੀਆਂ ਵਾਹਕ ਕਿਤਾਬਾਂ ਦਾ ਮਹੱਤਵ ਸਾਡੇ ਸੱਭਿਆਚਾਰ ਵਿੱਚ ਬਹੁਤ ਪਹਿਲਾਂ ਹੀ ਸਮਝਿਆ ਅਤੇ ਪਛਾਣਿਆ ਜਾ ਚੁੱਕਾ ਹੈ। ਇਹ ਸ਼ਬਦ ਦੀ ਤਾਕਤ ਹੀ ਸੀ ਕਿ ਪੁਰਾਤਨ ਅਤੇ ਮੱਧਕਾਲ ਵਿੱਚ ਕਈ ਮਹੱਤਵਪੂਰਨ ਲਹਿਰਾਂ ਹੋਂਦ ਵਿੱਚ ਆਉਂਦੀਆਂ ਹਨ, ਜੋ ਸਮਾਜ ਨੂੰ ਇੱਕ ਅਹਿਮ ਦਿਸ਼ਾ ਵੱਲ ਮੋੜਦੀਆਂ ਰਹੀਆਂ ਹਨ। ਭਗਤੀ ਲਹਿਰ, ਗੁਰਮਤਿ ਲਹਿਰ ਤੋਂ ਬਾਅਦ ਗ਼ਦਰ ਲਹਿਰ ਅਤੇ ਇਸ ਸੁਭਾਅ ਵਾਲੀਆਂ ਹੋਰ ਲਹਿਰਾਂ ਦਾ ਇਤਿਹਾਸ ਜੋ ਸ਼ਬਦ ਰਾਹੀਂ ਸਾਂਭਿਆ ਮਿਲਦਾ ਹੈ, ਨੂੰ ਪੜ੍ਹਨ ਤੋਂ ਇਹ ਭਲੀਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਪਣੀ ਗੱਲ ਲੋਕਾਂ ਤੱਕ ਪ੍ਰਚਾਰਨ/ਪ੍ਰਸਾਰਨ ਲਈ ਸ਼ਬਦ ਦੇ ਮਹੱਤਵ ਨੂੰ ਸਮਝਦਿਆਂ ਇਸ ਦੀ ਸਮੇਂ-ਸਮੇਂ ਸੁਜੋਗ ਵਰਤੋਂ ਕੀਤੀ ਜਾਂਦੀ ਰਹੀ ਹੈ। ਸ਼ਬਦ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਹਰ ਸਮੇਂ ਦੀ ਲੋੜ ਰਹੀ ਹੈ।

ਗ਼ਦਰ ਅਤੇ ਦੇਸ਼ ਦੀ ਆਜ਼ਾਦੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੀਆਂ ਹੋਰ ਲਹਿਰਾਂ ਦਾ ਕਾਵਿ ਅਤੇ ਵਾਰਤਕ ਜੋ ਅੱਜ ਸਾਡੀ ਇਤਿਹਾਸਕ ਵਿਰਾਸਤ ਹੈ, ਦੇ ਮਹੱਤਵ ਨੂੰ ਸਮਝਦਿਆਂ ਇਸ ਮੇਲੇ ਵਿੱਚ ਪਹਿਲੇ ਇੱਕ-ਅੱਧ ਮੇਲੇ ਨੂੰ ਛੱਡ ਕੇ ਲਗਾਤਾਰ ਪੁਸਤਕ ਵੇਲੇ ਵਿੱਚ ਗਿਆਨ ਦੇ ਭਰ ਵਗਦੇ ਦਰਿਆ ਦੀ ਜੋ ਲੋਕ ਜ਼ਿਆਰਤ ਕਰਨ ਆਉਂਦੇ ਹਨ, ਉਹਨਾਂ ਲਈ ਇਸ ਮੇਲੇ ਵਿੱਚ ਨਵੇਂ ਵਿਚਾਰਾਂ ਦਾ ਵਿਚਾਰ-ਵਟਾਂਦਰਾ ਕਰਨ ਦਾ ਇੱਕ ਸਾਧਨ ਵੀ ਬਣਦਾ ਰਹਿੰਦਾ ਹੈ। ਅਜੋਕੇ ਸਮੇਂ ਵਿੱਚ ਜਦੋਂ ਇਹ ਅਕਸਰ ਕਿਹਾ ਜਾਂਦਾ ਹੈ ਕਿ ਅਜੋਕੀ ਪੀੜ੍ਹੀ ਕਿਤਾਬਾਂ ਤੋਂ ਦੂਰ ਹੁੰਦੀ ਜਾ ਰਹੀ ਹੈ, ਉਹ ਆਪਣੀ ਕਿਤਾਬਾਂ ਦੀ ਭੁੱਖ ਸੋਸ਼ਲ ਮੀਡੀਆ ਤੋਂ ਪੂਰੀ ਕਰਨ ਦੀ ਆਦੀ ਬਣਦੀ ਜਾ ਰਹੀ ਹੈ। ਉਸ ਸਮੇਂ ਵਿੱਚ ਸ਼ਹੀਦ ਕਰਤਾਰ ਸਿੰਘ ਦੇ ਨਾਂਅ 'ਤੇ ਬਣੇ ਉਸਾਰੇ ਯਾਦਗਾਰੀ ਪਾਰਕ ਵਿੱਚ ਕਿਤਾਬਾਂ ਦਾ ਇਹ ਵਿਲੱਖਣ ਮੇਲਾ ਸ਼ਬਦ ਸੱਭਿਆਚਾਰ ਨੂੰ ਹੋਰ ਪ੍ਰਚੰਡ ਰੂਪ ਵਿੱਚ ਉਸਾਰਨ ਦਾ ਯਤਨ ਕਰਦਾ ਆ ਰਿਹਾ ਹੈ। ਕਿਤਾਬਾਂ ਦੇ ਇਸ ਮਹਾਂ-ਕੁੰਭ ਵਿੱਚ ਜ਼ਿਆਰਤ ਕਰਨ ਲਈ ਦੇਸ਼ ਭਰ ਵਿੱਚ ਪੁਸਤਕਾਂ ਪ੍ਰਕਾਸ਼ਤ ਕਰਨ ਵਾਲੇ ਅਨੇਕਾਂ ਅਦਾਰੇ ਲਗਾਤਾਰ ਪਹਿਲੇ ਸਾਲ ਤੋਂ ਵਧੇਰੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਆ ਰਹੇ ਹਨ। ਲੰਮੀਆਂ-ਸਿੱਧੀਆਂ ਪਾਲਾਂ ਵਿੱਚ ਸਜਾਈਆਂ ਕਿਤਾਬਾਂ ਅਤੇ ਉਹਨਾਂ ਨੂੰ ਨਿਹਾਰਦੇ ਹਰ ਉਮਰ ਵਰਗ ਦੇ ਪਾਠਕ ਜੋ ਪਾਲਾਂ ਬੰਨ੍ਹ-ਬੰਨ੍ਹ ਮੇਲੀਆਂ ਦੇ ਰੂਪ ਵਿੱਚ ਹਰ ਸਾਲ ਆ ਰਹੇ ਹਨ, ਸ਼ਬਦ ਸੱਭਿਆਚਾਰ ਦੇ ਮਹੱਤਵ ਨੂੰ ਹੋਰ ਪ੍ਰਚੰਡ ਕਰਦੇ ਆ ਰਹੇ ਹਨ। ਪ੍ਰਕਾਸ਼ਕ ਅਤੇ ਪਾਠਕ ਸਾਰਾ ਸਾਲ ਇਸ ਪੁਸਤਕ ਮੇਲੇ ਦੀ ਉਡੀਕ ਕਰਦੇ ਹਨ। ਇਸ ਵਾਰ ਮੇਲੇ ਵਿੱਚ ਕਿਤਾਬਾਂ ਖਰੀਦ ਰਹੇ ਕੁਝ ਲੋਕਾਂ ਨਾਲ ਗੱਲ ਕਰਨ ਤੋਂ ਇਹ ਪਤਾ ਲੱਗਿਆ ਕਿ ਜੋ ਲੋਕ ਮਜ਼ਦੂਰੀ ਜਾਂ ਹੋਰ ਕੋਈ ਅਜਿਹਾ ਕੰਮਕਾਜ ਕਰਕੇ ਆਪਣੀ ਗੁਜ਼ਰ-ਬਸਰ ਕਰਦੇ ਹਨ, ਉਹ ਸਾਰਾ ਸਾਲ ਇਸ ਪੁਸਤਕ ਮੇਲੇ ਵਿੱਚੋਂ ਆਪਣੀ ਰੂਹ ਦੀ ਖੁਰਾਕ ਕਿਤਾਬਾਂ ਖਰੀਦਣ ਲਈ ਥੋੜ੍ਹੇ-ਥੋੜ੍ਹੇ ਪੈਸੇ ਬਚਾ ਕੇ ਕੇਵਲ ਅਤੇ ਕੇਵਲ ਕਿਤਾਬਾਂ ਹੀ ਖਰੀਦਦੇ ਹਨ। ਅਜਿਹੇ ਵਿਅਕਤੀ ਜਦੋਂ ਸਾਰੇ ਸਟਾਲਾਂ 'ਤੇ ਜਾ ਕੇ ਬਹੁਤ ਹੀ ਗਹੁ ਨਾਲ ਕਿਤਾਬਾਂ ਦੇਖਦੇ-ਦੇਖਦੇ ਆਪਣੀ ਜੇਬ ਅਨੁਸਾਰ ਇਹ ਫੈਸਲਾ ਕਰਦੇ ਹਨ ਕਿ ਇਹ-ਇਹ ਕਿਤਾਬ ਖਰੀਦਣੀ ਹੈ ਤਾਂ ਉਹਨਾਂ ਦੇ ਚਿਹਰਿਆਂ 'ਤੇ ਇੱਕ ਸਕੂਨ ਭਰੀ ਤਸੱਲੀ ਦਾ ਅਹਿਸਾਸ ਦੇਖਿਆ ਜਾ ਸਕਦਾ ਹੈ। ਪੰਜਾਬ ਵਿੱਚ ਭਾਵੇਂ ਹੋਰ ਬਹੁਤ ਸਾਰੇ ਮੇਲੇ ਲੱਗਦੇ ਅਤੇ ਲਾਏ ਜਾਂਦੇ ਹਨ, ਪਰ ਉਹਨਾਂ ਵਿੱਚੋਂ ਬਹੁਤ ਹੀ ਘੱਟ ਮੇਲਿਆਂ ਵਿੱਚ ਕਿਤਾਬਾਂ ਨਾਲ ਜੁੜੇ ਲੋਕ ਸ਼ਾਮਲ ਹੁੰਦੇ ਹੋਣਗੇ। ਸੱਭਿਆਚਾਰਕ-ਧਾਰਮਿਕ ਜਾਂ ਹੋਰ ਮੇਲਿਆਂ ਵਿੱਚ ਅਜਿਹਾ ਨਹੀਂ ਹੁੰਦਾ।

ਇਸ ਪੁਸਤਕ ਮੇਲੇ ਵਿੱਚ ਪੰਜਾਬੀ-ਹਿੰਦੀ-ਅੰਗਰੇਜ਼ੀ ਭਾਸ਼ਾ ਦੀਆਂ ਲੱਗਭੱਗ ਸਾਰੀਆਂ ਕਿਤਾਬਾਂ ਹੀ ਮਿਲ ਜਾਂਦੀਆਂ ਹਨ। ਇਸ ਵਾਰ ਦੋ-ਚਾਰ ਨੌਜੁਆਨਾਂ ਦਾ ਇੱਕ ਗਰੁੱਪ ਰਾਜਸਥਾਨ ਤੋਂ ਆਇਆ ਸੀ। ਉਨ੍ਹਾ ਨਾਲ ਗੱਲਬਾਤ ਕਰਨ ਤੋਂ ਹੈਰਾਨੀ ਭਰੀ ਖੁਸ਼ੀ ਹੋਈ ਕਿ ਉਹਨਾਂ ਨੂੰ ਕੁਝ ਹਿੰਦੀ ਦੀਆਂ ਕਿਤਾਬਾਂ ਚਾਹੀਦੀਆਂ ਸੀ, ਜੋ ਉਹਨਾਂ ਨੂੰ ਕਿਤਿਓਂ ਮਿਲ ਨਹੀਂ ਸੀ ਰਹੀਆਂ ਅਤੇ ਉਹ ਇਸੇ ਆਸ-ਵਿਸ਼ਵਾਸ ਨਾਲ ਇਸ ਮੇਲੇ ਵਿੱਚ ਆਏ ਕਿ ਇਹ ਕਿਤਾਬਾਂ ਸਾਨੂੰ 'ਗਦਰੀ ਬਾਬਿਆਂ ਦੇ ਮੇਲੇ' ਵਿੱਚੋਂ ਮਿਲ ਜਾਣਗੀਆਂ ਅਤੇ ਉਹ ਖੁਸ਼ ਸਨ ਕਿ ਉਹਨਾਂ ਵਿੱਚੋਂ ਕਾਫੀ ਕਿਤਾਬਾਂ ਮਿਲ ਗਈਆਂ। ਪ੍ਰਕਾਸ਼ਕ ਜੋ ਵੱਖ-ਵੱਖ ਸ਼ਹਿਰਾਂ ਵਿੱਚੋਂ ਇਸ ਮੇਲੇ ਦਾ ਹਿੱਸਾ ਬਣਦੇ ਆ ਰਹੇ ਹਨ, ਉਹ ਵੀ ਦੱਸਦੇ ਸਨ ਕਿ ਅਸੀਂ ਆਪਣੇ ਘਰੇਲੂ ਕਾਰੋਬਾਰਾਂ ਦੀਆਂ ਤਰੀਕਾਂ ਤਹਿ ਕਰਨ ਸਮੇਂ ਇਸ ਮੇਲੇ ਦੀਆਂ ਤਹਿ-ਸ਼ੁਦਾ ਤਰੀਕਾਂ ਹਮੇਸ਼ਾ ਧਿਆਨ ਵਿੱਚ ਰੱਖਦੇ ਹਾਂ। ਅਸੀਂ ਕਦੇ ਵੀ ਆਪਣੇ ਘਰੇਲੂ ਸਮਾਗਮ ਮੇਲੇ ਦੀਆਂ ਤਰੀਕਾਂ ਵਾਲੇ ਦਿਨਾਂ ਵਿੱਚ ਨਹੀਂ ਰੱਖਦੇ। ਪੁਸਤਕ ਮੇਲੇ ਦਾ ਮਹੱਤਵ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਇੱਕ ਪਾਸੇ ਅਸੀਂ ਲੋਕ ਇਹ ਕਹਿੰਦੇ-ਸੁਣਦੇ ਹਾਂ ਕਿ ਲੋਕ ਕਿਤਾਬਾਂ ਖਰੀਦ ਨਹੀਂ ਰਹੇ, ਪਰ ਦੂਜੇ ਪਾਸੇ ਇਸ ਮੇਲੇ ਵਿੱਚੋਂ ਲੱਖਾਂ ਰੁਪਏ ਦੀਆਂ ਕਿਤਾਬਾਂ ਹਰ ਸਾਲ ਲੋਕ ਬੜੇ ਉਤਸ਼ਾਹ ਨਾਲ ਘਰੀਂ ਲੈ ਕੇ ਜਾਂਦੇ ਹਨ। ਇਸ ਪੁਸਤਕ ਮੇਲੇ ਵਿੱਚੋਂ ਲੱਗਭੱਗ ਹਰ ਵਿਸ਼ੇ ਨਾਲ ਸੰਬੰਧਤ ਕਿਤਾਬਾਂ ਮਿਲ ਜਾਂਦੀਆਂ ਹਨ। ਪ੍ਰਬੰਧਕਾਂ ਵੱਲੋਂ ਇਹ ਨਿਸ਼ਚਿਤ ਕੀਤਾ ਜਾਂਦਾ ਰਹਿੰਦਾ ਹੈ ਕਿ ਕੇਵਲ ਉਸਾਰੂ ਸਾਹਿਤ ਹੀ ਵਿਕਰੀ ਲਈ ਲਿਆਂਦਾ ਜਾਵੇ। ਵਹਿਮਾਂ-ਭਰਮਾਂ ਨੂੰ ਬਲ ਦੇਣ ਵਾਲਾ ਅਤੇ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਣ ਵਾਲੇ ਸਾਹਿਤ ਨੂੰ ਇਸ ਦਾ ਹਿੱਸਾ ਨਾ ਬਣਾਇਆ ਜਾਵੇ। ਜੇ ਕਿਸੇ ਵੱਲੋਂ ਅਣਜਾਣੇ ਵਿੱਚ ਅਜਿਹਾ ਹੋ ਵੀ ਜਾਵੇ ਤਾਂ ਪ੍ਰਬੰਧਕਾਂ ਦੇ ਸਮਝਾਉਣ 'ਤੇ ਉਹ ਅਜਿਹੀਆਂ ਕਿਤਾਬਾਂ ਨੂੰ ਹਟਾ ਲੈਂਦੇ ਹਨ। ਪ੍ਰਕਾਸ਼ਕਾਂ ਦੀ ਆਪਸੀ ਸ਼ਰੀਕੇਬਾਜ਼ੀ ਇਸ ਮੇਲੇ ਵਿੱਚ ਆਪਸੀ ਸਹਿਚਾਰ ਵਿੱਚ ਬਦਲਦੀ ਨਜ਼ਰ ਆਉਂਦੀ ਹੈ। ਪੁਸਤਕ ਮੇਲੇ ਦੀ ਇਹ ਵੀ ਪ੍ਰਾਪਤੀ ਹੈ।

ਮੇਲੇ ਦੇ ਪ੍ਰਬੰਧਕਾਂ ਵੱਲੋਂ ਕੁਝ ਦੇਰ ਤੋਂ ਇਸ ਮੰਚ ਨੂੰ ਪੁਸਤਕ ਸੱਭਿਆਚਾਰ ਬਾਰੇ ਵਿਚਾਰ-ਚਰਚਾ ਲਈ ਵਰਤਣ ਦੀਆਂ ਵਿਉਂਤਾਂ ਬਣਦੀਆਂ ਰਹੀਆਂ, ਜੋ ਇਸ ਵਾਰ ਆਰੰਭ ਹੋ ਗਈ। ਪੁਸਤਕ ਸੱਭਿਆਚਾਰ ਨੂੰ ਸਹੀ ਦਿਸ਼ਾ ਵੱਲ ਤੋਰਨ ਲਈ ਅਜਿਹੀ ਵਿਚਾਰ-ਚਰਚਾ ਸਾਰਥਿਕ ਹੋਵੇਗੀ ਅਤੇ ਨਾਲ ਹੀ ਕਈ ਸਾਲਾਂ ਤੋਂ ਲਗਾਤਾਰ ਇੱਕ ਹੀ ਤਰ੍ਹਾਂ ਦੀ ਪੇਸ਼ਕਾਰੀ ਵਿੱਚ ਨਵਾਂਪਣ ਵੀ ਆਵੇਗਾ। ਉਂਜ ਵੀ ਹਰ ਸਟਾਲ 'ਤੇ ਬੈਠ ਕੇ ਵਿਅਕਤੀਗਤ ਵਿਚਾਰ-ਚਰਚਾ, ਲੇਖਕ-ਪਾਠਕ ਤਾਂ ਕਈ ਸਾਲਾਂ ਤੋਂ ਕਰਦੇ ਹੀ ਆ ਰਹੇ ਸਨ, ਪਰ ਇਸ ਵਾਰ ਇਸ ਚਰਚਾ ਨੂੰ ਇੱਕ ਸਾਂਝੇ ਮੰਚ 'ਤੇ ਲਿਆ ਕੇ ਨਵੀਂ ਤੇ ਮਹੱਤਵਪੂਰਨ ਪਹਿਲ ਹੋਈ ਹੈ।

(ਚੱਲਦਾ)

**ਸੰਪਰਕ : 98721-73475**

# ਸਾਡੇ ਨਾਇਕ; ਅੰਬਰਾਂ ਵਿੱਚ ਨਹੀਂ ਰਹਿੰਦੇ

## ਪੌਣ-ਪਾਣੀ ਧਰਤ

### ਵਿਜੈ ਬੰਬੇਲੀ

ਜਲ-ਸੰਕਟ ਹੁਣ ਹੱਟੀਆਂ-ਭੱਠੀਆਂ ਦੀ ਵੀ ਕਹਾਣੀ ਹੈ, ਪਰ ਅਸੀਂ ਕਹਿੰਦੇ-ਸੁਣਦੇ ਅਤੇ ਨਘੋਚਾਂ ਕੱਢਦੇ ਹਾਂ, ਨਿਵਾਰਨ ਲਈ ਹੱਥੀਂ ਕੁੱਝ ਨਹੀਂ ਕਰਦੇ। ਅਸਲ ਵਿੱਚ ਤੁਹਾਡੇ ਕੋਲ ਤਾਂ ਹਾਲੇ ਮੇਲਿਆਂ-ਮੁਸਾਬ੍ਰਿਆਂ, ਲੰਗਰਾਂ-ਛਬੀਲ੍ਹਾਂ, ਨਗਰ-ਕੀਰਤਨਾਂ, ਸ਼ੋਭਾ-ਯਾਤਰਾਵਾਂ, ਚਾਲਿਆਂ ਅਤੇ ਫਰਸ਼ ਧੋਣ ਵਾਲੇ "ਜ਼ਰੂਰੀ ਕਾਰਜਾਂ" ਤੋਂ ਹੀ ਵਿਹਲ ਨਹੀਂ ਕਿ ਤੁਸੀਂ ਮੇਰੀ ਰਾਮ-ਕਥਾ ਸੁਣ ਸਕੋ। ਫਿਰ ਵੀ ਮੈਂ ਤੁਹਾਨੂੰ ਕਹਾਣੀਆਂ ਸੁਣਾਵਾਂਗਾ, ਅੰਬਰੀਂ ਨਹੀਂ, ਧਰਤ ਉਤਲੀਆਂ। ਇਸ ਕਰਕੇ ਨਹੀਂ ਕਿ ਕੋਈ ਇਹਨਾਂ ਦਾ ਚਸ਼ਮਦੀਦ ਗਵਾਹ ਹੈ, ਸਗੋਂ ਇਸ ਕਰਕੇ ਕਿ ਇਹ ਸਾਡਾ ਮਾਰਗ-ਦਰਸ਼ਨ ਕਰਦੀਆਂ ਹਨ:

ਕੁਦਰਤੀ ਸੋਮਿਆਂ ਨਾਲ ਸੰਬੰਧਤ ਵਿਭਾਗ 'ਚ ਮੈਂ ਲੰਬੀ ਨੌਕਰੀ ਕੀਤੀ ਹੈ। ਜਲ-ਸੰਕਟ ਮੇਰਾ ਟੁੰਬਵਾਂ ਵਿਸ਼ਾ ਰਿਹਾ ਹੈ, ਹੁਣ ਵੀ ਹੈ, ਜਿਹੜਾ ਮੈਨੂੰ ਨੌਕਰੀ ਦੇ "ਹੱਦਾਂ-ਬੰਨੇ" ਭੰਨਣ ਲਈ ਵੀ ਉਕਸਾਉਂਦਾ ਰਿਹਾ। ਜਗਿਆਸੂ ਬਿਰਤੀ ਦਾ ਹੋਣ ਕਾਰਨ ਮੈਨੂੰ ਸਰਕਾਰੀ ਜਾਂ ਨਿੱਜੀ ਖੋਜ-ਭਰਮਣ ਕਰਨ ਅਤੇ ਸਵਾਲਾਂ ਦੀ ਵਾਛੜ ਕਰਨ ਦਾ ਮੌਕਾ ਵੀ ਮਿਲਦਾ ਰਿਹਾ। ਹੁਣ ਕਦੇ-ਕਦੇ ਮੇਰੇ ਦਿਲ ਵਿੱਚ ਆਉਂਦਾ ਹੈ ਕਿ ਮੈਂ ਇੱਕ-ਇੱਕ ਕਰਕੇ ਉਹ ਸਾਰੀਆਂ ਕਹਾਣੀਆਂ ਬਿਆਨ ਦਿਆਂ, ਜਿਹੜੀਆਂ ਮੈਂ ਅੱਖੀਂ ਵੇਖੀਆਂ ਅਤੇ ਕੰਨੀਂ ਸੁਣੀਆਂ ਹਨ।

ਛੱਤੀਸਗੜ੍ਹ, ਜਿਹੜਾ ਹੁਣ 'ਵੋਟਾਂ' ਅਤੇ 'ਗੱਪਾਂ' ਕਾਰਨ ਚਰਚਾ ਵਿੱਚ ਹੈ, ਦੇ ਬਸਤਰ ਜ਼ਿਲ੍ਹੇ 'ਚ ਬਾਸਾਗੁੜਾ ਇੱਕ ਛੋਟਾ ਕਸਬਾ ਹੈ। ਇੱਥੇ ਪੁਲਸ ਸਟੇਸ਼ਨ ਹੈ ਅਤੇ ਇਨਕਲਾਬੀ ਲਹਿਰ ਨੂੰ ਕੁਚਲਣ ਲਈ ਸਪੈਸ਼ਲ ਪੁਲਸ ਫੋਰਸ ਵੀ ਹੈ। ਬਾਸਾਗੁੜਾ ਦੇ ਖੇਤਰ ਵਿੱਚ ਇਕ ਸਮੇਂ ਸਿੰਜਾਈ ਪ੍ਰਾਜੈਕਟ ਮੌਜੂਦ ਸੀ। ਦਰਅਸਲ ਇਹ ਇੱਕ ਛੋਟਾ ਜਿਹਾ ਬਰਸਾਤੀ ਪਾਣੀ ਕਮਾਊ ਬੰਧ (ਮਸਨੂਈ ਤਲਾਬ) ਸੀ, ਜਿਸ ਨੂੰ ਸਥਾਨਕ ਲੋਕ ਡੈਮ ਕਹਿੰਦੇ ਸਨ। ਜਿਹਨਾਂ ਵੇਲਿਆਂ ਦੀ ਇਹ ਕਹਾਣੀ ਹੈ, ਉਸ ਨੂੰ ਬੀਤਿਆਂ ਢਾਈ ਦਹਾਕੇ ਹੋ ਚੁੱਕੇ ਹਨ, ਪਰ ਇਹ ਅੱਜ ਵੀ ਸਾਰਥਿਕ ਹੈ, ਸਗੋਂ ਉਹਨਾਂ ਵੇਲਿਆਂ ਤੋਂ ਵੀ ਕਿਤੇ ਜ਼ਿਆਦਾ।

ਇਹ ਡੈਮ ਬਾਸਾਗੁੜਾ ਤੇ ਹੋਰ 7-8 ਪਿੰਡਾਂ ਨੂੰ ਪਾਣੀ ਸਪਲਾਈ ਕਰਦਾ ਹੁੰਦਾ ਸੀ। ਕੋਈ ਵੀਹ ਸਾਲ ਤੋਂ ਪਹਿਲਾਂ ਦੇ ਮੌਨਸੂਨ ਦੌਰਾਨ ਹੜ੍ਹਾਂ ਨਾਲ ਡੈਮ ਟੁੱਟ ਗਿਆ। ਕਿਸੇ ਵੀ ਸਰਕਾਰ ਨੇ ਇਸ ਇਲਾਕੇ ਦੀਆਂ ਅਰਜਾਂ ਵੱਲ ਧਿਆਨ ਨਹੀਂ ਦਿੱਤਾ। ਮਾਰਚ '98 ਵਿੱਚ ਨੌਂ ਪਿੰਡਾਂ ਦੇ ਲੋਕਾਂ ਨੇ ਇੱਕ ਇਨਕਲਾਬੀ ਸੰਗਠਨ (ਲੋਕ-ਪਾਰਟੀ) ਦੀ ਗੁਪਤ ਅਗਵਾਈ ਹੇਠ ਤਲਾਬ ਉਸਾਰੀ ਕਮੇਟੀ ਬਣਾਈ। ਕਮੇਟੀ 'ਚ ਕੁਝ ਆਦਿਵਾਸੀ ਸਰਪੰਚਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ।

ਇਸ ਕਮੇਟੀ ਦੀ ਸਥਾਨਕ ਅਗਵਾਈ ਹੇਠ ਨੌਂ ਪਿੰਡਾਂ ਦੇ ਚਾਰ ਸੌ ਲੋਕਾਂ ਨੇ ਛੱਬੀ ਦਿਨਾਂ ਤੱਕ ਤਲਾਬ ਦਾ ਬੰਨ੍ਹ ਉਸਾਰਨ ਵਿੱਚ ਹਿੱਸਾ ਲਿਆ। ਦੂਰ ਦੇ ਪਿੰਡਾਂ 'ਚੋਂ ਆਉਣ ਵਾਲਿਆਂ ਨੇ ਉਸਾਰੀ ਦੀ ਥਾਂ ਉੱਤੇ ਤੰਬੂ ਲਾ ਲਏ। ਆਮ ਤੌਰ 'ਤੇ ਸਾਰਾ ਕੰਮ ਕਾਰ-ਸੇਵੀ (ਮੁਫ਼ਤ-ਮੁਸ਼ੱਕਤ) ਕੀਤਾ ਜਾਂਦਾ, ਪਰ ਕਿਉਂਕਿ 1997-98 ਦਾ ਸਾਲ ਦਹਾਕਿਆਂ 'ਚ ਸਭ ਤੋਂ ਸਖ਼ਤ ਅਕਾਲ ਦਾ ਸਾਲ ਸੀ, ਇਸ ਲਈ ਪਾਰਟੀ ਨੇ ਹਰ ਕੰਮ ਦਿਨ ਲਈ ਇਕ ਕਿਲੋ ਚੌਲ ਪ੍ਰਤੀ ਕਾਮਾ ਦੇਣ ਦਾ ਫੈਸਲਾ ਕੀਤਾ।

ਸੋਕੇ ਦੀਆਂ ਹਾਲਤਾਂ ਕਾਰਨ ਇਲਾਕਾ ਕਮੇਟੀ ਨੇ ਸੋਕਾ ਰਾਹਤ ਲਈ ਲੋਕ-ਫੰਡ ਤਹਿਤ 'ਕੱਠੇ ਹੋਏ 40,000 ਰੁਪਏ ਜਾਰੀ ਕੀਤੇ, ਜਿਹੜੀ 52 ਕੁਇੰਟਲ ਚੌਲਾਂ ਦੀ ਖਰੀਦ ਕੀਮਤ ਸੀ। ਤਲਾਬ ਉਸਾਰੀ ਕਮੇਟੀ ਨੇ ਸਥਾਨਕ ਧਨੀ ਕਿਸਾਨਾਂ ਉੱਤੇ ਜਾਗੀਰਦਾਰਾਂ ਤੋਂ ਹੋਰ 18 ਕੁਇੰਟਲ ਚੌਲ ਇਕੱਠੇ ਕੀਤੇ। ਹੜ੍ਹਾਂ ਦੇ ਦਬਾਅ ਤੋਂ ਮਿੱਟੀ ਦੇ ਡੈਮ ਨੂੰ ਬਚਾਉਣ ਲਈ ਕਮੇਟੀ ਨੇ ਬੰਨ੍ਹ 'ਚ ਤਰੇੜ ਆਉਣ ਨੂੰ ਰੋਕਣ ਲਈ ਪੱਥਰ ਅਤੇ ਸੀਮੈਂਟ ਲਾਉਣ ਦਾ ਫੈਸਲਾ ਕੀਤਾ। ਇਸ ਵਾਸਤੇ ਚਾਰ ਪਿੰਡਾਂ ਦੀਆਂ ਪੰਚਾਇਤਾਂ, ਜਿਨ੍ਹਾਂ ਨੂੰ ਇਸ ਝੀਲ-ਤਲਾਬ ਤੋਂ ਪਾਣੀ ਮਿਲਣਾ ਸੀ, ਤੋਂ ਯਥਾਂ-ਮੂਜ਼ਬ ਸੱਠ ਹਜ਼ਾਰ ਰੁਪਏ (ਪੰਦਰਾਂ ਹਜ਼ਾਰ ਔਸਤਨ) ਇਕੱਠੇ ਕੀਤੇ ਗਏ।

ਹਾਂ; ਚਾਰ ਸੌ ਸਵੈ-ਸੇਵੀ ਕਾਮਿਆਂ ਨੇ 26 ਦਿਨਾਂ ਤੱਕ ਕੰਮ ਕਰਕੇ ਦਸ ਹਜ਼ਾਰ ਚਾਰ ਸੌ ਮਨੁੱਖੀ ਦਿਨ ਕੰਮ ਕੀਤਾ। ਜੇ "ਸਰਕਾਰ ਜੀ" ਜਾਂ ਇਸ ਦੇ ਠੇਕੇਦਾਰਾਂ ਨੇ ਇਹ ਕੰਮ ਕਰਨਾ ਹੁੰਦਾ ਤਾਂ ਉਨ੍ਹਾਂ ਨੂੰ ਸ਼ਾਇਦ ਦੁੱਗਣੇ ਤੋਂ ਵੀ ਵੱਧ ਕੰਮ ਦਿਨਾਂ ਦੀ ਲੋੜ ਪੈਂਦੀ। ਦਰ-ਹਕੀਕਤ; ਸਮਾਜਕ ਚੇਤਨਾ ਅਤੇ ਸਵੈ-ਇੱਛਾ ਨਾਲ ਕੀਤੇ ਕੰਮ ਆਮ ਤੌਰ 'ਤੇ ਦਿਹਾੜੀਦਾਰ ਮਜ਼ਦੂਰਾਂ ਵੱਲੋਂ ਕੀਤੇ ਕੰਮ ਤੋਂ ਦੁੱਗਣਾ ਨਤੀਜਾ ਕੱਢਦਾ ਹੈ। ਜੇ ਵੇਲੇ ਦੀ ਘੱਟੋ-ਘੱਟ ਦਿਹਾੜੀ ਪੰਜਾਹ ਰੁਪਏ ਰੋਜ਼ਾਨਾ ਵੀ ਲਾਈ ਜਾਵੇ ਤਾਂ ਇਸੇ ਕੰਮ ਲਈ ਦਸ ਲੱਖ ਰੁਪਏ (10400×50×2 ਗੁਣਾਂ ਕੰਮ) ਤੋਂ ਵੱਧ ਖਰਚ ਆਉਂਦਾ।

ਦਿਲਚਸਪ ਗੱਲ ਇਹ ਰਹੀ ਕਿ ਲੋਕਾਂ ਦੇ ਜਨਤਕ ਉਤਸ਼ਾਹ ਤੇ ਉਨ੍ਹਾਂ ਦੀ ਰਚਨਾਤਮਕਤਾ ਨੂੰ ਦੇਖ ਕੇ ਸਰਕਾਰ ਸ਼ਸ਼ੋਪੰਜ 'ਚ ਪੈ ਗਈ। ਉਸ ਨੇ ਲੋਕਾਂ ਦੇ ਯਤਨਾਂ ਅਤੇ ਸਿਰੜ ਦੀ ਹਵਾ ਕੱਢਣ ਲਈ ਇਸ ਝੀਲ ਦੀ ਉਸਾਰੀ ਲਈ ਵੀਹ ਲੱਖ ਰੁਪਏ ਜਾਰੀ ਕਰਨ ਦੀ "ਮੋਦੀ-ਛਾਪ ਖ਼ਬਰ" ਉਛਾਲ ਦਿੱਤੀ, ਪਰ ਲੋਕਾਂ ਜਿਹਨਾਂ ਸਵੈ-ਨਿਰਭਰਤਾ ਅਤੇ ਸਮੂਹਕ ਕੋਸ਼ਿਸ਼ ਦੀ ਤਾਕਤ ਨੂੰ ਅੱਖੀਂ ਦੇਖ ਲਿਆ ਸੀ, ਇਹ ਜਾਣਦਿਆਂ ਵੀ ਕਿ "ਲੀਡਰਾਂ" ਦੀ ਬਜਾਏ ਇਹ ਲੋਕਾਂ ਦਾ ਪੈਸਾ (ਟੈਕਸ) ਹੈ, ਫਿਰ ਵੀ ਸਰਕਾਰੀ ਗ੍ਰਾਂਟ ਲੈਣ ਤੋਂ ਨਾਂਹ ਕਰ ਦਿੱਤੀ। ਅਸਲ ਵਿੱਚ ਇਸ ਨਾਂਹ ਮਗਰ ਬਹੁ-ਪਰਤੀ ਕਾਰਨ ਸਨ। ਇਨਕਲਾਬੀ ਧਿਰਾਂ ਲੋਕਾਂ ਨੂੰ ਉਸ ਦੀ ਮੂਕ-ਤਾਕਤ ਅਤੇ ਜਥੇਬੰਦਕ ਏਕੇ ਤੋਂ ਜਾਣੂੰ ਕਰਵਾਉਣਾ ਚਾਹੁੰਦੀਆਂ ਸਨ।

ਕਾਰਜ ਅਤੇ ਮੰਤਵ ਬੇਹੱਦ ਸਫਲ ਰਿਹਾ। ਉਪਰੰਤ ਦੱਖਣੀ ਬਸਤਰ ਦੇ ਹੋਰ 12 ਪਿੰਡਾਂ 'ਚ ਲੋਕਾਂ ਨੇ ਨਵੇਂ ਜਾਂ ਪੁਰਾਣਿਆਂ ਤਲਾਬ/ਝੀਲਾਂ ਨੂੰ ਬਣਾਉਣ ਜਾਂ ਮੁਰੰਮਤ ਦਾ ਫੈਸਲਾ ਕੀਤਾ। ਕੰਮ 1999 ਦੀਆਂ ਗਰਮੀਆਂ 'ਚ ਸ਼ੁਰੂ ਕੀਤਾ ਗਿਆਂ ਅਤੇ ਜੂਨ 2000 'ਚ ਪੂਰਾ ਹੋਇਆ, ਕੰਮ ਸਿਰਫ਼ ਵਿਹਲੇ ਮੌਸਮ 'ਚ ਕੀਤਾ ਜਾਂਦਾ। ਇਹ ਫ਼ੈਸਲਾ ਕੀਤਾ ਗਿਆ ਕਿ ਹਰੇਕ ਟੱਬਰ ਕੰਮ 'ਚ ਹਿੱਸਾ ਲਵੇਗਾ। 12 ਪਿੰਡਾਂ ਦੇ ਹਰ ਇਕ ਪਰਵਾਰ ਦੇ ਮੈਂਬਰਾਂ ਨੇ ਸਵੈ-ਇੱਛਤ ਮਿਹਨਤ ਰਾਹੀਂ ਸਥਾਨਕ ਗੋਥੀ-ਸਿਸਟਮ ਜਿਸ 'ਚ ਹਰ ਪਰਵਾਰ, ਇਕਾਈ ਪੰਜ ਜੀਆਂ ਨੂੰ 10 ਮੀਟਰ ਲੰਮਾ 4 ਮੀਟਰ ਚੌੜਾ ਅਤੇ 1 ਮੀਟਰ ਡੂੰਘਾ ਆਇਤ ਜ਼ਮੀਨ ਦਾ ਹਿੱਸਾ ਪੁੱਟਣਾ ਪੈਂਦਾ, ਮੁਤਾਬਿਕ ਜ਼ਮੀਨ ਖੋਦੀ।

ਅਗਲੇ ਸਾਲ ਉਨ੍ਹਾਂ ਨੇ ਗੰਨਾ ਢੰਗ, ਇੱਕ ਹੋਰ ਸਥਾਨਕ/ਸਮਾਜਿਕ ਸਿਸਟਮ, ਜਿਸ 'ਚ ਪਰਵਾਰਾਂ ਦੀ ਗਿਣਤੀ ਦੇ ਆਧਾਰ 'ਤੇ ਹਰੇਕ ਪਿੰਡ ਨੂੰ ਕੰਮ ਦੇ ਦਿੱਤਾ ਜਾਂਦਾ ਹੈ, 'ਤੇ ਚੱਲਣ ਦਾ ਫ਼ੈਸਲਾ ਲਿਆ। ਤਲਾਬ ਦਾ ਕੰਮ ਪੂਰਾ ਕਰਨ ਦਾ ਸਮਾਂ ਤੈਅ ਕਰ ਦਿੱਤਾ ਜਾਂਦਾ। ਗੋਥੀ ਸਿਸਟਮ ਵਿੱਚ ਪਰਵਾਰਾਂ ਕੋਲ ਇਹ ਫੈਸਲਾ ਕਰਨ ਦੀ ਲਚਕ ਰਹਿੰਦੀ ਹੈ ਕਿ ਉਨ੍ਹਾਂ ਨੇ ਆਪਣੇ ਹਿੱਸੇ ਦਾ ਕੰਮ ਕਦੋਂ ਪੂਰਾ ਕਰਨਾ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕੁਝ ਪਰਵਾਰ ਨਿਸ਼ਚਿਤ ਸਮੇਂ 'ਚ ਆਪਣੇ ਕੰਮ ਦਾ ਹਿੱਸਾ ਪੂਰਾ ਨਾ ਕਰਦੇ, ਪਰ ਗੰਨਾ ਸਿਸਟਮ ਵਿੱਚ ਐਨੀ ਲਚਕ ਨਹੀਂ ਸੀ।

ਇਸ ਨਾਲ ਤਾਲਮੇਲ ਕਰ ਰਹੀ ਕਮੇਟੀ ਲਈ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ, ਪਰ ਜਿੱਥੇ ਪੇਂਡੂਆਂ ਵੱਲੋਂ ਇਕ ਸਮੂਹ ਵਜੋਂ ਫ਼ੈਸਲਾ ਲਿਆ ਜਾਂਦਾ। ਸਮਾਜਿਕ-ਸ਼ਰਮ/ਮਰਿਆਦਾ ਕਾਰਨ ਕੋਈ ਵੀ ਪਰਵਾਰ ਕੰਮ ਤੋਂ ਬਚ ਨਹੀਂ ਸੀ ਸਕਦਾ। ਇੰਜ ਕਮੇਟੀ ਲਈ ਕੰਮ ਦਾ ਤਾਲਮੇਲ ਕਰਨਾ ਸੌਖਾ ਹੋ ਜਾਂਦਾ ਹੈ, ਪਰ ਇਸ ਸਿਸਟਮ ਨਾਲ ਕੁਝ ਪਰਵਾਰਾਂ ਨੂੰ ਤਕਲੀਫ ਹੋ ਜਾਂਦੀ। ਸਮੱਸਿਆਵਾਂ ਦੇ ਹੱਲ ਲਈ ਜਿਸ ਪੇਂਡੂ ਅਪਣਾਏ ਜਾਣ ਵਾਲੇ ਸਿਸਟਮ ਬਾਰੇ ਫ਼ੈਸਲਾ ਖੁਦ ਕਰਦੇ। ਕੁੱਲ ਮਿਲਾ ਕਿ ਸਿੱਟੇ ਸਾਰਥਿਕ ਨਿਕਲੇ। ਕਿਵੇਂ/ ਮੈਂ ਇੱਕ ਉਦਾਹਰਣ ਦੇਵਾਂਗਾ:

ਕੌਂਛਾਂ ਖਿੱਤੇ ਦੇ ਬਾਰਾਂ ਪਿੰਡਾਂ ਦੀ ਮੀਟਿੰਗ 'ਚ ਲੋਕਾਂ ਨੂੰ ਉਦਾਹਰਣਾਂ ਸਹਿਤ ਜਚਾਇਆ ਗਿਆ, 'ਸਾਡੀ ਰੱਖਿਆ ਕਰਨ ਵਾਲਾ ਕੋਈ "ਰੱਬ ਜਾਂ ਸਰਕਾਰ" ਨਹੀਂ ਹੈ, ਸਾਨੂੰ ਆਪਣੇ ਭਵਿੱਖ ਦੀ ਉਸਾਰੀ ਕਰਨ ਲਈ ਇਕ-ਦੂਜੇ 'ਤੇ ਨਿਰਭਰ ਕਰਨਾ ਹੋਵੇਗਾ। ਸੋ, ਇਸ ਮੌਕੇ 'ਤੇ ਸਾਨੂੰ ਇਸ ਪਿੰਡ ਦਾ ਤਲਾਬ ਉਸਾਰਨ ਲਈ ਉੱਥੋਂ ਦੇ ਲੋਕਾਂ ਦੀ ਲਾਜ਼ਮੀ ਹੀ ਸਹਾਇਤਾ ਕਰਨੀ ਚਾਹੀਦੀ ਹੈ। ਹੋਰ ਮੌਕੇ 'ਤੇ ਜਦੋਂ ਸਾਨੂੰ ਸਹਾਇਤਾ ਦੀ ਲੋੜ ਹੋਵੇਗੀ ਤਾਂ ਦੂਜੇ ਸਾਡੀ ਸਹਾਇਤਾ ਕਰਨਗੇ।'

12 ਪਿੰਡਾਂ ਦੇ ਕੁੱਲ 355 ਲੋਕ ਇਸ ਕੰਮ 'ਚ ਸ਼ਾਮਲ ਹੋਏ, ਉਸਾਰੀ ਦਾ ਕੰਮ 260 ਦਿਨ ਚੱਲਿਆ, ਇਸ 'ਚ ਚੌਦਾਂ ਹਜ਼ਾਰ ਕੰਮ ਦਿਨ ਲੱਗੇ ਜਿਸ 'ਚ 100 ਰੁਪਏ ਦਿਹਾੜੀ ਦੇ ਹਿਸਾਬ ਮਜ਼ਦੂਰੀ ਦਾ ਭੁਗਤਾਨ ਕਰਨ 'ਤੇ 14 ਲੱਖ ਰੁਪਏ ਖਰਚ ਆਉਣੇ ਸੀ। ਅਖੀਰ 'ਚ ਜੋ ਤਲਾਬ ਬਣਿਆ, ਉਸ ਦੀ ਲੰਬਾਈ ਇਕ ਕਿਲੋਮੀਟਰ, ਚੌੜਾਈ 250 ਮੀਟਰ ਅਤੇ ਸਭ ਤੋਂ ਡੂੰਘੀ ਥਾਂ 'ਤੇ ਉਸ ਦੀ ਡੂੰਘਾਈ 20 ਮੀਟਰ ਸੀ। ਕੱਚਾ ਬੰਨ੍ਹ ਆਪਣੇ ਆਧਾਰ 'ਤੇ 30 ਤੋਂ 35 ਮੀਟਰ ਚੌੜਾ ਸੀ। ਇਸ ਦੀ ਸਮਰੱਥਾ ਪੰਜ ਸੌ ਏਕੜ ਜ਼ਮੀਨ ਦੀ ਸਿੰਜਾਈ ਕਰਨ ਦੀ ਸੀ। ਚਾਹੇ ਸਿੰਜਾਈ ਇਕ ਪਿੰਡ ਦੀ ਜ਼ਮੀਨ ਦੀ ਹੋਣੀ ਸੀ, ਪਰ ਗਰਮੀਆਂ ਦੇ ਮਹੀਨਿਆਂ 'ਚ ਇਸ ਨੇ ਵੀਹ ਪਿੰਡਾਂ ਦੇ ਪਸ਼ੂਆਂ ਨੂੰ ਪਾਣੀ ਪਿਲਾਉਣਾ ਅਤੇ ਆਬੋ-ਹਵਾ ਸਿੱਲੀ ਕਰਨੀ ਸੀ।

ਇਸ ਤਲਾਬ ਨੇ ਪੇਂਡੂਆਂ ਵਿੱਚ ਡੂੰਘੇ ਅਤੇ ਤੁਰਤ-ਫੁਰਤ ਵਾਲੇ ਸਹਿਯੋਗੀ ਸੰਬੰਧ ਪੈਦਾ ਕਰ ਦਿੱਤੇ। ਇੱਕ ਮਿਸਾਲ ਕਾਫੀ ਰਹੇਗੀ: ਹੋਇਆ ਇਹ; 2001 ਦੀ ਮਾਨਸੂਨ ਦੀਆਂ ਭਾਰੀ ਬਰਸਾਤਾਂ ਵਿੱਚ ਬੰਨ੍ਹ ਦਾ ਇਕ ਹਿੱਸਾ ਵਹਿ ਗਿਆ। ਤੁਰੰਤ ਹੀ ਸਮੁੱਚਾ ਪਿੰਡ ਵਰ੍ਹਦੇ ਮੀਂਹ 'ਚ ਹੀ ਉਸ ਟੁੱਟੇ ਹਿੱਸੇ ਦੀ ਮੁੜ-ਉਸਾਰੀ ਕਰਨ ਲਈ ਸਾਰੀ ਰਾਤ ਕੰਮ 'ਚ ਰੁੱਝਾ ਰਿਹਾ। ਤਲਾਬ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਸਾਲ-ਭਰ ਪਹਿਲਾਂ ਹੀ, ਗਰਮੀਆਂ 'ਚ ਪੇਂਡੂਆਂ ਨੇ ਸਾਂਝੇ ਤੌਰ 'ਤੇ ਤਲਾਬ ਦੇ ਪੜ੍ਹਛਲ (ਬੈਡ) ਵਿੱਚ ਸਬਜ਼ੀਆਂ ਬੀਜ ਦਿੱਤੀਆਂ ਸਨ। ਉਪਰੰਤ; ਰਾਖਵੀਆਂ ਸਬਜ਼ੀਆਂ ਦਾ ਇੱਕ ਵੱਡਾ ਹਿੱਸਾ ਹਰ ਇਕ ਪਰਵਾਰ 'ਚ ਜਿਨ੍ਹਾਂ ਨੇ ਫ਼ਸਲ ਉਗਾਉਣ ਲਈ ਇਕ-ਇਕ ਬੰਦਾ ਦਿੱਤਾ ਸੀ, ਵੰਡ ਦਿੱਤਾ ਗਿਆ। ਬਾਕੀ ਫ਼ਸਲ ਨੂੰ ਵੇਚ ਦਿੱਤਾ ਗਿਆ। ਵਿਕਰੀ ਦੇ ਪੈਸਿਆਂ ਨਾਲ ਤਿੰਨ ਹਜ਼ਾਰ ਰੁਪਏ ਦੀਆਂ ਮੱਛੀ ਦੀਆਂ ਪੂੰਗਾਂ ਖਰੀਦੀਆਂ ਗਈਆਂ ਅਤੇ ਤਲਾਬ ਵਿੱਚ ਪਾ ਦਿੱਤੀਆਂ ਗਈਆਂ ਅਤੇ ਪਲ ਜਾਣ 'ਤੇ ਮੱਛੀਆਂ ਨੂੰ, ਤਲਾਬ ਵੀ ਸਾਂਝਾ ਅਤੇ ਮੱਛੀਆਂ ਵੀ, ਇਵੇਂ ਹੀ ਵੰਡਿਆ-ਵੇਚਿਆ ਗਿਆ।

ਮੁੱਕਦੀ ਗੱਲ; ਤਲਾਬ; ਰੁਜ਼ਗਾਰ ਅਤੇ ਭੋਜਨ ਦੇਣ ਲੱਗਾ ਅਤੇ ਸਾਂਵਾ ਪੌਣ-ਪਾਣੀ ਵੀ। ਹਾਂ; 'ਪੌਣ-ਪਾਣੀ', ਜਿਹੜਾ "ਸਰਕਾਰਾਂ ਅਤੇ ਧੰਨ-ਕਬੇਰਾਂ ਨੇ ਖੋਹ ਲਿਆ ਸੀ ਅਤੇ ਉਹਨਾਂ ਦੀ ਸਹਿਜ-ਜ਼ਿੰਦਗੀ ਵੀ। ਜਿਸ ਬਾਰੇ ਉਹਨੀਂ ਪਹਿਲਾਂ ਕਦੇ ਸੋਚਿਆ ਵੀ ਨਹੀਂ ਸੀ। ਦਰਅਸਲ; ਉਹਨੀਂ ਸਰਬੱਤ ਦਾ ਭਲਾ ਅਤੇ ਸਾਂਝੀਵਾਲਤਾ ਦੇ ਸਹਾਰੇ, ਉਹਨਾਂ ਸਹਿਜ ਜ਼ਿੰਦਗੀ ਜਿਊਣ ਦਾ ਰਾਹ ਲੱਭ ਲਿਆ ਸੀ, ਪਰ ਤੱਤ-ਰੂਪ ਵਿੱਚ ਉਹਨੀਂ ਇੱਕ ਲੰਬੀ ਲੜਾਈ ਲੜਨੀ ਸੀ, ਕੁਦਰਤ ਵਿਰੁੱਧ ਨਹੀਂ, ਕੁਦਰਤੀ ਨਿਆਂ ਦੇ ਦੁਸ਼ਮਣਾਂ ਵਿਰੁੱਧ।

**ਮੋਬਾ. 94634-39075**

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

19-Nov-Sunday.qxd 11/18/2023 10:00 PM Page 4



# ਮਨੁੱਖ ਦੇ ਮਨੁੱਖ ਬਣੇ ਰਹਿਣ ਦੀ ਫਿਕਰਮੰਦੀ ਦੀ ਸ਼ਾਇਰੀ

ਕਿਤਾਬ ਦੀ ਪਰਖ ਪੜਚੋਲ

**ਡਾ. ਧਰਮਿੰਦਰ ਸਿੰਘ**

## ਅੱਖਰਾਂ ਦੇ ਸਰਚਸ਼ਮੇਂ

(ਕਾਵਿ ਸੰਗ੍ਰਹਿ)
**ਰਾਮਪਾਲ ਸਿੰਘ**
**ਮੁੱਲ-230 ਰੁਪਏ**
**ਗਰੇਸ਼ੀਅਸ ਬੁਕਸ, ਪਟਿਆਲਾ**





'ਅੱਖਰਾਂ ਦੇ ਸਰਚਸ਼ਮੇ' ਰਾਮਪਾਲ ਸਿੰਘ ਦੀ ਸੱਜਰੀ ਛਪੀ ਤੀਸਰੀ ਕਾਵਿ ਪੁਸਤਕ ਹੈ। ਉਹ ਜਦੋਂ ਵੀ ਬੋਲ ਉਚਾਰਦਾ ਹੈ ਤਾਂ ਜ਼ਿੰਦਗੀ ਦੇ ਨਵੇਂ ਦਿਸਹੱਦਿਆਂ ਦੀ ਤਲਾਸ਼ ਕਰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਹ ਪਰੰਪਰਾ ਤੋਂ ਟੁੱਟਿਆ ਹੋਇਆ ਹੈ। ਉਹ ਤਾਂ ਸਗੋਂ ਮਨੁੱਖ ਦੇ ਮਨੁੱਖ ਬਣੇ ਰਹਿਣ ਲਈ ਫ਼ਿਕਰਮੰਦ ਹੈ। ਉਸ ਦੀ ਕਵਿਤਾ ਵਿੱਚ ਇੱਕ ਖ਼ਾਸ ਤਰ੍ਹਾਂ ਦੀ ਡੂੰਘਾਈ ਹੈ, ਇੱਕ ਫਿਕਰ ਹੈ, ਆਸ਼ਾਵਾਦ ਹੈ ਅਤੇ ਫਲਸਫਾਨਾ ਗਹਿਰਾਈ ਹੈ। ਉਹ ਭਾਵੁਕਤਾ ਭਰੇ ਬੋਲਾਂ ਨਾਲ ਵਕਤੀ ਸਵਾਦ ਨਹੀਂ ਦਿੰਦਾ, ਸਗੋਂ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਉਹ ਸਾਡੀ ਚੇਤਨਾ ਉੱਪਰ ਜੰਮ ਗਈਆਂ ਅਗਿਆਨ ਦੀਆਂ ਪਰਤਾਂ ਨੂੰ ਉਧੇੜਦਾ ਹੈ ਅਤੇ ਮਨੁੱਖੀ ਸੰਵੇਦਨਾ ਦੇ ਬਹੁਰੰਗੇ ਸੱਭਿਆਚਾਰਕ, ਸਮਾਜਕ ਯਥਾਰਥ ਦੇ ਸਨਮੁੱਖ ਸਾਨੂੰ ਲਿਜਾ ਖੜ੍ਹਾ ਕਰਦਾ ਹੈ, ਇਹ ਉਸ ਦੀ ਪਰਪੱਕਤਾ ਅਤੇ ਕਾਵਿ ਸੂਝ ਦਾ ਪ੍ਰਤੀਫਲ ਹੈ ਕਿ ਉਹ ਖੁੱਲ੍ਹੀ ਕਵਿਤਾ ਨੂੰ ਨਵੀਂ ਨੁਹਾਰ ਪ੍ਰਦਾਨ ਕਰਦਾ ਹੈ। ਇਹ ਸ਼ਾਇਰੀ ਰਵਾਇਤੀ ਤੌਰ 'ਤੇ ਲਿਖੀ ਜਾ ਰਹੀ ਕਵਿਤਾ ਤੋਂ ਵੱਖਰੀ ਅਤੇ ਨਿਆਰੀ ਸੁਹਜ ਸੰਵੇਦਨਾ ਦਾ ਸੰਚਾਰ ਕਰਦੀ ਹੈ। ਉਸ ਦੀ ਖ਼ੂਬਸੂਰਤੀ ਅਤੇ ਵੱਖਰਤਾ ਇਹ ਹੈ ਕਿ ਉਹ ਸਾਡੇ ਆਲੇਦੁਆਲੇ ਦੀਆਂ ਸਮੱਸਿਆਵਾਂ, ਗੈਰਸੰਵੇਦਨਸ਼ੀਲਤਾ, ਸਮਾਜਕ, ਰਾਜਸੀ ਸਥਿਤੀਆਂ ਅਤੇ ਸੱਭਿਆਚਾਰਕ ਜਾਂ ਵਾਤਾਵਰਨ ਸੰਬੰਧੀ ਮਸਲਿਆਂ ਜਾਂ ਵਿਸ਼ਿਆਂ ਪ੍ਰਤੀ ਭਾਵੁਕ ਪੇਸ਼ਕਾਰੀ ਨਹੀਂ ਕਰਦਾ, ਸਗੋਂ ਸਾਂਝੀ ਸਮਾਜਕ ਬਣਤਰ ਵਿੱਚ ਆ ਰਹੀਆਂ ਵਿਸ਼ਵੀ ਤਬਦੀਲੀਆਂ ਦੀ ਲੋਅ ਵਿੱਚ ਇਹਨਾਂ ਦੀ ਪੜਚੋਲ ਕਰਦਾ ਹੈ।

ਰਾਮਪਾਲ ਦਾ ਕਾਵਿ ਸਫ਼ਰ ਭਾਵੁਕ ਮੁਹੱਬਤੀ ਬੋਲਾਂ ਦੀ ਸਿਰਜਣਕਾਰੀ ਤੋਂ ਸ਼ੁਰੂ ਹੁੰਦਾ ਹੈ। ਸ਼ੁਰੂ ਵਿੱਚ ਉਸ ਦੀ ਕਾਵਿ ਸੰਵੇਦਨਾ ਵਿੱਚ ਭਾਵਾਂ ਦੀ ਰਵਾਨਗੀ ਅਤੇ ਜਜ਼ਬਿਆਂ ਦੀ ਗਹਿਰਾਈ ਤਾਂ ਸੀ, ਪਰ ਉਹ ਪੂਰੀ ਤਰ੍ਹਾਂ ਪਕੇਰੇ ਅਤੇ ਮਜੀਠ ਨਹੀਂ ਸਨ ਹੋਏ, ਹੁਣ ਉਸ ਦੀ ਕਵਿਤਾ ਨਾ ਸਿਰਫ਼ ਗਿਆਨ ਦੀ ਕੁਠਾਲੀ ਵਿੱਚ ਪੱਕ ਗਈ ਹੈ, ਸਗੋਂ ਉਹ ਮਾਨਵੀ ਸੰਵੇਦਨਾ ਦੇ ਸੱਚੇ ਤੇ ਸੱਜਰੇ ਅਹਿਸਾਸਾਂ ਨਾਲ ਸਰਾਬੋਰ ਵੀ ਹੈ। ਹੁਣ ਰਮਾਪਾਲ ਜਦੋਂ ਮੁਹੱਬਤ ਦੀ ਵੀ ਗੱਲ ਕਰਦਾ ਹੈ ਤਾਂ ਉਸ ਦੇ ਲਫ਼ਜ਼ਾਂ ਵਿੱਚ ਰਵਾਇਤੀ ਖੁੱਲ੍ਹੀ ਕਵਿਤਾ ਦੀ ਰੀਤ ਨਹੀਂ, ਸਗੋਂ ਇਹ ਅੱਖਰਾਂ ਦੇ ਅਜਿਹੇ ਸਰਚਸ਼ਮੇ ਹਨ, ਜਿਨ੍ਹਾਂ ਵਿੱਚੋਂ ਮੁਹੱਬਤ ਦੀ ਨਿਰਮਲ ਧਾਰਾ ਵਹਿ ਤੁਰਦੀ ਹੈ। ਇਹ ਕਵਿਤਾ ਸਵੈ-ਅਖਾਂਕਿਆਂ ਵਾਲੀ ਮੁਹੱਬਤ ਦੇ ਭਾਵੁਕ ਅਤੇ ਅੱਲ੍ਹੜ ਉਮਰ ਦੇ ਜਜ਼ਬੇ ਨਹੀਂ, ਸਗੋਂ ਪਰ ਦੀ ਹੋਂਦ ਦੇ ਸੰਪੂਰਨ ਜਜ਼ਬਿਆਂ ਦੀ ਕਦਰ-ਯੁਕਤ ਪੇਸ਼ਕਾਰੀ ਹੈ:

ਤੇਰੀਆਂ ਜੜ੍ਹਾਂ ਵਿੱਚੋਂ ਹੀ ਤਾਂ
ਉੱਗੀ ਏ
ਮੇਰੇ ਮਨ ਦੀ ਸੰਵੇਦਨਾ
ਤੂੰ ਹੀ ਤਾਂ
ਸਜਾਇਆ ਏ
ਮੇਰੇ ਸਿਰ 'ਤੇ
ਕਹਿਕਸ਼ਾਂ ਦਾ ਤਾਜ
ਤੇਰੇ ਕਰਕੇ ਹੀ, ਤਾਂ ਖੌਲ੍ਹ ਰਿਹਾ ਏ
ਮੇਰੇ ਮਨ ਵਿੱਚ, ਮੁਹੱਬਤ ਦਾ ਸਮੁੰਦਰ।

ਰਾਮਪਾਲ ਦੇ ਅਨੁਭਵ ਦੀ ਅਮੀਰੀ ਇਸ ਗੱਲ ਵਿੱਚ ਹੈ ਕਿ ਉਸ ਦੀ ਮੁਹੱਬਤ ਕਿਸੇ ਲਿੰਗਕ ਸਬਜੈਕਟ ਨਾਲ ਨਹੀਂ। ਇਹ ਮੁਹੱਬਤ ਕੁਦਰਤ ਅਤੇ ਧਰਤੀ ਦੇ ਉਹਨਾਂ ਸਾਰੇ ਪ੍ਰੇਰਨਾਕਾਰਾਂ ਨਾਲ ਹੈ, ਜਿਨ੍ਹਾਂ ਦਾ ਮਨੁੱਖ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵਿੱਚ ਤਿਲ ਭਰ ਵੀ ਰੋਲ ਹੈ। ਇਸੇ ਲਈ ਉਹ ਮੁਹੱਬਤ ਦੇ ਬੋਲ ਹੀ ਨਹੀਂ ਉਚਾਰਦਾ, ਮੁਹੱਬਤ ਨੂੰ ਜਿਉਂਦਾ ਹੈ। ਇਹ ਮੁਹੱਬਤ ਰਿਸ਼ਤਿਆਂ ਦੀ ਮੁਹਤਾਜ਼ ਨਹੀਂ। ਇਹ ਮੁਹੱਬਤ ਉਹਨਾਂ ਜਜ਼ਬਾਤੀ ਵਲਗਣਾਂ ਦੇ ਆਰਪਾਰ ਫੈਲਦੀ ਹੈ, ਜੋ ਮੁਹੱਬਤ ਨੂੰ ਸੁੰਕਚਤ ਕਰਦੀਆਂ ਹਨ। ਉਸ ਦੀ ਪਹਿਲੀ ਮੁਹੱਬਤ ਗਿਆਨ ਦੀ ਤਜ਼ੌਰੀ ਨਾਲ ਹੈ ਤੇ ਗਿਆਨ ਦੀ ਜਾਗ ਲਾਉਣ ਵਾਲੇ ਸਿਰਜਣ ਹਾਰਿਆਂ ਨਾਲ ਹੈ। ਉਹ ਇਹਨਾਂ ਬੇਨਾਮੀ ਮੁਹੱਬਤੀ ਰਿਸ਼ਤਿਆਂ ਦੀ ਸਿਰਜਣਾ ਵੀ ਕਰਦਾ ਹੈ ਅਤੇ ਇਹਨਾਂ ਦੀ ਕਦਰ ਵੀ ਕਰਨੀ ਜਾਣਦਾ ਹੈ:

ਜਦੋਂ ਦਾ
ਆਇਆ ਹਾਂ
ਅਦੀਬਾਂ ਦੇ ਸ਼ਹਿਰ
ਮੁਕੱਦਸ ਹੋ ਗਈ ਏ
ਮੇਰੀ ਰੂਹ ਦੀ ਪਿਆਸ
ਹਰਾ ਹੋ ਗਿਆ ਏ
ਮੇਰੇ ਦਿਲ ਦਾ ਬੀਆਬਾਨ।

ਪਿੰਡ ਦਾ ਨਿੱਘਾ ਅਹਿਸਾਸ ਰਾਮਪਾਲ ਦੇ ਚੇਤਿਆਂ ਵਿੱਚ ਵਸਿਆ ਹੋਇਆ ਹੈ। ਇਸੇ ਨਿੱਘ ਵਿੱਚੋਂ ਉਹ ਆਪਣੀ ਗੱਲ ਬਹੁਤ ਹੀ ਵੱਖਰੇ ਅਤੇ ਨਿਆਰੇ ਅੰਦਾਜ਼ ਵਿੱਚ ਕਹਿੰਦਾ ਹੈ। ਇਹ ਨਿਆਰਾਪਨ ਸਿਰਫ਼ ਉਸ ਦੀ ਸ਼ਬਦ ਜੜਤ ਵਿੱਚ ਹੀ ਨਹੀਂ, ਤਕਨੀਕ ਦੀ ਵਿਉਂਤਬੰਦੀ ਅਤੇ ਨਵੇਂ ਅਰਥਾਂ ਤੇ ਸੁਪਨਿਆਂ ਦੀ ਸਿਰਜਣਾਕਾਰੀ ਵਿੱਚ ਵੀ ਹੈ। ਉਸ ਨੇ ਆਪਣੀ ਕਵਿਤਾ 'ਕਰਾਮਾਤ' ਵਿੱਚ ਪਰਵਾਸ ਬਾਰੇ ਇਨ੍ਹਾਂ ਡੂੰਘਾ ਅਤੇ ਫਲਸਫਾਨਾ ਨਜ਼ਰੀਆ ਵਿਕਸਤ ਕੀਤਾ ਹੈ, ਜਿਹੜਾ ਪੰਜਾਬੀ ਕਵਿਤਾ ਵਿੱਚ ਹੋਰ ਕਿਧਰੇ ਘੱਟ ਹੀ ਨਜ਼ਰ ਪੈਂਦਾ ਹੈ। ਉਸ ਦੇ ਬੋਲਾਂ ਵਿੱਚ ਪੈਗੰਬਰੀ ਕਰਾਮਾਤ ਹੈ, ਜਿਹੜੀ ਬੰਦੇ ਦੀ ਮਾਨਸਿਕ ਤਰਲਤਾ ਦੀਆਂ ਵਿਭਿੰਨ ਪਰਤਾਂ ਨੂੰ ਉਹਨਾਂ ਦੀ ਸਮੁੱਚੀ ਸੰਵੇਦਨਾ ਸੰਗ ਪਕੜਨ ਦੇ ਸਮਰੱਥ ਹੈ:

ਹੁਣ ਜਦੋਂ
ਉਹ ਦ੍ਰਿਸ਼
ਦਿਖਣ ਤੋਂ ਨਾਬਰ ਹੋ ਗਏ
ਉਹ ਅਵਾਜ਼ਾਂ ਮਾਰਨ ਵਾਲੇ
ਸ਼ਾਂਤ ਹੋ ਗਏ
ਤਾਂ ਦ੍ਰਿਸ਼
ਤਸਵੀਰਾਂ ਬਣ ਬੈਠੇ
ਆਵਾਜ਼ਾਂ ਸੁਣਨ ਲੱਗੀਆਂ ਨੇ
ਇਹ ਵਰ ਹੈ
ਜਾਂ ਸਰਾਪ
ਕਿ ਬੰਦੇ ਨੂੰ
ਦ੍ਰਿਸ਼
ਨਜ਼ਰਾਂ ਤੋਂ ਉਹਲੇ ਹੋ ਕੇ
ਵਧੇਰੇ ਸਾਫ਼ ਦਿਖਦੇ ਨੇ
ਆਵਾਜ਼ਾਂ
ਦੂਰ ਹੋ ਕੇ
ਸੁਣਾਈ ਦਿੰਦੀਆਂ ਨੇ
ਜ਼ਰੂਰ ਇਹ
ਪਰਵਾਸ ਦੀ
ਕਰਾਮਾਤ ਏ।

ਰਾਮਪਾਲ ਕੋਲ ਜ਼ਿੰਦਗੀ ਦੀਆਂ ਤਲਖ਼-ਹਕੀਕਤਾਂ ਵਿੱਚੋਂ ਗ੍ਰਹਿਣ ਕੀਤਾ ਸੱਬਲ ਸਰੂਪ ਅਨੁਭਵ ਵੀ ਹੈ ਤੇ ਉਸ ਨੂੰ ਆਪਣੀ ਗੱਲ ਕਹਿਣ ਦੇ ਤਰੀਕਾਕਾਰ ਦਾ ਇਲਮ ਵੀ ਹੈ। ਇਸੇ ਕੌੜੇ-ਮਿੱਠੇ ਅਨੁਭਵ ਕਰਕੇ ਉਸ ਦੀ ਕਵਿਤਾ ਵਿੱਚ ਨਿਆਰਾਪਨ ਅਤੇ ਨਿਵੇਕਲਾਪਨ ਹੈ, ਜਿਹੜਾ ਉਸ ਨੂੰ ਭੀੜ ਤੋਂ ਵੱਖਰਾ ਕਰਦਾ ਹੈ।

ਰਾਮਪਾਲ ਦੀ ਕਵਿਤਾ ਵਿੱਚ ਇੱਕ ਵਿਸ਼ੇਸ਼ ਤਰ੍ਹਾਂ ਦਾ ਆਸ਼ਾਵਾਦ ਹੈ, ਜਿਹੜਾ ਉਸ ਨੇ ਸੰਘਰਸ਼ ਅਤੇ ਜੱਦੋ-ਜਹਿਦ ਦੀ ਲਗਾਤਾਰ ਚਲਦੀ ਰਹਿਣ ਵਾਲੀ ਧੀਮੀ ਜੰਗ ਵਿੱਚੋਂ ਗ੍ਰਹਿਣ ਕੀਤਾ ਹੈ। ਸੰਘਰਸ਼ ਦਾ ਅਹਿਸਾਸ ਉਸ ਦੀ ਕਾਵਿ ਸੰਵੇਦਨਾ ਵਿੱਚ ਏਨਾ ਡੂੰਘੀ ਤਰ੍ਹਾਂ ਧੱਸਿਆ ਹੋਇਆ ਹੈ ਕਿ ਉਹ ਚਾਹ ਕੇ ਵੀ ਇਸ ਤੋਂ ਖਹਿੜਾ ਨਹੀਂ ਛੁਡਾ ਸਕਦਾ। ਅਸਲ ਵਿੱਚ ਉਸ ਦੀ ਕਵਿਤਾ ਹੈ ਹੀ ਸੰਘਰਸ਼ ਦੀ ਸ਼ਾਇਰੀ। ਜ਼ਿੰਦਗੀ ਨਾਲ ਚੱਲ ਰਹੀ ਜੰਗ ਵਿਚੋਂ ਉਹ ਆਸ ਦੇ ਤਰਕ ਨੂੰ ਮਰਨ ਨਹੀਂ ਦਿੰਦਾ। ਇਹ ਆਸ਼ਾਵਾਦ ਉਸ ਲਈ ਹਥਿਆਰ ਸੁੱਟ ਕੇ ਬੈਠਣ ਅਤੇ ਕਿਸੇ ਮਸੀਹਾ ਦੀ ਉਡੀਕ ਕਰਨ ਵਿੱਚ ਨਹੀਂ ਹੈ, ਸਗੋਂ ਸੰਘਰਸ਼ ਦਾ ਪ੍ਰਤੀਫ਼ਲ ਹੈ। ਉਸ ਦਾ ਕਾਵਿ ਪ੍ਰਵਚਨ ਅਜਿਹੇ ਮਨੁੱਖ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜਾ ਅੰਤ ਦੀਆਂ ਬਿਖਮ ਪ੍ਰਸਥਿਤੀਆਂ ਵਿੱਚ ਵੀ ਸੰਘਰਸ਼ਸ਼ੀਲ ਰਹਿੰਦਾ ਹੈ। ਉਸ ਦੀ ਕਵਿਤਾ ਮਨੁੱਖ ਨੂੰ ਆਖ਼ਰੀ ਦਮ ਤੱਕ ਲੜਨ ਦੀ ਪ੍ਰੇਰਨਾ ਦਾ ਸੰਚਾਰ ਕਰਦੀ ਹੈ। ਇਹ ਸੰਘਰਸ਼ੀ ਬੰਦਾ ਰਾਮਪਾਲ ਦੀ ਕਵਿਤਾ ਦੇ ਕੇਂਦਰ ਵਿੱਚ ਹੈ, ਜਿਹੜਾ ਨਵੇਂ ਸੁਪਨਿਆਂ ਦੀ ਸਿਰਜਣਕਾਰੀ ਵੱਲ ਅਗਰਸਰ ਨਜ਼ਰ ਆਉਂਦਾ ਹੈ :

ਅੰਤਰ ਮਨ ਦੀਆਂ
ਸ਼ਕਤੀਆਂ ਦਾ ਖੂਹ ਗੇੜ
ਦੋ ਚੁਲ਼ੀਆਂ
ਪਾਣੀ ਪੀ
ਕਦੇ ਅੱਥਰੂ ਵਾਂਗ
ਅੱਖ 'ਚੋਂ ਛਲਕਦਾ ਹਾਂ
ਕਦੇ ਨਹਿਰ ਵਾਂਗ
ਵਗਦਾ ਹਾਂ
ਕਦੇ ਆਪ-ਮੁਹਾਰਾ
ਦਰਿਆ ਬਣ ਵਹਿੰਦਾ ਹਾਂ
ਕਦੇ ਨਿਰਾ ਸਮੁੰਦਰ ਹੋ, ਨੰਗੇ ਪਾਣੀਆਂ ਦਾ
ਮਾਲਕ ਬਣ ਜਾਂਦਾ ਹਾਂ

ਇੱਕ ਆਸ਼ਾਵਾਦ ਦੀ ਖਾਮੋਸ਼ ਪ੍ਰੇਰਨਾ ਉਸ ਦੀ ਕਵਿਤਾ ਦੇ ਅੰਦਰ ਸਮਾਈ ਰਹਿੰਦੀ ਹੈ। ਇਹ ਆਸ਼ਾਵਾਦ ਕਿਸੇ ਦੂਸਰੀ ਧਿਰ ਤੋਂ ਰੱਖੀ ਉਮੀਦ ਦੇ ਰੂਪ ਵਿੱਚ ਨਹੀਂ, ਸਗੋਂ ਸਵੈ-ਸੰਘਰਸ਼ ਅਤੇ ਸਵੈ-ਭਰੋਸੇ ਦਾ ਲਖਾਇਕ ਹੈ:

ਝੱਖੜਾਂ 'ਚ ਵੀ
ਬੁਝਣ ਨਹੀਂ ਦਿੱਤਾ
ਕਦੇ ਮੈਂ
ਮੱਥੇ ਵਾਲਾ ਦੀਵਾ
ਨਾ ਹੀ, ਇਕੱਲਤਾ ਦੀ ਅਟਾਰੀ ਤੋਂ
ਡਿੱਗਣ ਦਿੱਤਾ ਆਪਣੇ ਆਪ ਨੂੰ

ਰਾਮਪਾਲ ਦੀ ਕਵਿਤਾ ਵਿੱਚ ਇੱਕ ਫ਼ਿਕਰ ਹਮੇਸ਼ਾ ਬਣਿਆ ਰਹਿੰਦਾ ਹੈ। ਇਹ ਫ਼ਿਕਰ ਇੱਕ ਪਰਤੀ ਨਹੀਂ ਬਹੁਪਰਤੀ ਅਤੇ ਬਹੁਪਰਿਪੇਖੀ ਹੈ। ਪੰਜਾਬ ਦੀ ਧਰਤੀ, ਪਾਣੀ, ਵਾਤਾਵਰਨ, ਕੁਦਰਤ, ਸਾਡੇ ਸਮਾਜ, ਸੱਭਿਆਚਾਰ, ਰਿਸ਼ਤਾਨਾਤਾ ਪ੍ਰਬੰਧ ਅਤੇ ਮਨੁੱਖ ਅੰਦਰੋਂ ਖਾਰਜ ਹੋ ਰਹੀ ਮਾਨਵੀ ਸੰਵੇਦਨਾ ਪ੍ਰਤੀ ਉਹ ਫ਼ਿਕਰਮੰਦ ਨਜ਼ਰ ਆਉਂਦਾ ਹੈ।

ਪੂੰਜੀਵਾਦੀ ਸਮਾਜਕ-ਆਰਥਕ ਸੰਰਚਨਾ ਦੁਆਰਾ ਘੜੇ ਜਾ ਰਹੇ ਸੰਵੇਦਨਾ ਰਹਿਤ ਬੰਦੇ ਦੀ ਮਾਨਸਿਕ ਟੁੱਟਭੱਜ ਦੇ ਵੇਰਵਿਆਂ ਨੂੰ ਵੀ ਉਹ ਗਹਿਰਾਈ ਤੋਂ ਪਕੜਦਾ ਹੈ। ਇਸ ਪ੍ਰਸੰਗ ਵਿੱਚ 'ਬਾਰਬੀ ਸੰਸਾਰ' ਉਸ ਦੀ ਸ਼ਾਹਕਾਰ ਰਚਨਾ ਹੈ। ਇਹ ਕਵਿਤਾ ਸਾਡੀ ਸਮਾਜਕ, ਸੱਭਿਆਚਾਰਕ ਵਡੱਤਣ ਦੇ ਖੋਖਲੇਪਨ ਨੂੰ ਬਿਆਨ ਕਰਦੀ ਹੈ। ਇਹ ਮਨੁੱਖ ਅੰਦਰੋਂ ਖਾਰਜ ਹੋ ਰਹੀ ਮਾਨਵੀ ਸੰਵੇਦਨਾ ਅਤੇ ਰਵਾਦਾਰੀ ਪ੍ਰਤੀ ਇੱਕ ਫ਼ਿਕਰ ਦਾ ਪ੍ਰਵਚਨ ਹੈ। ਆਧੁਨਿਕ ਦੌਰ ਦੀਆਂ ਪੂੰਜੀ ਅਧਾਰਤ ਨਿਆਮਤਾਂ ਅਤੇ ਉਤਰ-ਆਧੁਨਿਕ ਦੌਰ ਦੀ ਉਤਪਾਦਨੀ ਪ੍ਰਕਿਰਿਆ ਦੁਆਰਾ ਪੈਦਾ ਕੀਤੀਆਂ ਨਿਊਕਲੀਅਰ ਪਰਵਾਰਕ ਇਕਾਈਆਂ ਵਿੱਚ ਪੈਦਾ ਹੋ ਰਹੀ ਨਿੱਜਵਾਦੀ ਹਉਮੈਵਾਦੀ ਦ੍ਰਿਸ਼ਟੀ ਨੂੰ ਰਾਮਪਾਲ ਨੇ ਭਾਵਪੂਰਤ ਪਰ ਚੇਤਨ ਰੂਪ ਵਿੱਚ ਪਕੜਿਆ ਹੈ। ਉਹ ਜ਼ਿੰਦਗੀ ਦੇ ਕਰੂਰ ਯਥਾਰਥ ਨੂੰ ਵਿਅੰਗਾਤਮਕ ਜਾਂ 'ਆਇਰੋਨਿਕ' ਰੂਪ ਵਿੱਚ ਪੇਸ਼ ਕਰਦਾ ਹੈ। ਇਹ ਕਵਿਤਾ ਅਸਲ ਵਿੱਚ ਮਨੁੱਖ ਦੀ ਖੰਡਤ (ਸਕੀਜੋਫ੍ਰੇਨਿਕ) ਮਾਨਸਿਕਤਾ ਦਾ ਕਾਵਿ ਬਿੰਬ ਉਸਾਰਦੀ ਹੈ, ਜਿਹੜਾ ਸਨੇਹ ਤੋਂ ਸੱਖਣੇ ਬੰਦੇ ਦੀ ਪੇਸ਼ਕਾਰੀ ਕਰਦਾ ਹੈ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਜ਼ਿੰਦਗੀ ਦਾ ਸਹਿਜ ਬਿਰਤਾਂਤ

**ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**

## ਸਵੈ-ਜੀਵਨੀ ਪਗਡੰਡੀਆਂ (ਭਾਗ ਦੂਜਾ)

**ਬਚਿੰਤ ਕੌਰ**
**ਪੰਨੇ-136, ਮੁੱਲ-250 ਰੁਪਏ**
**ਨਵਯੁਗ ਪਬਲਿਸ਼ਰਜ਼, ਨਵੀ ਦਿੱਲੀ**



ਪ੍ਰਸਿੱਧ ਕਹਾਣੀਕਾਰ ਬਚਿੰਤ ਕੌਰ ਦੀ ਸਵੈ-ਜੀਵਨੀ 'ਪਗਡੰਡੀਆਂ' ਦਾ ਪਹਿਲਾ ਭਾਗ ਕਈ ਸਾਲ ਪਹਿਲਾਂ ਪਾਠਕ ਰੀਝ ਨਾਲ ਪੜ੍ਹ ਚੁੱਕੇ ਹਨ। ਪਹਿਲਾ ਭਾਗ ਐਨਾ ਪਸੰਦ ਕੀਤਾ ਗਿਆ ਸੀ ਕਿ ਲੇਖਕਾ ਬਚਿੰਤ ਕੌਰ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਪਾਠਕਾਂ ਦੇ ਖਤ ਮਿਲੇ ਸਨ। ਪੰਜਾਬ ਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਦੇਸਾਂ-ਪ੍ਰਦੇਸਾਂ ਦੇ ਪੰਜਾਬੀਆਂ ਵਿਚ 'ਪਗਡੰਡੀਆਂ' ਕਿਤਾਬ ਨੂੰ ਬਹੁਤ ਸ਼ੋਹਰਤ ਮਿਲੀ ਸੀ, ਕਿਉਂਕਿ ਪਗਡੰਡੀਆਂ ਦਾ ਪੰਜਾਬ ਦੇ ਅਖਬਾਰਾਂ ਵਿਚ ਲਗਾਤਾਰ ਛਪਣਾ ਇਸ ਕਿਤਾਬ ਦੀ ਪ੍ਰਸਿੱਧੀ ਦਾ ਸੱਬਬ ਬਣਿਆ ਸੀ । ਪਗਡੰਡੀਆ ਦੇ ਇਸ ਦੂਜੇ ਭਾਗ ਵਿਚ ਮੁੱਖਬੰਧ ਵਿਚ ਲੇਖਕਾ ਨੇ ਪੂਰੇ ਮਾਣ-ਸਤਿਕਾਰ ਸਹਿਤ ਲਿਖਿਆ ਹੈ ਕਿ ਇਸ ਭਾਗ ਨੂੰ ਲਿਖਣ ਲਈ ਬਹੁਤ ਸਾਰੇ ਪਾਠਕਾਂ ਨੇ ਫੋਨ ਕਰਕੇ ਤੇ ਲਗਾਤਾਰ ਖਤ ਲਿਖ ਕੇ ਮਜਬੂਰ ਕਰ ਦਿੱਤਾ ਕਿ ਮੈਂ ਦੂਜਾ ਭਾਗ ਲਿਖਾਂ। ਇਨ੍ਹਾਂ ਵਿਚ ਕਈ ਜ਼ਹੀਨ ਪਾਠਕ ਹਨ। ਪਾਠਕ ਗਿਆਨ ਚੰਦ ਨੇ ਰੋਜ਼ ਸਵੇਰੇ ਸੱਤ ਵਜੇ ਫੋਨ ਕਰਕੇ ਪੁੱਛਣਾ—ਭੈਣ ਜੀ, ਪਗਡੰਡੀਆਂ ਦਾ ਦੂਜਾ ਭਾਗ ਕਦੋਂ ਲਿਖ ਰਹੇ ਹੋ। ਮਲੋਟ ਦੇ ਬਲਦੇਵ ਸਿੰਘ ਗਿੱਲ ਤੇ ਕਰਨੈਲ ਸਿੰਘ ਦਾ ਵੀ ਇਹੋ ਸਵਾਲ ਸੀ। ਜੀਵਨ ਵਿਚ ਸੰਘਰਸ਼ ਕਰਦੀ ਬਚਿੰਤ ਕੌਰ ਦੀ ਜ਼ਿੰਦਗੀ ਹੋਰ ਅੱਗੇ ਤੁਰਦੀ ਗਈ। ਬਹੁਤ ਰੰਗ ਵੇਖੇ, ਦੁਨੀਆ ਗਾਹੀ। ਵਿਸ਼ਵ ਪੰਜਾਬੀ ਕਾਨਫਰੰਸਾਂ ਵਿਚ ਜਾਣ ਦਾ ਮੌਕਾ ਮਿਲਿਆ। ਬੱਚੇ ਅਮਰੀਕਾ ਸੈਟਲ ਹੋ ਗਏ। ਆਪ ਬਚਿੰਤ ਕੌਰ ਨੇ ਦਿੱਲੀ ਰਹਿੰਦਿਆਂ ਐੱਮ ਫਿਲ ਤੱਕ ਦੀ ਸਿੱਖਿਆ ਪ੍ਰਾਪਤ ਕੀਤੀ। ਪ੍ਰਸਿੱਧ ਆਲੋਚਕ ਤੇ ਕਵੀ ਡਾ. ਹਰਿਭਜਨ ਸਿੰਘ ਬਚਿੰਤ ਕੌਰ ਨੂੰ ਐੱਮ ਫਿਲ ਵਿਚ ਪੜ੍ਹਾਉਂਦੇ ਰਹੇ। ਸਰਕਾਰੀ ਨੌਕਰੀ ਮਿਲੀ। ਅਮਰੀਕਾ ਵੇਖਿਆ, ਨਾਲ-ਨਾਲ ਕਹਾਣੀਆਂ ਲਿਖ ਕੇ ਪੰਜਾਬੀ ਸਾਹਿਤ ਨੂੰ ਸੱਤ ਕਹਾਣੀ ਸੰਗ੍ਰਹਿ, ਚਾਰ ਬਾਲ ਪੁਸਤਕਾਂ, ਇਕ ਨਾਵਲ, ਦੋ ਕਾਵਿ ਸੰਗ੍ਰਹਿ, ਸਫਰਨਾਮਾ, ਸੰਪਾਦਿਤ ਪੁਸਤਕਾਂ, ਇਕ ਡਾਇਰੀ ਸਮੇਤ ਡੇਢ ਦਰਜਨ ਕਿਤਾਬਾਂ ਲਿਖ ਕੇ ਪੰਜਾਬੀ ਜ਼ਬਾਨ ਨੂੰ ਦੇ ਕੇ ਚੰਗਾ ਨਾਮਣਾ ਖੱਟਿਆ।

ਹਥਲੀ ਕਿਤਾਬ ਦੇ ਪਹਿਲੇ ਕਾਂਡ ਵਿਚ ਲੇਖਕਾ ਨੇ ਆਪਣੀ ਪਹਿਲੀ ਸਰਕਾਰੀ ਨੌਕਰੀ ਮਿਲਣ ਦਾ ਜ਼ਿਕਰ ਕੀਤਾ ਹੈ, ਜਿਸ ਅਦਾਰੇ ਵਿਚ ਨੌਕਰੀ ਮਿਲੀ, ਉਹ ਸਟੈਟਿਸਟਿਕਸ ਨਾਲ ਸੰਬੰਧਤ ਸੀ। ਬਚਿੰਤ ਕੌਰ ਦੀ ਨੌਕਰੀ ਪੰਚ ਅਪਰੇਟਰ ਦੀ ਸੀ। ਇਸ ਅਦਾਰੇ ਵਿਚ ਇਕ ਵਾਰੀ ਅੰਗਰੇਜ਼ੀ ਵਿਚ ਨਾਟਕ ਖੇਡਿਆ ਗਿਆ। ਬਚਿੰਤ ਕੌਰ ਨੇ ਉਸ ਨਾਟਕ ਵਿਚ ਅੰਗਰੇਜ਼ੀ ਵਿਚ ਡਾਇਆਲਾਗ ਬੋਲਣੇ ਸਨ। ਇਸ ਦੀ ਰਿਹਰਸਲ ਕੀਤੀ, ਨਾਟਕ ਸਫਲ ਰਿਹਾ। ਅਦਾਰੇ ਵਿਚ ਕੰਮ ਕਰਦੇ ਮੁੰਡੇ-ਕੁੜੀਆਂ ਦੇ ਸੰਬੰਧਾਂ ਦੀ ਗੱਲ ਹੈ। ਇਕ ਆਦਮੀ ਨੇ ਲਿੰਗ ਬਦਲ ਕੇ ਔਰਤ ਬਣਨ ਦੀ ਗਾਥਾ ਇਸ ਕਾਂਡ ਵਿਚ ਹੈ। ਪੁਸਤਕ ਦੇ ਦਸ ਕਾਂਡ ਹਨ। ਹਰੇਕ ਕਾਂਡ ਦਾ ਵੱਖੋ-ਵੱਖਰਾ ਰੰਗ ਹੈ। ਕਾਂਡ ਹਨ ਘਰ-ਪਰਵਾਰ, ਬੇਗਾਨਾ ਘਰ, ਅਮਰੀਕਾ ਇਕ ਅਨੁਭਵ, ਤੀਜੀ ਵਿਸ਼ਵ ਪੰਜਾਬੀ ਕਾਨਫਰੰਸ, ਦੁਨੀਆ ਰੰਗਬਰੰਗੀ, ਮੇਰਾ ਬਿਆਸ ਆਉਣਾ। ਲੇਖਕਾ ਨੇ ਆਪਣੀਆਂ ਦੋ ਧੀਆਂ ਦੀ ਸਿੱਖਿਆ ਪ੍ਰਾਪਤੀ ਦਾ ਤੇ ਨਾਲ-ਨਾਲ ਸ਼ਾਮ ਦੀਆਂ ਕਲਾਸਾਂ ਲਾ ਕੇ ਪੜ੍ਹਾਈ ਕਰਨ ਦਾ ਜ਼ਿਕਰ ਕੀਤਾ ਹੈ। ਇਹੀ ਸੰਘਰਸ਼ ਹੈ ਘਰ-ਪਰਵਾਰ ਦੇ ਨਾਲ ਆਪ ਉੱਚ ਸਿੱਖਿਆ ਹਾਸਲ ਕਰਨੀ, ਖਾਸ ਕਰਕੇ ਘਰੇਲੂ ਔਰਤ ਲਈ ਬਹੁਤ ਮੁਸ਼ਕਲ ਕਾਰਜ ਹੈ, ਪਰ ਬਚਿੰਤ ਕੌਰ ਨੇ ਇਹ ਅਕਾਦਮਿਕ ਕੰਮ ਕੀਤਾ, ਨਾਲ ਹੀ ਸਾਹਿਤ ਸਿਰਜਿਆ। ਪੀ ਐੱਚ ਡੀ ਕਰਨ ਲਈ ਰਜਿਸਟਰੇਸ਼ਨ ਕਰਾਈ। ਪੰਜਾਬ ਯੂਨੀਵਰਸਿਟੀ ਦੇ ਡਾ. ਸੁਰਿੰਦਰ ਸਿੰਘ ਕੋਹਲੀ ਗਾਈਡ ਸਨ, ਪਰ ਇਸ ਵਿਚ ਅੜਚਨ ਇਹ ਪੈ ਗਈ ਕਿ ਬਚਿੰਤ ਕੌਰ ਨੂੰ ਹੋਸਟਲ ਵਿਚ ਰਹਿਣਾ ਪੈਣਾ ਸੀ। ਕਲਮ ਰੁਕ ਜਾਣੀ ਸੀ, ਅੰਦਰਲਾ ਵੇਗ ਰੁਕ ਜਾਣਾ ਸੀ। ਲੇਖਕਾ ਨੇ ਕਲਮ ਨੂੰ ਤਰਜੀਹ ਦਿੱਤੀ। ਪੀ ਐੱਚ ਡੀ ਛੱਡ ਦਿਤੀ । ਲੇਖਕਾ ਨੇ 1984 ਵਿਚ ਐੱਮ ਫਿਲ ਕੀਤੀ। ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਰੀਝ ਨਾਲ ਹਾਜ਼ਰੀ ਭਰੀ। ਸਮੁੱਚੀ ਭਾਰਤੀ ਕਹਾਣੀ ਵਿਚ ਪੰਜਾਬੀ ਕਹਾਣੀ ਦਾ ਸਥਾਨ ਵਿਸ਼ੇ 'ਤੇ ਭਾਸ਼ਣ ਦਿੱਤਾ। ਇਹ ਪੇਪਰ ਪੁਸਤਕ ਵਿਚ ਦਰਜ ਹੈ। (ਪੰਨਾ 35 )


ਕਾਨਫਰੰਸਾਂ ਵਿਚ ਪ੍ਰਸਿੱਧ ਪੰਜਾਬੀ ਸਾਹਿਤਕਾਰਾਂ ਨਾਲ ਮੇਲ ਹੋਇਆ ਤੇ ਸਾਹਿਤ ਸਿਰਜਨਾ ਨੂੰ ਹੋਰ ਬਲ ਮਿਲਿਆ। ਪ੍ਰਸਿੱਧ ਸਾਹਿਤਕਾਰ ਦਰਸ਼ਨ ਸਿੰਘ ਧਾਲੀਵਾਲ ਦਾ ਜ਼ਿਕਰ ਹੈ। ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨਾਲ ਬਹੁਤ ਰਸਭਿੰਨਾ ਸੰਵਾਦ ਹੈ। ਬਚਿੰਤ ਕੌਰ ਨੇ ਵਿਸ਼ਵ ਪੰਜਾਬੀ ਕਾਨਫਰੰਸਾਂ ਵਿਚ ਫਰਾਂਸ, ਜਾਪਾਨ, ਲੰਦਨ, ਕੈਨੇਡਾ, ਬੈਂਕਾਕ ਦੀ ਯਾਤਰਾ ਕੀਤੀ, ਪੁਸਤਕ ਵਿਚ ਇਹ ਸਭ ਦਰਜ ਹੈ। ਇਨ੍ਹਾਂ ਸਾਹਿਤਕ ਯਾਤਰਵਾਂ ਨਾਲ ਬਚਿੰਤ ਕੌਰ ਨੂੰ ਵਿਸ਼ਾਲ ਤਜਰਬਾ ਹੋਇਆ। ਕਿਤਾਬ ਵਿਚ ਇਹ ਤਜਰਬਾ ਮੂੰਹੋਂ ਬੋਲਦਾ ਹੈ। ਸਾਰਾ ਬਿਰਤਾਂਤ ਸਹਿਜਮਈ ਹੈ ਤੇ ਸੁਹਜ ਭਰਪੂਰ ਵੀ। ਇਹ ਇਸ ਕਿਤਾਬ ਦੀ ਵੱਡੀ ਪ੍ਰਾਪਤੀ ਹੈ। ਇਕ ਕਾਂਡ ਵਿਚ ਪਤੀ ਸਾਧੂ ਸਿੰਘ ਦਾ ਅਮਰੀਕਾ ਵਿਚ ਸਦੀਵੀ ਵਿਛੋੜਾ ਦੇ ਜਾਣ ਕਾਰਨ ਪਰਵਾਰਕ ਦੁੱਖ ਵਿਚ ਅਤੇ ਪਾਠਕ ਸਕਤੇ ਵਿਚ ਆ ਜਾਂਦਾ ਹੈ ਤੇ ਬਚਿੰਤ ਕੌਰ ਦੇ ਦੁੱਖ ਨੂੰ ਆਪਣਾ ਦੁੱਖ ਸਮਝਦਾ ਹੈ। ਅਮਰੀਕਾ ਰਹਿੰਦੇ ਨੂੰਹ-ਪੁੱਤਰ (ਕੁਕੀ, ਜਸਬੀਰ) ਦੇ ਕੰਮ ਕਾਜ, ਬਚਿੰਤ ਕੌਰ ਦਾ ਅਮਰੀਕਾ ਵਿਚ ਵੱਖ-ਵੱਖ ਕੰਮ ਕਰਨੇ, ਆਪਣੇ ਆਪ ਨੂੰ ਰੁਝੇਵਿਆਂ ਵਿਚ ਰੱਖਣਾ, ਕਦੇ ਥਕਾਵਟ ਮਹਿਸੂਸ ਨਾ ਕਰਨੀ, ਦੂਰ-ਦੂਰ ਤੱਕ ਤੁਰ ਕੇ ਜਾਣਾ, ਬੱਸ ਦਾ ਸਫਰ ਕਰਨਾ, ਬਜ਼ੁਰਗ ਦੀ ਸੇਵਾ ਕਰਨੀ, ਇਕ ਛੋਟੇ ਬੱਚੇ ਦੀ ਪਾਲਣਾ ਘਰ ਜਾ ਕੇ ਕਰਨੀ। ਇਕ ਸੇਵਾ ਕੇਂਦਰ ਵਿਚ ਮਰੀਜ਼ਾਂ ਦੀ ਸਾਂਭ-ਸੰਭਾਲ ਕਰਨੀ, ਨਰਸਿੰਗ ਕੋਰਸ ਕਰਨਾ। ਪੜ੍ਹਨ ਦਾ ਚਾਅ ਅਮਰੀਕਾ ਵਿਚ ਪੂਰਾ ਕਰਨਾ, ਬਚਿੰਤ ਕੌਰ ਦੇ ਜੀਵਨ ਸੰਘਰਸ਼ ਦੀ ਦਾਸਤਾਨ ਪਗਡੰਡੀਆਂ ਦੇ ਇਸ ਭਾਗ ਵਿਚ ਹੈ। ਅਮਰੀਕਾ ਰਹਿੰਦੇ ਦੋਵਾਂ ਭਰਾਵਾਂ, ਭਰਜਾਈਆਂ, ਬੱਚਿਆਂ, ਪੋਤਰਿਆਂ ਦਾ ਪਿਆਰ ਵੇਖ ਕੇ ਪਾਠਕ ਖ਼ੁਸ਼ ਹੁੰਦਾ ਹੈ। ਪੁਸਤਕ ਵਿਚ ਦੁੱਖ-ਸੁੱਖ ਦੇ ਸਾਰੇ ਰੰਗ ਹਨ। ਨਰਸਿੰਗ ਕੋਰਸ ਕਰਦੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਸਾਹਿਤ

## ਏਹ ਕੇਹੀ ਰੁੱਤ ਆਈ

(ਵਾਰਤਕ)
**ਪ੍ਰਭਜੋਤ ਕੌਰ ਢਿੱਲੋਂ**
**ਪੰਨੇ : 132, ਮੁੱਲ : 220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਵਿਆਹ ਦੋ ਪਰਵਾਰਾਂ ਦਾ ਮੇਲ ਸੀ ਅਤੇ ਹੈ। ਵਿਆਹ ਵਿੱਚ ਧੀਆਂ ਨੂੰ ਘਰ ਦਾ ਸਾਮਾਨ ਦੇਣ ਦੀ ਪ੍ਰੰਪਰਾ ਸਦੀਆਂ ਤੋਂ ਚਲੀ ਆ ਰਹੀ ਹੈ। ਅਸਲ ਵਿੱਚ ਲੜਕੀਆਂ ਨੂੰ ਮਾਪੇ ਜਾਇਦਾਦ ਵਿੱਚੋਂ ਹਿੱਸਾ ਨਹੀਂ ਦਿੰਦੇ, ਪਰ ਦਹੇਜ ਵਿਰੋਧੀ ਕਾਨੂੰਨ ਬਣਨ ਤੋਂ ਬਾਅਦ ਅਤੇ ਉਸ ਦੀ ਦੁਰਵਰਤੋਂ ਨੇ ਸਮਾਜ ਦੀਆਂ ਚੂਲਾਂ ਹਿਲਾ ਦਿੱਤੀਆਂ। ਅਸਲ ਵਿੱਚ ਵਿਆਹ ਵਿੱਚ ਦਿੱਤੇ ਜਾਣ ਵਾਲੇ ਸਾਮਾਨ ਦਾ ਸਮੇਂ ਅਤੇ ਵਰਤੋਂ ਮੁਤਾਬਕ ਬਦਲਣਾ ਸੁਭਾਵਿਕ ਸੀ, ਪਰ ਇਹ ਹਊਆ ਬਣ ਗਿਆ। ਵਿਆਹਾਂ ਵਿੱਚ ਖਰਚੇ ਵਧ ਗਏ। ਵਿਖਾਵੇ ਨੇ ਬਹੁਤ ਸਾਰੀਆਂ ਪਰੇਸ਼ਾਨੀਆਂ ਖੜੀਆਂ ਕਰ ਦਿੱਤੀਆਂ।

-ਇੱਕ ਲੇਖ 'ਚੋਂ

## ਦੋ ਸ਼ਹਿਰਾਂ ਦੀ ਦਾਸਤਾਨ

(ਨਾਵਲ)
**ਚਾਰਲਸ ਡਿਕਨਸ**
**ਅਨੁਵਾਦ : ਬਲਬੀਰ ਲੌਂਗੋਵਾਲ**
**ਪੰਨੇ : 144, ਮੁੱਲ : 200 ਰੁਪਏ**
**ਸੰਗਮ ਪਬਲੀਕੇਸ਼ਨਜ਼, ਸਮਾਣਾ**



ਫਰਾਂਸ ਵਿੱਚ ਤਾਂ ਕਾਨੂੰਨ ਪ੍ਰਬੰਧ ਅਤੇ ਨਿਆਂ ਨਾਂਅ ਦੀ ਕੋਈ ਚੀਜ਼ ਹੀ ਨਹੀਂ ਰਹਿ ਗਈ ਸੀ। ਫਰਾਂਸ ਦੀ ਸਰਕਾਰ ਕੋਲ ਧਨ ਦੀ ਕੋਈ ਕਮੀ ਨਹੀਂ ਸੀ। ਸਰਕਾਰ ਚਾਹੇ ਜਿੰਨੇ ਨੋਟ ਛਾਪ ਸਕਦੀ ਸੀ। ਰਾਜਾ-ਰਾਣੀ ਅਤੇ ਉਹਨਾਂ ਦੇ ਸਾਮੰਤ ਖੂਬ ਖਰਚ ਕਰਦੇ ਸਨ। ਇਸਾਈ-ਪਾਦਰੀਆਂ ਨੂੰ ਵਿਸ਼ੇਸ਼ ਹੱਕ ਪ੍ਰਾਪਤ ਸਨ। ਜਨਤਾ ਨੂੰ ਉਹਨਾ ਦਾ ਸਾਮਾਨ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਪਾਦਰੀਆਂ ਦੇ ਜਲੂਸ ਦੀ ਉਲੰਘਣਾ ਭਾਰੀ ਜੁਰਮ ਮੰਨੀ ਜਾਂਦੀ ਸੀ। ਪਾਦਰੀਆਂ ਦੇ ਜਲੂਸ ਦਾ ਸਨਮਾਨ ਨਾ ਕਰਨ 'ਤੇ ਹੱਥ ਕੱਟ ਦਿੱਤੇ ਜਾਂਦੇ ਸਨ। ਜੀਭ ਖਿੱਚ ਲਈ ਜਾਂਦੀ ਸੀ ਅਤੇ ਜ਼ਿੰਦਾ ਜਲਾਏ ਜਾਣ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਸੀ।

- ਨਾਵਲ ਅੰਸ਼

## ਅਮਰਜੀਤ ਕੌਂਕੇ ਦੀ ਕਵਿਤਾ ਦੇ ਸਮਕਾਲੀ ਸਰੋਕਾਰ ਤੇ ਕਾਵਿ ਜੁਗਤਾਂ

(ਆਲੋਚਨਾ)
**ਜਸਵੀਰ ਸਿੰਘ**
**ਪੰਨੇ : 96, ਮੁੱਲ : 200 ਰੁਪਏ**
**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**



ਅਮਰਜੀਤ ਕੌਂਕੇ ਸਮਕਾਲੀ ਪੰਜਾਬੀ ਕਵਿਤਾ ਵਿੱਚ ਚਰਚਿਤ ਕਵੀ ਹੈ। ਉਸ ਦੀ ਕਵਿਤਾ ਸਮਕਾਲੀ ਪੰਜਾਬੀ ਕਵਿਤਾ ਨਾਲ ਬਰ ਵੀ ਮੇਚਦੀ ਹੈ ਤੇ ਆਪਣਾ ਨਿਵੇਕਲਾ ਮੁਹਾਂਦਰਾ ਵੀ ਸਿਰਜਦੀ ਹੈ। ਉਸ ਦੀਆਂ ਕਵਿਤਾਵਾਂ ਇੱਕ ਪਾਸੇ ਉਸ ਦੇ ਨਿੱਜੀ ਅਨੁਭਵ ਨੂੰ ਪੇਸ਼ ਕਰਦੀਆਂ ਹਨ ਅਤੇ ਦੂਜੇ ਪਾਸੇ ਸਮਕਾਲੀ ਸਮੱਸਿਆਵਾਂ ਨੂੰ ਵੀ ਬਾਖ਼ੂਬੀ ਪੇਸ਼ ਕਰਦੀਆਂ ਹਨ। ਅਮਰਜੀਤ ਕੌਂਕੇ ਦੀ ਕਵਿਤਾ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਸੰਤੁਸ਼ਟੀਜਨਕ ਹੈ।

-ਕਿਤਾਬ 'ਚੋਂ

# ਪੁਸਤਕ ਰੀਵਿਊ

## ਬਾਈਕਾਟ

(ਕਹਾਣੀ-ਸੰਗ੍ਰਹਿ)
**ਰਾਜਿੰਦਰ ਸਿੰਘ ਢੱਡਾ**
**ਪੰਨੇ-136, ਮੁੱਲ-200 ਰੁਪਏ**
**ਪਰਵਾਜ਼ ਪ੍ਰਕਾਸ਼ਨ, ਜਲੰਧਰ**

ਰਾਜਿੰਦਰ ਸਿੰਘ ਢੱਡਾ ਦਾ ਕਹਾਣੀ-ਸੰਗ੍ਰਹਿ 'ਬਾਈਕਾਟ', ਪਰਵਾਜ਼ ਪ੍ਰਕਾਸ਼ਨ, ਜਲੰਧਰ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਕਹਾਣੀਕਾਰ ਦਾ ਇਹ ਤੀਜਾ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 2018 ਵਿੱਚ ਕਹਾਣੀ-ਸੰਗ੍ਰਹਿ 'ਤਿੜਕਦੇ ਅਹਿਸਾਸ' ਅਤੇ 2019 ਵਿੱਚ 'ਠੰਢੀ ਰਾਖ' ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕਾ ਹੈ। ਇਸ ਤੋਂ ਇਲਾਵਾ 2020 ਵਿੱਚ ਉਹ ਇਕ ਨਾਵਲ ਵੀ ਪ੍ਰਕਾਸ਼ਤ ਕਰਵਾ ਚੁੱਕਾ ਹੈ। ਆਪਣੀਆਂ ਪਹਿਲੀਆਂ ਕਹਾਣੀਆਂ ਵਾਂਗ ਸਮਾਜ ਵਿੱਚ ਨਿੱਤ ਵਾਪਰ ਰਹੀਆਂ ਘਟਨਾਵਾਂ ਨੂੰ ਉਸ ਨੇ ਇਨ੍ਹਾਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਅਜੋਕੀ ਸਮਾਜਿਕ ਵਿਵਸਥਾ ਵਿੱਚ ਨਸ਼ੇ, ਗ਼ਰੀਬੀ, ਜ਼ਾਤ-ਪਾਤ ਅਤੇ ਬੇਰੰਗ ਹੋ ਰਿਹਾ ਪਰਵਾਰਕ ਢਾਂਚੇ ਰੂਪੀ ਵਿਸ਼ਿਆਂ ਦੇ ਵੇਰਵਿਆਂ ਨੂੰ ਇਨ੍ਹਾਂ ਕਹਾਣੀਆਂ ਵਿੱਚ ਉਸਾਰਦਾ ਕਹਾਣੀਕਾਰ ਆਪਣੇ ਨਿੱਜੀ ਅਨੁਭਵਾਂ ਅਤੇ ਸਮਾਜਿਕ ਵਰਤਾਰਿਆਂ ਨੂੰ ਬਾਖੂਬੀ ਪੇਸ਼ ਕਰਦਾ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਕੁਲ ਦਸ ਕਹਾਣੀਆਂ ਹਨ, ਜਿਨ੍ਹਾਂ ਵਿੱਚ ਲੇਖਕ ਦੀ ਸੁਧਾਰਵਾਦੀ ਸੁਰ ਉੱਭਰ ਕੇ ਸਾਹਮਣੇ ਆਉਂਦੀ ਹੈ। ਪ੍ਰਮੁੱਖ ਰੂਪ ਵਿੱਚ ਆਧੁਨਿਕ ਸਮਾਜ ਅਤੇ ਇਸ ਨਾਲ਼ ਸੰਬੰਧਤ ਮਸਲੇ ਉਸ ਦੀਆਂ ਕਹਾਣੀਆਂ ਵਿੱਚ ਨਜ਼ਰੀਂ ਪੈਂਦੇ ਹਨ। ਕਹਾਣੀਕਾਰ ਦੀਆਂ ਕਹਾਣੀਆਂ ਨਿਵੇਕਲੇ ਵਿਸ਼ਿਆਂ ਨੂੰ ਵਿਉਂਤਵੱਧ ਢੰਗ ਨਾਲ਼ ਗੁੰਦਵੇਂ ਬਿਰਤਾਂਤ ਰਾਹੀਂ ਪੇਸ਼ ਕਰਦੀਆਂ ਹਨ ਅਤੇ ਕਈ ਥਾਈਂ ਫ਼ਿਲਮੀ ਢੰਗ ਨਾਲ਼ ਵੱਡੇ ਟਵਿਸਟ ਰਾਹੀਂ ਆਪਣੇ ਸਿਖ਼ਰ ਵੱਲ ਵਧਦੀਆਂ ਹਨ। ਇਸ ਫ਼ਿਲਮੀ ਅੰਦਾਜ਼ ਦੀਆਂ ਦਾਸਤਾਨਾਂ ਨੂੰ ਪਿੱਛਲਝਾਤ ਸ਼ੈਲੀ ਰਾਹੀਂ ਅਤੇ ਮਨੋਵਿਗਿਆਨੀ ਸ਼ੈਲੀ ਰਾਹੀਂ ਬਿਆਨ ਕੀਤਾ ਗਿਆ ਹੈ। ਕਹਾਣੀਆਂ ਦੇ ਪਾਤਰ ਵੀ ਯਥਾਰਥਕ ਹੋਣ ਕਾਰਨ ਸਮਾਜ ਦੀਆਂ ਵਿਭਿੰਨ ਜਾਤਾਂ, ਵਰਗਾਂ, ਧਰਮਾਂ ਅਤੇ ਭਾਈਚਾਰਿਆਂ ਦੀ ਦਾਸਤਾਨ ਸੁਣਾਉਣ ਵਿੱਚ ਸਹਾਈ ਹੋਏ ਹਨ। ਇਨ੍ਹਾਂ ਕਹਾਣੀਆਂ ਵਿੱਚ ਇਸਤਰੀ ਪਾਤਰ ਵੀ ਕਹਾਣੀਕਾਰ ਨੇ ਬਹੁਤ ਹੀ ਸਰਲਤਾ ਨਾਲ ਸਿਰਜੇ ਹਨ, ਪਰ ਉਸ ਦੇ ਕਥਾ ਸੰਸਾਰ ਦੀਆਂ ਔਰਤਾਂ ਵਿਚਾਰੀਆਂ ਜਿਹੀਆਂ ਅਤੇ ਕਮਜ਼ੋਰ ਨਹੀਂ ਹਨ। ਮੁਸ਼ਕਲ ਵੇਲੇ ਆਪਣੀ ਤੇ ਆਪਣੇ ਪਰਵਾਰ ਦੀ ਖ਼ੁਸ਼ੀ ਲਈ ਚੰਗੇ ਫ਼ੈਸਲੇ ਬੇਬਾਕੀ ਨਾਲ਼ ਲੈਂਦੀਆਂ ਹਨ। 'ਫ਼ਰਜ਼' ਕਹਾਣੀ ਦੀ ਮੈਡਮ ਰੁਪਿੰਦਰ, 'ਬਾਈਕਾਟ' ਦੀ ਬਿੰਦਰੀ, 'ਪਿਆਰ ਦੀ ਪਹਿਲੀ ਨਿਸ਼ਾਨੀ' ਦੀ ਦਾਦੀ, 'ਅਹਿਸਾਸ' ਦੀ ਸਰਲਾ ਅਤੇ 'ਚਾਹ ਦਾ ਕੱਪ' ਦੀ ਗੁਰਪ੍ਰੀਤ ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਕਰਨ ਵਾਲੀਆਂ ਔਰਤਾਂ ਹਨ, ਜੋ ਮਰਦਾਂ ਦੇ ਸਹਾਰੇ ਤੋਂ ਬਿਨਾਂ ਵੀ ਜ਼ਿੰਦਗੀ ਜੀਉਣ ਦਾ ਦਮ ਰੱਖਦੀਆਂ ਹਨ। ਇਸ ਪੁਸਤਕ ਵਿੱਚ ਜਿੱਥੇ ਔਰਤ ਹਰ ਕਹਾਣੀ ਦੇ ਕੇਂਦਰ ਵਿੱਚ ਨਿਭਦੀ ਹੈ, ਉਥੇ ਅੰਤ 'ਤੇ ਹਰ ਮਸਲੇ ਨੂੰ ਨਜਿੱਠਦੀ ਵੀ ਨਜ਼ਰ ਆਉਂਦੀ ਹੈ। ਇਸ ਕਹਾਣੀ-ਸੰਗ੍ਰਹਿ ਦੀ ਸਭ ਤੋਂ ਭਾਵੁਕ ਕਰ ਦੇਣ ਵਾਲੀ ਕਹਾਣੀ 'ਬਸ਼ੀਰੇ ਦਾ ਪੋਤਾ' ਹੈ, ਜੋ ਦੇਸ਼ ਵੰਡ ਕਾਰਨ ਸੰਤਾਪ ਝੱਲ ਚੁੱਕੇ ਪੰਜਾਬੀਆਂ ਦੀ ਕਹਾਣੀ ਹੈ। ਫ਼ੌਤ ਹੋ ਚੁੱਕੇ ਬਸ਼ੀਰੇ ਦਾ ਪੋਤਾ ਜਦੋਂ ਆਪਣੇ ਦਾਦੇ ਦੇ ਪਿੰਡ ਫੱਤੋਵਾਲ ਪਹੁੰਚਦਾ ਹੈ ਤਾਂ ਉਸ ਦੀ ਭਾਵੁਕ ਮਿਲਣੀ ਦੀ ਦਾਸਤਾਨ ਇਹ ਕਹਾਣੀ ਸੁਣਾਉਂਦੀ ਹੈ। ਸਾਰੀਆਂ ਕਹਾਣੀਆਂ ਦੀ ਭਾਸ਼ਾ ਵੀ ਸਰਲ ਅਤੇ ਸਾਦੀ ਹੈ। ਕਹਾਣੀਕਾਰ ਦੇ ਇਲਾਕੇ ਦੀ ਭਾਸ਼ਾ ਦਾ ਅਸਰ ਉਸ ਦੀਆਂ ਕਹਾਣੀਆਂ ਦੀ ਭਾਸ਼ਾ 'ਤੇ ਸਪੱਸ਼ਟ ਦਿਸਦਾ ਹੈ। ਦੁਆਬੀ ਉਪਭਾਸ਼ਾ ਦੇ ਕਈ ਸ਼ਬਦ ਕਹਾਣੀਕਾਰ ਵੱਲੋਂ ਵਰਤੇ ਗਏ ਹਨ। ਅੰਗਰੇਜ਼ੀ ਭਾਸ਼ਾ ਦੇ ਵੀ ਕਈ ਵਾਰਤਾਲਾਪ ਇਹਨਾਂ ਕਹਾਣੀਆਂ ਦੇ ਪਾਤਰਾਂ ਦੇ ਮੂੰਹੋਂ ਨਿਕਲਦੇ ਹਨ, ਜੋ ਕਈ ਜਗ੍ਹਾ ਤਾਂ ਜਚ ਜਾਂਦੇ ਹਨ, ਪਰ ਕਈ ਥਾਂਈਂ ਪਾਠਕ ਦੀ ਕਹਾਣੀ ਪੜ੍ਹਨ ਦੀ ਰਵਾਨਗੀ ਨੂੰ ਹੌਲੀ ਕਰ ਦਿੰਦੇ ਹਨ। ਇਸ ਢੰਗ ਨਾਲ਼ ਵਿਸ਼ੇ, ਸ਼ੈਲੀ ਅਤੇ ਭਾਸ਼ਾ ਪੱਖੋਂ ਉਮਦਾ ਇਹ ਕਹਾਣੀਆਂ ਕਹਾਣੀਕਾਰ ਨੂੰ ਪੰਜਾਬੀ ਭਾਸ਼ਾ ਦੇ ਚੰਗੇ ਕਹਾਣੀਕਾਰਾਂ ਦੀ ਕਤਾਰ ਵਿੱਚ ਲਿਆ ਸ਼ਾਮਲ ਕਰਦੀਆਂ ਹਨ।

**— ਡਾ. ਸੰਦੀਪ ਰਾਣਾ**

## ਪੰਜਾਬੀ ਸੱਭਿਆਚਾਰ ਵਿੱਚ ਲੋਕ ਵਿਸ਼ਵਾਸ

**ਰੂਪ ਅਤੇ ਧਾਰਨਾਵਾਂ : ਡਾ. ਸੁਰਿੰਦਰ ਸਿੰਘ ਕੈਥਲ**
**ਮੁੱਲ : 200 ਰੁਪਏ, ਪੰਨੇ : ਸੁਜਿਲਦ : 124**
**ਸਪਤਰਿਸ਼ੀ ਪਬਲੀਕੇਸ਼ਨ ,ਚੰਡੀਗੜ੍ਹ**

ਪੰਜਾਬੀ ਸੱਭਿਆਚਾਰ ਦਾ ਜਦ ਕੋਈ ਵਿਦਵਾਨ ਮੁਲਾਂਕਣ ਕਰਦਾ ਹੈ ਤਾਂ ਸਹਿਯੋਗੀ ਉਸ ਦਾ ਧਿਆਨ ਵਰਤਮਾਨ ਤੇ ਭੂਤਕਾਲ ਦੇ ਲੋਕ-ਜੀਵਨ ਦੀ ਰਹਿਣੀ-ਬਹਿਣੀ, ਲੋਕ ਜੀਵਨ ਦੇ ਸੰਸਕਾਰਾਂ, ਲੋਕ ਵਿਸ਼ਵਾਸਾਂ, ਪੂਜ ਵਿਧੀਆਂ, ਭਰਮਾਂ-ਵਹਿਮਾਂ ਵੱਲ ਜਾਂਦਾ ਹੈ। ਇਹਨਾਂ ਸਭਨਾਂ ਨੂੰ ਅਸੀਂ ਆਪਣੇ ਪੰਜਾਬੀ ਲੋਕਾਂ ਦਾ ਸੱਭਿਆਚਾਰ ਹੀ ਕਹਿੰਦੇ ਰਹੇ ਹਾਂ। ਹੌਲੀ-ਹੌਲੀ ਚਿਰ ਕਾਲ ਤੋਂ ਜੁੜਦੇ ਆ ਰਹੇ ਹਨ ਅਤੇ ਭਿੰਨ-ਭਿੰਨ ਰੂਪਾਂ ਵਿੱਚ ਸਾਡੇ ਜੀਵਨ ਦਾ ਹਿੱਸਾ ਬਣਦੇ ਰਹੇ ਹਨ। ਜ਼ਿੰਦਗੀ ਦੇ ਅੰਗ-ਸੰਗ ਰਹੇ ਹਨ। ਪੁਰਾਣੇ ਸਮੇਂ ਪੂਜ ਵਿਧੀਆਂ, ਮੰਨਤਾਂ ਮਨੌਤਾਂ, ਵਰਤ-ਵਰਤਾਪੇ, ਚੰਗੇ-ਮੰਦੇ ਸ਼ਗਨ ਵਧੇਰੇ ਸਨ। ਅੱਜ ਇੱਕੀਵੀਂ ਸਦੀ ਵਿੱਚ ਸ਼ਹਿਰਾਂ ਵਿੱਚ ਤਾਂ ਇਹ ਸੱਭਿਆਚਾਰ ਦੇ ਵਿਸ਼ਵਾਸ ਘਟ ਰਹੇ ਹਨ, ਜਦ ਕਿ ਪਿੰਡ ਵਿੱਚ ਇਹਨਾਂ ਦੇ ਦਰਸ਼ਨ ਹੋ ਹੀ ਜਾਂਦੇ ਹਨ।

ਪੁਸਤਕ ਦੇ ਲੇਖਕ ਨੇ ਇਹਨਾਂ ਸੱਭਿਆਚਾਰਕ, ਲੋਕ ਵਿਸ਼ਵਾਸਾਂ ਦੀ ਪਰਿਭਾਸ਼ਾ, ਪ੍ਰਵਿਰਤੀ ਅਤੇ ਵਰਗੀਕਰਣ ਹੀ ਨਹੀਂ ਕੀਤਾ, ਬਲਕਿ ਪੰਜਾਬੀ ਵਿਸ਼ਵਾਸਾਂ ਦਾ ਮਨੋਵਿਗਿਆਨਕ ਸਿਧਾਂਤ ਵੀ ਪੇਸ਼ ਕੀਤਾ ਹੈ ਅਤੇ ਲੋਕ ਵਿਸ਼ਵਾਸ ਅਤੇ ਉਸ ਦਾ ਪੰਜਾਬੀ-ਸੱਭਿਆਚਾਰ ਨਾਲ ਤੁਲਨਾਤਮਿਕ ਅਧਿਐਨ ਵੀ ਕੀਤਾ ਹੈ ਅਤੇ ਫਿਰ ਲੋਕ ਵਿਸ਼ਵਾਸਾਂ ਵਿੱਚ ਜਾਦੂ-ਟੂਣਿਆਂ ਵਿੱਚ ਅੰਤਰ ਕਰਦਿਆਂ, ਇਹਨਾਂ ਦਾ ਲੋਕ ਜੀਵਨ ਵਿੱਚ ਪਿਛਲੇ ਬੀਤੇ ਇਤਿਹਾਸ ਵਿੱਚ ਜੋ ਪ੍ਰਭਾਵ ਪਿਆ ਹੈ, ਉਸ ਦਾ ਅਧਿਐਨ ਕੀਤਾ ਹੈ ਅਤੇ ਇਹਨਾਂ ਦਾ ਪੰਜਾਬੀ ਸਾਹਿਤ ਤੇ ਸੱਭਿਆਚਾਰ ਵਿੱਚ ਮੁਲਾਂਕਣ ਵੀ ਕੀਤਾ ਹੈ ਅਤੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅੰਦਰ ਇਹਨਾਂ ਦਾ ਸਾਹਿਤਕ-ਵਿਵੇਚਨ ਕੀਤਾ ਹੈ। ਇੰਜ ਆਪਣੀ ਵਿਸ਼ਾ ਸੂਚੀ ਦਾ ਕਾਰਜ ਸੰਪੰਨ ਕੀਤਾ ਹੈ।

ਇਸ ਪੁਸਤਕ ਅੰਦਰ ਜੋ ਪਰਿਭਾਸ਼ਕ ਸ਼ਬਦਾਵਲੀ ਹੈ। ਅਸੀਂ ਉਹਨਾਂ ਵਿੱਚੋਂ ਕੁਝ ਸ਼ਬਦ ਲੈ ਕੇ ਪਰਿਭਾਸ਼ਾ ਕੀਤੀ ਹੈ, ਕੁਝ ਸ਼ਬਦ ਉਹਨਾਂ ਵਿੱਚ ਲੈ ਕੇ ਪੇਸ਼ ਕਰ ਰਹੇ ਹਾਂ, ਜਿਵੇਂ

'ਵਿਸ਼ਵਾਸ' ਮੂਲ ਰੂਪ ਵਿੱਚ ਮਨੁੱਖੀ ਜੀਵਨ ਦਾ ਪ੍ਰਮੁੱਖ ਅਤੇ ਅਟੁੱਟ ਅੰਗ ਹੈ, ਜਿਸ ਨੂੰ ਨਿਸ਼ਚਿਤ ਸ਼ਬਦਾਂ ਵਿੱਚ ਪਰਿਭਾਸ਼ਤ ਕਰਨਾ ਇੱਕ ਕਠਿਨ ਕਾਰਜ ਹੈ। ਲੇਖਕ ਵੱਖ-ਵੱਖ ਲੇਖਕ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਦਾ ਅਧਿਐਨ ਕਰਕੇ 'ਵਿਸ਼ਵਾਸ' ਨੂੰ ਇੰਜ 'ਪਰਿਭਾਸ਼ਤ' ਕਰਦਾ ਹੈ : 'ਲੋਕ ਵਿਸ਼ਵਾਸ, ਤਰਕ ਰਹਿਤ, ਭਾਵਨਾਵਾਂ ਦੀ ਉਹ ਧਾਰਾ ਹੈ, ਜੋ ਲੋਕ ਮਨ ਦੀ ਅਭੀਵਿਅਕਤੀ ਨਾਲ ਸੰਬੰਧਤ ਪ੍ਰੰਪਰਾਗਤ ਰੂਪ ਵਿੱਚ ਪੀੜ੍ਹੀਓ ਪੀੜ੍ਹੀ ਸਵੀਕਾਰ ਹੁੰਦੀ ਹੋਈ ਸਾਡੇ ਸੱਭਿਆਚਾਰ ਵਿੱਚ ਜੀਵੰਤ ਰੂਪ ਵਿੱਚ ਚਲੀ ਆ ਰਹੀ ਹੈ।' ਤੇ ਫਿਰ ਲੇਖਕ ਖੋਜੀ ਲੋਕ ਵਿਸ਼ਵਾਸਾਂ ਦਾ ਮੁਲਾਂਕਣ ਕਰਦਾ ਹੈ। ਫਿਰ ਮੂਲ ਰੂਪ ਵਿੱਚ ਵੱਖ-ਵੱਖ ਉਦਾਹਰਣ, ਨਮੂਨਿਆਂ ਦੀਆਂ ਉਦਾਹਰਣਾਂ ਪੇਸ਼ ਕਰ ਵਿਸ਼ਵਾਸ ਨੂੰ ਪਰਿਭਾਸ਼ਤ ਕਰਦਾ ਹੈ ਤੇ ਅਨੇਕ ਪ੍ਰਚੱਲਤ ਵਿਸ਼ਵਾਸਾਂ, ਅੰਧ-ਵਿਸ਼ਵਾਸਾਂ ਦਾ ਮੁਲਾਂਕਣ ਕਰਦਾ ਹੈ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਲੋਕ-ਵਿਸ਼ਵਾਸਾਂ ਦਾ ਮੁਲਾਂਕਣ ਕਰਦਾ ਹੈ ਕਿ ਸਮਾਜਕ ਪ੍ਰੇਰਕ ਸ਼ਕਤੀਆਂ ਜਾਂ ਬਿਰਤੀਆਂ ਦਾ ਸਮਾਜ ਦੇ ਨਿਰਮਾਣ ਵਿੱਚ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਜਿਵੇਂ ਪ੍ਰਤੀਕਾਂ, ਰਹੁ-ਰੀਤਾਂ, ਲੋਕ ਵਾਰਤਾਂ ਦਾ ਲੇਖਕ ਦਾ ਮੁਲਾਂਕਣ ਅਵਸ਼ਭਾਵੀ ਹੈ। ਵਿਸ਼ਵਾਸ ਲੋਕ ਵਿਸ਼ਵਾਸ ਨਿਰਮਾਣ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਪੰਜਾਬੀ ਸੱਭਿਆਚਾਰ ਤਾਂ ਵਿਸ਼ਵਾਸਾਂ ਸਹਾਰੇ ਨਿਰੰਤਰ ਹੁਣ ਤੱਕ ਜਿਉਂਦਾ ਹੈ। ਜਿਵੇਂ ਮੰਤਰ, ਜਾਦੂ-ਟੂਣੇ, ਝਾੜ-ਫੂਕ, ਰਸਮਾਂ-ਗੀਤਾਂ, ਸ਼ਗਨ, ਅੱਪਸ਼ਗਨ ਆਦਿ ਪੰਜਾਬੀ ਸੱਭਿਆਚਾਰ ਦੇ ਜ਼ਰੂਰੀ ਤੱਤ ਹਨ। ਇਸ ਤਰ੍ਹਾਂ ਕਥਨ ਲਕੋਕਤੀਆਂ, ਭਰਮ- ਵਹਿਮ, ਲੋਕ ਵਿਸ਼ਵਾਸ, ਜਾਦੂ-ਟੂਣੇ, ਲੋਕ ਧਰਮ, ਪੰਜਾਬੀ ਸਾਹਿਤ ਤੇ ਸੱਭਿਆਚਾਰ, ਆਦਿ ਮੂਲ ਤੱਤਾਂ ਦਾ ਆਲੋਚਨਾਤਮਕ ਅਤੇ ਵਿਵਹਾਰਕ ਪੜਚੋਲ ਵਿਧੀ ਨਾਲ ਆਪਣੇ ਖੋਜ ਪ੍ਰਬੰਧ ਨੂੰ ਸੰਪੰਨ ਕੀਤਾ ਹੈ।

ਸੱਤਵਾਂ ਅਧਿਆਇ, ਲੋਕ-ਵਿਸ਼ਵਾਸ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ, ਇਸ ਪੁਸਤਕ ਦਾ ਮਹੱਤਵਪੂਰਨ ਅਧਿਆਇ ਹੈ। ਜਿਸ ਵਿੱਚ ਬੜੇ ਹੀ ਮਹੱਤਵਪੂਰਨ ਵਿਸ਼ਵਾਸ ਨੇ। ਲੋਕ ਵਿਸ਼ਵਾਸਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਦੀ ਬਾਣੀ ਵਿੱਚ ਲੱਭ ਕੇ ਉਸ ਦਾ ਸੰਖੇਪ ਰੂਪ ਵਿੱਚ ਮੁਲਾਂਕਣ ਕੀਤਾ ਹੈ। ਹਰ ਅਧਿਆਇ ਦੇ ਅੰਤ 'ਤੇ ਉਹਨਾਂ ਪੁਸਤਕਾਂ ਤੇ ਉਹਨਾਂ ਦੇ ਲੇਖਕਾਂ ਦੀ ਸੂਚੀ ਪ੍ਰਾਪਤ ਹੈ। ਲੇਖਕ ਆਪਣੀ ਇਸ ਖੋਜ ਸਮੱਗਰੀ ਨੂੰ ਆਲੋਚਨਾਤਮਿਕ ਪਰ ਵਿਵਹਾਰਕ ਸਮੀਖਿਆ ਰਾਹੀਂ ਪੇਸ਼ ਕਰਨ ਵਿੱਚ ਸਫਲ ਹੈ, ਵਧਾਈ ਦਾ ਹੱਕਦਾਰ ਹੈ।

**- ਡਾ. ਅਮਰ ਕੋਮਲ**

## ਵੇਲੇ ਵੇਲੇ ਦਾ ਸੱਚ

**ਰਾਜਪਾਲ ਬੋਪਾਰਾਏ**
**ਪੰਨੇ-108, ਮੁੱਲ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ**

ਕਵਿਤਾ ਸਹਿਜ ਮਤੇ ਉਪਜੀ ਰੂਹ ਦੀ ਆਵਾਜ਼ ਹੈ। ਜਿਵੇਂ ਬਰਸਾਤ ਦੀਆਂ ਪਈਆਂ ਚਾਰ ਬੂੰਦਾਂ ਮਗਰੋਂ ਮਿੱਟੀ ਵਿੱਚੋਂ ਇਕ ਰਸ ਭਿੰਨੀ ਮਹਿਕ ਪੂਰੀ ਕਾਇਨਾਤ ਨੂੰ ਸੁਗੰਧਿਤ ਕਰ ਦਿੰਦੀ ਹੈ ਜਾਂ ਸਰਘੀ ਵੇਲੇ ਸੱਜਰੇ ਖਿੜੇ ਫੁੱਲਾਂ 'ਤੇ ਪਈਆਂ ਤਰੇਲ ਦੀਆਂ ਬੂੰਦਾਂ ਮਗਰੋਂ ਉਨ੍ਹਾਂ ਦੀ ਸੁਗੰਧ ਦੂਣ ਸਵਾਈ ਹੋ ਕੇ ਤਨ-ਮਨ ਨੂੰ ਸਰਸ਼ਾਰ ਕਰ ਜਾਂਦੀ ਹੈ, ਓਵੇਂ ਹੀ ਕਲਮ ਦੇ ਉਪਜੇ ਕੁਝ ਹਰਫ ਧੁਰ ਅੰਦਰ ਤੱਕ ਲਹਿ ਤੁਰਦੇ ਹਨ, ਪਰ ਜਦੋਂ ਕਵਿਤਾ ਸਮੇਂ ਅਤੇ ਹਾਲਾਤ ਦੀ ਪ੍ਰਤੀਨਿਧਤਾ ਕਰਦੀ ਹੈ ਤਾਂ ਉਸ ਦਾ ਰੰਗ ਅਤੇ ਜਾਹੋ-ਜਲਾਲ ਵੱਖਰਾ ਹੀ ਹੁੰਦਾ ਹੈ। ਚਾਹੇ ਕੋਰੋਨਾ ਕਾਲ ਹੋਵੇ ਜਾਂ ਕਿਸਾਨੀ ਸੰਘਰਸ਼ ਦਾ ਵੇਲਾ ਹੋਵੇ, ਕਲਮਕਾਰਾਂ ਨੇ ਆਪਣੀਆਂ ਕਲਮਾਂ ਰਾਹੀਂ ਅਹਿਮ ਯੋਗਦਾਨ ਪਾਇਆ ਹੈ ਅਤੇ ਜਿੱਤ ਦੇ ਪਰਚਮ ਤੱਕ ਮੋਢੇ ਨਾਲ ਮੋਢਾ ਜੋੜ ਨਾਲ ਖੜ੍ਹੇ ਰਹੇ ਹਨ, ਭਾਵੇਂ ਕਿ ਕਈ ਉਤਰਾਅ-ਚੜ੍ਹਾਅ ਵੀ ਆਏ।

'ਵੇਲੇ ਵੇਲੇ ਦਾ ਸੱਚ' ਰਾਜਪਾਲ ਬੋਪਾਰਾਏ ਹੁਰਾਂ ਦੀ ਕਾਵਿ ਪੁਸਤਕ ਉਨ੍ਹਾਂ ਸਮਿਆਂ ਅਤੇ ਹਾਲਾਤ ਤੋਂ ਪ੍ਰੇਰਿਤ ਹੈ। ਉਹ ਇਸ ਪੁਸਤਕ ਵਿਚ ਜ਼ਿਕਰ ਕਰਦੇ ਹਨ ਕਿ ਇਹ ਦੋਵੇਂ ਸਮੇਂ ਹੁਣ ਗੁਜ਼ਰ ਚੁੱਕੇ ਹਨ, ਇਨ੍ਹਾਂ ਦੀ ਗੱਲ ਕਰਨਾ ਓਪਰਾ ਜਿਹਾ ਲੱਗਦਾ ਹੈ, ਪਰ ਮੈਂ ਤਾਂ ਇਹੀ ਆਖਾਂਗਾ ਕਿ ਏਦਾਂ ਦਾ ਕੁਝ ਨਹੀਂ ਹੁੰਦਾ, ਸਮਾਂ ਅਤੇ ਹਾਲਾਤ ਕਦੇ ਨਹੀਂ ਬਦਲਦੇ, ਵੇਲਾ ਪਾ ਕੇ ਵੱਖੋ-ਵੱਖਰੇ ਨਾਵਾਂ, ਰੰਗਾਂ ਰਾਹੀਂ ਜ਼ਿੰਦਗੀ ਦੁਆਲੇ ਘੁੰਮਦੇ ਰਹਿੰਦੇ ਹਨ। ਕੁਦਰਤ ਨਾਲ ਖਿਲਵਾੜ ਸਦਾ ਅਲਾਮਤਾਂ ਨੂੰ ਸੱਦਾ ਦਿੰਦਾ ਰਹਿੰਦਾ ਹੈ ਅਤੇ ਹਾਕਮ ਅਤੇ ਪਰਜਾ ਵਿਚਲਾ ਪਾੜਾ ਸੰਘਰਸ਼ਾਂ ਨੂੰ। ਸੋ ਕਲਮ ਦੀ ਲਿਖਤ ਕਦੇ ਵਕਤੋਂ ਖੁੰਝੀ ਨਹੀਂ ਹੁੰਦੀ। ਕੋਰੋਨਾ ਵੇਲੇ ਇਨਸਾਨੀ ਜ਼ਿੰਦਗੀ ਨੂੰ ਕੁਦਰਤ ਵੱਲੋਂ ਦਿੱਤਾ ਗਿਆ ਇਕ ਵਿਰਾਮ ਸੀ ਬਈ ਸੰਭਲ ਜਾਓ। ਇਕ ਕਾਵਿਕ ਮਨ ਜਦੋਂ ਵੀ ਕੁਝ ਅਜਿਹਾ ਘਟਦਾ ਵੇਖਦਾ ਹੈ, ਜੋ ਉਸ ਦੀ ਰੂਹ ਨੂੰ ਗਵਾਰਾ ਨਹੀਂ, ਤਾਂ ਆਪ ਮੁਹਾਰੇ ਕਲਮੀ ਵਹਾਅ ਵਹਿ ਤੁਰਦਾ ਹੈ। ਕਿਸਾਨ ਦੀ ਮਨੋ ਦਸ਼ਾ ਦੀ ਬਾਤ ਪਾਉਂਦੀ ਇਹ ਰਚਨਾ-

ਮੈਂ ਦਾਤਾ ਨਹੀਂ
ਦਾਤਾ ਕੋਈ ਹੋਰ ਹੈ
ਮੈਂ ਤਾਂ ਤੁਹਾਡੇ ਵਾਸਤੇ
ਨਾਸ਼ਤੇ, ਲੰਚ ਅਤੇ ਡਿਨਰ ਉਗਾਉਣ ਵਾਲਾ
ਮਿੱਟੀ ਦਾ ਪੁੱਤਰ
ਅੱਟਣਾਂ ਲੱਦਿਆ
ਸਿੱਧਾ ਸਾਦਾ ਕਿਸਾਨ ਹਾਂ
ਰੇਲ ਦੀਆਂ ਪਟੜੀਆਂ ਨੂੰ
ਸਿਰਹਾਣਾ ਬਣਾਉਣ ਵਾਲਾ
ਸਰਦ ਰਾਤਾਂ 'ਚ
ਸੜਕਾਂ 'ਤੇ ਸੌਣ ਵਾਲਾ
ਤੁਹਾਨੂੰ ਰੋਟੀ ਖਵਾ ਕੇ
ਆਪ ਸਲਫਾਸ ਖਾਣ ਵਾਲਾ
ਸਿੱਧਾ ਸਾਦਾ ਕਿਸਾਨ ਹਾਂ

ਇਕ ਹੀ ਰਚਨਾ ਵਿਚ ਕਿਸਾਨ, ਕਿਸਾਨੀ ਤੋਂ ਲੈ ਕੇ ਸੰਘਰਸ਼ ਦੇ ਕਾਰਨ ਦਰਦ ਬਿਆਨ ਕਰ ਦਿੱਤੇ ਹਨ। ਹੋਰ ਬਹੁਤ ਕੁਝ ਇਸ ਸ਼ਬਦਾਂ ਦੀ ਗੁਥਲੀ ਵਿਚ ਭਰਿਆ ਹੈ। ਜਦੋਂ ਰਾਜਪਾਲ ਬੋਪਾਰਾਏ ਹੁਰਾਂ ਦੀ ਇਸ ਪੁਸਤਕ ਦਾ ਪਾਠ ਕਰੋਗੇ, ਆਪ ਜੀ ਖੁਦ ਇਹ 'ਵੇਲੇ ਵੇਲੇ ਦੇ ਸੱਚ' ਨਹੀਂ, ਮੈਂ ਤਾਂ ਕਹਾਂਗਾ ਹਰ ਵੇਲੇ ਦੇ ਸੱਚ ਨੂੰ ਅਨੁਭਵ ਕਰੋਗੇ। ਸੋ ਮੇਰੇ ਵੱਲੋਂ ਪੁਸਤਕ ਦਾ ਸੁਆਗਤ ਹੈ।

**— ਸੁਰਿੰਦਰਜੀਤ ਚੌਹਾਨ**

# ਜ਼ਿਲ੍ਹਾ ਭਾਸ਼ਾ ਦਫਤਰ ਵੱਲੋਂ 'ਪੰਜਾਬੀ ਮਾਹ' ਤਹਿਤ ਪੰਜਾਬੀ ਕਵੀ ਦਰਬਾਰ

**ਬਰਨਾਲਾ**-ਭਾਸ਼ਾ ਵਿਭਾਗ, ਪੰਜਾਬ ਵੱਲੋਂ ਨਵੰਬਰ ਮਹੀਨੇ ਨੂੰ ਪੰਜਾਬੀ ਮਹੀਨੇ ਵਜੋਂ ਮਨਾਉਂਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਹੀ ਲੜੀ ਤਹਿਤ ਜ਼ਿਲ੍ਹਾ ਭਾਸ਼ਾ ਦਫਤਰ ਬਰਨਾਲਾ ਵੱਲੋਂ ਲੋਕ ਕਵੀ ਸੰਤ ਰਾਮ ਉਦਾਸੀ ਨੂੰ ਸਮਰਪਿਤ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ।



ਬਿੰਦਰ ਸਿੰਘ ਖੁੱਡੀ ਕਲਾਂ ਕਾਰਜਕਾਰੀ ਜ਼ਿਲ੍ਹਾ ਭਾਸ਼ਾ ਅਫਸਰ ਨੇ ਹਾਜ਼ਰੀਨ ਨੂੰ ਜੀ ਆਇਆਂ ਕਹਿੰਦਿਆਂ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ-ਸਤਿਕਾਰ ਦਿਵਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਜਾਣਕਾਰੀ ਸਾਂਝੀ ਕੀਤੀ। ਉਹਨਾ ਕਿਹਾ ਕਿ ਨਵੰਬਰ ਮਹੀਨੇ ਨੂੰ ਪੰਜਾਬੀ ਮਹੀਨੇ ਵਜੋਂ ਮਨਾਉਣ ਦਾ ਮਨੋਰਥ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਵਿਕਾਸ ਕਰਨਾ ਹੀ ਹੈ। ਇਸ ਦੌਰਾਨ ਉਹਨਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਆਪੋ-ਆਪਣੀਆਂ ਦੁਕਾਨਾਂ ਅਤੇ ਹੋਰ ਅਦਾਰਿਆਂ ਦੇ ਨਾਂਅ, ਬੋਰਡ ਸਰਕਾਰੀ ਹਦਾਇਤਾਂ ਅਨੁਸਾਰ 21 ਨਵੰਬਰ ਤੋਂ ਪਹਿਲਾਂ-ਪਹਿਲਾਂ ਪੰਜਾਬੀ ਭਾਸ਼ਾ 'ਚ ਲਿਖਵਾਉਣ ਦੀ ਵੀ ਅਪੀਲ ਕੀਤੀ। ਸ੍ਰੀ ਸ਼ਿਵ ਸਿੰਗਲਾ ਨੇ ਲੋਕ ਕਵੀ ਸੰਤ ਰਾਮ ਉਦਾਸੀ ਨੂੰ ਯਾਦ ਕਰਦਿਆਂ ਕਿਹਾ ਕਿ ਮਹਾਨ ਕਵੀ ਦੀ ਵਿਰਾਸਤ ਦੀ ਸੰਭਾਲ ਨਾ ਕੇਵਲ ਸਰਕਾਰ ਦਾ, ਸਗੋਂ ਸਾਡਾ ਸਭ ਦਾ ਨੈਤਿਕ ਫਰਜ਼ ਹੈ। ਉਹਨਾ ਕਿਹਾ ਕਿ ਜ਼ਿਲ੍ਹਾ ਭਾਸ਼ਾ ਦਫਤਰ ਬਰਨਾਲਾ ਵੱਲੋਂ ਉਹਨਾਂ ਨੂੰ ਸਮਰਪਿਤ ਕਵੀ ਦਰਬਾਰ ਕਰਵਾਉਣਾ ਆਪਣੇ-ਆਪ 'ਚ ਸ਼ਲਾਘਾਯੋਗ ਉਪਰਾਲਾ ਹੈ। ਸ਼੍ਰੋਮਣੀ ਸਾਹਿਤਕਾਰ ਸ. ਪਰਗਟ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਹਾਲੇ ਹੋਰ ਬਹੁਤ ਸਾਰੀਆਂ ਸੰਭਾਵਨਾਵਾਂ ਪਈਆਂ ਹਨ। ਉਹਨਾਂ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਪੰਜਾਬੀ ਭਾਸ਼ਾ ਦਾ ਘੇਰਾ ਦਿਨ ਪ੍ਰਤੀ ਦਿਨ ਵਿਸ਼ਾਲ ਹੋ ਰਿਹਾ ਹੈ। ਲੋਕ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿੰਸੀਪਲ ਇਕਬਾਲ ਕੌਰ ਉਦਾਸੀ ਨੇ ਆਪਣੇ ਸੰਬੋਧਨ 'ਚ ਆਪਣੇ ਪਿਤਾ ਸੰਤ ਰਾਮ ਉਦਾਸੀ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਉਹਨਾਂ ਦੀ ਇਨਕਲਾਬੀ ਸੋਚਣੀ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਉਹਨਾਂ ਦੇ ਪਿਤਾ ਦੀ ਕਲਮ ਨੇ ਬੜੀ ਨਿਡਰਤਾ ਨਾਲ ਲਿਤਾੜੇ ਲੋਕਾਂ ਦੀ ਗੱਲ ਕਰਦਿਆਂ ਉਹਨਾਂ ਨੂੰ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਦੀ ਪ੍ਰੇਰਨਾ ਦਿੱਤੀ।

ਕਵਿਤਾਵਾਂ, ਗਜ਼ਲਾਂ ਅਤੇ ਗੀਤਾਂ ਦੇ ਦੌਰ 'ਚ ਰਾਮ ਸਰੂਪ ਸ਼ਰਮਾ, ਤਰਸੇਮ, ਬਘੇਲ ਸਿੰਘ ਧਾਲੀਵਾਲ, ਜਗਜੀਤ ਗੁਰਮ, ਮਨਦੀਪ ਕੌਰ ਭਦੌੜ, ਸੀ. ਮਾਰਕੰਡਾ, ਡਾ. ਤੇਜਿੰਦਰ ਮਾਰਕੰਡਾ, ਜਗਜੀਤ ਕੌਰ ਢਿੱਲਵਾਂ, ਪਰਮ ਪਰਵਿੰਦਰ ਸਹਿਜੜਾ, ਮਾਲਵਿੰਦਰ ਸ਼ਾਇਰ, ਸਰੂਪ ਚੰਦ ਹਰੀਗੜ੍ਹ, ਦਰਸ਼ਨ ਸਿੰਘ ਚੀਮਾ, ਹਰਬਚਨ ਸਿੰਘ ਹੰਡਿਆਇਆ, ਲਛਮਣ ਦਾਸ ਮੁਸਾਫਿਰ ਅਤੇ ਸੁਰਜੀਤ ਸਿੰਘ ਸੰਧੂ ਵੱਲੋਂ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ। ਐੱਸ.ਐੱਸ.ਡੀ ਕਾਲਜ ਦੇ ਪ੍ਰਿੰਸੀਪਲ ਸ੍ਰੀ ਰਾਕੇਸ਼ ਜਿੰਦਲ ਨੇ ਸਮੂਹ ਪਹੁੰਚਣ ਵਾਲੀਆਂ ਸ਼ਖਸੀਅਤਾਂ ਦਾ ਧੰਨਵਾਦ ਕਰਨ ਦੇ ਨਾਲ-ਨਾਲ ਉਹਨਾਂ ਦੇ ਕਾਲਜ 'ਚ ਸਮਾਗਮ ਕਰਵਾ ਕੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੀ ਅਮੀਰ ਵਿਰਾਸਤ ਤੋਂ ਜਾਣੂ ਕਰਵਾਉਣ ਲਈ ਜ਼ਿਲ੍ਹਾ ਭਾਸ਼ਾ ਦਫਤਰ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਵਿਸ਼ਵ ਅਕੈਡਮੀ ਵੱਲੋਂ ਸਾਹਿਤਕ ਕਾਨਫਰੰਸ




**ਹੇਵਰਡ**-ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੇਫੋਰਨੀਆ ਵੱਲੋਂ ਹੇਵਰਡ ਵਿਖੇ ਕਰਵਾਈ ਗਈ 23ਵੀਂ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ ਵਿਚ ਪੰਜਾਬੀ ਭਾਸ਼ਾ, ਕਵਿਤਾ, ਕਹਾਣੀ ਅਤੇ ਆਲੋਚਨਾ ਬਾਰੇ ਅਰਥ ਭਰਪੂਰ ਵਿਚਾਰ-ਚਰਚਾ ਹੋਈ। ਇਸ ਦੋ ਦਿਨਾਂ ਕਾਨਫਰੰਸ ਵਿਚ ਭਾਰਤ, ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਪੰਜਾਬੀ ਵਿਦਵਾਨ, ਸਾਹਿਤਕਾਰ ਅਤੇ ਪੰਜਾਬੀ-ਪ੍ਰੇਮੀ ਸ਼ਾਮਲ ਹੋਏ। ਸਵਾਗਤੀ ਸੈਸ਼ਨ ਵਿਚ ਕੁਲਵਿੰਦਰ ਅਤੇ ਜਸਵੀਰ ਗਿੱਲ ਨੇ ਸਭ ਨੂੰ ਜੀ ਆਇਆਂ ਕਿਹਾ। ਇਸ ਸੈਸ਼ਨ ਦੀ ਪ੍ਰਧਾਨਗੀ ਕੁਲਵਿੰਦਰ, ਜਸਵੀਰ ਗਿੱਲ, ਲਾਲੀ ਧਨੋਆ, ਸੁਰਿੰਦਰ ਧਨੋਆ ਅਤੇ ਐੱਸ. ਅਸ਼ੋਕ ਭੌਰਾ ਨੇ ਕੀਤੀ। ਉਪਰੰਤ 'ਅਮਰੀਕੀ ਪੰਜਾਬੀ ਕਵਿਤਾ ਸਮਕਾਲੀ ਸੰਦਰਭ ਵਿਚ' ਸੈਸ਼ਨ ਵਿਚ ਡਾ. ਆਤਮ ਰੰਧਾਵਾ ਨੇ ਆਪਣੇ ਪਰਚੇ ਰਾਹੀਂ ਅਜੋਕੀ ਪੰਜਾਬੀ ਕਵਿਤਾ ਦੇ ਕਈ ਅਹਿਮ ਪਹਿਲੂਆਂ ਨੂੰ ਛੋਂਹਦਿਆਂ ਕਿਹਾ ਕਿ ਪ੍ਰਵਾਸੀ ਇਕੱਲਾ ਸਰੀਰਕ ਤੌਰ 'ਤੇ ਨਹੀਂ ਹੁੰਦਾ, ਜ਼ਿਹਨੀ ਤੌਰ 'ਤੇ ਵੀ ਪ੍ਰਵਾਸੀ ਹੁੰਦਾ ਹੈ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਵਰਿਆਮ ਸਿੰਘ ਸੰਧੂ ਅਤੇ ਪ੍ਰਧਾਨਗੀ ਕਰ ਰਹੇ ਦਰਸ਼ਨ ਬੁੱਟਰ ਤੇ ਸੁਸ਼ੀਲ ਦੁਸਾਂਝ, ਡਾ. ਰਾਜੇਸ਼ ਸ਼ਰਮਾ ਅਤੇ ਜਸਵਿੰਦਰ ਨੇ ਵੀ ਪਰਵਾਸੀ ਪੰਜਾਬੀ ਕਵਿਤਾ ਦੇ ਵੱਖ-ਵੱਖ ਪਹਿਲੂਆਂ ਨੂੰ ਛੋਹਿਆ। ਅਗਲਾ ਸੈਸ਼ਨ 'ਸਮਕਾਲੀ ਸੰਦਰਭ ਵਿਚ ਅਮਰੀਕੀ ਪੰਜਾਬੀ ਕਹਾਣੀ' ਬਾਰੇ ਸੀ, ਜਿਸ ਵਿਚ ਅਜਮੇਰ ਸਿੱਧੂ ਨੇ ਆਪਣੇ ਪਰਚੇ ਰਾਹੀਂ ਅਮਰੀਕੀ ਕਹਾਣੀਕਾਰਾਂ ਦੀਆਂ ਕਿਰਤਾਂ ਦੇ ਹਵਾਲੇ ਨਾਲ ਚਰਚਾ ਕੀਤੀ।

ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿਚ 'ਵਿਸ਼ਵ ਸਾਹਿਤ ਵਿਚ ਪੰਜਾਬੀ ਸਾਹਿਤ ਦੇ ਸਥਾਨ ਅਤੇ ਰੁਤਬੇ ਦਾ ਸਵਾਲ' ਉੱਪਰ ਡਾ. ਰਾਜੇਸ਼ ਸ਼ਰਮਾ ਨੇ ਆਪਣੇ ਪਰਚੇ ਰਾਹੀਂ ਪੰਜਾਬੀ ਸਾਹਿਤ ਦੀ ਆਲੋਚਨਾ ਉੱਪਰ ਕਈ ਅਹਿਮ ਸਵਾਲ ਰੱਖੇ। ਇਸ ਸੈਸ਼ਨ ਦੇ ਮੁੱਖ ਮਹਿਮਾਨ ਡਾ. ਆਤਮਜੀਤ ਸਨ। ਅਗਲੇ ਸੈਸ਼ਨ ਵਿਚ ਡਾ. ਗੁਰਪ੍ਰੀਤ ਧੁੱਗਾ ਦੀ ਚਰਚਿੱਤ ਪੁਸਤਕ 'ਚਾਲੀ ਦਿਨ' ਉੱਪਰ ਭਰਵੀਂ ਵਿਚਾਰ ਚਰਚਾ ਹੋਈ। ਸਾਰੇ ਬੁਲਾਰਿਆਂ ਨੇ ਡਾ. ਧੁੱਗਾ ਵੱਲੋਂ ਇਸ ਪੁਸਤਕ ਰਾਹੀਂ ਨਵੀਂ ਵਿਧਾ ਸਿਰਜਣ ਲਈ ਮੁਬਾਰਕਬਾਦ ਦਿੱਤੀ। ਦੋਵੇਂ ਦਿਨ ਕਵੀ ਦਰਬਾਰ ਸਜਦਾ ਰਿਹਾ। ਦੋਨਾਂ ਦਿਨਾਂ ਦੇ ਕਵੀ ਦਰਬਾਰਾਂ ਵਿਚ ਜਸਵਿੰਦਰ, ਰਵਿੰਦਰ ਸਹਿਰਾਅ, ਸੁਸ਼ੀਲ ਦੁਸਾਂਝ, ਦਰਸ਼ਨ ਬੁੱਟਰ, ਜਸਵੀਰ ਗਿੱਲ, ਸੰਤੋਖ ਮਿਨਹਾਸ, ਹਰਜਿੰਦਰ ਕੰਗ, ਹਰਦਮ ਮਾਨ, ਸਤੀਸ਼ ਗੁਲਾਟੀ, ਹਰਜਿੰਦਰ ਢੇਸੀ, ਪ੍ਰੀਤ ਮਨਪ੍ਰੀਤ, ਜਸਵੰਤ ਜ਼ਫ਼ਰ, ਸੁਰਜੀਤ ਸਖੀ, ਦਿਲ ਨਿੱਜਰ, ਡਾ. ਸੁਹਿੰਦਰਬੀਰ, ਡਾ. ਮੋਨੋਜੀਤ, ਰਕਿੰਦ ਕੌਰ, ਚਰਨਜੀਤ ਪੰਨੂ, ਅਮਰਜੀਤ ਪੰਨੂ, ਨਵਨੀਤ ਪੰਨੂ, ਬਿਕਰਮ ਸੋਹੀ, ਸੁਰਿੰਦਰ ਸੋਹਲ, ਲਖਵਿੰਦਰ ਕੌਰ ਲੱਕੀ, ਸੁਖਪਾਲ ਸੰਘੇੜਾ ਸ਼ਾਮਲ ਹੋਏ। ਦੂਜੇ ਦਿਨ ਦੇ ਆਖ਼ਿਰ ਵਿਚ ਡਾ. ਆਤਮਜੀਤ ਨੇ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਜ਼ਿੰਦਗੀ 'ਤੇ ਅਧਾਰਿਤ ਨਾਟਕ ਦਾ ਪਾਠ ਬੜੇ ਭਾਵੁਕ ਅੰਦਾਜ਼ ਵਿਚ ਪੇਸ਼ ਕਰਕੇ ਕਾਨਫਰੰਸ ਨੂੰ ਸਿਖਰ 'ਤੇ ਪੁਚਾਇਆ। ਵਰਨਣਯੋਗ ਹੈ ਕਿ ਡਗਸ਼ਈ (ਹਿਮਾਚਲ ਪ੍ਰਦੇਸ਼) ਵਿੱਚ ਹੋਏ ਜਲਸੇ ਵਿੱਚ ਡਾ. ਦੀਵਾਨ ਸਿੰਘ ਨੇ ਲੋਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਾਸਤੇ ਇਕੱਠੇ ਹੋਣ ਦਾ ਸੰਦੇਸ਼ ਦਿੱਤਾ, ਜਿਸ ਕਾਰਨ ਉਨ੍ਹਾਂ ਖਿਲਾਫ ਅੰਗਰੇਜ਼ ਹਕੂਮਤ ਨੇ ਮੁਕੱਦਮਾ ਦਰਜ ਕਰ ਲਿਆ, ਪਰ ਉਹ ਉਥੋਂ ਦੇ ਲੋਕਾਂ ਦੇ ਦਿਲਾਂ ਵਿੱਚ ਵਸਦੇ ਸਨ, ਜਿਸ ਕਾਰਨ ਗਵਾਹ ਨਾ ਮਿਲਣ ਕਾਰਨ ਉਹ ਬਰੀ ਹੋ ਗਏ। ਡਾ. ਆਤਮਜੀਤ ਦੀ ਇਸ ਪੇਸ਼ਕਾਰੀ ਸਮੇਂ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਪੋਤਰੀ ਤੇ ਪੜਪੋਤੀਆਂ ਦੀ ਮੌਜੂਦਗੀ ਨੇ ਮਾਹੌਲ ਹੋਰ ਵੀ ਭਾਵੁਕ ਕਰ ਦਿੱਤਾ।

—**ਹਰਦਮ ਮਾਨ**

# ਸਮਕਾਲ

## ਆਪਣੀ ਆਵਾਜ਼ : ਨਵੰਬਰ 2023




ਇਸ ਸੱਜਰੇ ਅੰਕ ਦੀ ਸੰਪਾਦਕੀ (ਅੱਜ ਦੀ ਗੱਲ) ਵਿੱਚ ਜ਼ਿੰਦਗੀ ਨੂੰ ਸਮਝਣ ਲਈ ਫਿਕਰਮੰਦੀ ਜ਼ਾਹਰ ਕੀਤੀ ਗਈ ਹੈ। ਪੱਤਰਕਾਰ ਪਾਲ ਸਿੰਘ ਨੌਲੀ ਵੱਲੋਂ ਵਾਤਾਵਰਣ ਪ੍ਰੇਮੀ ਅਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਕੀਤੀ ਗਈ ਮੁਲਾਕਾਤ ਵਿੱਚ ਪਾਣੀਆਂ ਦੀ ਸਹੀ ਸੰਭਾਲ ਬਾਰੇ ਮਹੱਤਵਪੂਰਨ ਗੱਲਾਂ ਹੋਈਆਂ ਹਨ। ਜੇ ਸਮੇਂ ਸਿਰ ਇਸ ਨੂੰ ਸੰਭਾਲਿਆ ਨਾ ਗਿਆ ਤਾਂ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ, ਆਉਣ ਵਾਲੀਆਂ ਪੀੜ੍ਹੀਆਂ ਨੂੰ। ਸੁਰਜਨ ਜ਼ੀਰਵੀ ਜੋ ਪਿਛਲੇ ਦਿਨੀਂ ਸਾਥੋਂ ਸਰੀਰਕ ਰੂਪ ਵਿੱਚ ਵਿੱਛੜ ਗਏ ਸਨ, ਦਾ ਸ਼ਬਦ ਚਿੱਤਰ ਡਾ. ਲਖਵਿੰਦਰ ਜੌਹਲ ਵੱਲੋਂ ਬਹੁਤ ਹੀ ਭਾਵਪੂਰਤ ਢੰਗ ਨਾਲ ਲਿਖਿਆ ਹੈ। ਜ਼ੀਰਵੀ ਨਾਲ ਜੁੜੇ ਲੋਕਾਂ ਲਈ ਇਹ ਇੱਕ ਸੌਗਾਤ ਵਾਂਗ ਹੈ। ਹਰਭਜਨ ਖਹਿਰਾ, ਦਲਬੀਰ ਸਿੰਘ ਰਹਿਲ, ਦਲਜੀਤ ਸਿੰਘ ਭੱਟੀ, ਜੱਸੀ ਰਾਏਪੁਰੀ, ਬਨਾਰਸੀ ਦਾਸ ਅਤੇ ਹੋਰ ਕਈ ਨਵੀਆਂ ਕਲਮਾਂ ਦੇ ਕਾਵਿ ਰੰਗ ਪੇਸ਼ ਹਨ। ਜ਼ਫਰ ਇਕਬਾਲ ਜ਼ਫਰ ਵੱਲੋਂ ਪੰਜਾਬੀ/ਹਿੰਦੀ ਸਿਨਮੇ ਦੇ ਕਲਾਕਾਰ ਰਾਣਾ ਜੰਗ ਬਹਾਦਰ ਬਾਰੇ ਬਹੁਤ ਖੂਬਸੂਰਤ ਲਿਖਿਆ ਹੈ। 'ਰੋਹੀ ਦਾ ਲਾਲ' ਦੀ ਕਿਸ਼ਤ ਲਗਾਤਾਰ ਪਾਠਕਾਂ ਨੂੰ ਪੜ੍ਹਨ ਨੂੰ ਮਿਲ ਰਹੀ ਹੈ। ਜੋਗੇ ਭੰਗਲ ਦੀ ਅਤੇ ਮਨੋਜ ਕੁਮਾਰ ਪ੍ਰੀਤ (ਹਿੰਦੀ) ਦੀਆਂ ਕਹਾਣੀਆਂ ਅਤੇ ਮਿੰਨੀ ਕਹਾਣੀਆਂ ਦਾ ਗੁਲਦਸਤਾ ਵੀ ਹੈ। ਕਿਤਾਬਾਂ ਕਾਲਮ ਅਤੇ ਪੁਸਤਕ ਰੀਵਿਊ ਵੀ ਹਨ।

ਪੰਨੇ : 68, ਮੁੱਲ : 50 ਰੁਪਏ, ਸੰਪਾਦਕ : ਲਖਵਿੰਦਰ ਸਿੰਘ ਜੌਹਲ, ਸੰਪਰਕ : 693, ਗੁਰੂ ਤੇਗ ਬਹਾਦਰ ਨਗਰ, ਜਲੰਧਰ-144001 (ਮੋ:) 94171-94812, 98725-49506

## ਸੰਗਰਾਮੀ ਲਹਿਰ : ਅਕਤੂਬਰ 2023

ਇਸ ਸੱਜਰੇ ਅੰਕ ਦੇ ਮੁੱਖ ਪੰਨੇ 'ਤੇ ਰਜ਼ਾ ਕਾਮਲ ਦਾ ਕਲਾਮ ਅਤੇ ਢੁੱਕਵੀਂ ਤਸਵੀਰ ਸੁਸ਼ੋਭਿਤ ਹੈ, ਜੋ ਬਾਲ ਮਜ਼ਦੂਰੀ ਦੇ ਕਾਨੂੰਨ ਦਾ ਮੂੰਹ ਚਿੜਾ ਰਹੀ ਹੈ। ਪ੍ਰੋ. ਜੈ ਪਾਲ ਦਾ ਲੇਖ ਮੋਦੀ-ਅਡਾਨੀ ਦੀ ਗੂੜ੍ਹੀ ਹੁੰਦੀ ਦੋਸਤੀ ਦੇ ਮਾਰੂ ਪ੍ਰਭਾਵਾਂ ਨੂੰ ਉਜਾਗਰ ਕਰਦਾ ਹੈ। ਸੰਪਾਦਕੀ 'ਚ 'ਮੁਤਬਾਦਲ' ਦੇ ਨਾਂਅ ਹੇਠ ਵਾਰ-ਵਾਰ ਚੱਲਦੀ ਆ ਰਹੀ ਠੱਗੀ ਪ੍ਰਤੀ ਲੋਕਾਂ ਨੂੰ ਸੁਚੇਤ




ਕੀਤਾ ਗਿਆ ਹੈ। ਜੀ-20 'ਤੇ ਦੇਸ਼ ਦੇ ਖਜ਼ਾਨੇ ਦੀ ਹੋਈ ਅਥਾਹ ਲੁੱਟ ਦਾ ਵੀ ਜ਼ਿਕਰ ਹੋਇਆ ਹੈ। ਮੰਗਤ ਰਾਮ ਪਾਸਲਾ ਦਾ ਲੇਖ ਮਨੂੰਵਾਦੀ ਮਾਨਸਿਕਤਾ ਵਾਲੇ ਹਾਕਮਾਂ ਦੀਆਂ ਚਾਲਾਂ ਪ੍ਰਤੀ ਲੋਕਾਂ ਨੂੰ ਸਮਝ ਬਣਾਉਣ ਅਤੇ ਸੁਚੇਤ ਰਹਿਣ ਦੀ ਤਾੜਨਾ ਹੈ। ਸਰਕਾਰੀ ਦਾਅਵਿਆਂ ਦੀ ਜ਼ਮੀਨੀ ਹਕੀਕਤ ਨੂੰ ਬਿਆਨ ਕਰਦੇ ਕਾਲਮ ਵੀ ਹਨ। ਅਜਮੇਰ ਸਿੱਧੂ ਦੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ' ਵੀ ਸ਼ਾਮਲ ਕੀਤੀ ਗਈ ਹੈ। ਅਹਿਮਦ ਸਲੀਮ ਦੀ ਕਵਿਤਾ 'ਮਾਸੀ ਜੰਕਤੇ' ਵੀ ਹੈ। ਖਬਰਨਾਮਾ ਵੀ ਹੈ।

ਪੰਨੇ : 44, ਮੁੱਲ : 20 ਰੁਪਏ, ਸੰਪਾਦਕ : ਮੰਗਤ ਰਾਮ ਪਾਸਲਾ, ਸੰਪਰਕ : ਸ਼ਹੀਦ ਸਰਵਣ ਸਿੰਘ ਚੀਮਾ, ਮੈਮੋਰੀਅਲ ਭਵਨ 352/1, ਗੜ੍ਹਾ-ਜਲੰਧਰ-144001 (ਮੋ:) 99153-12806

## ਲੋਕ ਲਹਿਰ : ਸਤੰਬਰ 2023

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੰਜਾਬ ਇਕਾਈ ਦਾ ਬੁਲਾਰਾ ਇਹ ਮਾਸਿਕ ਰਸਾਲਾ ਮੁੱਖ ਪੰਨੇ 'ਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਸ਼ਰਧਾਂਜਲੀ ਸਮਾਗਮ ਦੀ ਤਸਵੀਰ ਲੈ ਕੇ ਹਾਜ਼ਰ ਹੈ। ਸੰਪਾਦਕੀ 'ਚ ਮਨੀਪੁਰ ਵਿੱਚ ਹੋ ਰਹੀ ਹਿੰਸਾ ਦੇ ਹੇਠਲੀ ਪੱਧਰ ਤੱਕ ਪਹੁੰਚਣ ਦੀ ਗੱਲ ਹੋਈ ਹੈ। ਪ੍ਰਭਾਤ ਪਟਨਾਇਕ, ਸੁਖਵਿੰਦਰ ਸਿੰਘ ਸੇਖੋਂ, ਲਹਿੰਬਰ ਸਿੰਘ ਤੱਗੜ ਦੇ ਲੇਖ ਹਨ। ਬੀਬੀ ਮਾਨਿਨੀ ਚੈਟਰਜੀ ਵੱਲੋਂ ਹਰਕਿਸ਼ਨ ਸਿੰਘ ਸੁਰਜੀਤ ਨਾਲ ਕੀਤੀ ਮੁਲਾਕਾਤ ਵੀ ਹੈ।




ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਲਹਿੰਬਰ ਸਿੰਘ ਤੱਗੜ, ਸੰਪਰਕ : ਬਾਬਾ ਕਰਮ ਸਿੰਘ ਚੀਮਾ ਭਵਨ, ਸੈਕਟਰ 30-ਬੀ, ਚੰਡੀਗੜ੍ਹ (ਮੋ:) 94651-05372

## ਲੋਹਮਣੀ : ਅਕਤੂਬਰ-ਦਸੰਬਰ 2023

ਮਾਸਟਰ ਤਰਲੋਚਨ ਸਮਰਾਲਾ ਬਾਰੇ ਉਸ ਵੱਲੋਂ ਪਲਸ ਮੰਚ ਲਈ ਕੀਤੇ ਕੰਮਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਹੈ। ਸੰਪਾਦਕੀ ਦੇਸ਼ ਦੇ ਸਮਕਾਲੀ ਹਾਲਾਤ ਦਾ ਚਿੰਤਾਜਨਕ ਮੰਜ਼ਰ ਪੇਸ਼ ਕਰਦੀ ਹੈ। ਕਲਾ-ਸੱਭਿਆਚਾਰ ਬਾਰੇ ਪਾਸ਼ ਦਾ ਲੇਖ, ਸਤਲੁਜ-ਯਮੁਨਾ ਲਿੰਕ ਨਹਿਰ, ਕਿਸਾਨੀ ਕਰਜ਼ੇ, ਔਰਤ ਦੀ ਸੁਰੱਖਿਆ, ਬਲਦੇਵ ਸਿੰਘ ਦੇ ਨਾਵਲ ਦਾ ਅੰਸ਼, ਰਜਿੰਦਰ ਸਿੰਘ ਬੇਦੀ ਦੀ ਅਤੇ ਮੁਖਤਾਰ ਗਿੱਲ ਦੀਆਂ ਕਹਾਣੀਆਂ ਦੇ ਨਾਲ ਹੋਰ ਵੀ ਰੌਚਿਕ ਮੈਟਰ ਹੈ ਪੜ੍ਹਨ ਲਈ।




ਪੰਨੇ : 72, ਮੁੱਲ : 30 ਰੁਪਏ, ਮੁੱਖ ਸੰਪਾਦਕ : ਪ੍ਰੋ. ਨਿਰਮਲਜੀਤ ਕੌਰ ਸਿੱਧੂ, ਸੰਪਰਕ : ਮਕਾਨ ਨੰ: 2027, ਅੰਮ੍ਰਿਤਸਰ ਰੋਡ, ਮੋਗਾ, (ਮੋ:) 99881-39401

*- ਹਰਜਿੰਦਰ ਅਟਵਾਲ (ਡਾ.)*

# ਬਲਵੰਤ ਸਿੰਘ ਖੇੜਾ ਦੀ ਪਲੇਠੀ ਪੁਸਤਕ "ਸਮਿਆਂ ਦੇ ਸਨਮੁਖ" ਦਾ ਲੋਕ-ਅਰਪਣ



**ਹੁਸ਼ਿਆਰਪੁਰ** : ਉੱਘੇ ਸਮਾਜ ਸੇਵਕ ਅਤੇ ਸੋਸ਼ਲਿਸਟ ਪਾਰਟੀ ਦੇ ਪ੍ਰਧਾਨ ਸ. ਬਲਵੰਤ ਸਿੰਘ ਖੇੜਾ ਦੀਆਂ ਸਮਾਜਿਕ ਅਤੇ ਸਾਹਿਤਕ ਗਤੀਵਿਧੀਆਂ ਨੂੰ ਲੈ ਕੇ ਲਾਲਾ ਲਾਜਪਤ ਰਾਏ ਮਾਡਲ ਸਕੂਲ ਹੁਸ਼ਿਆਰਪੁਰ ਵਿਖੇ ਸਮਾਗਮ ਰਚਾਇਆ ਗਿਆ, ਜਿਸ ਦੀ ਪ੍ਰਧਾਨਗੀ ਜਾਣੇ-ਮਾਣੇ ਚਿੰਤਕ ਡਾ. ਪਿਆਰਾ ਲਾਲ ਗਰਗ, ਪ੍ਰੋ. ਐੱਸ.ਐੱਸ. ਛੀਨਾ, ਮਦਨ ਵੀਰਾ, ਡਾ. ਜਸਵੰਤ ਰਾਏ, ਪ੍ਰੋ. ਸੰਦੀਪ ਪਾਂਡੇ ਅਤੇ ਤ੍ਰਿਪਤਾ ਕੇ ਸਿੰਘ ਨੇ ਕੀਤੀ। ਜੀ ਆਇਆਂ ਸ਼ਬਦ ਪ੍ਰਿੰਸੀਪਲ ਮੈਡਮ ਰੇਨੂੰ ਬਾਲਾ ਨੇ ਆਖੇ। ਉਪਰੰਤ ਬਲਵੰਤ ਸਿੰਘ ਖੇੜਾ ਦੀ ਪਲੇਠੀ ਪੁਸਤਕ "ਸਮਿਆਂ ਦੇ ਸਨਮੁਖ" ਦਾ ਪ੍ਰਧਾਨਗੀ ਮੰਡਲ ਨੇ ਲੋਕ ਅਰਪਣ ਕੀਤਾ। ਪੁਸਤਕ ਦੀ ਸੰਪਾਦਨਾ ਦਾ ਕਾਰਜ ਨਿਭਾਉਣ ਵਾਲੇ ਕਵੀ ਮਦਨ ਵੀਰਾ ਨੇ ਆਖਿਆ ਕਿ ਖੇੜਾ ਸਾਹਿਬ ਦੇ ਸੰਘਰਸ਼ਾਂ ਦੀ ਗਾਥਾ ਬਹੁਤ ਲੰਮੇਰੀ ਹੈ। ਇਨ੍ਹਾਂ ਵਿੱਚੋਂ ਕੁਝ ਇੱਕ ਨੂੰ ਇਨ੍ਹਾਂ ਨੇ ਇੱਕ ਮੋਟੇ ਸਾਰੇ ਖਰੜੇ ਦੇ ਰੂਪ ਵਿੱਚ ਸਾਂਭਿਆ ਹੋਇਆ ਸੀ। ਮੈਂ ਇਸ ਖਰੜੇ ਵਿੱਚੋਂ ਅਜੋਕੇ ਦੌਰ ਨੂੰ ਪ੍ਰਣਾਏ ਹੋਏ 20-22 ਲੇਖਾਂ ਨੂੰ ਕੱਢਿਆ, ਜਿਨ੍ਹਾਂ ਨੂੰ ਇਸ ਪੁਸਤਕ ਵਿੱਚ ਰੂਪਮਾਨ ਕੀਤਾ ਗਿਆ ਹੈ। ਤੁਹਾਡੀਆਂ ਟਿੱਪਣੀਆਂ ਇਸ ਪੁਸਤਕ ਦੇ ਮਿਆਰ ਨੂੰ ਦਰਸਾਉਣਗੀਆਂ। ਡਾ. ਛੀਨਾ ਨੇ ਹੁਣ ਦੇ ਭਖਦੇ ਰਾਜਨੀਤਕ ਮਸਲੇ ਸਤਲੁਜ-ਜਮੁਨਾ ਲਿੰਕ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਬਾਰੇ ਖੇੜਾ ਹੁਰਾਂ ਨੇ ਦਹਾਕਿਆਂ ਪਹਿਲਾਂ ਆਪਣੀ ਸਾਰਥਿਕ ਰਾਇ ਦੇ ਦਿੱਤੀ ਸੀ, ਜਿਹੜੀ ਸਮਕਾਲ ਵਿੱਚ ਬਹੁਤ ਢੁਕਵੀਂ ਹੈ ਅਤੇ ਇਹ ਲੇਖ ਇਸ ਪੁਸਤਕ ਵਿੱਚ ਦਰਜ ਹੈ। ਡਾ. ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਮਾਲਟਾ ਕਾਂਡ ਵਰਗੇ ਹੋਰ ਬਹੁਤ ਸਾਰੇ ਮੁੱਦਿਆਂ ਬਾਰੇ ਚਰਚਾ ਕਰਦਿਆਂ ਕਿਹਾ ਕਿ ਖੇੜਾ ਹੁਰੀਂ ਸਾਰੀ ਜ਼ਿੰਦਗੀ ਲੋਕਾਂ ਦੀ ਜੰਗ ਲੜਦੇ ਰਹੇ। 'ਸਮਿਆਂ ਦੇ ਸਨਮੁਖ' ਪੁਸਤਕ ਵਿੱਚ ਉਨ੍ਹਾਂ ਬਹੁਤ ਸਾਰੇ ਰਾਜਨੀਤਕ ਲੋਕਾਂ ਨੂੰ ਬੇਨਕਾਬ ਕੀਤਾ ਹੈ, ਜਿਨ੍ਹਾਂ ਨੇ ਸਾਰੀ ਉਮਰ ਲੋਕਾਈ ਨੂੰ ਕੁੱਟਣ ਅਤੇ ਲੁੱਟਣ ਦਾ ਕੰਮ ਕੀਤਾ। ਤ੍ਰਿਪਤਾ ਕੇ ਸਿੰਘ ਨੇ ਆਪਣਾ ਲਿਖਤੀ ਪਰਚਾ ਪੇਸ਼ ਕਰਦਿਆਂ ਕਿਹਾ ਕਿ ਪ੍ਰਾਇਮਰੀ ਡਾਇਰੈਕਟੋਰੇਟ ਨੂੰ ਲਾਗੂ ਕਰਵਾਉਣ ਅਤੇ ਅਧਿਆਪਕ ਵਰਗ ਦੀਆਂ ਦਿੱਕਤਾਂ ਨੂੰ ਨਿਵਾਰਨ ਲਈ ਖੇੜਾ ਹੁਰੀਂ ਮਸੀਹਾ ਬਣ ਕੇ ਬਹੁੜੇ। ਮੈਗਾਸਾਸੇ ਐਵਾਰਡ ਜੇਤੂ ਪ੍ਰੋ. ਸੰਦੀਪ ਪਾਂਡੇ ਲਖਨਊ ਨੇ ਅਜੋਕੇ ਦੌਰ ਵਿੱਚ ਕਾਰਪੋਰੇਟ ਧਿਰਾਂ ਅਤੇ ਰਾਜਨੀਤਕ ਲੋਕਾਂ ਵੱਲੋਂ ਪੀੜੀ ਜਾ ਰਹੀ ਲੋਕਾਈ ਨੂੰ ਇਕੱਠੇ ਹੋ ਕੇ ਖੇੜਾ ਵਾਂਗ ਸੰਘਰਸ਼ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਸਾਡੇ ਕੋਲ ਮੈਦਾਨ ਵਿੱਚ ਸਿਰਫ਼ ਇੱਕੋ-ਇੱਕ ਦਾਅ ਸੰਘਰਸ਼ ਕਰਨ ਦਾ ਬਚਿਆ ਹੈ। ਵਕਤਿਆਂ ਦਾ ਧੰਨਵਾਦ ਕਰਦਿਆਂ ਉਮਰ ਦੇ ਨੌਵੇਂ ਦਹਾਕੇ ਤੋਂ ਪਾਰ ਬਲਵੰਤ ਖੇੜਾ ਨੇ ਕਿਹਾ ਕਿ ਮੈਂ ਜ਼ਿੰਦਗੀ ਵਿੱਚ 100 ਦੇ ਕਰੀਬ ਲੜਾਈਆਂ ਲੜੀਆਂ ਅਤੇ ਹਰ ਲੜਾਈ ਵਿੱਚ ਜੇਤੂ ਬਣ ਕੇ ਨਿਕਲਿਆ। ਅਸੰਭਵ ਸ਼ਬਦ ਮੇਰੀ ਡਿਕਸ਼ਨਰੀ ਵਿੱਚ ਕਦੇ ਰਿਹਾ ਹੀ ਨਹੀਂ। ਸਾਰੀ ਬਹਿਸ ਨੂੰ ਸਮੇਟਦਿਆਂ ਡਾ. ਪਿਆਰਾ ਲਾਲ ਗਰਗ ਨੇ ਸਮਿਆਂ ਦੇ ਸਨਮੁਖ ਨੂੰ ਜੀਵਨੀਨੁਮਾ ਇੱਕ ਇਤਿਹਾਸਕ ਦਸਤਾਵੇਜ਼ ਦੱਸਦਿਆਂ ਕਿਹਾ ਕਿ ਇਹ ਸਾਨੂੰ ਹੱਕਾਂ ਲਈ ਜੂਝਣਾ ਸਿਖਾਵੇਗੀ। ਮਾਨਵੀ ਹੱਕਾਂ 'ਤੇ ਪਹਿਰਾ ਦੇਣ ਵਾਲੀ ਹਰ ਸ਼ਖ਼ਸੀਅਤ ਲਈ ਇਸ ਪੁਸਤਕ ਦਾ ਪਾਠ ਕਰਨਾ ਲਾਜ਼ਮੀ ਹੋਵੇਗਾ। ਸਟੇਜ ਦੀ ਕਾਰਵਾਈ ਨੂੰ ਬੜੀ ਸੰਜੀਦਗੀ ਅਤੇ ਸ਼ਾਇਰਾਨਾ ਅੰਦਾਜ਼ ਵਿੱਚ ਡਾ. ਅਜੇ ਬੱਗਾ ਨੇ ਬਾਖ਼ੂਬੀ ਨਿਭਾਇਆ। ਇਸ ਸਮੇਂ ਪ੍ਰਧਾਨਗੀ ਮੰਡਲ ਤੋਂ ਇਲਾਵਾ ਮੈਡਮ ਮਹਿੰਦਰ ਕੌਰ ਹੁੰਦਲ, ਇੰਦਰਜੀਤ ਨੰਦਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਸਬੀਰ ਸਿੰਘ ਧੀਮਾਨ, ਕੁਲਤਾਰ ਸਿੰਘ ਕੁਲਤਾਰ, ਓਮ ਸਿੰਘ ਸਟਿਆਣਾ ਪ੍ਰਧਾਨ, ਐਡਵੋਕੇਟ ਅਰੋੜਾ ਜੀ, ਐੱਸ. ਪੀ. ਸਿੰਘ, ਖ਼ੁਸ਼ਹਾਲ ਸਿੰਘ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਕਮੇਟੀ ਚੰਡੀਗੜ੍ਹ, ਸੰਦੀਪ ਕੁਮਾਰ ਪ੍ਰਧਾਨ ਨੇਤਰਦਾਨ ਐਸੋਸੀਏਸ਼ਨ, ਸੰਜੀਵ ਅਰੋੜਾ ਸਮਾਜ ਸੇਵਕ ਸਮੇਤ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੇ ਨਾਲ-ਨਾਲ ਜਲੰਧਰ, ਮਾਨਸਾ, ਅੰਮ੍ਰਿਤਸਰ, ਲੁਧਿਆਣਾ, ਚੰਡੀਗੜ੍ਹ ਤੋਂ ਸੋਸ਼ਲਿਸਟ ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।

—**ਡਾ. ਜਸਵੰਤ ਰਾਏ**

# ਪੁਸਤਕ ਰਿਲੀਜ਼ ਅਤੇ ਸਨਮਾਨ ਸਮਾਰੋਹ

**ਨਡਾਲਾ** : ਸਾਹਿਤਕ ਪਿੜ ਨਡਾਲਾ ਦੀ ਮਾਸਿਕ ਇਕੱਤਰਤਾ ਕੇਂਦਰੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਤੇ



ਨਿਰਮਲ ਸਿੰਘ ਖੱਖ ਦੀ ਪ੍ਰਧਾਨਗੀ ਹੇਠ ਹੋਈ। ਮੰਚ ਸੰਚਾਲਨ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੇ ਖੂਬ ਨਿਭਾਇਆ। ਸ਼ੇਲਿੰਦਰਜੀਤ ਰਾਜਨ ਨੇ ਆਪਣੇ ਭਾਸ਼ਨ 'ਚ ਪੰਜਾਬੀ ਬੋਲੀ ਦੇ ਵਿਕਾਸ ਤੇ ਕੇਂਦਰੀ ਲੇਖਕ ਸਭਾ ਦੇ ਪ੍ਰੋਗਰਾਮਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ। ਰਚਨਾਵਾਂ ਸੁਣੀਆਂ ਤੇ ਸੁਣਾਈਆਂ ਗਈਆਂ, ਗੀਤ ਗਾਏ ਗਏ। ਜਿਨ੍ਹਾਂ 'ਚ ਸਰਵਸ੍ਰੀ ਅਸ਼ੋਕ ਟਾਂਡੀ, ਦਰਸ਼ਨ ਸਿੰਘ ਨੰਦਰਾ, ਗੁਰਭਜਨ ਸਿੰਘ ਲਾਸਾਨੀ, ਹਰਵਿੰਦਰ ਸਿੰਘ ਜਿੰਦੀ (ਮਠੋਲੇਵਾਲ), ਕੁਲਵਿੰਦਰ ਸਿੰਘ ਗਾਖਲਾ (ਸਟੇਟ ਐਵਾਰਡੀ), ਅਮਰੀਕ ਸਿੰਘ ਸ਼ੌਕੀ, ਵੀ ਕੇ ਦਿਆਲਪੁਰੀ, ਮਨੋਜ ਫਗਵਾੜਵੀ, ਦਲਜੀਤ ਸਿੰਘ ਮਹਿਮੀ, ਪ੍ਰਿੰ. ਮੋਹਨ ਸਿੰਘ ਘੱਗ, ਬਲਦੇਵ ਸਿੰਘ ਰਾਏਪੁਰ, ਸੁਖਦੇਵ ਸਿੰਘ ਗੰਢਵਾਂ, ਨਾਨਕ ਚੰਦ ਵਿਰਲੀ, ਸੁਰਿੰਦਰ ਬਾਕਰਪੁਰੀ, ਸਤਪਾਲ ਸਿੰਘ ਐੱਸ ਡੀ ਓ, ਸੋਢੀ ਸੱਤੋਵਾਲੀ, ਸਤਰਾਜ ਜਲਾਲਾਬਾਦੀ, ਮਨਜੀਤ ਸਿੰਘ ਵੱਸੀ, ਲਖਵਿੰਦਰ ਘੁੰਮਣ, ਬਲਦੇਵ ਸਿੰਘ ਰਾਏਪੁਰ, ਮੱਖਣ ਸਿੰਘ ਭੈਣੀਵਾਲਾ ਤੇ ਸੰਤੋਖ ਸਿੰਘ ਗੁਰਾਇਆ (ਪ੍ਰਧਾਨ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ) ਨੇ ਭਾਗ ਲਿਆ। ਸਭ ਦੀਆਂ ਰਚਨਾਵਾਂ ਬਹੁਤ ਕਾਬਲੇਗੌਰ ਸਨ। ਇਸ ਉਪਰੰਤ ਸਤਵਿੰਦਰ ਸਿੰਘ ਬੇਗੋਵਾਲੀਆ ਦੇ ਰਸਾਲੇ ਦੇ 30ਵੇਂ ਅੰਕ ਦੀ ਘੁੰਡ ਚੁਕਾਈ ਕੀਤੀ ਗਈ। ਅੰਤ 'ਚ ਸ਼ੇਲਿੰਦਰਜੀਤ ਸਿੰਘ ਰਾਜਨ ਦਾ ਸਨਮਾਨ ਕੀਤਾ ਗਿਆ। ਇਸ ਉਪਰੰਤ ਸਾਹਿਤਕ ਪਿੜ ਨਡਾਲਾ ਦੇ ਪ੍ਰਧਾਨ ਨਿਰਮਲ ਸਿੰਘ ਖੱਖ ਨੇ ਕੈਨੇਡਾ 'ਚ ਜਾ ਰਹੀਆਂ ਕੁੜੀਆਂ-ਚਿੜੀਆਂ ਦੀ ਹੋ ਰਹੀ ਦੁਰਗਤੀ 'ਤੇ ਬਾਕਮਾਲ ਕਵਿਤਾ ਸੁਣਾਈ ਤੇ ਆਪਣਾ ਪ੍ਰਧਾਨਗੀ ਭਾਸ਼ਨ ਦੇ ਕੇ ਪ੍ਰੋਗਰਾਮ ਸਮਾਪਤ ਕੀਤਾ।

—**ਡਾ. ਕਰਮਜੀਤ ਸਿੰਘ ਨਡਾਲਾ**

# ਲੇਖਕ ਪਾਠਕ ਸਾਹਿਤ ਸਭਾ ਦੀ ਮੀਟਿੰਗ

**ਬਰਨਾਲਾ** : ਬੀਤੇ ਦਿਨੀਂ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਦੀ ਕਾਰਜਕਾਰਨੀ ਦੀ ਮੀਟਿੰਗ ਸਭਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ ਦੀ ਪ੍ਰਧਾਨਗੀ ਹੇਠ ਹੋਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਜਨਰਲ ਸਕੱਤਰ ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ ਅਤੇ ਪ੍ਰੈੱਸ ਸਕੱਤਰ ਮਾਲਵਿੰਦਰ ਸ਼ਾਇਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਲੇਖਕ ਪਾਠਕ ਸਾਹਿਤ ਸਭਾ ਬਰਨਾਲਾ ਦੀ ਕਾਰਜਕਾਰਨੀ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਸਭ ਤੋਂ ਪਹਿਲਾਂ ਪ੍ਰਸਿੱਧ ਨਾਵਲਕਾਰ ਅਤੇ ਪੰਜਾਬ ਰਤਨ ਓਮ ਪ੍ਰਕਾਸ਼ ਗਾਸੋ ਦੇ ਲੜਕੇ ਡਾਕਟਰ ਰਵਿੰਦਰ ਗਾਸੋ ਦੀ ਬੇਵਕਤੀ ਹੋਈ ਮੌਤ 'ਤੇ ਦੁੱਖ ਪਰਗਟ ਕਰਦੇ ਹੋਏ ਸ਼ਰਧਾਂਜਲੀ ਦਿੱਤੀ ਗਈ।



ਉਪਰੰਤ ਕਾਰਜਕਾਰਨੀ ਦੀ ਮੀਟਿੰਗ ਵਿੱਚ ਕੁਝ ਅਹਿਮ ਮੁੱਦਿਆਂ 'ਤੇ ਵਿਚਾਰ-ਚਰਚਾ ਕੀਤੀ ਗਈ ਅਤੇ ਸਭਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ ਦੀ ਪਤਨੀ ਦੀ ਯਾਦ ਨੂੰ ਤਾਜ਼ਾ ਰੱਖਣ ਦੇ ਮਕਸਦ ਨਾਲ "ਹਰਦੀਪ ਕੌਰ ਯਾਦਗਾਰੀ ਸਨਮਾਨ" ਸਥਾਪਤ ਕਰਨ ਦਾ ਐਲਾਨ ਕੀਤਾ ਗਿਆ। ਇਹ ਸਨਮਾਨ ਅਕਤੂਬਰ ਮਹੀਨੇ ਵਿੱਚ ਕੀਤਾ ਜਾਇਆ ਕਰੇਗਾ। ਇੱਥੇ ਇਹ ਦੱਸਣਾ ਵੀ ਉਚਿੱਤ ਹੈ ਕਿ ਇਸ ਸੰਸਥਾ ਦੇ ਪ੍ਰਧਾਨ ਵੱਲੋਂ ਆਪਣੇ ਮਾਤਾ-ਪਿਤਾ ਦੀ ਯਾਦ ਵਿੱਚ ਇੱਕ ਸਨਮਾਨ ਪਹਿਲਾਂ ਵੀ ਸਾਲ 2022 ਤੋਂ ਅਪ੍ਰੈਲ ਮਹੀਨੇ ਕਿਸੇ ਲੇਖਕ ਜਾਂ ਪਾਠਕ ਨੂੰ ਦਿੱਤਾ ਜਾਂਦਾ ਹੈ।

—**ਤੇਜਿੰਦਰ ਚੰਡਿਹੋਕ**

# ਸ਼ਬਦ ਕਾਫਲਾ ਵੱਲੋਂ ਕਵੀ ਦਰਬਾਰ

**ਲੁਧਿਆਣਾ** : ਅਦਾਰਾ ਸ਼ਬਦ ਕਾਫਲਾ ਵੱਲੋਂ ਆਪਣੇ ਲੜੀਵਾਰ ਸਮਾਗਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਪੰਜਾਬੀ ਭਵਨ ਦੇ ਵਿਹੜੇ ਵਿੱਚ ਚਮਕਦੇ ਸਿਤਾਰੇ ਅਧੀਨ ਸ਼ਾਨਦਾਰ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਅਦਾਰਾ ਸ਼ਬਦ ਕਾਫਲਾ ਦੀ ਸਰਪ੍ਰਸਤ ਸਿਮਰਨ ਧੁੱਗਾ ਤੇ ਦੁੱਖਭੰਜਨ ਰੰਧਾਵਾ ਦੇ ਯਤਨਾਂ ਸਦਕਾ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ। ਇਸ ਸਮਾਗਮ ਦੀ ਪ੍ਰਧਾਨਗੀ ਦਰਸ਼ਨ ਸਿੰਘ ਆਸ਼ਟ, ਗੁਰਚਰਨ ਕੌਰ ਕੋਚਰ, ਦੀਪਕ ਬਾਲੀ, ਹਰੀ ਸਿੰਘ ਜਾਚਕ, ਤ੍ਰੈਲੋਚਨ ਲੋਚੀ, ਅੰਜੂ ਵੀ ਰੱਤੀ, ਮੀਨਾ ਮਹਿਰੋਕ, ਬਲਜਿੰਦਰ ਬਿਸਰਾਓ ਤੇ ਪ੍ਰਵੀਨ ਕੌਰ ਸਿੱਧੂ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਮੌਕੇ ਅਦੀਬਾਂ ਵੱਲੋਂ ਸ਼ਮ੍ਹਾਂ ਰੌਸ਼ਨ ਕੀਤੀ ਤੇ ਬਾਬਾ ਹਰਨਾਮ ਸਿੰਘ ਜੀ ਧੁੱਗਾ ਤੋਂ ਆਸ਼ੀਰਵਾਦ ਲਿਆ। ਚਮਕਦੇ ਸਿਤਾਰੇ ਸਮਾਗਮ ਵਿੱਚ ਪਹੁੰਚੇ ਹੋਏ ਕਵੀ ਲੇਖਕਾਂ ਨੂੰ ਬਹੁਤ ਹੀ ਅਦਬ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਦੂਰੋਂ-ਨੇੜਿਉਂ ਆਏ ਕਵੀ ਤੇ ਕਵਿੱਤਰੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਮਾਹੌਲ ਨੂੰ ਕਾਵਿਮਈ ਬਣਾਈ ਰੱਖਿਆ ਤੇ ਪੰਜਾਬੀ ਭਵਨ ਦਾ ਹਾਲ ਤਾੜੀਆਂ ਨਾਲ ਗੂੰਜਦਾ ਰਿਹਾ। ਇਸ ਕਵੀ ਦਰਬਾਰ ਵਿੱਚ ਗੁਰਚਰਨ ਕੌਰ ਕੋਚਰ, ਹਰੀ ਸਿੰਘ ਜਾਚਕ, ਤ੍ਰੈਲੋਚਨ ਲੋਚੀ, ਮੀਨਾ ਮਹਿਰੋਕ, ਅੰਜੂ ਵੀ ਰੱਤੀ, ਬਲਜਿੰਦਰ ਬਿਸਰਾਓ, ਪ੍ਰਵੀਨ ਕੌਰ ਸਿੱਧੂ, ਬਿਸੰਬਰ ਅਵਾਂਖੀਆ, ਮਨਜੀਤ ਕੌਰ ਮੀਸ਼ਾ, ਗੁਰਿੰਦਰਜੀਤ ਕੌਰ, ਪ੍ਰੀਤ ਕੌਰ ਪ੍ਰੀਤ, ਸਤਿੰਦਰਜੀਤ ਕੌਰ, ਜਤਿੰਦਰਪਾਲ ਕੌਰ ਭਿੰਡਰ, ਹੈਰੀ ਸਹੋਤਾ, ਗੁਰਿੰਦਰ ਸਫਰੀ, ਬਲਵਿੰਦਰ ਕੌਰ, ਜੈਲੀ ਗੇਰਾ, ਸਿਮਰ ਕੌਰ ਬਠਿੰਡਾ, ਲਾਡੀ ਭੁੱਲਰ, ਪਰਮਜੀਤ ਕੌਰ ਮਹਿਕ, ਵਿਸਾਖਾ ਪੁਰੀ ਤੇ ਹੋਰ ਕਵੀਆਂ ਨੇ ਆਪੋ-ਆਪਣੀਆਂ ਖੂਬਸੂਰਤ ਕਵਿਤਾਵਾਂ ਨਾਲ ਵਾਹ-ਵਾਹ ਖੱਟੀ। ਇਸ ਪੂਰੇ ਸਮਾਗਮ ਦੀ ਮੰਚ ਸੰਚਾਲਨਾ ਕੁਲਵਿੰਦਰ ਕੌਰ ਕਿਰਨ ਨੇ ਬਾਖੂਬੀ ਨਿਭਾਈ। ਅੰਤ ਵਿੱਚ ਸਿਮਰਨ ਧੁੱਗਾ ਨੇ ਦੂਰੋਂ-ਨੇੜਿਓਂ ਆਏ ਸਭ ਅਦੀਬਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



# 'ਮਹਿਕ ਪੀੜਾਂ ਦੀ' ਦਾ ਸ਼ਾਹਮੁਖੀ ਐਡੀਸ਼ਨ ਲੋਕ ਅਰਪਨ



**ਕੈਲਗਰੀ** : ਅਰਪਨ ਲਿਖਾਰੀ ਸਭਾ ਦੀ ਮਹੀਨਾਵਾਰ ਇਕੱਤਰਤਾ ਡਾ. ਜੋਗਾ ਸਿੰਘ ਅਤੇ ਕੇਸਰ ਸਿੰਘ ਨੀਰ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਜਰਨੈਲ ਸਿੰਘ ਤੱਗੜ ਨੇ ਆਏ ਹੋਏ ਸਾਹਿਤਕ ਰਸੀਆਂ ਨੂੰ ਜੀ ਆਇਆਂ ਆਖਦਿਆਂ ਮਨੁੱਖੀ ਜ਼ਿੰਦਗੀ ਨੂੰ ਦੁੱਖਾਂ-ਸੁੱਖਾਂ ਦਾ ਸੁਮੇਲ ਦੱਸਦਿਆਂ ਸ਼ੋਕ ਸਮਾਚਾਰ ਸਾਂਝੇ ਕੀਤੇ। ਨਾਲ ਹੀ ਸੰਸਾਰ ਮਹਾਂ ਯੁੱਧ ਦੇ ਸ਼ਹੀਦਾਂ, ਨਵੰਬਰ 1984 ਦੇ ਦਿੱਲੀ ਵਿਚ ਅਤੇ ਹੋਰ ਸ਼ਹਿਰਾਂ ਵਿਚ ਸਰਕਾਰੀ ਕਤਲੇਆਮ ਦੇ ਨਿਰਦੋਸ਼ ਨਿਹੱਥੇ ਮਾਰੇ ਜਾਣ ਵਾਲੇ ਲੋਕਾਂ ਨੂੰ ਯਾਦ ਕੀਤਾ ਗਿਆ। ਪਰਵਾਰਾਂ ਨਾਲ ਦੁੱਖ ਦਾ ਇਜ਼ਹਾਰ ਕਰਦਿਆਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

ਕੇਸਰ ਸਿੰਘ ਨੀਰ ਨੇ ਡਾ. ਮਨੋਹਰ ਸਿੰਘ ਗਿੱਲ, ਸੁਰਜਨ ਜ਼ੀਰਵੀ, ਅਤੇ ਜਗਿੰਦਰ ਅਮਰ ਅਤੇ ਸੁਖਪਾਲ ਸਿੰਘ ਸੱਗੂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਸਭਾ ਦੇ ਮੈਂਬਰਾਂ ਵੱਲੋਂ ਪੁਸਤਕ 'ਮਹਿਕ ਪੀੜਾਂ ਦੀ' ਲੋਕ ਅਰਪਨ ਕੀਤੀ ਗਈ। ਕਹਾਣੀਕਾਰਾ ਅਤੇ ਨਾਵਲਕਾਰਾ ਗੁਰਚਰਨ ਕੌਰ ਥਿੰਦ ਵੱਲੋਂ ਕੇਸਰ ਸਿੰਘ ਦੀ ਇਸ ਕਿਤਾਬ ਦਾ ਕੀਤਾ ਵਿਸ਼ਲੇਸ਼ਨ ਪੜ੍ਹਿਆ, ਜਿਸ ਵਿਚ ਕੇਸਰ ਸਿੰਘ ਨੀਰ ਦੇ ਸਿਰਜਣ ਸਫ਼ਰ ਬਾਰੇ ਵਿਸਥਾਰ ਨਾਲ ਜ਼ਿਕਰ ਕੀਤਾ। ਪ੍ਰਿੰਸੀਪਲ ਕ੍ਰਿਸ਼ਨ ਸਿੰਘ ਨੇ ਕੇਸਰ ਸਿੰਘ ਨੀਰ ਦੇ ਸਮੁੱਚੇ ਕਾਵਿ-ਸਿਰਜਣ ਦੇ ਸਫ਼ਰ (ਰੋਮਾਂਸ ਤੇ ਪ੍ਰਗਤੀਵਾਦ ਦਾ ਸੁਮੇਲ) ਦਾ ਮੁਲਾਂਕਣ ਬਹੁਤ ਹੀ ਭਾਵਪੂਰਤ ਸ਼ਬਦਾਂ ਵਿਚ ਜ਼ਿਕਰ ਕੀਤਾ।

ਸਤਨਾਮ ਸਿੰਘ ਢਾਅ ਨੇ ਇਹ ਪੁਸਤਕ ਸ਼ਾਹਮੁਖੀ ਵਿਚ ਛਪ ਕੇ ਹੋਂਦ ਵਿਚ ਆਉਣ ਬਾਰੇ ਨਾਮਵਰ ਸਾਹਿਤਕਾਰ ਜਗਦੇਵ ਸਿੰਘ ਦਾ ਲਿਖਿਆ ਪੇਪਰ ਪੜ੍ਹਿਆ, ਜਿਸ ਵਿਚ ਜੈਤੇਗ ਸਿੰਘ ਅਨੰਤ ਜੋ ਕਿ ਲਹਿੰਦੇ ਪੰਜਾਬ ਅਤੇ ਚੜ੍ਹਦੇ ਪੰਜਾਬ ਵਿਚਕਾਰ ਸਾਹਿਤਕ ਪੁਲ਼ ਦਾ ਕੰਮ ਕਰਦੇ ਹਨ, ਉਨ੍ਹਾਂ ਦੇ ਉੱਦਮ ਸਦਕਾ ਇਹ ਪੁਸਤਕ ਹੋਂਦ ਵਿਚ ਆਈ। ਉਨ੍ਹਾਂ ਜਨਾਬ ਆਸ਼ਕ ਰਾਹੀਲ ਦਾ ਖ਼ਾਸ ਜ਼ਿਕਰ ਕੀਤਾ, ਕਿਉਂਕਿ ਗ਼ਜ਼ਲ ਦਾ ਅਨੁਵਾਦ ਕਰਨਾ ਬਹੁਤ ਮੁਸ਼ਕਲ ਕੰਮ ਹੈ। ਉਨ੍ਹਾਂ ਦੀ ਗੁਰਮੁਖੀ ਅਤੇ ਸ਼ਾਹਮੁਖੀ ਦੋਨਾਂ ਭਾਸ਼ਾਵਾਂ 'ਤੇ ਡੂੰਘੀ ਪਕੜ ਕਰਕੇ ਕਿਤਾਬ ਦੀ ਮੌਲਿਕਤਾ ਕਾਇਮ ਰਹੀ ਹੈ।

ਡਾ. ਜੋਗਾ ਸਿੰਘ ਸਹੋਤਾ ਨੇ ਨੀਰ ਦੀਆਂ ਗ਼ਜ਼ਲਾਂ ਕੈਸੀਓ ਨਾਲ ਗਾ ਕੇ ਪੇਸ਼ ਕੀਤੀਆਂ। ਸੁਰਿੰਦਰ ਸਿੰਘ ਢਿੱਲੋਂ ਨੇ ਏਅਰ ਫੋਰਸ ਦੀ ਨੌਕਰੀ ਦੌਰਾਨ 1965 ਅਤੇ 1971 ਦੀਆਂ ਲੜਾਈਆਂ ਬਾਰੇ ਆਪਣੇ ਤਜਰਬੇ ਸਾਂਝੇ ਕਰਦਿਆਂ ਯਥਾਰਥ ਪੇਸ਼ ਕਰਦਿਆਂ ਆਖਿਆ ਕਿ ਰਾਜਨੀਤਕ ਲੋਕਾਂ ਦਾ ਕਦੇ ਕੋਈ ਨੁਕਸਾਨ ਨਹੀਂ ਹੁੰਦਾ। ਜੰਗਾਂ-ਯੁੱਧਾਂ ਵਿਚ ਤਾਂ ਨਿਰਦੋਸ਼ ਤੇ ਨਿਹੱਥੇ ਲੋਕ ਹੀ ਮਾਰੇ ਜਾਂਦੇ ਹਨ।

ਬੀਬੀ ਗੁਰਨਾਮ ਕੌਰ ਨੇ ਕੱਚੇ ਕੋਠਿਆਂ ਨੂੰ 'ਕੱਚੇ ਕੋਠਿਆਂ ਨੂੰ ਜੇਕਰ ਲਿੱਪੀਏ ਨਾ ਅੰਤ ਢਹਿੰਦਿਆਂ ਢਹਿੰਦਿਆਂ ਢਹਿ ਜਾਂਦੇ' ਵਰਗੀਆਂ ਜ਼ਿੰਦਗੀ ਦੀਆਂ ਤਲਖ-ਹਕੀਕਤਾਂ ਨੂੰ ਪੇਸ਼ ਕਰਦੀ ਕਵਿਤਾ ਸੁਣਾ ਕੇ ਵਾਹ-ਵਾਹ ਖੱਟੀ। ਸਭਾ ਵੱਲੋਂ ਯੂਕਰੇਨ, ਫਲਸਤੀਨੀ ਜੰਗਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਯੂ.ਐੱਨ.ਓ. ਨੂੰ ਅਪੀਲ ਕੀਤੀ ਕਿ ਜਲਦੀ ਤੋਂ ਜਲਦੀ ਇਨ੍ਹਾਂ ਲੜਾਈਆਂ ਨੂੰ ਬੰਦ ਕਰਾ ਕੇ ਮਸਲੇ ਦਾ ਹੱਲ ਕੀਤਾ ਜਾਵੇ ਤਾਂ ਕਿ ਨਿਰਦੋਸ਼ ਅਤੇ ਨਿਹੱਥੇ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਣ।

ਇਨ੍ਹਾਂ ਤੋਂ ਇਲਾਵਾ ਇਸ ਸਾਹਿਤਕ ਸਮਾਗਮ ਵਿਚ ਤਾਰਾ ਸਿੰਘ ਹੁੰਝਣ, ਇਕਬਾਲ ਖ਼ਾਨ, ਮਹਿੰਦਰ ਕੌਰ, ਗੁਰਦੀਪ ਸਿੰਘ ਗਹੀਰ, ਕੁਲਦੀਪ ਕੌਰ ਘਟੌੜ, ਸੁਖਦੇਵ ਕੌਰ ਢਾਅ, ਅਵਤਾਰ ਕੌਰ ਤੱਗੜ, ਸੁਬਾ ਸ਼ੇਖ, ਪ੍ਰੋ. ਸੁਖਵਿੰਦਰ ਸਿੰਘ ਥਿੰਦ, ਡਾ. ਹਰਮਿੰਦਰਪਾਲ ਸਿੰਘ, ਗੁਰਦਿਆਲ ਸਿੰਘ ਅਤੇ ਅਦਰਸ਼ਪਾਲ ਘਟੌੜਾ ਨੇ ਭਰਪੂਰ ਹਿੱਸਾ ਲਿਆ। ਅਖ਼ੀਰ 'ਤੇ ਡਾ. ਜੋਗਾ ਸਿੰਘ ਨੇ ਸਾਰੇ ਹੀ ਆਏ ਹੋਏ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ। ਅਗਲੀ ਮੀਟਿੰਗ 9 ਦਸੰਬਰ ਨੂੰ ਕੋਸੋ ਹਾਲ ਵਿਚ ਹੋਣ ਦੀ ਜਾਣਕਾਰੀ ਦਿੱਤੀ। ਸਟੇਜ ਦੀ ਕਾਰਵਾਈ ਜਰਨੈਲ ਤੱਗੜ ਵੱਲੋਂ ਬਾਖੂਬੀ ਨਿਭਾਈ ਗਈ।

—**ਜਰਨੈਲ ਸਿੰਘ ਤੱਗੜ**

# ਪਾਠਕਾਂ ਦੇ ਝਰੋਖੇ 'ਚੋਂ

## ਪ੍ਰੋ. ਕੁਲਵੰਤ ਸਿੰਘ ਔਜਲਾ ਦਾ ਲੇਖ

12 ਨਵੰਬਰ ਦੀਵਾਲੀ 'ਤੇ ਐਤਵਾਰਤਾ ਮੁੱਖ ਪੰਨੇ 'ਤੇ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਪਰਵਾਸ ਦੇ ਦਰਦ ਨੂੰ ਨਿੱਜੀ ਰੂਪ ਵਿਚ ਮਹਿਸੂਸ ਕੀਤਾ ਹੈ। ਡਾਲਰ ਕਮਾਉਣ ਦੇ ਚੱਕਰ ਵਿਚ ਸਾਡੀ ਨਵੀਂ ਪੀੜ੍ਹੀ ਖਾਸ ਕਰਕੇ ਨੌਜਵਾਨ ਵਿਦੇਸ਼ਾਂ ਵਿਚ ਜਾ ਕੇ ਆਪੋ-ਆਪਣੇ ਕੰਮਾਂ-ਧੰਦਿਆਂ ਵਿਚ ਅਜਿਹੇ ਫਸ ਜਾਂਦੇ ਹਨ ਕਿ ਉਹ ਮਸ਼ੀਨਾਂ ਨਾਲ ਮਸ਼ੀਨ ਵਰਗੇ ਹੋ ਜਾਂਦੇ ਹਨ। ਉਨ੍ਹਾਂ ਕੋਲ ਸਮਾਂ ਹੀ ਨਹੀਂ ਹੁੰਦਾ ਕਿ ਉਹ ਪਿੱਛੇ ਰਹਿ ਗਏ ਆਪਣੇ ਮਾਪਿਆਂ ਨੂੰ ਜਾਂ ਹੋਰ ਰਿਸ਼ਤੇਦਾਰਾਂ ਨੂੰ ਯਾਦ ਕਰ ਸਕਣ। ਵਿਦੇਸ਼ਾਂ ਵਿਚ ਸਾਡੇ ਪੰਜਾਬੀਆਂ ਵਾਂਗ ਰਿਸ਼ਤਿਆਂ ਦੀ ਐਨੀ ਸੰਵੇਦਨਸ਼ੀਲਤਾ ਨਹੀਂ ਹੈ ਜਿੰਨੀ ਸਾਡੇ ਪੰਜਾਬ ਵਿਚ ਹੈ। ਇਧਰਲੇ ਵਸੇ ਬਜ਼ੁਰਗ ਮਾਪਿਆਂ ਲਈ ਇਹ ਵਿਛੋੜਾ ਜ਼ਰੂਰ ਪੀੜਾ ਦੇਣ ਵਾਲਾ ਹੈ, ਕਿਉਂਕਿ ਮਾਪੇ ਪੰਜਾਬੀ ਸੱਭਿਆਚਾਰ ਦੇ ਵਿਰਾਸਤੀ ਰੰਗ ਵਿਚ ਰੰਗੇ ਹੋਏ ਹਨ। ਲੇਖਕ ਨੇ ਆਪਣੇ ਛੋਟੇ ਭਰਾ ਦੀ ਵਿਦੇਸ਼ ਵਿਚ ਮੌਤ ਦਾ ਜ਼ਿਕਰ ਕੀਤਾ ਹੈ। ਹੁਣ ਵੀ ਕੁਝ ਦੁਖਦਾਈ ਖਬਰਾਂ ਮਿਲਦੀਆਂ ਰਹਿੰਦੀਆਂ ਹਨ। ਇਹ ਸਾਡੀ ਮਾੜੀ ਤਕਦੀਰ ਹੈ, ਕਿਉਂਕਿ ਅਸੀਂ ਜਿਸ ਆਜ਼ਾਦੀ ਨੂੰ ਮਾਣ ਰਹੇ ਹਾਂ, ਇਹ ਆਜ਼ਾਦੀ ਸਾਡੀ ਆਪਣੀ ਨਹੀਂ ਬਣ ਸਕੀ। ਜਿਸ ਕਿਸਮ ਦਾ ਰਾਜ ਸਾਡੇ ਆਜ਼ਾਦੀ ਪਰਵਾਨਿਆਂ ਨੇ ਸੋਚਿਆ ਸੀ, ਉਹ ਰਾਜ ਬਹੁਤ ਦੂਰ ਰਹਿ ਗਿਆ। ਜੇ ਗੱਲ ਪੰਜਾਬ ਦੀ ਕਰੀਏ ਤਾਂ ਵਿਦੇਸ਼ਾਂ ਵਿਚ ਵਧੇਰੇ ਪੰਜਾਬੀ ਹੀ ਜਾ ਰਹੇ ਹਨ, ਕਿਉਂਕਿ ਪੰਜਾਬੀਆਂ ਨੇ ਪਿਛਲੇ ਕਈ ਵਰ੍ਹਿਆਂ ਤੋਂ ਵਿਦੇਸ਼ ਜਾਣਾ ਸ਼ੁਰੂ ਕੀਤਾ ਹੋਇਆ ਹੈ, ਪਰ ਹੁਣ ਫਰਕ ਇਹ ਹੈ ਕਿ ਹੁਣ ਵਿਦੇਸ਼ ਜਾਣ ਵਾਲੇ ਬੱਚੇ ਵਾਪਸ ਆਉਣ ਦਾ ਸੋਚਦੇ ਵੀ ਨਹੀਂ। ਸੋਚਣ ਵੀ ਕਿਉਂ ? ਜਿਹੜੇ ਡਾਲਰ ਵਿਦੇਸ਼ ਵਿਚ ਮਿਲ ਰਹੇ ਹਨ, ਉਹ ਸੱਚੀ-ਸੁੱਚੀ ਮਿਹਨਤ ਦੀ ਕਮਾਈ ਹਨ। ਇਧਰਲੇ ਆਮਦਨ ਖਰਚ ਸਰਕਾਰੀ ਤੇ ਗੈਰ-ਸਰਕਾਰੀ ਨੌਕਰੀ ਵਿਚ ਵੱਡਾ ਅੰਤਰ ਹੈ। ਸਾਡੀਆਂ ਸਰਕਾਰਾਂ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਕਿ ਸਰਕਾਰੀ ਤੇ ਨਿੱਜੀ ਅਦਾਰਿਆਂ ਦੀ ਨੌਕਰੀ ਅਥਵਾ ਸ਼ੋਸ਼ਣ ਦਾ ਵੱਡਾ ਫਰਕ ਦੂਰ ਕਿਵੇਂ ਕਰਨਾ ਹੈ। ਪੰਜਾਬ ਵਿਚ ਉਹ ਦਿਨ ਕਦੋਂ ਆਵੇਗਾ, ਜਦੋਂ ਨਿੱਜੀ ਅਦਾਰੇ ਮਿਹਨਤ ਦਾ ਪੂਰਾ ਮੁੱਲ ਦੇਣਗੇ ? ਜਿਹੜੇ ਸਾਡੇ ਬੱਚੇ ਫਜ਼ੂਲ ਟੈਸਟਾਂ ਦੇ ਚੱਕਰ ਵਿਚ ਫਸੇ ਹੋਏ ਸਰਕਾਰੀ ਨੌਕਰੀ ਨਹੀਂ ਲੈ ਸਕਦੇ, ਨਿੱਜੀ ਅਦਾਰਿਆਂ ਵਿਚ ਧੱਕੇ ਖਾਣ ਲਈ ਮਜਬੂਰ ਹਨ। ਉਹ ਪੰਜਾਬ ਦੇ ਬੱਚੇ ਨਹੀਂ ਹਨ ? ਉਹ ਵੋਟਰ ਨਹੀਂ ਹਨ।" ਉਹ ਪੂੰਜੀਪਤੀ ਲੋਕਾਂ ਤੋਂ ਸ਼ੋਸ਼ਤ ਹੋ ਰਹੇ ਹਨ। ਬਹੁਤ ਘੱਟ ਉਜਰਤਾਂ ਲੈ ਕੇ ਜ਼ਿੰਦਗੀ ਨੂੰ ਧੱਕਾ ਦੇ ਰਹੇ ਹਨ। ਨਾਲੇ ਕਿਹਾ ਜਾ ਰਿਹਾ ਹੈ ਵਿਦੇਸ਼ਾਂ ਵਿਚ ਨਾ ਜਾਓ, ਕੋਈ ਪੁੱਛੇ ਤੁਸੀਂ ਸਾਡੇ ਲਈ ਕੀ ਕਰ ਰਹੇ ਹੋ ? ਤੁਸੀਂ ਸਰਕਾਰ ਹੁੰਦੇ ਹੋਏ ਸ਼ੋਸ਼ਣ ਨਹੀਂ ਰੋਕ ਰਹੇ। ਕੀ ਸਾਨੂੰ ਨਿੱਜੀ ਅਦਾਰਿਆਂ ਵਿਚ ਧੱਕੇ ਖਾਣ ਵਾਲਿਆਂ ਨੂੰ ਰੋਟੀ ਖਾਣ ਦਾ ਵੀ ਹੱਕ ਨਹੀਂ ਹੈ। ਕਿਰਤ ਦਾ ਸਹੀ ਮੁੱਲ ਕਦੋਂ ਪਵੇਗਾ ? ਸਾਡਾ ਤੇ ਵਿਦੇਸ਼ ਦਾ ਇਹੀ ਅੰਤਰ ਹੈ। ਇਹ ਵੱਡਾ ਫਰਕ ਦੂਰ ਕਰ ਦਿਓ, ਕੋਈ ਡਾਲਰਾਂ ਦੇ ਮੁਲਕ ਵੱਲ ਮੂੰਹ ਨਹੀਂ ਕਰੇਗਾ। ਪ੍ਰੋ. ਔਜਲਾ ਦਾ ਲੇਖ ਪੜ੍ਹ ਕੇ ਮਨ ਦ੍ਰਵ ਗਿਆ। ਲੋਕਾਂ ਦੇ ਮੇਲੇ ਵਿਚ ਹਰਜਿੰਦਰ ਸਿੰਘ ਅਟਵਾਲ ਨੇ ਨਵੇਂ ਸਿਰੇ ਤੋਂ ਸੰਘਰਸ਼ ਦੀ ਗੱਲ ਕੀਤੀ ਹੈ। ਇਹ ਉਹੀ ਸੰਘਰਸ਼ ਹੈ, ਜਿਸ ਦੀ ਗੱਲ ਮੈਂ ਇਸ ਖਤ ਵਿਚ ਪਹਿਲਾਂ (ਕਿਰਤ ਦੇ ਮੁੱਲ ਦੀ ਬਰਾਬਰੀ) ਕੀਤੀ ਹੈ। ਮਾਨਯੋਗ ਅਦਾਲਤ ਨੇ ਪੰਜਾਬ ਸਰਕਾਰ ਤੇ ਰਾਜਪਾਲ ਦੇ ਤਕਰਾਰ ਲਈ ਉਚਿੱਤ ਫੈਸਲਾ ਦਿੱਤਾ ਹੈ।

ਮਾਸਟਰ ਤਾਰਾ ਸਿੰਘ ਦੀਆਂ ਛੇ ਕਿਤਾਬਾਂ ਦੀ ਜਾਣਕਾਰੀ ਮਿਲੀ। ਪੰਜਾਬੀ ਸਾਹਿਤ ਅਕੈਡਮੀ ਨੇ ਬਹੁਤ ਵਧੀਆ ਉਪਰਾਲਾ ਕੀਤਾ ਹੈ। ਮਾਸਟਰ ਤਾਰਾ ਸਿੰਘ ਉੱਘੇ ਸਿੱਖ ਲੀਡਰ ਸੀ ਤੇ ਚੰਗੇ ਸਾਹਿਤਕਾਰ ਸਨ। ਕਿਤਾਬ ਲਫਜ਼ਾਂ ਦੀ ਦਰਗਾਰ ਦੀ ਸਮੀਖਿਆ ਪੜ੍ਹ ਕੇ ਗੁਰਿੰਦਰ ਗਿੱਲ ਦੀ ਕਾਵਿ ਕਲਾ ਦੀ ਜਾਣਕਾਰੀ ਮਿਲੀ। ਇਸ ਕਿਤਾਬ ਦੀ ਸ਼ਾਇਰੀ ਦਾਰਸ਼ਨਿਕ ਕਿਸਮ ਦੀ ਹੈ।

—**ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਮਾਰਕਸਵਾਦ ਸਦਾ ਰਾਹ-ਦਸੇਰਾ-14 : ਜਗਰੂਪ**

**ਸੁਖਪਾਲ ਸਿੰਘ ਥਿੰਦ ਨਾਲ ਮੁਲਾਕਾਤ-2 : ਡਾ. ਬਲਵਿੰਦਰ ਸਿੰਘ ਥਿੰਦ**

**'ਮੈਲਾਨਿਨ' ਦੀ ਪਰਖ-ਪੜਚੋਲ : ਡਾ. ਜਸਵਿੰਦਰ ਕੌਰ ਬਿੰਦਰਾ**

**ਪ੍ਰਤੀਨਿਧ ਭਾਰਤੀ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

19-Nov-Sunday.qxd 11/18/2023 9:59 PM Page 3



# ਮਹਿੰਦਰ ਸਿੰਘ ਮਾਨ ਦੀਆਂ ਗ਼ਜ਼ਲਾਂ



## ਚੰਗੇ ਅਮਲਾਂ ਬਾਝੋਂ

ਦੇ ਕੇ ਸਾਨੂੰ ਛਾਪਾਂ-ਛੱਲੇ,
ਦਿਲ ਨਾ ਛੱਡਿਆ ਸਾਡੇ ਪੱਲੇ।
ਜੇ ਤੂੰ ਬੋਲਣਾ ਸਾਨੂੰ ਮਾੜਾ,
ਤਾਂ ਫਿਰ ਰਹਿਣ ਦੇ ਸਾਨੂੰ ਕੱਲੇ।
ਐਵੇਂ ਨ੍ਹੀ ਖਿੜ ਖਿੜ ਹੱਸੀਦਾ,
ਜ਼ਖਮ ਕਿਸੇ ਦੇ ਦੇਖ ਕੇ ਅੱਲੇ।
ਪੈਸੇ ਖਰਚ ਲਿਆ ਕਰ ਝੱਲਿਆ,
ਰੱਖੀ ਨਾ ਜਾ ਭਰ ਭਰ ਗੱਲੇ।
ਹਿੰਮਤ ਬਹੁਤ ਉਦੋਂ ਕੰਮ ਆਵੇ,
ਹੋਣ ਜਦੋਂ ਦੁੱਖਾਂ ਦੇ ਹੱਲੇ।
ਉਸ ਨੂੰ ਫੜ ਕੇ ਉਠਾ ਦੇ ਯਾਰਾ,
ਜਿਹੜਾ ਡਿਗਿਆ ਪਿਆ ਹੈ ਥੱਲੇ।
ਮਿਹਨਤ ਕਰਕੇ ਵਧੇ ਜੋ ਅੱਗੇ,
ਉਸ ਦੀ ਹੋਵੇ ਬੱਲੇ, ਬੱਲੇ।
ਉਸ ਨੂੰ ਵੀ ਚੇਤੇ ਰੱਖਿਆ ਕਰ,
ਜਿਸ ਦੇ ਹੁਕਮ 'ਚ ਦੁਨੀਆ ਚੱਲੇ।
ਜਿਸ ਨੂੰ ਮਰਜ਼ੀ ਹਾਕਾਂ ਮਾਰੀਂ,
ਜਾਣਾ ਪੈਣਾ ਕੱਲ-ਮ-ਕੱਲੇ।
ਚੰਗੇ ਅਮਲਾਂ ਬਾਝੋਂ 'ਮਾਨਾ',
ਹੋ ਜਾਏਂਗਾ ਸਭ ਤੋਂ ਥੱਲੇ।

## ਜੋ ਤੂੰ ਕੀਤਾ

ਜੋ ਤੂੰ ਕੀਤਾ ਮੇਰੇ ਨਾਲ,
ਕਰ ਨ੍ਹੀ ਸਕਦਾ ਤੇਰੇ ਨਾਲ।
ਇਹ ਮੈਨੂੰ ਹੀ ਖਾ ਨਾ ਜਾਵੇ,
ਤਾਂ ਹੀ ਲੜਦਾਂ ਨ੍ਹੇਰੇ ਨਾਲ।
ਪਹਿਲਾਂ ਕੱਲੇ ਤੁਰਨਾ ਪੈਂਦਾ,
ਫਿਰ ਰਲ ਜਾਣ ਬਥੇਰੇ ਨਾਲ।
ਯਾਰਾਂ ਛੱਡੀ ਕਸਰ ਕੋਈ ਨਾ,
ਸੱਟਾਂ ਜਰੀਆਂ ਜੇਰੇ ਨਾਲ।
ਬਾਬੇ ਨੇ ਅਕਲ ਆਪਣੀ ਨਾਲ,
ਲੋਕੀਂ ਜੋੜੇ ਡੇਰੇ ਨਾਲ।
ਮਾਂ ਦੇ ਮੂੰਹ 'ਤੇ ਰੌਣਕ ਆਈ,
ਪੁੱਤ ਦੇ ਇੱਕੋ ਫੇਰੇ ਨਾਲ।
ਦਿਲ ਮਿਲਦਾ ਹੁੰਦਾ ਇਕ ਨਾਲ,
ਬੰਦੇ ਤੁਰਨ ਬਥੇਰੇ ਨਾਲ।
ਤੇਰੇ ਦਰ 'ਤੇ ਆਇਆ 'ਮਾਨ',
ਛੱਡ ਕੇ ਰੋਸਾ ਤੇਰੇ ਨਾਲ।

## ਫੇਰ ਉਨ੍ਹਾਂ ਨੇ ਮੁੜ ਨਾ ਆਣਾ

ਮੱਲੋ-ਮੱਲੀ ਜੇਬਾਂ ਦੇ ਵਿੱਚ ਪਾ ਕੇ ਨੋਟ,
ਲੀਡਰ ਕਹਿੰਦੇ, "ਸਾਨੂੰ ਸਾਰੇ ਪਾਇਓ ਵੋਟ।"
ਫੇਰ ਉਨ੍ਹਾਂ ਨੇ ਮੁੜ ਆਣਾ ਨ੍ਹੀ ਲੋਕਾਂ ਕੋਲ,
ਹੁਣ ਕੰਮ ਜਿਨ੍ਹਾਂ ਦਾ ਯਾਰੋ ਆ ਜਾਣਾ ਲੋਟ।
ਤਨ 'ਤੇ ਲੱਗੀ ਚੋਟ ਹੋ ਜਾਵੇ ਛੇਤੀ ਠੀਕ,
ਪਰ ਬਹੁਤ ਖਰਾਬ ਕਰੇ ਦਿਲ 'ਤੇ ਲੱਗੀ ਚੋਟ।
ਤੁਰਨਾ ਪੈਂਦਾ ਹੈ ਲੋਈ ਦੀ ਬੁੱਕਲ ਮਾਰ,
ਠੰਢ ਕਦੇ ਨਾ ਹਟਦੀ ਯਾਰੋ ਪਾ ਕੇ ਕੋਟ।
ਉਸ ਨੂੰ ਮਿਲ ਕੇ ਘਾਟਾ ਹੀ ਪੈਣਾ ਜੀਵਨ 'ਚ,
ਜਿਸ ਬੰਦੇ ਦੇ ਦਿਲ ਵਿੱਚ ਹੋਵੇ ਯਾਰੋ ਖੋਟ।
ਉਹਨਾਂ ਨੂੰ ਇਨਸਾਨੀਅਤ ਦੇ ਦੁਸ਼ਮਣ ਸਮਝੋ,
ਜੋ ਹਰ ਚੀਜ਼ ਦੇ ਵਿੱਚ ਰਲਾਈ ਜਾਵਣ ਖੋਟ।
ਸ਼ਾਇਰ ਦੇ ਲਿਖਣ ਦਾ ਲੋਕਾਂ ਨੂੰ ਤਾਂ ਹੈ ਲਾਭ,
ਜੇ ਉਦ੍ਹੇ ਸ਼ਿਅਰ ਜੋਕਾਂ 'ਤੇ ਕਰਨ ਕਰਾਰੀ ਚੋਟ।

## ਹੰਕਾਰੀ ਹਾਕਮ

ਜਿਸ ਦਿਨ ਕੱਠੇ ਹੋ ਗਏ ਢਾਰੇ,
ਦਿਸਣੇ ਨਾ ਫਿਰ ਮਹਿਲ ਮੁਨਾਰੇ।
ਮਹਿੰਗਾ ਹੋਈ ਜਾਵੇ ਸਭ ਕੁਝ,
ਤੂੰ ਕਿਉਂ ਚੁੱਪ ਬੈਠੀ ਸਰਕਾਰੇ?
ਹੰਕਾਰੀ ਹਾਕਮ ਕੀ ਜਾਣੇ,
ਕਿੱਦਾਂ ਲੋਕੀਂ ਕਰਨ ਗੁਜ਼ਾਰੇ?
ਇਹਨਾਂ ਨੇਤਾਵਾਂ ਪਿੱਛੇ ਲੱਗ,
ਨਾ ਝਗੜੋ ਆਪਸ ਵਿੱਚ ਸਾਰੇ।
ਹੋਰਾਂ ਨੂੰ ਭੰਡਣ ਇਹ ਨੇਤਾ,
ਕੁੱਝ ਨਾ ਬੋਲਣ ਆਪਣੇ ਬਾਰੇ।
ਅੱਜ ਕੱਲ੍ਹ ਨੇਤਾ ਵੋਟਾਂ ਲੈਂਦੇ,
ਲਾ ਜਨਤਾ ਨੂੰ ਵੱਡੇ ਲਾਰੇ।
ਮੁੜ ਉਸ ਨੇ ਹਾਕਮ ਨ੍ਹੀ ਬਣਨਾ,
ਜਿਸ ਨੇ ਸੂਲੀ ਚਾੜ੍ਹੇ ਸਾਰੇ।
ਉਹ ਸਭ ਕੁਝ ਕਰ ਸਕਦੀ 'ਮਾਨਾ',
ਜੇ ਨਾ ਜਨਤਾ ਹਿੰਮਤ ਹਾਰੇ।

## ਮਾਰ ਗਏ ਸਾਡੇ ਹੱਕ

ਮਾਰ ਗਏ ਸਾਡੇ ਹੱਕ, ਭਰਾਵੋ ਆਪਣੇ ਹੀ,
ਤੋੜ ਗਏ ਸਾਡਾ ਲੱਕ, ਭਰਾਵੋ ਆਪਣੇ ਹੀ।
ਕੰਮ ਖਰਾਬ ਹੋ ਜਾਵੇ ਉਹਨਾਂ ਦਾ ਆਪੇ ਹੀ,
ਕਰਦੇ ਸਾਡੇ 'ਤੇ ਸ਼ੱਕ, ਭਰਾਵੋ ਆਪਣੇ ਹੀ।
ਬੇਗਾਨੇ ਹਮੇਸ਼ਾ ਬੇਗਾਨੇ ਹੀ ਰਹਿੰਦੇ ਨੇ,
ਮੂੰਹ ਫੇਰਨ ਸਾਨੂੰ ਤੱਕ, ਭਰਾਵੋ ਆਪਣੇ ਹੀ।
ਉਹ ਗੈਰਾਂ ਨਾ' ਗੱਲਾਂ ਕਰਕੇ ਜ਼ਰਾ ਨਾ ਅੱਕਦੇ,
ਪਰ ਸਾਥੋਂ ਜਾਂਦੇ ਅੱਕ, ਭਰਾਵੋ ਆਪਣੇ ਹੀ।
ਮਾਂ-ਪਿਉ ਦੀਆਂ ਅੱਖਾਂ ਦੇ ਤਾਰੇ ਬੱਚਿਆਂ ਨੂੰ,
ਨਸ਼ਿਆਂ ਵੱਲ ਰਹੇ ਧੱਕ, ਭਰਾਵੋ ਆਪਣੇ ਹੀ।
ਹੋਰਾਂ ਦੀ ਇੱਜ਼ਤ ਨਾ' ਖੇਡਣ ਤੋਂ ਨਾ ਡਰਦੇ,
ਰੱਖਣ ਲਈ ਆਪਣੀ ਨੱਕ, ਭਰਾਵੋ ਆਪਣੇ ਹੀ।
ਤਾਂ ਕਿ ਇਨ੍ਹਾਂ ਤੋਂ ਕੋਈ ਅੱਗੇ ਨਾ ਵਧ ਜਾਵੇ,
ਖੜ੍ਹ ਜਾਂਦੇ ਰਸਤਾ ਡੱਕ, ਭਰਾਵੋ ਆਪਣੇ ਹੀ।

## ਜਨਤਾ ਹੀ ਦੁੱਖਾਂ 'ਚ ਪਿਸੇ

ਜਿਸ ਦਾ ਪੁੱਤ ਨਾ ਕੋਈ ਧੀ,
ਉਹ ਕਿਸੇ ਦੇ ਦੁੱਖ ਸਮਝੂ ਕੀ?
ਉਸ ਨੂੰ ਕਿੱਦਾਂ ਮਾਂ ਕਹੀਏ?
ਜੋ ਕੁੱਖ 'ਚ ਮਰਵਾਏ ਧੀ।
ਜਨਤਾ ਹੀ ਦੁੱਖਾਂ 'ਚ ਪਿਸੇ,
ਨੇਤਾਵਾਂ ਦਾ ਜਾਵੇ ਕੀ।
ਉਸ ਦੇ ਬੱਚੇ ਰੁਲਦੇ ਨੇ,
ਰੋਜ਼ ਲਏ ਜੋ ਬੋਤਲ ਪੀ।
ਉਹ ਸਿਰ ਉੱਚਾ ਕਰਕੇ ਫਿਰੇ,
ਮੱਲਾਂ ਮਾਰੇ ਜਿਸ ਦੀ ਧੀ।
ਇਹ ਮਤਲਬਪ੍ਰਸਤ ਬੰਦਾ,
ਰੱਬ ਧਿਆਏ ਦੁੱਖ 'ਚ ਹੀ।
ਚਾਹੇ ਕੱਲ੍ਹ ਬਾਰੇ ਪਤਾ ਨ੍ਹੀ,
ਆਸ ਸਹਾਰੇ ਰਹੇ ਸਭ ਜੀ।
ਉੱਥੋਂ ਉੱਡ ਜਾਵੇ ਨਫਰਤ,
ਜਿੱਥੇ ਪਿਆਰ ਦਾ ਉੱਗੇ ਬੀ।
ਕਿਉਂ ਜੋੜੀ ਜਾਵੇਂ ਧਨ ਤੂੰ?
ਨਾਲ ਨਾ ਜਾਣਾ ਧੇਲਾ ਵੀ।

## ਨਸ਼ਿਆਂ ਵਿੱਚ ਫਸਿਆਂ ਦੀ

ਨਸ਼ਿਆਂ ਵਿੱਚ ਫਸਿਆਂ ਦੀ ਜੇ ਨਾ ਕੀਤੀ ਸਭ ਨੇ ਗੱਲ,
ਤਾਂ ਫਿਰ ਉਹ ਹਰ ਰੋਜ਼ ਹੀ ਜਾਣਗੇ ਮੌਤ ਕੁਲਹਿਣੀ ਵੱਲ।
ਵੋਟਾਂ ਲੈਣ ਲਈ ਵਾਅਦਿਆਂ ਦੀ ਝੜੀ ਜਿਹੜੇ ਲਾਣ,
ਜਿੱਤਣ ਪਿੱਛੋਂ ਉਹ ਲੋਕਾਂ ਤੋਂ ਫਿਰਨ ਬਚਾਂਦੇ ਖੱਲ।
ਬੇਰੁਜ਼ਗਾਰਾਂ ਨੂੰ ਸਰਕਾਰੇ ਇੱਥੇ ਦੇਹ ਰੁਜ਼ਗਾਰ,
ਬੱਚਿਆਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਹੈ ਇਹੋ ਹੱਲ।
ਝਗੜੇ ਕਰਕੇ ਆਪਣਾ ਸਮਾਂ ਨਾ ਕਰੋ ਯਾਰੋ ਬਰਬਾਦ,
ਰਲ ਕੇ ਬਹਿ ਕੇ ਕਰ ਲਓ ਆਪਣੇ ਸਾਰੇ ਮਸਲੇ ਹੱਲ।
ਰਿਸ਼ਵਤ ਲੈਣ ਤੋਂ ਹਟਣ ਕਿੱਦਾਂ ਯਾਰੋ ਰਿਸ਼ਵਤਖੋਰ,
ਜਦ ਉੱਤੇ ਤੋਂ ਥੱਲੇ ਤੱਕ ਹੈ ਸਭ ਦੀ ਇੱਕੋ ਗੱਲ।
ਉਹ ਖਾਲੀ ਹੋ ਕੇ ਬਹਿ ਗਏ ਨੇ, ਕੁੱਝ ਵੀ ਰਿਹਾ ਨਾ ਕੋਲ,
ਮਾਪੇ ਹੁਣ ਪਛਤਾਣ ਬੜਾ ਪੁੱਤਰ ਨੂੰ ਬਾਹਰ ਘੱਲ।
ਆਪਣੀ ਇੱਜ਼ਤ ਜੱਗ 'ਚ ਬਣਾ ਲਓ ਕਰਕੇ ਚੰਗੇ ਕੰਮ,
ਨਾ ਜਾਣੇ ਮੌਤ ਆ ਜਾਵੇ ਕਦ ਚੱਲ ਤੁਹਾਡੇ ਵੱਲ।

**ਸੰਪਰਕ- 99158-03554**

# ਪਰਵਾਸੀ ਸਰੋਕਾਰਾਂ ਬਾਰੇ ਸਾਰਥਕ ਗੱਲਬਾਤ

ਪ੍ਰੋ. ਕੁਲਬੀਰ ਸਿੰਘ

ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਨ੍ਹਾਂ ਦੋ ਤਰ੍ਹਾਂ ਦੇ ਪਰਵਾਸ ਨੇ ਸਿੱਧੇ-ਅਸਿੱਧੇ ਤੌਰ 'ਤੇ ਪੰਜਾਬ ਨੂੰ ਅਨੇਕਾਂ ਪੱਖਾਂ ਤੋਂ ਪ੍ਰਭਾਵਤ ਤੇ ਪੀੜਤ ਕੀਤਾ ਹੈ। ਪ੍ਰਭਾਵਤ ਹੀ ਨਹੀਂ ਕੀਤਾ, ਇਸ ਦਾ ਮੂੰਹ-ਮੁਹਾਂਦਰਾ ਬਦਲ ਦਿੱਤਾ ਹੈ। ਸਮੇਂ ਨਾਲ ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਦੀ ਗਤੀ ਘਟਣ ਦੀ ਬਜਾਏ ਵਧ ਗਈ ਹੈ।

ਸ਼ਾਇਦ ਇਹ ਵੀ ਰਿਕਾਰਡ ਹੈ ਕਿ ਦੁਨੀਆ ਵਿਚ ਸਭ ਤੋਂ ਵੱਧ ਪਰਵਾਸ ਭਾਰਤੀ ਲੋਕ ਕਰਦੇ ਹਨ। ਤਿੰਨ ਕਰੋੜ ਤੋਂ ਵਧੇਰੇ ਭਾਰਤੀ ਆਪਣੇ ਮੁਲਕ ਵਿਚੋਂ ਜਾ ਕੇ ਸੰਸਾਰ ਦੇ 30 ਦੇਸ਼ਾਂ ਵਿਚ ਵਸ ਗਏ ਹਨ। ਜਿਵੇਂ ਵਿਦੇਸ਼ਾਂ ਵਿਚ ਜਾ ਕੇ ਵਸਣ ਦੀ ਇਨ੍ਹਾਂ ਦੀ ਮਨਸ਼ਾ ਅਲੱਗ-ਅਲੱਗ ਹੋਵੇਗੀ, ਤਿਵੇਂ ਇਨ੍ਹਾਂ ਦੇ ਕੰਮ-ਧੰਦੇ ਵੀ ਵੱਖ-ਵੱਖ ਹਨ। ਇਨ੍ਹਾਂ ਵਿਚ ਡਾਕਟਰ, ਇੰਜੀਨੀਅਰ, ਕਾਰੀਗਰ, ਵਿਉਪਾਰੀ, ਮਿਹਨਤ-ਮਜ਼ਦੂਰੀ ਕਰਨ ਵਾਲਿਆਂ ਨਾਲ ਧਨਾਢ ਲੋਕ ਵੀ ਸ਼ਾਮਲ ਹਨ। ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨੇ ਇਨ੍ਹਾਂ ਦੀਆਂ ਵੱਖ ਸ਼੍ਰੇਣੀਆਂ ਬਣਾਈਆਂ ਹੋਈਆਂ ਹਨ ਅਤੇ ਵੱਖ-ਵੱਖ ਤਰ੍ਹਾਂ ਦਾ ਵੀਜ਼ਾ ਮੁਹੱਈਆ ਕੀਤਾ ਜਾਂਦਾ ਹੈ। ਇਨ੍ਹਾਂ ਸ਼੍ਰੇਣੀਆਂ ਵਿਚ ਉਹ ਲੋਕ ਵੀ ਸ਼ਾਮਲ ਹਨ, ਜਿਹੜੇ ਜੀਵਨ ਦੀ ਗੁਣਵਤਾ, ਬਿਹਤਰ ਜੀਵਨ ਹਾਲਤਾਂ, ਬਿਹਤਰ ਸਿਸਟਮ ਅਤੇ ਬਿਹਤਰ ਭਵਿੱਖ ਲਈ ਵਿਕਸਤ ਮੁਲਕਾਂ ਵੱਲ ਪਰਵਾਸ ਕਰਦੇ ਹਨ। ਇਨ੍ਹਾਂ ਵਿਚੋਂ ਇਕ ਵੱਡੀ ਪ੍ਰਤੀਸ਼ਤ ਉਨ੍ਹਾਂ ਲੋਕਾਂ ਦੀ ਹੈ, ਜਿਹੜੇ ਬੱਚਿਆਂ, ਨੌਜਵਾਨਾਂ ਦੇ ਬਿਹਤਰ ਭਵਿੱਖ ਲਈ ਉਨ੍ਹਾਂ ਨੂੰ ਪੰਜਾਬ ਵਿਚੋਂ ਕਿਵੇਂ ਨਾ ਕਿਵੇਂ ਕੱਢ ਕੇ ਵਿਕਸਤ ਮੁਲਕਾਂ ਵਿਚ ਭੇਜਣਾ ਚਾਹੁੰਦੇ ਹਨ।

ਸਾਨੂੰ ਇਉਂ ਲੱਗਦਾ ਹੈ ਕਿ ਪਰਵਾਸ ਕੁਝ ਦਹਾਕਿਆਂ ਦੀ ਕਹਾਣੀ ਹੈ, ਅਜਿਹਾ ਨਹੀਂ ਹੈ। ਪਰਵਾਸ ਦਾ ਇਤਿਹਾਸ ਬੜਾ ਪੁਰਾਣਾ ਹੈ। ਇੰਗਲੈਂਡ ਵਿਚ ਰਹਿਣ ਵਾਲੇ ਭਾਰਤੀਆਂ ਦੀ ਅੱਜ ਤੀਸਰੀ ਪੀੜ੍ਹੀ ਜਵਾਨ ਹੈ। ਆਸਟਰੇਲੀਆ ਅਤੇ ਕੈਨੇਡਾ ਵਿਚ ਵੀ ਪੰਜਾਬੀ ਬਹੁਤ ਸਮਾਂ ਪਹਿਲਾਂ ਪਹੁੰਚ ਗਏ ਸਨ, ਉਦੋਂ ਭੂਗੋਲਿਕ, ਸਮਾਜਕ, ਆਰਥਕ ਸਥਿਤੀਆਂ ਬਿਲਕੁਲ ਭਿੰਨ ਸਨ।

ਸਮੇਂ ਨਾਲ ਪਰਵਾਸ ਦੀ ਗਤੀ ਤੇਜ਼ ਹੋਣ ਨਾਲ ਇਸ ਨਾਲ ਜੁੜੀਆਂ ਸਮੱਸਿਆਵਾਂ-ਪ੍ਰੇਸ਼ਾਨੀਆਂ ਵੀ ਵਧ ਗਈਆਂ ਹਨ। ਨਤੀਜੇ ਵਜੋਂ ਮੀਡੀਆ ਤਰਜੀਹੀ ਆਧਾਰ 'ਤੇ ਇਸ ਬਾਰੇ ਗੱਲਬਾਤ ਕਰਦਾ, ਕਰਵਾਉਂਦਾ ਰਹਿੰਦਾ ਹੈ। ਬੀਤੇ ਦਿਨੀਂ ਡੀ ਡੀ ਪੰਜਾਬੀ ਨੇ ਆਪਣੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਤਹਿਤ 'ਪਰਵਾਸ ਦੇ ਸਰੋਕਾਰ' ਵਿਸ਼ੇ 'ਤੇ ਖੁੱਲ੍ਹੀ-ਲੰਮੀ ਗੱਲਬਾਤ ਪ੍ਰਸਾਰਤ ਕੀਤੀ। ਪ੍ਰੋਗਰਾਮ ਵਿਚ ਮਾਹਰ ਵਜੋਂ ਚਰਚਿਤ ਸ਼ਾਇਰ ਮਲਵਿੰਦਰ ਸਿੰਘ ਮੌਜੂਦ ਸਨ। ਐਂਕਰ ਰਾਜੀਵ ਖੰਨਾ ਸਨ, ਜਦ ਕਿ ਪ੍ਰੋਡਿਊਸਰ ਤੇ ਨਿਗਰਾਨ ਕੇਵਲ ਕ੍ਰਿਸ਼ਨ ਅਤੇ ਸੁਖਵਿੰਦਰ ਸਨ।

ਮਲਵਿੰਦਰ ਸਿੰਘ ਦੀਆਂ ਕਵਿਤਾ ਤੇ ਵਾਰਤਕ ਦੀਆਂ 8-10 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਅਤੇ ਉਹ ਸਾਹਿਤਕ, ਸਮਾਜਕ, ਸਭਿਆਚਾਰਕ ਸਰਗਰਮੀਆਂ ਵਿਚ ਰੁੱਝੇ ਰਹਿੰਦੇ ਹਨ। ਸਾਲ ਵਿਚੋਂ ਬਹੁਤਾ ਸਮਾਂ ਕੈਨੇਡਾ ਵਿਚ ਰਹਿੰਦੇ ਹਨ। ਉਥੇ ਵੀ ਆਪਣੀਆਂ ਸਾਹਿਤਕ ਗਤੀਵਿਧੀਆਂ ਲਗਾਤਾਰ ਜਾਰੀ ਰੱਖਦੇ ਹਨ।

'ਪਰਵਾਸ ਦੇ ਸਰੋਕਾਰ' ਵਿਸ਼ੇ 'ਤੇ ਗੱਲਬਾਤ ਕਰਦਿਆਂ ਉਨ੍ਹਾ ਖੁੱਲ੍ਹ ਕੇ ਆਪਣੇ ਵਿਚਾਰ ਵਿਅਕਤ ਕੀਤੇ। ਬਹੁਤੀਆਂ ਗੱਲਾਂ ਉਨ੍ਹਾ ਦੇ ਅੱਖੀਂ ਵੇਖੇ, ਕੰਨੀਂ ਸੁਣੇ 'ਤੇ ਆਧਾਰਤ ਸਨ। ਇਸ ਵਿਸ਼ੇ 'ਤੇ ਉਨ੍ਹਾ ਦੇ ਬਹੁਤ ਸਾਰੇ ਆਰਟੀਕਲ ਵੱਖ-ਵੱਖ ਅਖ਼ਬਾਰਾਂ ਵਿਚ ਵੀ ਪ੍ਰਕਾਸ਼ਤ ਹੋ ਚੁੱਕੇ ਹਨ।

ਗੱਲਬਾਤ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਕਿਹਾ ਕਿ ਪਰਵਾਸ ਪੰਜਾਬੀਆਂ ਦੇ ਸੁਭਾਅ ਵਿਚ ਹੈ। ਇਨ੍ਹਾਂ ਦਾ ਜਲਦੀ ਇਕ ਥਾਂ ਤੋਂ ਮੋਹ ਭੰਗ ਹੋ ਜਾਂਦਾ ਹੈ। ਪਹਿਲਾਂ ਪਹਿਲ ਘਰ ਦਾ ਇਕ ਜੀਅ ਵਿਦੇਸ਼ ਜਾਂਦਾ ਸੀ, ਉਹ ਖੱਟੀ ਕਮਾਈ ਕਰਕੇ ਵਾਪਸ ਆ ਜਾਂਦਾ ਸੀ। ਅੱਜ ਇਹ ਰੁਝਾਨ, ਇਹ ਸੋਚ ਨਹੀਂ ਹੈ। ਅੱਜ ਹਰ ਕੋਈ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊ ਜ਼ੀਲੈਂਡ ਦੀ ਪੀ ਆਰ ਲੈਣੀ ਲੋਚਦਾ ਹੈ।

ਅੱਜ ਘੱਟ-ਪੜ੍ਹੇ, ਅੱਧ-ਪੜ੍ਹੇ, ਵੱਧ ਪੜ੍ਹੇ ਹਰ ਤਰ੍ਹਾਂ ਦੇ ਨੌਜਵਾਨ ਵਿਦੇਸ਼ੀ ਧਰਤੀ ਤੇ ਪਹੁੰਚ ਰਹੇ ਹਨ। ਬਾਬੇ ਨਾਨਕ ਦਾ ਕਿਰਤ ਦਾ ਸੰਕਲਪ ਉੱਥੇ ਜਾ ਕੇ ਪੂਰਾ ਹੁੰਦਾ ਹੈ, ਪਰ ਉਥੇ ਪਹਿਚਾਣ ਦੀ ਸਮੱਸਿਆ ਹੈ। ਇਥੇ ਅਫ਼ਸਰੀ ਕਰਦੇ ਲੋਕ ਉਥੇ ਜਾ ਕੇ ਲੇਬਰ ਕਰਦੇ ਨਜ਼ਰ ਆਉਂਦੇ ਹਨ। ਇਹ ਘੋਖ ਦਾ, ਖੋਜ ਦਾ ਵਿਸ਼ਾ ਹੈ ਕਿ ਇਸ ਪਿੱਛੇ ਕਿਹੜੀ ਸੋਚ, ਕਿਹੜੀ ਮਾਨਸਿਕਤਾ ਕਾਰਜਸ਼ੀਲ ਹੈ।

ਉਥੇ ਸਭ ਕੁਝ ਆਸਾਨ ਨਹੀਂ। ਸਭ ਕੁਝ ਸਖ਼ਤ ਮਿਹਨਤ ਦੀ ਮੰਗ ਕਰਦਾ ਹੈ। ਸ਼ਿਫ਼ਟਾਂ ਵਿਚ ਕੰਮ ਕਰਨਾ ਪੈਂਦਾ ਹੈ। ਰਹਿਣ ਦੇ, ਖਾਣ-ਪੀਣ ਦੇ, ਆਵਾਜਾਈ ਦੇ ਵੱਡੇ ਖਰਚੇ ਹਨ। ਮੁਢਲੇ ਸਾਲਾਂ ਵਿਚ ਖਰਚੇ ਵਧੇਰੇ ਹੁੰਦੇ ਹਨ, ਆਮਦਨ ਘੱਟ ਹੁੰਦੀ ਹੈ। ਇਸੇ ਲਈ ਕਈ ਵਾਰ ਨੌਜਵਾਨ ਮਾਨਸਕ ਤੌਰ 'ਤੇ ਪ੍ਰੇਸ਼ਾਨ ਵੀ ਹੋ ਜਾਂਦੇ ਹਨ। ਇਧਰਲੇ ਪੈਸੇ ਦੀ ਓਧਰ ਵੁੱਕਤ ਨਹੀਂ। ਕੈਨੇਡਾ ਵਿਚ ਚੀਨੀ ਸਭ ਤੋਂ ਵੱਧ ਹਨ। ਦੂਸਰਾ ਨੰਬਰ ਭਾਰਤੀਆਂ ਦਾ ਹੈ।

ਇਨ੍ਹੀਂ ਦਿਨੀਂ ਵਧੇਰੇ ਨੌਜਵਾਨ ਪੜ੍ਹਾਈ-ਵੀਜ਼ਾ 'ਤੇ ਜਾ ਰਹੇ ਹਨ ਅਤੇ ਬਾਅਦ ਵਿਚ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਜਿਵੇਂ-ਕਿਵੇਂ ਉਥੇ ਪੱਕਾ ਹੋਇਆ ਜਾਵੇ।

ਪੰਜਾਬੀ ਬੋਲੀ, ਪੰਜਾਬੀ ਸਾਹਿਤ ਅਤੇ ਪੰਜਾਬੀ ਪੁਸਤਕਾਂ ਪ੍ਰਤੀ ਉਥੇ ਨੌਜਵਾਨਾਂ ਵਿਚ ਬਹੁਤ ਘੱਟ ਰੁਝਾਨ ਹੈ। ਲਾਇਬਰੇਰੀਆਂ ਵਿਚ ਕਦੇ-ਕਦਾਈਂ ਕੋਈ ਨੌਜਵਾਨ ਪੰਜਾਬੀ ਦੀ ਕਿਤਾਬ ਲੈਣ ਆਉਂਦਾ ਹੈ। ਜਿਹੜੇ ਪੰਜਾਬੀ ਬੱਚੇ ਉੱਥੇ ਜੰਮੇ-ਪਲੇ ਹਨ, ਉਨ੍ਹਾਂ ਦਾ ਮੁਲਕ, ਉਨ੍ਹਾਂ ਦੀ ਭਾਸ਼ਾ ਉਹੀ ਹੈ, ਪਰ ਇਥੋਂ ਜਿਹੜੇ ਬਜ਼ੁਰਗ ਉਥੇ ਜਾਂਦੇ ਹਨ, ਉਹ ਆਪਣੇ ਇਧਰਲੇ ਘਰ, ਇਧਰਲੀ ਜ਼ੁਬਾਨ ਨਾਲ ਜਜ਼ਬਾਤੀ ਤੌਰ 'ਤੇ ਜੁੜੇ ਹਨ। ਉਥੇ ਉਹ ਜਿੰਨੀ ਦੇਰ ਰਹਿੰਦੇ ਹਨ, ਅਜਨਬੀਆਂ ਵਾਂਗ ਰਹਿੰਦੇ ਹਨ।

ਚੇਤੰਨ ਲੋਕ ਉਥੇ ਲੋਕਾਂ ਨੂੰ ਪੰਜਾਬੀ ਬੋਲੀ ਨਾਲ, ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਵੱਖ-ਵੱਖ ਤਰ੍ਹਾਂ ਨਾਲ ਉਪਰਾਲੇ ਕਰਦੇ ਰਹਿੰਦੇ ਹਨ। ਉਥੇ ਮਿੰਨੀ ਪੰਜਾਬ ਇਸ ਲਈ ਬਣ ਗਿਆ, ਕਿਉਂਕਿ ਅਜੇ ਬਹੁਗਿਣਤੀ ਵੱਡੀ ਉਮਰ ਦੇ ਲੋਕਾਂ ਦੀ ਹੈ।

ਉਨ੍ਹਾ ਮੀਡੀਆ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਮੀਡੀਆ ਪੰਜਾਬ ਅਤੇ ਪਰਵਾਸੀ ਪੰਜਾਬੀਆਂ ਵਿਚਾਲੇ ਪੁਲ ਬਣ ਕੇ ਬਾਖ਼ੂਬੀ ਜ਼ਿੰਮੇਵਾਰੀ ਨਿਭਾ ਰਿਹਾ ਹੈ।

# ਗਾਜ਼ਾ ਦੇ ਬੱਚਿਆਂ ਦੇ ਨਾਂਅ ਖ਼ਤ : ਕ੍ਰਿਸ ਹੈਜਸ

**ਕ੍ਰਿਸ ਹੈਜਸ ਅਮਰੀਕਾ ਦੇ ਉੱਘੇ ਪੱਤਰਕਾਰ, ਟਿੱਪਣੀਕਾਰ ਅਤੇ ਕਈ ਕਿਤਾਬਾਂ ਦੇ ਲੇਖਕ ਹਨ। ਗਾਜ਼ਾ ਵਿੱਚ ਮਾਰੇ ਜਾ ਰਹੇ ਅਣਗਿਣਤ ਮਾਸੂਮਾਂ ਨੂੰ ਸੰਬੋਧਨ ਕਰਨ ਸਮੇਂ ਉਹ ਕਿਸ ਹੱਦ ਤੱਕ ਪੀੜਤ ਹੋ ਰਹੇ ਹੋਣਗੇ, ਇਸ ਦਾ ਅੰਦਾਜ਼ਾ ਉਹਨਾ ਵੱਲੋਂ ਗਾਜ਼ਾ ਦੇ ਬੱਚਿਆਂ ਦੇ ਨਾਂਅ ਲਿਖੇ ਖਤ ਤੋਂ ਭਲੀ-ਭਾਂਤ ਲਾਇਆ ਜਾ ਸਕਦਾ ਹੈ। ਇਸ ਦਾ ਅਨੁਵਾਦ ਬੂਟਾ ਸਿੰਘ ਵੱਲੋਂ ਕੀਤਾ ਗਿਆ ਹੈ। -ਸੰਪਾਦਕ**

ਪਿਆਰੇ ਬੱਚੇ। ਅੱਧੀ ਰਾਤ ਹੋ ਚੁੱਕੀ ਹੈ। ਮੈਂ ਅੰਧ ਮਹਾਸਾਗਰ ਤੋਂ ਹਜ਼ਾਰਾਂ ਫੁੱਟ ਉੱਪਰ ਹਨੇਰੇ 'ਚ ਸੈਂਕੜੇ ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉੱਡ ਰਿਹਾ ਹਾਂ। ਮੈਂ ਮਿਸਰ ਦੀ ਯਾਤਰਾ ਕਰ ਰਿਹਾ ਹਾਂ। ਮੈਂ ਰਾਫਾ 'ਚ ਗਾਜ਼ਾ ਸਰਹੱਦ 'ਤੇ ਜਾਵਾਂਗਾ। ਮੈਂ ਤੁਹਾਡੇ ਕਰਕੇ ਜਾ ਰਿਹਾ ਹਾਂ।

ਤੁਸੀਂ ਕਦੇ ਹਵਾਈ ਜਹਾਜ਼ 'ਚ ਨਹੀਂ ਬੈਠੇ ਹੋਵੋਗੇ। ਤੁਸੀਂ ਕਦੇ ਗਾਜ਼ਾ ਤੋਂ ਬਾਹਰ ਨਹੀਂ ਗਏ ਹੋਵੋਗੇ। ਤੁਸੀਂ ਸਿਰਫ਼ ਭੀੜ-ਭੜੱਕੇ ਵਾਲੀਆਂ ਸੜਕਾਂ ਅਤੇ ਗਲੀਆਂ ਹੀ ਜਾਣਦੇ ਹੋਵੋਗੇ ਕੰਕਰੀਟ ਦੇ ਢੇਰ। ਤੁਸੀਂ ਸਿਰਫ਼ ਸੁਰੱਖਿਆ ਨਾਕਿਆਂ ਅਤੇ ਵਾੜਾਂ ਬਾਰੇ ਹੀ ਜਾਣਦੇ ਹੋਵੋਗੇ ਜਿਨ੍ਹਾਂ ਉੱਪਰ ਗਾਜ਼ਾ ਦੇ ਚਾਰੇ ਪਾਸੇ ਸਿਪਾਹੀ ਗਸ਼ਤ ਕਰਦੇ ਰਹਿੰਦੇ ਹਨ। ਜਹਾਜ਼ ਤੁਹਾਡੇ ਲਈ ਭਿਆਨਕ ਹਨ। ਲੜਾਕੂ ਜੈੱਟ ਜਹਾਜ਼। ਹਮਲਾ ਕਰਨ ਵਾਲੇ ਹੈਲੀਕਾਪਟਰ। ਡਰੋਨ। ਇਹ ਤੁਹਾਡੇ ਉੱਪਰ ਮੰਡਰਾਉਂਦੇ ਰਹਿੰਦੇ ਹਨ। ਉਹ ਮਿਜ਼ਾਈਲਾਂ ਅਤੇ ਬੰਬ ਸੁੱਟਦੇ ਹਨ। ਕੰਨ ਬੋਲ਼ੇ ਕਰ ਦੇਣ ਵਾਲੇ ਧਮਾਕੇ ਹੁੰਦੇ ਹਨ। ਧਰਤੀ ਕੰਬ ਜਾਂਦੀ ਹੈ। ਇਮਾਰਤਾਂ ਢਹਿ ਜਾਂਦੀਆਂ ਹਨ। ਮੌਤਾਂ। ਚੀਕਾਂ। ਮਲ਼ਬੇ ਹੇਠਾਂ ਦੱਬੀ ਹੋਈ ਆਵਾਜ਼ ਮਦਦ ਲਈ ਪੁਕਾਰਦੀ ਹੈ। ਇਹ ਸਿਲਸਿਲਾ ਰੁਕਦਾ ਨਹੀਂ ਹੈ। ਰਾਤ-ਦਿਨ ਚੱਲਦਾ ਰਹਿੰਦਾ ਹੈ। ਮਲ਼ਬਾ ਬਣੇ ਕੰਕਰੀਟ ਢੇਰ ਹੇਠ ਫਸੇ ਹੋਏ। ਤੁਹਾਡੇ ਸਾਥੀ। ਤੁਹਾਡਾ ਸਹਿਪਾਠੀ। ਤੁਹਾਡੇ ਗੁਆਂਢੀ ਪਲਾਂ 'ਚ ਤੁਰ ਗਏ। ਜਦੋਂ ਉਨ੍ਹਾਂ ਨੂੰ ਖੋਦ ਕੇ ਬਾਹਰ ਕੱਢਿਆ ਜਾਂਦਾ ਹੈ ਤਾਂ ਤੁਸੀਂ ਦੇਖਦੇ ਹੋ ਕਿ ਉਨ੍ਹਾਂ ਦੇ ਚਿਹਰੇ ਸਲੇਟੀ ਰੰਗੇ ਹੋ ਚੁੱਕੇ ਹਨ ਅਤੇ ਸਰੀਰ ਝੂਲ ਰਹੇ ਹਨ। ਮੈਂ ਇਕ ਰਿਪੋਰਟਰ ਹਾਂ। ਇਹ ਦੇਖਣਾ ਮੇਰਾ ਕੰਮ ਹੈ। ਤੁਸੀਂ ਇਕ ਬੱਚੇ ਹੋ। ਤੁਹਾਨੂੰ ਇਹ ਕਦੇ ਨਹੀਂ ਦੇਖਣਾ ਚਾਹੀਦਾ।

ਮੌਤ ਦੀ ਬਦਬੂ। ਕੰਕਰੀਟ ਦੇ ਮਲ਼ਬੇ ਹੇਠ ਸੜਦੀਆਂ ਲਾਸ਼ਾਂ। ਤੁਸੀਂ ਆਪਣਾ ਸਾਹ ਬੰਦ ਕਰ ਲੈਂਦੇ ਹੋ। ਆਪਣਾ ਮੂੰਹ ਕੱਪੜੇ ਨਾਲ ਢਕ ਲੈਂਦੇ ਹੋ। ਤੁਸੀਂ ਤੇਜ਼-ਤੇਜ਼ ਤੁਰਨ ਲੱਗ ਪੈਂਦੇ ਹੋ। ਤੁਹਾਡਾ ਆਂਢ-ਗੁਆਂਢ ਕਬਰਿਸਤਾਨ ਬਣ ਗਿਆ ਹੈ। ਹਰ ਜਾਣੀ-ਪਛਾਣੀ ਹਰ ਸ਼ੈਅ ਖ਼ਤਮ ਹੋ ਗਈ ਹੈ। ਤੁਸੀਂ ਹੈਰਾਨੀ ਨਾਲ ਤੱਕਦੇ ਰਹਿ ਜਾਂਦੇ ਹੋ। ਤੁਸੀਂ ਹੈਰਾਨ ਹੋ ਕਿ ਤੁਸੀਂ ਕਿੱਥੇ ਹੋ।

ਤੁਸੀਂ ਭੈਅਭੀਤ ਹੋ। ਵਿਸਫੋਟ ਦਰ ਵਿਸਫੋਟ। ਤੁਸੀਂ ਚੀਕਦੇ-ਚਿਲਾਉਂਦੇ ਹੋ। ਤੁਸੀਂ ਆਪਣੀ ਮਾਂ ਜਾਂ ਬਾਪ ਨਾਲ ਚਿੰਬੜ ਜਾਂਦੇ ਹੋ। ਤੁਸੀਂ ਆਪਣੇ ਕੰਨ ਬੰਦ ਕਰ ਲੈਂਦੇ ਹੋ। ਤੁਸੀਂ ਮਿਜ਼ਾਈਲ ਦੀ ਚਿੱਟੀ ਲੋਅ ਦੇਖਦੇ ਹੋ ਅਤੇ ਧਮਾਕੇ ਦੀ ਉਡੀਕ ਕਰਦੇ ਹੋ। ਉਹ ਬੱਚਿਆਂ ਨੂੰ ਕਿਉਂ ਮਾਰਦੇ ਹਨ? ਤੁਸੀਂ ਆਖ਼ਿਰ ਕੀ ਗੁਨਾਹ ਕੀਤਾ ਹੈ? ਕੋਈ ਤੁਹਾਡੀ ਰੱਖਿਆ ਕਿਉਂ ਨਹੀਂ ਕਰ ਸਕਦਾ? ਕੀ ਤੁਸੀਂ ਜ਼ਖ਼ਮੀ ਹੋ ਜਾਓਗੇ? ਕੀ ਤੁਸੀਂ ਇਕ ਲੱਤ ਜਾਂ ਬਾਂਹ ਗੁਆ ਬੈਠੋਗੇ? ਕੀ ਤੁਸੀਂ ਅੰਨ੍ਹੇ ਹੋ ਜਾਵੋਗੇ ਜਾਂ ਵ੍ਹੀਲਚੇਅਰ 'ਤੇ ਰਹੋਗੇ? ਤੁਸੀਂ ਕਿਉਂ ਜਨਮ ਲਿਆ ਸੀ? ਕੀ ਇਹ ਇਕ ਚੰਗੇ ਕੰਮ ਲਈ ਸੀ? ਜਾਂ ਇਹ ਏਸ ਲਈ ਸੀ? ਕੀ ਤੁਸੀਂ ਵੱਡੇ ਹੋ ਸਕੋਗੇ? ਕੀ ਤੁਸੀਂ ਖ਼ੁਸ਼ ਹੋਵੋਗੇ? ਆਪਣੇ ਦੋਸਤਾਂ ਤੋਂ ਬਿਨਾਂ ਇਹ ਤੁਹਾਨੂੰ ਕਿਹੋ ਜਿਹਾ ਲੱਗੇਗਾ? ਮਰਨ ਦੀ ਅਗਲੀ ਵਾਰੀ ਕਿਸ ਦੀ ਹੋਵੇਗੀ? ਤੁਹਾਡੀ ਮਾਂ? ਤੁਹਾਡੇ ਪਿਤਾ? ਤੁਹਾਡੇ ਭੈਣ-ਭਰਾ? ਤੁਹਾਡਾ ਕੋਈ ਜਾਣੂ ਜ਼ਖ਼ਮੀ ਹੋ ਜਾਵੇਗਾ। ਛੇਤੀ ਹੀ।

ਰਾਤ ਨੂੰ ਤੁਸੀਂ ਹਨੇਰੇ ਵਿਚ ਠੰਢੇ ਸੀਮਿੰਟ ਦੇ ਫਰਸ਼ 'ਤੇ ਪਏ ਰਹਿੰਦੇ ਹੋ। ਫੋਨ ਕੱਟ ਦਿੱਤੇ ਗਏ ਹਨ। ਇੰਟਰਨੈੱਟ ਬੰਦ ਹੈ। ਤੁਸੀਂ ਨਹੀਂ ਜਾਣਦੇ ਕਿ ਕੀ ਹੋ ਰਿਹਾ ਹੈ। ਚਾਨਣ ਦੀਆਂ ਲਿਸ਼ਕਾਂ ਪੈ ਰਹੀਆਂ ਹਨ। ਧਮਾਕੇ ਦੇ ਝਟਕੇ ਦੀਆਂ ਲਹਿਰਾਂ ਹਨ। ਚੀਕਾਂ ਹੀ ਚੀਕਾਂ ਹਨ। ਇਹ ਸਿਲਸਿਲਾ ਰੁਕ ਨਹੀਂ ਰਿਹਾ।

ਜਦੋਂ ਤੁਹਾਡੇ ਪਿਤਾ ਜਾਂ ਮਾਤਾ ਭੋਜਨ ਜਾਂ ਪਾਣੀ ਦੀ ਭਾਲ 'ਚ ਜਾਂਦੇ ਹਨ ਤਾਂ ਤੁਸੀਂ ਇੰਤਜ਼ਾਰ ਕਰਦੇ ਹੋ। ਤੁਹਾਡੇ ਪੇਟ 'ਚ ਉਹ ਕਿੰਨਾ ਭਿਆਨਕ ਅਹਿਸਾਸ ਹੁੰਦਾ ਹੈ। ਕੀ ਉਹ ਵਾਪਸ ਆਉਣਗੇ? ਕੀ ਤੁਸੀਂ ਉਨ੍ਹਾਂ ਨੂੰ ਦੁਬਾਰਾ ਦੇਖ ਸਕੋਗੇ? ਕੀ ਅਗਲਾ ਨਿਸ਼ਾਨਾ ਤੁਹਾਡਾ ਛੋਟਾ ਜਿਹਾ ਘਰ ਹੋਵੇਗਾ? ਕੀ ਬੰਬ ਤੁਹਾਨੂੰ ਟੋਹਲ ਲੈਣਗੇ? ਕੀ ਇਹ ਧਰਤੀ 'ਤੇ ਤੁਹਾਡੇ ਆਖਰੀ ਪਲ ਹਨ?

ਤੁਹਾਨੂੰ ਖ਼ਾਰਾ, ਗੰਦਾ ਪਾਣੀ ਪੀਣਾ ਪੈਂਦਾ ਹੈ। ਇਹ ਤੁਹਾਨੂੰ ਬਹੁਤ ਬਿਮਾਰ ਕਰ ਦਿੰਦਾ ਹੈ। ਤੁਹਾਡਾ ਢਿੱਡ ਦੁਖ ਰਿਹਾ ਹੈ। ਤੁਸੀਂ ਭੁੱਖੇ ਹੋ। ਬੇਕਰੀਆਂ ਤਬਾਹ ਕਰ ਦਿੱਤੀਆਂ ਗਈਆਂ ਹਨ। ਰੋਟੀ ਨਹੀਂ ਹੈ। ਤੁਸੀਂ ਦਿਨ ਵਿਚ ਇਕ ਵਾਰ ਖਾ ਕੇ ਡੰਗ ਟਪਾਉਂਦੇ ਹੋ। ਪਾਸਤਾ। ਇਕ ਖੀਰਾ। ਛੇਤੀ ਹੀ ਇਹ ਇਕ ਦਾਅਵਤ ਵਰਗਾ ਲੱਗਣਾ ਸ਼ੁਰੂ ਹੋ ਜਾਵੇਗਾ।

ਤੁਸੀਂ ਲੀਰਾਂ ਦੀ ਬਣੀ ਆਪਣੀ ਖਿੱਦੋ ਨਾਲ ਨਹੀਂ ਖੇਡਦੇ। ਤੁਸੀਂ ਹੁਣ ਪੁਰਾਣੇ ਅਖ਼ਬਾਰਾਂ ਦੀ ਬਣਾਈ ਪਤੰਗ ਨਹੀਂ ਉਡਾਉਂਦੇ।

ਤੁਸੀਂ ਵਿਦੇਸ਼ੀ ਪੱਤਰਕਾਰਾਂ ਨੂੰ ਦੇਖਿਆ ਹੈ। ਅਸੀਂ ਫਲੈਕ ਜੈਕਟਾਂ ਪਹਿਨਦੇ ਹਾਂ, ਜਿਸ 'ਤੇ ਪ੍ਰੈੱਸ ਸ਼ਬਦ ਲਿਖਿਆ ਹੁੰਦਾ ਹੈ। ਸਾਡੇ ਕੋਲ ਹੈਲਮਟ ਹੈ। ਸਾਡੇ ਕੋਲ ਕੈਮਰੇ ਹਨ। ਅਸੀਂ ਜੀਪ ਚਲਾ ਕੇ ਆਉਂਦੇ ਹਾਂ। ਅਸੀਂ ਬੰਬ ਧਮਾਕੇ ਜਾਂ ਗੋਲੀਬਾਰੀ ਤੋਂ ਬਾਅਦ ਆਉਂਦੇ ਹਾਂ। ਅਸੀਂ ਬਹੁਤ ਚਿਰ ਤੱਕ ਕੌਫ਼ੀ ਲੈ ਕੇ ਬੈਠੇ ਰਹਿੰਦੇ ਹਾਂ ਅਤੇ ਵੱਡਿਆਂ ਨਾਲ ਗੱਲਬਾਤ ਕਰਦੇ ਹਾਂ। ਫਿਰ ਅਸੀਂ ਗ਼ਾਇਬ ਹੋ ਜਾਂਦੇ ਹਾਂ। ਅਸੀਂ ਆਮ ਤੌਰ 'ਤੇ ਬੱਚਿਆਂ ਦੀ ਇੰਟਰਵਿਊ ਨਹੀਂ ਲੈਂਦੇ, ਪਰ ਮੈਂ ਅਜਿਹੇ ਇੰਟਰਵਿਊ ਕੀਤੇ ਹਨ, ਜਦੋਂ ਤੁਸੀਂ ਸਾਡੇ ਆਲੇ-ਦੁਆਲੇ ਝੁਰਮਟ ਪਾ ਲੈਂਦੇ ਹੋ। ਹੱਸਦੇ ਹੋ। ਇਸ਼ਾਰੇ ਕਰਦੇ ਹੋ। ਸਾਨੂੰ ਆਪਣੀ ਫੋਟੋ ਲੈਣ ਲਈ ਕਹਿੰਦੇ ਹੋ।

ਗਾਜ਼ਾ 'ਚ ਮੇਰੇ ਉੱਪਰ ਜੈੱਟ ਜਹਾਜ਼ ਦੁਆਰਾ ਬੰਬਾਰੀ ਕੀਤੀ ਗਈ ਹੈ। ਮੇਰੇ ਉੱਪਰ ਹੋਰ ਯੁੱਧਾਂ 'ਚ ਬੰਬਾਰੀ ਕੀਤੀ ਗਈ ਹੈ, ਉਹ ਯੁੱਧ ਜੋ ਤੁਹਾਡੇ ਜਨਮ ਤੋਂ ਪਹਿਲਾਂ ਹੋਏ ਸਨ। ਮੈਂ ਵੀ ਬਹੁਤ, ਬਹੁਤ ਸਹਿਮਿਆ ਹੋਇਆ ਸੀ। ਮੇਰੇ ਕੋਲ ਅਜੇ ਵੀ ਇਸ ਬਾਰੇ ਸੁਪਨੇ ਹਨ। ਜਦੋਂ ਮੈਂ ਗਾਜ਼ਾ ਦੀਆਂ ਤਸਵੀਰਾਂ ਦੇਖਦਾ ਹਾਂ ਤਾਂ ਇਹ ਯੁੱਧ ਗੜਗੱਜ ਅਤੇ ਬਿਜਲੀ ਦੀ ਤੇਜ਼ੀ ਨਾਲ ਮੇਰੇ ਕੋਲ ਪਰਤ ਆਉਂਦੇ ਹਨ। ਮੈਂ ਤੁਹਾਡੇ ਬਾਰੇ ਸੋਚਦਾ ਹਾਂ।

ਅਸੀਂ ਸਾਰੇ ਜੋ ਯੁੱਧ ਵਿਚ ਜੀ ਰਹੇ ਲੋਕ ਯੁੱਧ ਨੂੰ ਕਰਦੇ ਹਾਂ ਸਭ ਤੋਂ ਜ਼ਿਆਦਾ ਨਫ਼ਰਤ ਉਸ ਕਰਕੇ ਜੋ ਅਸਰ ਇਸ ਦਾ ਬੱਚਿਆਂ ਉੱਪਰ ਪੈਂਦਾ ਹੈ।

ਮੈਂ ਤੁਹਾਡੀ ਕਹਾਣੀ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਦੁਨੀਆ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਜਦੋਂ ਤੁਸੀਂ ਲੋਕਾਂ 'ਤੇ ਜ਼ੁਲਮ ਕਰਦੇ ਹੋ, ਹਫ਼ਤਾ-ਹਫ਼ਤੇ, ਮਹੀਨੇ-ਦਰ-ਮਹੀਨੇ, ਸਾਲ-ਦਰ-ਸਾਲ, ਦਹਾਕੇ-ਦਹਾਕੇ, ਜਦੋਂ ਤੁਸੀਂ ਲੋਕਾਂ ਨੂੰ ਆਜ਼ਾਦੀ ਅਤੇ ਮਾਣ-ਸਨਮਾਨ ਤੋਂ ਵਾਂਝੇ ਕਰਦੇ ਹੋ, ਜਦੋਂ ਤੁਸੀਂ ਉਨ੍ਹਾਂ ਨੂੰ ਜ਼ਲੀਲ ਕਰਦੇ ਹੋ ਅਤੇ ਖੁੱਲ੍ਹੀ ਜੇਲ੍ਹ 'ਚ ਡੱਕ ਦਿੰਦੇ ਹੋ। ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਮਾਰਦੇ ਹੋ, ਜਿਵੇਂ ਉਹ ਜਾਨਵਰ ਹੋਣ ਤਾਂ ਉਨ੍ਹਾਂ ਨੂੰ ਬਹੁਤ ਗੁੱਸਾ ਆ ਜਾਂਦਾ ਹੈ। ਉਹ ਦੂਜਿਆਂ ਨਾਲ ਉਹੀ ਕੁਝ ਕਰਦੇ ਹਨ, ਜੋ ਉਨ੍ਹਾਂ ਨਾਲ ਕੀਤਾ ਗਿਆ ਸੀ। ਮੈਂ ਇਹ ਗੱਲ ਵਾਰ-ਵਾਰ ਕਹੀ ਹੈ। ਮੈਂ ਇਹ ਸੱਤ ਸਾਲ ਕਹਿੰਦਾ ਰਿਹਾ। ਕੁਝ ਨੇ ਮੇਰੀ ਗੱਲ ਸੁਣੀ ਅਤੇ ਹੁਣ ਇਹ ਹੋ ਰਿਹਾ ਹੈ।

ਇੱਥੇ ਬਹੁਤ ਬਹਾਦਰ ਫ਼ਲਸਤੀਨੀ ਪੱਤਰਕਾਰ ਹਨ। ਇਹ ਬੰਬਾਰੀ ਸ਼ੁਰੂ ਹੋਣ ਤੋਂ ਲੈ ਕੇ ਉਨ੍ਹਾਂ ਵਿੱਚੋਂ 39 ਮਾਰੇ ਗਏ ਹਨ। ਉਹ ਹੀਰੋ ਹਨ। ਤੁਹਾਡੇ ਹਸਪਤਾਲਾਂ ਦੇ ਡਾਕਟਰ ਅਤੇ ਨਰਸਾਂ ਵੀ ਇਸੇ ਤਰ੍ਹਾਂ ਦੇ ਲੋਕ ਹਨ। ਸੰਯੁਕਤ ਰਾਸ਼ਟਰ ਦੇ ਮੁਲਾਜ਼ਮ ਵੀ ਇਸੇ ਮਿੱਟੀ ਦੇ ਬਣੇ ਹੋਏ ਹਨ। ਉਨ੍ਹਾਂ ਵਿੱਚੋਂ 89 ਮਾਰੇ ਜਾ ਚੁੱਕੇ ਹਨ। ਇਸੇ ਤਰ੍ਹਾਂ ਐਂਬੂਲੈਂਸ ਡਰਾਈਵਰ ਅਤੇ ਡਾਕਟਰ ਹਨ। ਬਚਾਅ ਟੀਮਾਂ ਵੀ ਅਜਿਹੀਆਂ ਹੀ ਹਨ, ਜੋ ਆਪਣੇ ਹੱਥਾਂ ਨਾਲ ਕੰਕਰੀਟ ਦੀਆਂ ਸਲੈਬਾਂ ਨੂੰ ਚੁੱਕ ਕੇ ਥੱਲੇ ਦੱਬੇ ਲੋਕਾਂ ਨੂੰ ਕੱਢਦੀਆਂ ਹਨ। ਇਸੇ ਤਰ੍ਹਾਂ ਤੁਹਾਡੇ ਮਾਵਾਂ ਅਤੇ ਬਾਪ ਹਨ, ਜੋ ਤੁਹਾਨੂੰ ਬੰਬਾਂ ਤੋਂ ਬਚਾਉਂਦੇ ਹਨ।

ਪਰ ਅਸੀਂ ਉੱਥੇ ਨਹੀਂ ਹਾਂ। ਇਸ ਵਾਰ ਨਹੀਂ। ਅਸੀਂ ਅੰਦਰ ਨਹੀਂ ਜਾ ਸਕਦੇ। ਅਸੀਂ ਬਾਹਰ ਡੱਕੇ ਹੋਏ ਹਾਂ।

ਦੁਨੀਆ ਭਰ ਦੇ ਰਿਪੋਰਟਰ ਰਾਫਾ ਵਿਖੇ ਸਰਹੱਦ ਪਾਰ ਕਰਨ ਜਾ ਰਹੇ ਹਨ। ਅਸੀਂ ਇਸ ਲਈ ਜਾ ਰਹੇ ਹਾਂ, ਕਿਉਂਕਿ ਅਸੀਂ ਹੱਥ 'ਤੇ ਹੱਥ ਧਰ ਕੇ ਇਹ ਕਤਲੇਆਮ ਨਹੀਂ ਦੇਖ ਸਕਦੇ। ਅਸੀਂ ਇਸ ਲਈ ਜਾ ਰਹੇ ਹਾਂ ਕਿਉਂਕਿ ਇਕ ਦਿਨ 'ਚ ਸੈਂਕੜੇ ਲੋਕ ਮਾਰੇ ਜਾ ਰਹੇ ਹਨ, ਜਿਨ੍ਹਾਂ ਵਿਚ 160 ਬੱਚੇ ਵੀ ਸ਼ਾਮਲ ਹਨ। ਅਸੀਂ ਜਾ ਰਹੇ ਹਾਂ, ਕਿਉਂਕਿ ਇਹ ਨਸਲਕੁਸ਼ੀ ਰੁਕਣੀ ਚਾਹੀਦੀ ਹੈ। ਅਸੀਂ ਜਾ ਰਹੇ ਹਾਂ, ਕਿਉਂਕਿ ਸਾਡੇ ਵੀ ਬੱਚੇ ਹਨ। ਤੁਹਾਡੇ ਵਰਗੇ। ਅਣਮੋਲ। ਮਾਸੂਮ। ਪਿਆਰੇ ਜਹੇ। ਅਸੀਂ ਜਾ ਰਹੇ ਹਾਂ, ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਜ਼ਿੰਦਾ ਰਹੋ।

ਮੈਨੂੰ ਉਮੀਦ ਹੈ ਕਿ ਅਸੀਂ ਇਕ ਦਿਨ ਮਿਲਾਂਗੇ। ਤੁਸੀਂ ਬਾਲਗ ਹੋ ਗਏ ਹੋਵੋਗੇ। ਮੈਂ ਬੁੱਢਾ ਹੋ ਗਿਆ ਹੋਵਾਂਗਾ, ਹਾਲਾਂਕਿ ਤੁਹਾਡੇ ਲਈ ਮੈਂ ਪਹਿਲਾਂ ਹੀ ਬਹੁਤ ਬੁੱਢਾ ਹਾਂ। ਆਪਣੇ ਸੁਪਨਿਆਂ ਵਿਚ ਮੈਂ ਤੁਹਾਨੂੰ ਆਜ਼ਾਦ, ਸੁਰੱਖਿਅਤ ਅਤੇ ਖ਼ੁਸ਼ ਦੇਖਾਂਗਾ। ਕੋਈ ਵੀ ਤੁਹਾਨੂੰ ਮਾਰਨ ਦੀ ਕੋਸ਼ਿਸ਼ ਨਹੀਂ ਕਰੇਗਾ। ਤੁਸੀਂ ਬੰਬਾਂ ਦੀ ਬਜਾਏ ਲੋਕਾਂ ਨਾਲ ਭਰੇ ਹਵਾਈ ਜਹਾਜ਼ 'ਚ ਉਡੋਗੇ। ਤੁਸੀਂ ਕਿਸੇ ਤਸੀਹਾ ਕੈਂਪ ਵਿਚ ਘਿਰੇ ਹੋਏ ਨਹੀਂ ਹੋਵੋਗੇ। ਤੁਸੀਂ ਦੁਨੀਆ ਦੇਖੋਗੇ। ਤੁਸੀਂ ਵੱਡੇ ਹੋਵੋਗੇ ਅਤੇ ਤੁਹਾਡੇ ਬੱਚੇ ਹੋਣਗੇ। ਤੁਸੀਂ ਬੁੱਢੇ ਹੋਵੋਗੇ। ਤੁਹਾਨੂੰ ਇਹ ਮੁਸੀਬਤਾਂ ਚੇਤੇ ਰਹਿਣਗੀਆਂ, ਪਰ ਤੁਹਾਨੂੰ ਪਤਾ ਹੋਵੇਗਾ ਕਿ ਇਸ ਦਾ ਮਤਲਬ ਹੈ ਕਿ ਤੁਹਾਨੂੰ ਦੁਖੀ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਇਹੀ ਮੇਰੀ ਉਮੀਦ ਹੈ। ਇਹੀ ਮੇਰੀ ਪ੍ਰਾਰਥਨਾ ਹੈ।

ਅਸੀਂ ਤੁਹਾਨੂੰ ਅਸਫ਼ਲ ਬਣਾ ਦਿੱਤਾ ਹੈ। ਇਹ ਉਹ ਭਿਆਨਕ ਅਪਰਾਧ-ਬੋਧ ਹੈ, ਜੋ ਅਸੀਂ ਢੋਅ ਰਹੇ ਹਾਂ। ਅਸੀਂ ਯਤਨ ਤਾਂ ਕੀਤੇ, ਪਰ ਸਾਡੇ ਤੋਂ ਕਾਫ਼ੀ ਯਤਨ ਨਹੀਂ ਹੋਏ। ਅਸੀਂ ਰਾਫਾ ਜਾਵਾਂਗੇ। ਸਾਡੇ ਵਿੱਚੋਂ ਬਹੁਤ ਸਾਰੇ ਪੱਤਰਕਾਰ। ਅਸੀਂ ਵਿਰੋਧ ਵਜੋਂ ਗਾਜ਼ਾ ਸਰਹੱਦ ਦੇ ਬਾਹਰ ਖੜ੍ਹੇ ਰਹਾਂਗੇ। ਅਸੀਂ ਲਿਖਾਂਗੇ ਅਤੇ ਫਿਲਮਾਂ ਬਣਾਵਾਂਗੇ। ਇਹੀ ਤਾਂ ਅਸੀਂ ਕਰਦੇ ਹਾਂ। ਇਹ ਬਹੁਤ ਕੁਝ ਤਾਂ ਨਹੀਂ ਹੈ, ਪਰ ਇਹ ਕੁਝ ਤਾਂ ਹੈ। ਅਸੀਂ ਤੁਹਾਡੀ ਕਹਾਣੀ ਮੁੜ ਦੱਸਾਂਗੇ। ਸ਼ਾਇਦ ਇਹ ਕਾਫ਼ੀ ਹੋਵੇਗਾ ਤੁਹਾਡੇ ਤੋਂ ਮਾਫ਼ੀ ਮੰਗਣ ਦਾ ਹੱਕ ਲੈਣ ਲਈ।

**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

ਸਫ਼ਾ 3 ਦੀ ਬਾਕੀ

## ਮਨੁੱਖ ਦੇ ਮਨੁੱਖ ਬਣੇ ਰਹਿਣ...

ਇਸ ਪੁਸਤਕ ਦੀ ਟਾਈਟਲ ਕਵਿਤਾ 'ਅੱਖਰਾਂ ਦੇ ਸਰਚਸ਼ਮੇ' ਸਿਰਫ਼ ਕਾਵਿ ਸਿਰਜਣਾ ਹੀ ਨਹੀਂ, ਇਹ ਜ਼ਿੰਦਗੀ ਦੀ ਗਹਿਰਾਈ ਵਿੱਚੋਂ ਕਸ਼ੀਦ ਕੀਤੇ ਗਏ ਅਨੁਭਵ ਦੀ ਫਲਸਫ਼ਾਨਾ ਬਿੰਬਕਾਰੀ ਹੈ। ਇਹ ਉਹ ਵਿਜ਼ਨ ਹੈ, ਜਿਸ ਵਿੱਚੋਂ ਗਿਆਨ ਦੀ ਸਮੁੱਚੀ ਸੰਗਠਨਕਾਰੀ ਅਤੇ ਭਾਰਤੀ ਗਿਆਨ ਸ਼ਾਸਤਰੀ ਪਰੰਪਰਾ ਦੀ ਅਨੁਭਵ ਯੁਕਤ, ਸੰਵੇਦਨਾਮੂਲਕ ਅਤੇ ਸਿਰਜਣਾਤਮਕ ਭਾਸ਼ਾ ਵਿੱਚ ਪ੍ਰਸਤੁਤ ਹੋਏ ਮੋਹਵੰਤੇ ਮੁੱਹਬਤੀ ਬੋਲ ਉਸਰਦੇ ਹਨ। ਇਹ ਗਿਆਨ ਯੁਕਤ ਮੁੱਹਬਤੀ ਬੋਲ ਹੀ ਹਨ, ਜਿਹੜੇ ਮਨੁੱਖ ਦੀ ਠੰਢੀ ਜੱਖ਼ ਹੁੰਦੀ ਜਾ ਰਹੀ ਸੰਵੇਦਨਾ ਨੂੰ ਨਵੇਂ ਅਰਥ ਪ੍ਰਦਾਨ ਕਰਦੇ ਹਨ। ਇਹਨਾਂ ਬੋਲਾਂ ਦੀ ਸਿਰਜਣਾਤਮਕ ਧੁਨੀ ਬ੍ਰਹਿਮੰਡੀ ਉਚਾਈਆਂ ਨੂੰ ਛੂੰਹਦੀ ਹੈ ਤੇ ਮਾਨਵ ਮਸਤਕ ਵਿੱਚ ਨਵੇਂ ਅਰਥਾਂ ਦਾ ਸੰਚਾਰ ਕਰਦੀ ਹੈ। ਕੁੱਲ ਮਿਲਾ ਕੇ ਰਾਮਪਾਲ ਦੀ ਕਵਿਤਾ ਦੇ ਕਲੇਵਰ ਵਿੱਚ ਸਮਕਾਲੀ ਮਨੁੱਖ ਦੇ ਜੀਵਨ ਦੀ ਹਰ ਇੱਕ ਪਰਤ ਸ਼ਾਮਲ ਹੈ। ਉਹ ਇਕੋ ਵੇਲੇ ਮਨੁੱਖ ਦੇ ਵਰਤਮਾਨ, ਭੂਤ ਅਤੇ ਭਵਿੱਖੀ ਸਰੋਕਾਰਾਂ ਨੂੰ ਸੰਬੋਧਤ ਹੁੰਦਾ ਹੈ। ਉਹ ਮਨੁੱਖੀ ਮਨ ਦੇ ਚੇਤਨ, ਅਵਚੇਤਨ ਵਿੱਚ ਵਾਪਰ ਰਹੇ ਉਗੜ-ਦੁਗੜੇ ਜਜ਼ਬਿਆਂ ਨੂੰ ਫੜਨ ਦੇ ਸਮਰੱਥ ਹੈ। ਉਹ ਸਮਕਾਲੀ ਮਨੁੱਖ ਨੂੰ ਦਰਪੇਸ਼ ਔਕੜਾਂ, ਦੁਸ਼ਵਾਰੀਆਂ, ਚੁਣੌਤੀਆਂ ਨੂੰ ਚੇਤਨ ਤੌਰ 'ਤੇ ਸਮਝਦਾ ਅਤੇ ਪ੍ਰਸਤੁਤ ਕਰਦਾ ਹੈ। ਉਸ ਦੀ ਕਵਿਤਾ ਸਮਾਜਕ ਕੁਹਜ ਅਤੇ ਬੌਧਿਕ ਗੁਲਾਮੀ ਉਪਰ ਇੱਕ ਆਲੋਚਨਾਤਮ ਕਰਟੀਕ ਹੈ। ਇਸ ਪੁਸਤਕ ਲਈ ਉਸ ਨੂੰ ਬਹੁਤ-ਬਹੁਤ ਮੁਬਾਰਕਾਂ।

ਸਫ਼ਾ 3 ਦੀ ਬਾਕੀ

## ਜ਼ਿੰਦਗੀ ਦਾ ਸਹਿਜ ਬਿਰਤਾਂਤ...

ਆਪਣੇ ਨਾਲ ਦੇ ਹੋਰ ਦੇਸ਼ਾਂ ਦੇ ਸਾਥੀਆਂ, ਸਹਿਯੋਗੀਆ ਦਾ ਜ਼ਿਕਰ ਬਹੁਤ ਦਿਲਚਸਪ ਤੇ ਅੰਤਰਰਾਸ਼ਟਰੀ ਮੁੱਹਬਤ ਦੀ ਝਲਕ ਪੇਸ਼ ਕਰਦਾ ਹੈ। ਇਹ ਮਾਨਵੀ ਪਿਆਰ ਪੁਸਤਕ ਦਾ ਹਾਸਲ ਹੈ। ਬਚਿੰਤ ਕੌਰ ਦਾ ਅਕਸ ਇਕ ਕਰਮਯੋਗੀ ਵਾਲਾ ਮਹਿਸੂਸ ਹੁੰਦਾ ਹੈ। ਅਮਰੀਕਾ ਉਹ ਕਿਸੇ ਕੰਮ ਲਈ ਵੀ ਹਰ ਵੇਲੇ ਤਿਆਰ ਹੈ, ਕੋਈ ਝਿਜਕ ਨਹੀ ਮੰਨਦੀ, ਕਿਉਂਕਿ ਵਿਦੇਸ਼ਾਂ ਵਿਚ ਕੰਮ ਦਾ ਪੂਰਾ ਮੁੱਲ ਮਿਲਦਾ ਹੈ। ਕੋਈ ਕੰਮ ਕਿਸੇ ਵਿਸ਼ੇਸ਼ ਜਾਤੀ ਨਾਲ ਨਹੀਂ ਜੁੜਿਆ ਹੋਇਆ। ਕੰਮ ਲੈਣ ਲਈ ਬਾਕਾਇਦਾ ਰੁਜ਼ਗਾਰ ਦਫਤਰ ਹਨ। ਕਿਤੇ ਕੋਈ ਸਿਫਾਰਸ਼ ਨਹੀਂ। ਨਿੱਜੀ ਥਾਵਾਂ 'ਤੇ ਵੀ ਕੰਮ ਦੀ ਪੂਰੀ ਉਜਰਤ ਹੈ, ਮਿਹਨਤ ਦਾ ਮੁੱਲ ਪੈਂਦਾ ਹੈ। ਬਚਿੰਤ ਕੌਰ ਅਮਰੀਕਾ ਦੇ ਇਸ ਸੁਚੱਜੇ ਪ੍ਰਬੰਧ ਦਾ ਪੂਰਾ ਲਾਭ ਲੈਂਦੀ ਹੈ। ਬਾਬਾ ਨਾਨਕ ਦੀ ਕਿਰਤ ਦਾ ਮੁੱਲ ਹੀ ਅਸਲ ਵਿਚ ਇਨ੍ਹਾਂ ਦੇਸ਼ਾਂ ਵਿਚ ਪਿਆ ਹੈ, ਸਾਡੇ ਦੇਸ਼ ਤੋਂ ਪਰਵਾਸ ਦਾ ਇਕ ਕਾਰਨ ਹੀ ਇਹੋ ਹੈ।

ਅਮਰੀਕਾ ਤੋਂ ਵਾਪਸ ਆ ਕੇ ਬਚਿੰਤ ਕੌਰ ਨੇ ਡੇਰਾ ਬਿਆਸ ਵਿਖੇ ਹੋਸਟਲ ਵਾਰਡਨ ਦੀ ਨੌਕਰੀ 12 ਸਾਲ ਕੀਤੀ। ਇਸ ਨੌਕਰੀ ਦਾ ਪੂਰਾ ਪਿਛੋਕੜ ਪਾਠਕ ਦੇ ਪੜ੍ਹਨ ਵਾਲਾ ਹੈ। ਡੇਰਾ ਬਿਆਸ ਦੀ ਇਸ ਮਨਪਸੰਦ ਨੌਕਰੀ ਤੋਂ ਬਚਿੰਤ ਕੌਰ 2016 ਵਿਚ ਸੇਵਾ-ਮੁਕਤ ਹੋਈ ਤੇ ਸੇਵਾਮੁਕਤੀ ਪਿਛੋਂ ਉਹ ਡੇਰੇ ਦੇ ਇਕ ਫਲੈਟ ਵਿਚ ਅਧਿਆਤਮਿਕ ਰਾਹਾਂ ਦੀ ਪਾਂਧੀ ਹੈ। ਡੇਰਾ ਬਿਆਸ ਨੂੰ ਉਹ ਸਵਰਗਨੁਮਾ ਧਰਤੀ ਮੰਨਦੀ ਹੈ। ਇਸ ਡੇਰੇ ਵਿਚ ਰਹਿ ਕੇ ਉਸ ਨੂੰ ਮਾਨਸਿਕ ਸਕੂਨ ਪ੍ਰਾਪਤ ਹੈ ਤੇ ਸਾਹਿਤ ਸਿਰਜਨਾ ਦਾ ਕੰਮ ਕਰ ਰਹੀ ਹੈ। ਬਚਿੰਤ ਕੌਰ ਦੀ ਸਵੈਜੀਵਨੀ ਪੰਜਾਬੀ ਸਵੈਜੀਵਨੀ ਸਾਹਿਤ ਦੀ ਮਹੱਤਵਪੂਰਨ ਦਸਤਾਵੇਜ਼ ਹੈ। ਭਰਪੂਰ ਸਵਾਗਤ ਹੈ। ਪਾਠਕ ਸਵੈ-ਜੀਵਨੀ ਤੋਂ ਬਹੁਤ ਕੁਝ ਪ੍ਰਾਪਤ ਕਰ ਸਕਦੇ ਹਨ।

**—ਸੰਪਰਕ 98148-56160**

ਆਖਰੀ ਸਫ਼ਾ ਦੀ ਬਾਕੀ

## ਮੈਂ ਪੰਜਾਬੀਆਂ ਦੀ ਸਮੁੱਚੀ ਜੀਵਨ ਧੜਕਨ ਨੂੰ ਆਪਣੀਆਂ ਕਹਾਣੀਆਂ...

ਸ਼ਬਦਾਵਾਲੀ ਥੱਲੇ ਕਰਾਹ ਰਹੇ 'ਖੁਸ਼ਕ ਆਲੋਚਕ' ਦੀ ਗੱਲ ਨਹੀਂ ਕਰ ਰਿਹਾ। ਤੁਹਾਨੂੰ ਪਤਾ ਹੀ ਹੈ ਕਿ ਸਾਹਿਤਕ ਖੇਤਰ ਵਿੱਚ ਮੈਂ 2002 ਵਿੱਚ ਆਪਣੀ ਆਲੋਚਨਾਤਮਕ ਪੁਸਤਕ 'ਬਿਰਤਾਂਤ ਸ਼ਾਸਤਰ: ਉੱਤਰ ਆਧੁਨਿਕ ਪਰਿਪੇਖ' ਨਾਲ ਦਸਤਕ ਦਿੱਤੀ ਸੀ। ਸਿਰਜਣਾ ਦੇ ਨਾਲ-ਨਾਲ ਆਲੋਚਨਾ ਦਾ ਕਾਰਜ ਅਗਲੇ ਸਾਲਾਂ ਵਿੱਚ ਚਲਦਾ ਰਹਿੰਦਾ ਹੈ। 2012 ਵਿੱਚ ਮੇਰੀਆਂ ਦੋ ਪੁਸਤਕਾਂ 'ਹੀਰ ਵਾਰਿਸ: ਬਿਰਤਾਂਤ ਸ਼ਾਸਤਰੀ ਪਰਿਪੇਖ' ਅਤੇ 'ਪੰਜਾਬੀ ਗਲਪ ਦੇ ਆਰ-ਪਾਰ' ਪ੍ਰਕਾਸ਼ਤ ਹੁੰਦੀਆਂ ਹਨ। ਇਨ੍ਹਾਂ ਪੁਸਤਕਾਂ ਵਿੱਚ ਮੇਰਾ ਉਸ ਵੇਲੇ ਤੱਕ ਦਾ ਸਮੁੱਚਾ ਖੋਜ ਕਾਰਜ ਸਮੇਟਿਆ ਹੋਇਆ ਹੈ। ਇਸ ਉਪਰੰਤ ਵੀ ਮੈਂ ਥੋੜ੍ਹਾ-ਬਹੁਤ ਹੀ ਕਾਰਜ ਕੀਤਾ ਹੈ, ਪਰ ਪਿਛਲੇ ਬਾਰਾਂ-ਤੇਰਾਂ ਸਾਲਾਂ ਤੋਂ ਮੈਂ ਆਪਣੀ ਸਿਰਜਣਾਤਮਕ ਊਰਜਾ ਨੂੰ ਜ਼ਿਆਦਾਤਰ ਕਹਾਣੀ ਲਿਖਣ ਦੇ ਲੇਖੇ ਹੀ ਲਾਇਆ ਹੈ। ਕਈ ਗਲਪ ਲੇਖਕ ਇਸ ਗੱਲ ਲਈ ਕਈ ਵਾਰ ਮੱਠੀ-ਮੱਠੀ ਆਰ ਜਿਹੀ ਵੀ ਲਾਉਂਦੇ ਹਨ, ਪਰ ਮੈਂ ਉਨ੍ਹਾਂ ਨੂੰ ਕਹਿ ਛੱਡਦਾਂ, 'ਮੈਂ ਤਾਂ ਹੁਣ ਆਪ ਆਪਣੇ ਲਈ ਆਲੋਚਕ ਲੱਭਦਾ ਫਿਰਦਾਂ (ਹੱਸਦੇ ਹੋਏ)।'

ਇਥੇ ਮੈਂ ਇਹ ਗੱਲ ਜ਼ਰੂਰ ਸਪੱਸ਼ਟ ਕਰ ਦਿਆਂ ਕਿ ਹੋਰ ਬਹੁਤ ਸਾਰੇ ਲੇਖਕਾਂ ਵਾਂਗ ਮੈਂ ਆਲੋਚਨਾ ਦੇ ਕਾਰਜ ਨੂੰ ਨਿੰਦਦਾ ਨਹੀਂ ਅਤੇ ਨਾ ਹੀ ਇਸ ਨੂੰ ਦੋਮ ਦਰਜੇ ਦਾ ਕਾਰਜ ਮੰਨਦਾ ਹਾਂ। ਇਸ ਖੇਤਰ ਵਿੱਚ ਬਹੁਤ ਗਹਿਗੱਚ ਹੋ ਕੇ ਵਿਚਰਨ ਕਾਰਨ ਮੈਨੂੰ ਪਤਾ ਹੈ ਕਿ ਇਹ ਖੇਤਰ ਬਹੁਤ ਹੀ ਮਿਹਨਤ ਅਤੇ ਪ੍ਰਤਿਭਾ ਦੀ ਮੰਗ ਕਰਨ ਵਾਲਾ ਹੈ। ਸਾਡੇ ਕੋਲ ਪਾਏਦਾਰ ਪਰਖ-ਪੜਚੋਲੀਆਂ ਦੀ ਬਹੁਤ ਤੋਟ ਹੈ। ਅਜਿਹੇ ਵਿਦਵਾਨ ਪਰਖ-ਪੜਚੋਲੀਏ, ਜੋ ਸਾਹਿਤਕ ਰਚਨਾਵਾਂ ਦੇ ਸੁਹਜ ਦੀ ਥਾਹ ਪਾਉਂਦਿਆਂ ਇਨ੍ਹਾਂ ਅੰਦਰਲੇ ਛੁਪੇ ਮਰ੍ਹਮ ਤੱਕ ਰਸਾਈ ਕਰਨ ਦੇ ਸਮਰੱਥ ਹੋਣ। ਅੱਗੋਂ ਇਸ ਮਰ੍ਹਮ ਨੂੰ ਵੱਡੇ ਪ੍ਰਸੰਗ ਵਿੱਚ ਸਮਝਦੇ ਹੋਏ ਸਾਹਿਤਕ ਕਿਰਤ ਦੀ ਕੀਮਤ ਦਾ ਸਹੀ-ਸਹੀ ਨਿਰਣਾ ਕਰ ਸਕਣ। ਅਜਿਹਾ ਨਿਰਣਾ ਕਰਦਿਆਂ ਆਪਣੀ ਸੋਚ ਅਤੇ ਧੜੇਬੰਦੀਆਂ ਦੇ ਸੀਮਤ ਦਾਇਰਿਆਂ ਤੋਂ ਪਾਰ ਵਿਚਰਦੇ ਹੋਏ ਨਵੀਂ ਰੌਸ਼ਨੀ ਨਾਲ ਪੜ੍ਹਨ ਵਾਲਿਆਂ ਨੂੰ ਭਰ ਦੇਣ। ਅਜਿਹੀ ਪਰਖ-ਪੜਚੋਲ ਜਿਸ ਵਿੱਚੋਂ ਲੇਖਕ ਵੀ ਸੱਚੀ-ਮੁੱਚੀਂ ਕੁਝ ਨਵਾਂ ਸਿੱਖ ਸਕੇ। ਸੱਚੀ ਗੱਲ ਤਾਂ ਇਹ ਹੈ ਕਿ ਸਾਡੇ ਆਸ-ਪਾਸ ਵਿਦਵਾਨ ਸਮੀਖਿਅਕਾਂ ਦੀ ਥਾਂ ਜ਼ਿਆਦਾਤਰ ਪ੍ਰਸੰਗ ਸਾਹਿਤ ਵਿਆਖਿਆ ਵਾਲੇ ਵਿਆਖਿਆਕਾਰ ਹੀ ਤੁਰੇ ਫਿਰਦੇ ਨਜ਼ਰੀਂ ਪੈਂਦੇ ਹਨ। ਆਲੋਚਕਾਂ ਦੀ ਇਸ ਤੋਟ ਕਾਰਨ ਹੀ ਜੇ ਕੋਈ ਥੋੜ੍ਹਾ ਜਿਹਾ ਵੀ ਚੰਗਾ ਕਾਰਜ ਕਰਦਾ ਦਿਸੇ ਤਾਂ ਲੇਖਕ ਲੋਕ ਉਸ ਮਗਰ ਪੁਸਤਕਾਂ ਫੜੀ ਲਾਈਨਾਂ ਲਗਾ ਕੇ ਖਲੋਤੇ ਨਜ਼ਰ ਪੈਂਦੇ ਹਨ। ਸੱਚ ਕਹਾਂ, ਮੈਂ ਜਦ ਆਲੋਚਕ ਸੀ ਤਾਂ ਪੁੱਛ-ਗਿੱਛ ਜ਼ਿਆਦਾ ਸੀ (ਹੱਸਦੇ ਹੋਏ)।

**? ਕਿਤੇ ਆਲੋਚਨਾ ਦਾ ਖੇਤਰ ਛੱਡ ਕਹਾਣੀਕਾਰ ਬਣ ਜਾਣ ਦਾ ਮਲਾਲ ਤਾਂ ਨਹੀਂ? ਇਹ ਭੇਤ ਵੀ ਸਪੱਸ਼ਟ ਕਰੋ ਕਿ ਇੱਕ ਸਫ਼ਲ ਲੇਖਕ ਦੀ ਪਛਾਣ ਤਾਂ ਪਾਠਕ ਹੁੰਦੇ ਹਨ, ਪਰ ਪੰਜਾਬੀ ਲੇਖਕ ਫਿਰ ਵੀ ਆਲੋਚਕਾਂ ਵੱਲ ਝਾਕਦਾ ਹੈ।**

—ਖ਼ੈਰ! ਇਹ ਤਾਂ ਹਾਸੇ ਦੀਆਂ ਗੱਲਾਂ ਨੇ। ਬੰਦੇ ਨੇ ਬਣਨਾ ਉਹੀ ਹੁੰਦਾ ਹੈ, ਜੋ ਉਸ ਦੇ ਅੰਦਰ ਬਣਨ ਦਾ ਬੀਜ ਪਿਆ ਹੁੰਦਾ ਹੈ। ਮੈਂ ਜਿਵੇਂ ਪਹਿਲਾਂ ਕਿਹਾ ਸੀ ਕਿ ਮੈਨੂੰ ਆਲੋਚਕ ਮੇਰੀ ਪੜ੍ਹਾਈ ਦੀ ਸਿਖਲਾਈ ਨੇ ਬਣਾਇਆ। ਵੈਸੇ ਸਾਹਿਤ ਦੇ ਖੇਤਰ ਵੱਲ ਮੇਰਾ ਝੁਕਾਅ ਬਣਨ ਦਾ ਕਾਰਨ ਕਦੇ ਵੀ ਕੋਈ ਆਲੋਚਕ ਜਾਂ ਉਸ ਦੀ ਲਿਖਤ ਨਹੀਂ ਸੀ। ਇਸ ਲਈ ਜੇ ਮੁਢਲੇ ਸਰੋਤ ਪਛਾਣਨ ਦੇ ਰਾਹ ਤੁਰਾਂ ਤਾਂ ਇਹ ਸਾਡੇ ਲੇਖਕਾਂ ਦੀਆਂ ਉਹ ਰਚਨਾਵਾਂ ਸਨ, ਜਿਨ੍ਹਾਂ ਮੇਰੇ ਮਨ ਨੂੰ ਬਚਪਨ ਅਤੇ ਚੜ੍ਹਦੀ ਜਵਾਨੀ ਦੇ ਸਮੇਂ ਟੁੰਬਿਆ। ਬਚਪਨ ਵਿੱਚ ਪੰਚਤੰਤਰ ਦੀਆਂ ਕਹਾਣੀਆਂ ਅਤੇ ਪੰਜਾਬੀ ਪਾਠ ਪੁਸਤਕਾਂ ਵਿੱਚ ਲੇਖਕਾਂ ਦੀਆਂ ਛਪੀਆਂ ਰਚਨਾਵਾਂ ਦਾ ਇਸ ਵਿੱਚ ਬੁਨਿਆਦੀ ਰੋਲ ਹੈ। ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਗੱਡੇ ਜੋੜ ਕੇ ਬਣਾਈ ਸਟੇਜ ਮੂਹਰੇ ਪਰਾਲੀ 'ਤੇ ਬੈਠ ਕੇ ਭਾਅ ਜੀ ਗੁਰਸ਼ਰਨ ਸਿੰਘ ਦੇ ਵੇਖੇ ਨਾਟਕਾਂ ਨੇ ਵੀ ਕਿਸੇ ਸਮੇਂ ਮਲੂਕ ਮਨ 'ਤੇ ਜਾਦੂਈ ਪ੍ਰਭਾਵ ਛੱਡਿਆ ਸੀ। ਜ਼ਰਾ ਵੱਡਾ ਹੋਇਆ ਤਾਂ ਦੂਰਦਰਸ਼ਨ 'ਤੇ ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੂ' 'ਤੇ ਬਣੇ ਲੜੀਵਾਰ ਡਰਾਮੇ ਨੇ ਵੀ ਅੰਦਰੋਂ ਤਰਲ ਕਰ ਦਿੱਤਾ ਸੀ। ਦਸਵੀਂ ਦੇ ਪੇਪਰ ਦੇ ਕੇ ਪੜ੍ਹੇ ਜਸਵੰਤ ਸਿੰਘ ਕੰਵਲ ਦੇ ਨਾਵਲ 'ਰਾਤ ਬਾਕੀ ਹੈ' ਨੇ ਤਾਂ ਕੁਝ ਅਜਿਹਾ ਆਪਣੀ ਪਕੜ ਵਿੱਚ ਲਿਆ ਸੀ ਕਿ ਇਹ ਨਾਵਲ ਜਵਾਨੀ ਦੀਆਂ ਪੌੜੀਆਂ ਚੜ੍ਹਦਿਆਂ ਬਹੁਤ ਦੇਰ ਮੇਰੇ ਨਾਲ-ਨਾਲ ਹੀ ਤੁਰਦਾ ਰਿਹਾ ਸੀ। ਮੈਂ ਸਾਇੰਸ ਦਾ ਖੇਤਰ ਛੱਡ ਜਦ ਸਾਹਿਤ ਦੇ ਖੇਤਰ ਵਿੱਚ ਕੁੱਦਿਆ ਸੀ ਤਾਂ ਇਸ ਪਿੱਛੇ ਪ੍ਰੇਰਨਾ-ਸਰੋਤ ਇਹੀ ਸਿਰਜਣਾਤਮਕ ਲੇਖਕ ਤੇ ਇਨ੍ਹਾਂ ਦਾ ਸਿਰਜਿਆ ਸੰਸਾਰ ਸੀ। ਇਸ ਲਈ ਆਲੋਚਨਾ ਵਾਲੇ ਖੇਤਰ ਵਿੱਚ ਪੈਰ ਤਾਂ ਰੋਜ਼ੀ-ਰੋਟੀ ਦੇ ਖੇਤਰ ਲਈ ਹਾਣੀ ਬਣਦਿਆਂ ਰੱਖਿਆ ਗਿਆ ਸੀ। ਮਨ ਦੀ ਅੰਦਰਲੀ ਆਵਾਜ਼ ਤਾਂ ਲੇਖਕ ਬਣ ਕੇ ਕੁਝ ਸਿਰਜ ਸਕਣ ਦੀ ਚਾਹਤ ਵਿੱਚ ਹੀ ਛੁਪੀ ਹੋਈ ਸੀ। ਇਹ ਆਵਾਜ਼ ਮੇਰੇ ਅੰਦਰ ਹਰ ਦਮ ਗੂੰਜਦੀ ਰਹੀ ਹੈ। ਇਹ ਗੂੰਜ ਕਦੇ ਮੱਧਮ ਅਤੇ ਕਦੇ ਉੱਚੀ ਹੁੰਦੀ ਰਹੀ ਹੈ, ਪਰ ਬੰਦ ਕਦੇ ਨਹੀਂ ਹੋਈ। ਇਸ ਲਈ ਮਲਾਲ ਵਾਲੀ ਗੱਲ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਤੁਹਾਡੇ ਪ੍ਰਸ਼ਨ ਦਾ ਜਿਹੜਾ ਦੂਜਾ ਹਿੱਸਾ ਹੈ, ਉਹ ਬਹੁਤ ਮਹੱਤਵਪੂਰਨ ਹੈ। ਆਦਰਸ਼ਕ ਸਥਿਤੀ ਤਾਂ ਇਹੀ ਹੈ ਕਿ ਲੇਖਕ ਲਿਖੇ ਤੇ ਪਾਠਕ ਉਸ ਨੂੰ ਪੜ੍ਹ ਕੇ ਹੁੰਗਾਰਾ ਭਰਨ। ਇਸ ਹੁੰਗਾਰੇ ਨਾਲ ਆਪੇ ਹੀ ਮਿਆਰੀ ਅਤੇ ਹਲਕੀ ਲਿਖਤ ਦੀ ਪਛਾਣ ਹੋ ਜਾਵੇ। ਦਰਅਸਲ ਪੰਜਾਬੀ ਦੇ ਸਾਹਿਤਕ ਹਲਕਿਆਂ ਦੀ ਹਕੀਕਤ ਇਹ ਹੈ ਕਿ ਪੰਜਾਬੀ ਲੇਖਕ ਪਾਠਕ ਲਈ ਤਰਸਿਆ ਪਿਆ ਹੈ। ਇਸ ਗੱਲ ਨੂੰ ਭਾਵੇਂ ਲੇਖਕ ਮੰਨਣ ਲਈ ਤਿਆਰ ਨਹੀਂ, ਪਰ ਸਥਿਤੀ ਦਾ ਸੱਚ ਤਾਂ ਇਹੀ ਹੈ। ਵੱਡੇ ਤੋਂ ਵੱਡੇ ਪੰਜਾਬੀ ਲੇਖਕ ਦੀ ਪੁਸਤਕ ਦੀ ਛਪਣ ਗਿਣਤੀ ਤੋਂ ਅੰਦਾਜ਼ਾ ਲਗਾ ਸਕਦੇ ਹੋ। ਜੇ ਇਹ ਸੈਂਕੜਿਆਂ ਜਾਂ ਹਜ਼ਾਰ ਤੱਕ ਦੀ ਗਿਣਤੀ ਵਿੱਚ ਛਪਦੀ ਹੈ ਤਾਂ ਦਰਮਿਆਨੇ ਤੇ ਹੇਠਲੇ ਲੇਖਕਾਂ ਦੀ ਸਥਿਤੀ ਕੀ ਹੋਵੇਗੀ? ਕਹਿਣ ਨੂੰ ਤਾਂ ਸੰਸਾਰ ਭਰ ਵਿੱਚ ਫੈਲੇ 13-14 ਕਰੋੜ ਪੰਜਾਬੀਆਂ ਵਾਲਾ ਅੰਕੜਾ ਸੁਣਨਾ ਮਨ ਨੂੰ ਖੁਸ਼ ਕਰਦਾ ਹੈ। ਉਸ ਵੇਲੇ ਤਾਂ ਹੋਰ ਵੀ ਖੁਸ਼ ਹੋ ਜਾਈਦਾ ਹੈ, ਜਦੋਂ ਇਹ ਕਿਹਾ ਜਾਂਦਾ ਹੈ ਕਿ ਬੋਲਣ ਵਾਲਿਆਂ ਦੇ ਲਿਹਾਜ਼ ਨਾਲ ਪੰਜਾਬੀ ਭਾਸ਼ਾ ਦੁਨੀਆ ਵਿੱਚ ਨੌਵੇਂ ਨੰਬਰ ਦੀ ਭਾਸ਼ਾ ਹੈ। ਇਹ ਆਪਣੀ ਪਿੱਠ ਆਪ ਥਾਪੜਨ ਲਈ ਬਹੁਤ ਚਿਲਕਵਾਂ ਅੰਕੜਾ ਹੈ, ਪਰ ਜੇ ਪੰਜਾਬੀ ਲੇਖਕਾਂ ਦੇ ਪਾਠਕਾਂ ਦੀ ਗਿਣਤੀ 'ਤੇ ਝਾਤ ਮਾਰੀਏ ਤਾਂ ਸਾਰੀ ਹਵਾ ਸਰਕ ਜਾਂਦੀ ਹੈ। ਪਾਠਕਾਂ ਦੇ ਇਸ ਸੰਕਟ ਕਾਰਨ ਪੰਜਾਬੀ ਲੇਖਕ ਅੱਡੀਆਂ ਚੁੱਕ-ਚੁੱਕ ਆਲੋਚਕਾਂ ਵੱਲ ਵੇਖਦਾ ਹੈ। ਕਿਸੇ ਨੂੰ ਉਤਾਂਹ ਚੜ੍ਹਾਉਣ ਜਾਂ ਥੱਲੇ ਡੇਗਣ ਵਿੱਚ ਉਸ ਦੀ ਭੂਮਿਕਾ ਬਹੁਤ ਵੱਡੀ ਹੋ ਗਈ ਹੈ। ਮੈਨੂੰ ਸਗੋਂ ਹੁਣ ਜਾਪਦਾ ਹੈ ਕਿ ਆਲੋਚਕਾਂ ਨਾਲੋਂ ਵੀ ਜ਼ਿਆਦਾ ਕਿਸੇ ਸਾਹਿਤਕ ਅਦਾਰੇ ਦੀ ਮਹੱਤਵਪੂਰਨ ਕੁਰਸੀ 'ਤੇ ਬੈਠਾ ਬੰਦਾ ਜਿਹੜਾ ਇਨਾਮਾਂ/ਸਨਮਾਨਾਂ ਨੂੰ ਦੇਣ, ਦਿਵਾਉਣ ਵਿੱਚ ਮਹੱਤਵਪੂਰਨ ਹੋਵੇ, ਉਸ ਦਾ ਮਹੱਤਵ ਬਹੁਤ ਜ਼ਿਆਦਾ ਵਧ ਗਿਆ ਹੈ। ਮੌਜੂਦਾ ਦੌਰ ਵਿੱਚ ਬਹੁਤ ਸਾਰੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਕਾਰਨਾਂ ਕਰਕੇ ਨਵੀਂ ਪੀੜ੍ਹੀ ਦੀ ਪੰਜਾਬੀ ਭਾਸ਼ਾ ਤੋਂ ਬਣਦੀ ਦੂਰੀ ਨਾਲ ਇਹ ਮਸਲਾ ਨਿੱਤ ਦਿਨ ਹੋਰ ਤਿੱਖਾ ਅਤੇ ਪੇਚੀਦਾ ਹੋ ਰਿਹਾ ਹੈ। ਇਸ ਸਾਰੀ ਸਥਿਤੀ ਵਿੱਚ ਵੀ ਪੰਜਾਬੀ ਲੇਖਕ ਜੇ ਪਾਏਦਾਰ ਲਿਖਣ ਲਈ ਹੰਭਲੇ ਮਾਰਦਾ ਨਜ਼ਰ ਪੈਂਦਾ ਹੈ ਤਾਂ ਉਸ ਦੀ ਇਸ ਕਾਰਜ ਲਈ ਵਡਿਆਈ ਹੋਣੀ ਬਣਦੀ ਹੈ।

**? ਤੁਹਾਡੀ 'ਪਾਏਦਾਰ' ਵਾਲੀ ਗੱਲ ਬੜੀ ਮਹੱਤਵਪੂਰਨ ਹੈ। ਜ਼ਰਾ ਸਪੱਸ਼ਟ ਕਰੋ ਕਿ ਤੁਸੀਂ ਕਿਸ ਤਰ੍ਹਾਂ ਦੇ ਸਾਹਿਤ ਨੂੰ 'ਪਾਏਦਾਰ' ਮੰਨਦੇ ਹੋ।**

—ਮੇਰੀ ਨਜ਼ਰ ਵਿੱਚ ਪਾਏਦਾਰ ਸਾਹਿਤ ਉਹ ਹੈ, ਜੋ ਬੰਦੇ ਅੰਦਰਲੀਆਂ ਅਮਾਨਵੀ ਬਿਰਤੀਆਂ ਨੂੰ ਮਾਨਵੀ ਬਿਰਤੀਆਂ ਵਿੱਚ ਤਬਦੀਲ ਕਰਨ ਦੀ ਤਾਕਤ ਰੱਖਦਾ ਹੋਵੇ। ਉਸ ਨੂੰ ਆਪਣੇ ਆਲੇ-ਦੁਆਲੇ ਨੂੰ ਵੇਖਣ-ਸਮਝਣ ਦੀ ਨਵੀਂ ਸੂਝ ਦੇਵੇ। ਡਿੱਗੇ-ਢੱਠੇ ਬੰਦੇ ਅੰਦਰ ਨਵੀਂ ਊਰਜਾ ਦਾ ਸੰਚਾਰ ਕਰੇ। ਇਹ ਊਰਜਾ ਆਪਣੇ ਹੱਕ-ਸੱਚ ਲਈ ਲੜਨ ਵਾਲੀਆਂ ਲਤਾੜੀਆਂ ਧਿਰਾਂ ਦੇ ਹੱਕ ਵਿੱਚ ਭੁਗਤਣ ਵਾਲੀ ਹੋਵੇ, ਪਰ ਸਾਹਿਤਕ ਕਿਰਤ ਇਹ ਸਾਰਾ ਕਾਰਜ ਬਹੁਤ ਸੂਖ਼ਮਤਾ ਨਾਲ ਕਰੇ। ਬਿਨ੍ਹਾਂ ਕਿਸੇ ਸ਼ੋਰ-ਸ਼ਰਾਬੇ ਤੇ ਉੱਚੇ ਨਾਅਰਿਆਂ ਤੋਂ ਬਗੈਰ। ਲਿਖਤ ਪੜ੍ਹ ਕੇ ਜੇ ਪਾਠਕ ਨਵੀਂ ਊਰਜਾ ਮਹਿਸੂਸ ਨਹੀਂ ਕਰਦਾ ਤਾਂ ਲਿਖਤ ਆਪਣੇ ਉਦੇਸ਼ ਤੋਂ ਥੱਲੇ ਰਹਿ ਗਈ ਮੰਨੀ ਜਾਣੀ ਚਾਹੀਦੀ ਹੈ। ਜੇ ਕੋਈ ਰਚਨਾ ਪਾਠਕ ਦੀ ਸੋਚ ਦੇ ਨਵੇਂ ਕਪਾਟ ਨਹੀਂ ਖੋਲ੍ਹਦੀ ਤਾਂ ਰਚਨਾ ਨੂੰ ਸ਼ਬਦਾਂ ਦੀ ਖੇਡ ਮਾਤਰ ਹੀ ਮੰਨਣਾ ਪਵੇਗਾ। ਇਹ ਸਭ ਏਡੇ ਮਹਾਨ ਕਾਰਜ ਹਨ, ਜੋ ਹੈ ਤਾਂ ਬਹੁਤ ਟੇਢੀ ਖੀਰ, ਪਰ ਮੇਰੀ ਜਾਚੇ 'ਸਾਹਿਤਕ ਪਾਏਦਾਰੀ ਦੀਆਂ ਪਹਾੜੀਆਂ' ਨੂੰ ਇਹੀ ਰਸਤਾ ਜਾਂਦਾ ਹੈ।

**? ਤੁਹਾਡੇ ਕਹਾਣੀ ਸੰਗ੍ਰਹਿ 'ਫੁੱਲਾਂ ਦੀ ਫ਼ਸਲ' ਤੋਂ ਪਹਿਲਾਂ ਤੁਹਾਡੇ ਦੋ ਸਫ਼ਰਨਾਮੇ, ਇੱਕ ਸੰਪਾਦਨਾ ਪੁਸਤਕ ਅਤੇ ਤਿੰਨ ਆਲੋਚਨਾਤਮਕ ਪੁਸਤਕਾਂ ਦੀਆਂ ਪ੍ਰਕਾਸ਼ਨਾਵਾਂ ਹੋ ਚੁੱਕੀਆਂ ਹਨ। ਕੀ ਤੁਸੀਂ 'ਫੁੱਲਾਂ ਦੀ ਫ਼ਸਲ' ਦੇ ਹਾਂ-ਪੱਖੀ ਹੁੰਗਾਰੇ ਵਿੱਚ ਆਪਣੀਆਂ ਪੂਰਵਲੀਆਂ ਪ੍ਰਕਾਸ਼ਨਾਵਾਂ ਦੀ ਭੂਮਿਕਾ ਮੰਨਦੇ ਹੋ।**

—ਬਿਲਕੁਲ ਮੰਨਦਾ ਹਾਂ। ਖ਼ਾਸਕਰ ਮੇਰੇ ਸਫ਼ਰਨਾਮਿਆਂ ਨੇ ਮੈਨੂੰ ਅਤੇ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਮੇਰੇ ਅੰਦਰਲੇ ਗਲਪਕਾਰ ਦੇ ਦਰਸ਼ਨ ਕਰਵਾਏ ਹਨ। ਇਨ੍ਹਾਂ ਸਫ਼ਰਨਾਮਿਆਂ ਨੂੰ ਮੈਂ ਆਪਣੀ ਕਹਾਣੀ ਲੇਖਣ ਦੀ ਉਡਾਨ ਤੋਂ ਪਹਿਲਾਂ ਦੀ ਅਭਿਆਸਕ ਮਸ਼ਕ ਵਜੋਂ ਵੇਖਦਾ ਹਾਂ। ਵੈਸੇ ਇਨ੍ਹਾਂ ਸਫ਼ਰਨਾਮਿਆਂ ਦਾ ਆਪਣਾ ਵੱਖਰਾ ਮਹੱਤਵ ਹੈ। ਇਨ੍ਹਾਂ ਨੂੰ ਪੜ੍ਹ ਕੇ ਵਿਚਾਰ-ਚਰਚਾ ਦੌਰਾਨ ਸਾਹਿਤਕ ਸਿਆਣਿਆਂ ਨੇ ਮੈਨੂੰ ਗਲਪ ਲੇਖਣ ਵੱਲ ਮੋੜਾ ਕੱਟਣ ਦੇ ਵਡਮੁੱਲੇ ਸੁਝਾਅ ਦਿੱਤੇ ਹਨ। ਵੈਸੇ ਇਹ ਸਭ ਮੈਨੂੰ ਖ਼ੁਦ ਨੂੰ ਵੀ ਅੰਦਰੋਂ-ਅੰਦਰੀਂ ਮਹਿਸੂਸ ਹੁੰਦਾ ਸੀ। ਜਿੱਥੋਂ ਤੱਕ ਆਲੋਚਨਾ ਦੇ ਕਾਰਜ ਦਾ ਸਵਾਲ ਹੈ ਤਾਂ ਆਸ-ਪਾਸ ਦੇ ਵਰਤਾਰਿਆਂ ਨੂੰ ਆਲੋਚਨਾਤਮਕ ਅੱਖ ਨਾਲ ਵੇਖਣ ਦੀ ਸੂਝ ਤਾਂ ਜ਼ਰੂਰ ਹੀ ਇਸ ਨੇ ਦਿੱਤੀ ਹੈ। ਆਲੋਚਨਾ ਦਾ ਕਾਰਜ ਕਰਨ ਲਈ ਸਿਰਜਣਾਤਮਕ ਲੇਖਣ ਪੜ੍ਹਨਾ ਪੈਂਦਾ ਹੈ। ਇਸ ਜ਼ਰੂਰਤ ਲਈ ਬਹੁਤ ਸਾਰਾ ਪਾਏਦਾਰ ਲੇਖਣ ਪੜ੍ਹਨ ਅਤੇ ਇਸ ਨੂੰ ਨੀਝ ਨਾਲ ਘੋਖਣ ਵਿਚਾਰਨ ਦਾ ਕੰਮ ਮੈਂ ਕੀਤਾ ਹੈ। ਇਹ ਸਭ ਕਤਰਾ-ਕਤਰਾ ਮੇਰੇ ਅੰਦਰ ਜ਼ਰੂਰ ਇਕੱਠਾ ਹੁੰਦਾ ਰਿਹਾ ਹੋਵੇਗਾ। ਉਂਝ ਪਹਿਲਾਂ ਪਹਿਲ ਮੈਨੂੰ ਕਹਾਣੀ ਵੱਲ ਦੇਰ ਨਾਲ ਪਰਤਣ ਦੀ ਗੱਲ ਕਈ ਵਾਰ ਅੰਦਰੋ-ਅੰਦਰੀ ਚੁੱਭਦੀ ਜ਼ਰੂਰ ਹੁੰਦੀ ਸੀ, ਪਰ ਮੇਰੀ ਲੇਖਣੀ ਨੂੰ ਜਿਵੇਂ ਪਾਠਕਾਂ ਨੇ ਹੁੰਗਾਰਾ ਭਰਿਆ, ਉਸ ਨਾਲ ਹੌਲੀ-ਹੌਲੀ ਇਹ ਟੀਸ ਆਪਣੇ ਆਪ ਹੀ ਘਟ ਗਈ। ਹੁਣ ਤਾਂ ਇਹੀ ਕੋਸ਼ਿਸ਼ ਰਹਿੰਦੀ ਹੈ ਕਿ ਕੁਝ ਚੰਗਾ ਸਾਰਥਕ ਗਲਪ ਸਿਰਜ ਸਕਾਂ।

(ਚਲਦਾ)

19-Nov-Sunday.qxd 11/18/2023 9:59 PM Page 2



ਪੈੜਾਂ

## ਮੁਲਾਕਾਤੀ : ਡਾ. ਬਲਵਿੰਦਰ ਸਿੰਘ ਥਿੰਦ

# ਮੈਂ ਪੰਜਾਬੀਆਂ ਦੀ ਸਮੁੱਚੀ ਜੀਵਨ ਧੜਕਣ ਨੂੰ ਆਪਣੀਆਂ ਕਹਾਣੀਆਂ 'ਚ ਸਮਾਉਣਾ ਚਾਹੁੰਨਾ

# ਸੁਖਪਾਲ ਸਿੰਘ ਥਿੰਦ



ਸੁਖਪਾਲ ਸਿੰਘ ਥਿੰਦ ਪੰਜਾਬੀ ਦੇ ਸਾਹਿਤਕ ਹਲਕਿਆਂ ਵਿੱਚ ਜਾਣਿਆ-ਪਹਿਚਾਣਿਆ ਸਥਾਪਤ ਨਾਂਅ ਹੈ। ਉਹ ਲਗਭਗ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤਕਾਰੀ ਦੇ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਹੈ। ਉਸ ਨੇ ਸਾਹਿਤ ਦੇ ਜਿਸ ਖੇਤਰ ਨੂੰ ਛੋਹਿਆ, ਉਸ ਨੂੰ ਪੂਰੀ ਮਿਹਨਤ, ਪ੍ਰਤੀਬੱਧਤਾ ਅਤੇ ਸ਼ਿੱਦਤ ਨਾਲ ਨੇਪਰੇ ਚਾੜ੍ਹਿਆ ਹੈ। ਇਹ ਉਸ ਦੀ ਪ੍ਰਤਿਭਾ ਅਤੇ ਮਿਹਨਤ ਦਾ ਹੀ ਜਲੌਅ ਸੀ ਕਿ ਉਸ ਨੇ ਜੇਕਰ ਸਾਹਿਤ ਆਲੋਚਨਾ ਦੇ ਖੇਤਰ ਵਿੱਚ ਪੈਰ ਧਰਿਆ ਤਾਂ ਉਨ੍ਹਾਂ ਦਾ ਨਾਂਅ ਪੰਜਾਬੀ ਦੇ ਇੱਕ ਪ੍ਰੌੜ੍ਹ ਆਲੋਚਕ ਵਜੋਂ ਜਾਣਿਆਂ ਜਾਣ ਲੱਗਾ। ਜੇ ਉਸ ਨੇ ਸਫ਼ਰਨਾਮਾ ਸਾਹਿਤ ਰਚਿਆ ਤਾਂ ਉਨ੍ਹਾ ਦੀ ਪਹਿਚਾਣ ਇੱਕ ਸਫ਼ਲ ਸਫ਼ਰਨਾਮਾਕਾਰ ਵਜੋਂ ਹੋਣ ਲੱਗੀ। ਇਸ ਉਪਰੰਤ ਜੇ ਉਸ ਨੇ ਕਹਾਣੀ ਸਿਰਜਣਾ ਦਾ ਕਾਰਜ ਕੀਤਾ ਤਾਂ ਪਾਠਕਾਂ ਦੇ ਚੇਤਿਆਂ ਵਿੱਚ ਡੂੰਘਾ ਉੱਤਰ ਜਾਣ ਵਾਲੀਆਂ ਯਾਦਗਾਰੀ ਕਹਾਣੀਆਂ ਦੀ ਸਿਰਜਣਾ ਬਲਬੂਤੇ ਪੰਜਾਬੀ ਕਹਾਣੀ ਦੀ ਮੂਹਰਲੀ ਕਤਾਰ ਵਾਲੇ ਕਹਾਣੀਕਾਰਾਂ ਵਿੱਚ ਆਣ ਖੜ੍ਹਾ ਹੋਇਆ। ਇਸ ਸਭ ਦੇ ਨਾਲ-ਨਾਲ ਉਹ ਆਪਣੇ ਕਾਲਜ ਅਧਿਆਪਨ ਦੇ ਫਰਜ਼ਾਂ ਨਾਲ ਵੀ ਪੂਰੀ ਤਨਦੇਹੀ ਨਾਲ ਜੁੜਿਆ ਹੋਇਆ ਹੈ। ਆਪ ਪੜ੍ਹਨ/ ਲਿਖਣ ਅਤੇ ਆਪਣੇ ਵਿਦਿਆਰਥੀਆਂ ਨੂੰ ਪੜ੍ਹਨ/ ਲਿਖਣ ਲਈ ਨਿਰੰਤਰ ਪ੍ਰੇਰਿਤ ਕਰਨ ਲਈ ਕੋਈ ਨਾ ਕੋਈ ਸਾਹਿਤਕ ਸਰਗਰਮੀ ਕਰਵਾਉਂਦਾ ਰਹਿੰਦਾ ਹੈ। ਸੁਖਪਾਲ ਥਿੰਦ ਦੀ ਬਹੁਰੰਗੀ ਸ਼ਖ਼ਸੀਅਤ ਨੂੰ ਨੇੜਿਓਂ ਜਾਣਨ ਲਈ ਉਨ੍ਹਾ ਨਾਲ ਮੇਰੇ ਵੱਲੋਂ ਬੀਤੇ ਦਿਨੀਂ ਇੱਕ ਮੁਲਾਕਾਤ ਕੀਤੀ ਗਈ। ਇਸ ਮੁਲਾਕਾਤ ਨੂੰ 'ਨਵਾਂ ਜ਼ਮਾਨਾ' ਦੇ ਪਾਠਕਾਂ ਲਈ ਪੇਸ਼ ਕਰਨ ਦੀ ਖੁਸ਼ੀ ਹਾਸਲ ਕੀਤੀ ਜਾ ਰਹੀ ਹੈ।

**? ਡਾ. ਸੁਖਪਾਲ ਸਿੰਘ ਥਿੰਦ ਜੀ, ਤੁਹਾਨੂੰ ਬਚਪਨ 'ਚ ਕਿਹੋ ਜਿਹਾ ਪ੍ਰਭਾਵ ਅਤੇ ਮਾਹੌਲ ਮਿਲਿਆ? ਆਪਣੇ ਪਰਵਾਰਕ ਪਿਛੋਕੜ ਬਾਰੇ ਦੱਸੋ।**

– ਮੇਰਾ ਜਨਮ ਪੰਜਾਬ ਦੇ ਦੁਆਬੇ ਦੀ ਧਰਤੀ 'ਤੇ ਜ਼ਿਲ੍ਹਾ ਕਪੂਰਥਲਾ ਦੀ ਤਹਿਸੀਲ ਸੁਲਤਾਨਪੁਰ ਲੋਧੀ ਦੇ ਪਿੰਡ ਬੂਲਪੁਰ ਵਿੱਚ 20 ਅਪ੍ਰੈਲ, 1967 ਨੂੰ ਹੋਇਆ। ਇਹ ਉਹੀ ਸੁਲਤਾਨਪੁਰ ਲੋਧੀ ਦੀ ਧਰਤੀ ਹੈ, ਜਿਸ ਨੂੰ ਸਾਰੀ ਲੋਕਾਈ ਨੂੰ ਰੂਹਾਨੀ ਗਿਆਨ ਦਾ ਚਾਨਣ ਵੰਡਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਗਭਗ 14 ਸਾਲ ਆਪਣੀ ਕਰਮਭੂਮੀ ਬਣਾਇਆ। ਇਸ ਧਰਤੀ 'ਤੇ ਵਹਿੰਦੀ ਪਵਿੱਤਰ ਕਾਲੀ ਵੇਈਂ ਦੇ ਕੰਢਿਆਂ 'ਤੇ ਗਿਆਨ ਸਾਧਨਾ ਦੌਰਾਨ ਮੂਲ-ਮੰਤਰ ਦੀ ਸਿਰਜਣਾ ਕਰਦਿਆਂ ਇੱਕ ਨਵੇਂ ਪੰਥ ਦੀ ਸਥਾਪਨਾ ਕੀਤੀ। ਉਨ੍ਹਾ ਵੱਲੋਂ ਦਿੱਤੇ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦੇ ਸਿੱਖੀ ਸਿਧਾਂਤ ਦਾ ਮੇਰੇ ਇਲਾਕੇ ਦੇ ਲੋਕਾਂ ਦੇ ਮਨਾਂ 'ਤੇ ਡੂੰਘਾ ਅਸਰ ਵਿਖਾਈ ਦਿੰਦਾ ਹੈ।

ਦਰਅਸਲ ਮੇਰਾ ਪਿੰਡ ਬੇਟ ਦੇ ਅਜਿਹੇ ਇਲਾਕੇ ਵਿੱਚ ਸਥਿਤ ਹੈ, ਜਿਸ ਨੂੰ ਬਿਆਸ ਦਰਿਆ ਦੇ ਹੜ੍ਹਾਂ ਦੀ ਮਾਰ ਲਗਾਤਾਰ ਝੱਲਣੀ ਪੈਂਦੀ ਸੀ। ਬਹੁਤੀ ਵਾਰ ਸਾਲ ਵਿੱਚ ਇੱਕ ਫ਼ਸਲ ਹੀ ਘਰ ਆਉਂਦੀ ਸੀ ਤੇ ਕਈ ਵਾਰ ਉਸ ਨੂੰ ਵੀ ਕੁਦਰਤ ਦੀ ਕਰੋਪੀ ਮਾਰ ਜਾਂਦੀ ਸੀ। ਇਹ ਸਿਲਸਿਲਾ ਸਾਡੇ ਪਿੰਡਾਂ ਕੋਲ ਧੁੱਸੀ ਬੰਨ੍ਹ ਦੇ ਬੰਨ੍ਹਣ ਤੱਕ ਲਗਾਤਾਰ ਜਾਰੀ ਰਿਹਾ। ਇਨ੍ਹਾਂ ਹੜ੍ਹਾਂ ਨੇ ਸਾਡੇ ਬਜ਼ੁਰਗਾਂ ਦੀ ਬਹੁਤ ਕਰੜੀ ਪ੍ਰੀਖਿਆ ਲਈ ਹੈ। ਪ੍ਰਤਾਪ ਸਿੰਘ ਕੈਰੋਂ ਨੇ ਪੰਜਾਬ ਦੇ ਮੁੱਖ ਮੰਤਰੀ ਬਣਦਿਆਂ ਜਦ ਇਹ ਧੁੱਸੀ ਬੰਨ੍ਹ ਬਣਾਇਆ ਤਾਂ ਸਾਡੇ ਇਲਾਕੇ ਦੇ ਲੋਕਾਂ ਨੇ ਪਹਿਲੀ ਵਾਰ ਸੁੱਖ-ਸਬੀਲੀ ਪੱਕੀਆਂ ਦੋ-ਦੋ ਫ਼ਸਲਾਂ ਨਾਲ ਘਰਾਂ ਵਿੱਚ ਪੈਂਦੀ ਬਰਕਤ ਨੂੰ ਤੱਕਿਆ। ਉਪਰੰਤ ਇਹ ਬਰਕਤਾਂ ਲਗਾਤਾਰ ਪੈਂਦੀਆਂ ਰਹੀਆਂ ਤੇ ਸਾਡਾ ਇਲਾਕਾ ਤਰੱਕੀ ਕਰਦਾ ਗਿਆ। ਮੇਰੇ ਪਿੰਡਾਂ ਦੇ ਆਸ-ਪਾਸ ਜ਼ਿਆਦਾਤਰ ਛੋਟੀ ਜਾਂ ਦਰਮਿਆਨੀ ਭੋਇੰ ਦੀ ਮਾਲਕੀ ਵਾਲੇ ਹੀ ਕਿਸਾਨ ਹਨ। ਜ਼ਮੀਨ ਵੀ ਬਹੁਤੀ ਕੱਲਰੀ ਸੀ, ਜਿਸ ਨੂੰ ਆਪਣੀ ਮਿਹਨਤ ਦੇ ਬਲਬੂਤੇ ਇਨ੍ਹਾਂ ਲੋਕਾਂ ਨੇ ਉਪਜਾਊ ਭੂਮੀ ਵਿੱਚ ਤਬਦੀਲ ਕੀਤਾ ਹੈ। ਹੜ੍ਹਾਂ ਕਾਰਨ ਉੱਜੜਣ ਅਤੇ ਮੁੜ ਕੇ ਵੱਸਣ ਦੀ ਗਾਥਾ ਸਾਡੇ ਪੁਰਖਿਆਂ ਦੇ ਚਿਹਰਿਆਂ ਤੋਂ ਸਾਫ਼ ਪੜ੍ਹੀ ਜਾ ਸਕਦੀ ਸੀ, ਪਰ ਇਨ੍ਹਾਂ ਸਭ ਕਠਿਨਾਈਆਂ ਨੇ ਸਾਡੇ ਪੁਰਖਿਆਂ ਨੂੰ ਬਹੁਤ ਸਿਰੜੀ ਅਤੇ ਮਿਹਨਤੀ ਬਣਾ ਦਿੱਤਾ ਸੀ। ਕੁਦਰਤ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਉਨ੍ਹਾਂ ਦੀ ਮਜਬੂਰੀ ਸੀ, ਪਰ ਇਸ ਨੇ ਉਨ੍ਹਾ ਅੰਦਰ ਇੱਕ ਨਿਰਮਾਣਤਾ, ਨਿਮਰਤਾ ਅਤੇ ਸਿਦਕ ਨੂੰ ਵੀ ਜ਼ਰੂਰ ਪੈਦਾ ਕੀਤਾ ਸੀ। ਥੋੜ੍ਹੇ ਸਾਧਨਾਂ ਵਿੱਚ ਜ਼ਿੰਦਗੀ ਦੀ ਗੱਡੀ ਤੋਰੀ ਰੱਖਣ ਦਾ ਵੱਲ ਉਨ੍ਹਾਂ ਦੀ ਅਣਸਰਦੀ ਲੋੜ ਸੀ, ਪਰ ਅਜਿਹੇ ਹਾਲਾਤ ਨੇ ਉਨ੍ਹਾਂ ਨੂੰ ਫੋਕੀ ਫੂੰਅ-ਫਾਂਅ ਤੋਂ ਬਚਾਈ ਰੱਖਿਆ। ਮੇਰਾ ਬਚਪਨ ਕੁਝ ਇਹੋ ਜਿਹੇ ਚੌਗਿਰਦੇ ਵਿੱਚ ਹੀ ਬੀਤਿਆ।

ਮੈਂ ਆਪਣੇ ਪਿਤਾ ਸ੍. ਕਰਤਾਰ ਸਿੰਘ ਅਤੇ ਮਾਤਾ ਤ੍ਰਿਸ਼ਨ ਕੌਰ ਦੇ ਘਰ ਪੈਦਾ ਹੋਣ ਵਾਲੀ ਆਖਰੀ ਸੰਤਾਨ ਸਾਂ। ਪਿਤਾ ਜੀ ਨੂੰ ਜ਼ਿਆਦਾਤਰ ਪਿੰਡ ਅਤੇ ਇਲਾਕੇ ਵਾਲੇ 'ਪਟਵਾਰੀ ਸਾਬ੍ਹ' ਕਰਕੇ ਬੁਲਾਇਆ ਕਰਦੇ ਸਨ, ਕਿਉਂਕਿ ਉਹ ਨਹਿਰੀ ਮਹਿਕਮੇ ਵਿੱਚ ਪਟਵਾਰੀ ਦੀ ਨੌਕਰੀ ਕਰਦੇ ਸਨ। ਘਰ ਵਿੱਚ ਮੈਥੋਂ ਵੱਡੇ ਤਿੰਨ ਭਰਾ ਸਨ ਅਤੇ ਸਾਰਿਆਂ ਤੋਂ ਵੱਡੀ ਸਾਡੀ ਇੱਕ ਭੈਣ ਸੀ। ਸ਼ਹਿਰ ਤੋਂ ਦੂਰ ਦਾ ਪੱਛੜਿਆ ਇਲਾਕਾ ਹੋਣ ਦੇ ਬਾਵਜੂਦ ਸਾਡੇ ਘਰ ਵਿੱਚ ਪੜ੍ਹਾਈ ਦਾ ਚੰਗਾ ਮਾਹੌਲ ਸੀ। ਇਸ ਗੱਲ ਦਾ ਸਿਹਰਾ ਮੇਰੇ ਪਿਤਾ ਜੀ ਅਕਸਰ ਸਾਡੇ ਦਾਦਾ ਭਾਗ ਸਿੰਘ ਜੀ ਨੂੰ ਦਿਆ ਕਰਦੇ ਸਨ। ਸਾਡੇ ਦਾਦਾ ਜੀ ਭਾਵੇਂ ਖ਼ੁਦ ਪੜ੍ਹੇ-ਲਿਖੇ ਨਹੀਂ ਸਨ, ਪਰ ਪੜ੍ਹਾਈ ਦੀ ਕਦਰ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾ ਆਪਣੀ ਬੁੱਧੀ ਦੇ ਬਲਬੂਤੇ ਗੁਰਮੁਖੀ ਦੇ ਅੱਖਰ ਖ਼ੁਦ ਹੀ ਉਠਾਉਣੇ ਸਿੱਖੇ ਸਨ। ਮੈਂ ਆਪਣੇ ਬਚਪਨ ਵਿੱਚ ਉਨ੍ਹਾਂ ਨੂੰ ਰੇਅਲ 'ਤੇ ਪੋਥੀ ਟਿਕਾ ਕੇ ਨਿੱਤਨੇਮ ਨਾਲ ਪਾਠ ਕਰਦਿਆਂ ਤੱਕਿਆ ਹੋਇਆ ਹੈ। ਸਾਡੇ ਦਾਦਾ ਜੀ ਵੱਲੋਂ ਮੇਰੇ ਬਾਪ ਨੂੰ ਵਾਰ-ਵਾਰ ਦਿੱਤੀ ਉਹ ਨਸੀਹਤ ਵੀ ਮੈਨੂੰ ਨਹੀਂ ਭੁੱਲਦੀ, 'ਤਾਰ ਸਿੰਹਾਂ! ਮੰਡਿਆਂ ਨੂੰ ਸੋਲ੍ਹਾਂ-ਸੋਲ੍ਹਾਂ ਜਮਾਤਾਂ ਜ਼ਰੂਰ ਪੜ੍ਹਾਉਣੀਆਂ ਨੇ...।' ਦਾਦਾ ਜੀ ਨੇ ਖੇਤੀ ਦੇ ਨਾਲ-ਨਾਲ ਥੋੜ੍ਹੀ ਦੇਰ ਦੁਕਾਨਦਾਰੀ ਵੀ ਕੀਤੀ ਸੀ। ਨਾਲ ਦੀ ਨਾਲ ਵੈਦਪੁਣੇ ਦਾ ਕਿੱਤਾ ਵੀ ਕਰਦੇ ਰਹੇ ਸਨ। ਥੋੜ੍ਹੀ ਦੇਰ ਮਲਾਇਆ ਵਿੱਚ ਵੀ ਲਗਾ ਆਏ ਸਨ। ਇਹ ਸਭ ਮੇਰੇ ਬਚਪਨ ਦੀਆਂ ਯਾਦਾਂ ਨੇ। ਹੁਣ ਮੈਂ ਜਦ ਬਹੁਤ ਵਿੱਥ 'ਤੇ ਖੜ੍ਹ ਕੇ ਇਸ ਸਭ ਬਾਰੇ ਸੋਚਦਾਂ ਤਾਂ ਮੈਨੂੰ ਜਾਪਦਾ ਜਿਵੇਂ ਦਾਦਾ ਹੜ੍ਹਾਂ ਮਾਰੀ ਥੋੜ੍ਹੀ ਜ਼ਮੀਨ ਦੇ ਹੁੰਦਿਆਂ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਤਰ੍ਹਾਂ-ਤਰ੍ਹਾਂ ਦੀਆਂ ਤਰਕੀਬਾਂ ਲੜਾ ਰਿਹਾ ਹੋਵੇ। ਕਠਿਨ ਜ਼ਿੰਦਗੀ ਨਾਲ ਦਸਤਪੰਜਾ ਲੈਣ ਲਈ ਤਰ੍ਹਾਂ-ਤਰ੍ਹਾਂ ਦੇ ਪੈਂਤੜੇ ਚੱਲ ਰਿਹਾ ਹੋਵੇ।

ਕੁਝ ਵੀ ਸੀ, ਖ਼ੈਰ! ਦਾਦਾ ਜੀ ਦੀ ਮਾਰੀ ਹਿੰਮਤ ਪਰਵਾਰ ਦੇ ਕੰਮ ਆਈ ਸੀ। ਪਿਤਾ ਜੀ ਪੜ੍ਹ ਕੇ ਨੌਕਰੀ ਕਰਨ ਜੋਗੇ ਬਣ ਗਏ ਸਨ। ਸੀਮਤ ਸਾਧਨਾਂ ਦੇ ਬਾਵਜੂਦ ਜ਼ਮੀਨ ਵਿੱਚ ਵੀ ਲਗਾਤਾਰ ਥੋੜ੍ਹਾ ਬਹੁਤ ਵਾਧਾ ਕਰਦੇ ਰਹੇ ਸਨ। ਮੈਥੋਂ ਵੱਡੇ ਤਿੰਨੋਂ ਭਰਾ ਅਤੇ ਭੈਣ ਪੜ੍ਹ ਕੇ ਸਰਕਾਰੀ ਨੌਕਰੀਆਂ 'ਤੇ ਜਾ ਲੱਗੇ



ਪਿਤਾ ਕਰਤਾਰ ਸਿੰਘ ਅਤੇ ਮਾਤਾ ਤ੍ਰਿਸ਼ਨ ਕੌਰ

ਸਨ। ਸਭ ਕੁਝ ਮਿਲਾ ਕੇ ਸਾਡੇ ਘਰ ਦੀ ਗਿਣਤੀ ਪਿੰਡ ਦੇ 'ਸੌਖੇ ਘਰਾਂ' ਵਿੱਚ ਹੋਣ ਲੱਗ ਪਈ ਸੀ। ਉਸ ਵਕਤ ਦੇ ਪੇਂਡੂ ਬੱਚਿਆਂ ਵਾਂਗ ਮੈਨੂੰ ਵੀ ਪੜ੍ਹਾਈ ਦੇ ਨਾਲ-ਨਾਲ ਘਰਦਿਆਂ ਨਾਲ ਖੇਤੀ ਦੇ ਕੰਮ ਵਿੱਚ ਪੂਰਾ ਜੁਟਣਾ ਪੈਂਦਾ ਸੀ। ਫ਼ਸਲਾਂ ਪੱਕਣ ਦੀ ਰੁੱਤ ਵਿੱਚ ਤਾਂ ਕੰਮ ਤੋਂ ਬਿਲਕੁਲ ਛੋਟ ਨਹੀਂ ਸੀ ਮਿਲਦੀ, ਪਰ ਇਸ ਦੇ ਬਾਵਜੂਦ ਘਰ ਵਿੱਚ ਪੜ੍ਹਾਈ ਵਾਲਾ ਮਾਹੌਲ ਸੀ। ਸਾਡਾ ਘਰ ਤਾਂ ਸਾਡੇ ਰਿਸ਼ਤੇਦਾਰਾਂ ਵਿੱਚ 'ਪਾੜ੍ਹਿਆਂ ਦੇ ਘਰ' ਵਜੋਂ ਮਸ਼ਹੂਰ ਸੀ। ਸਾਡੇ ਬਹੁਤ ਸਾਰੇ ਰਿਸ਼ਤੇਦਾਰਾਂ ਦੇ ਬੱਚੇ ਸਾਡੇ ਕੋਲ ਰਹਿ ਕੇ ਸਕੂਲੀ ਪੜ੍ਹਾਈ ਕਰਦੇ ਰਹੇ ਹਨ। ਇਸ ਦੇ ਦੋ ਮੁੱਖ ਕਾਰਨ ਸਨ, ਇੱਕ ਤਾਂ ਸਾਡੇ ਘਰ ਵਿਚਲਾ ਪੜ੍ਹਾਈ ਵਾਲਾ ਮਾਹੌਲ ਅਤੇ ਦੂਜਾ ਪਿੰਡ ਦੇ ਬਿਲਕੁਲ ਪਾਸ 'ਸਰਕਾਰੀ ਹਾਈ ਸਕੂਲ ਟਿੱਬਾ' ਦਾ ਹੋਣਾ। ਇਸ ਸਕੂਲ ਦੀ ਇਲਾਕੇ ਵਿੱਚ ਵਿੱਦਿਆ ਦਾ ਚਾਨਣ ਫੈਲਾਉਣ ਵਿੱਚ ਵਿਸ਼ੇਸ਼ ਭੂਮਿਕਾ ਸੀ। ਘਰ ਵਿੱਚ ਸਭ ਤੋਂ ਛੋਟੇ ਹੋਣ ਦਾ ਇੱਕ ਲਾਭ ਮੈਨੂੰ ਜ਼ਰੂਰ ਮਿਲਿਆ ਕਿ ਮੇਰੀ ਪੜ੍ਹਾਈ ਦਾ ਕੰਮ ਪੀ ਐੱਚ ਡੀ ਕਰਨ ਤੱਕ ਨਿਰਵਿਘਨ ਚਲਦਾ ਰਿਹਾ। ਘਰ ਵੱਲੋਂ ਪੜ੍ਹਨ ਲਈ ਪੂਰੀ ਹੱਲਾਸ਼ੇਰੀ ਸੀ। ਉੱਤੋਂ ਮੇਰੇ ਅੰਦਰ ਵੀ ਕਿਤੇ ਨਾ ਕਿਤੇ ਵੱਡੇ ਭੈਣ-ਭਰਾਵਾਂ ਵੱਲ ਵੇਖ ਕੇ ਉਨ੍ਹਾਂ ਵਰਗਾ ਬਣਨ ਦੀ ਤਾਂਘ ਅੰਗੜਾਈ ਲੈਂਦੀ ਸੀ। ਇਹ ਸਭ ਕੁਝ ਰਲ-ਮਿਲ ਕੇ ਮੈਨੂੰ ਆਪਣੇ ਸਫ਼ਰ 'ਤੇ ਤੋਰੀ ਰੱਖਣ ਵਿੱਚ ਮਦਦਗਾਰ ਬਣਦਾ ਰਿਹਾ।

**? ਕੀ ਇਹ ਤੁਹਾਡੇ ਘਰ ਵਿੱਚ ਪੜ੍ਹਾਈ ਵਾਲਾ ਮਾਹੌਲ ਹੀ ਤੁਹਾਡੇ ਸਾਹਿਤਕਾਰ ਬਣਨ ਦੀ ਉਸਾਰੀ ਵਾਸਤੇ ਪਹਿਲੀ ਇੱਟ ਸਮਝਿਆ ਜਾ ਸਕਦੈ।**

—ਜਿੱਥੋਂ ਤੱਕ ਸਾਹਿਤਕਾਰੀ ਵਾਲੇ ਰਸਤੇ 'ਤੇ ਤੁਰਨ ਦੀ ਗੱਲ ਹੈ, ਘਰ ਦੇ ਮਾਹੌਲ ਦੀ ਥੋੜ੍ਹੀ ਬੁਨਿਆਦੀ ਭੂਮਿਕਾ ਤਾਂ ਜ਼ਰੂਰ ਹੈ। ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਘਰ ਵਿੱਚ ਪੜ੍ਹਨ ਲਈ ਸਾਜ਼ਗਾਰ ਮਾਹੌਲ ਸੀ। ਪਿੰਡ ਦੇ ਜਿਹੜੇ ਦੋ-ਚਾਰ ਘਰਾਂ ਵਿੱਚ ਟੈਲੀਵਿਜ਼ਨ ਲੱਗਾ ਹੋਇਆ ਸੀ ਅਤੇ ਜਿੱਥੇ ਰੋਜ਼ਾਨਾ ਅਖ਼ਬਾਰ ਆਉਂਦੀ ਸੀ, ਉਨ੍ਹਾਂ ਘਰਾਂ ਵਿੱਚ ਸਾਡਾ ਘਰ ਵੀ ਸ਼ਾਮਲ ਸੀ। 1976-77 ਦੇ ਆਸ-ਪਾਸ ਇਹ ਸਾਡੇ ਪਿੰਡਾਂ ਵੱਲ ਵੱਡੀਆਂ ਗੱਲਾਂ ਸਨ। ਵੱਡੇ ਭਰਾ ਹੁਰੀਂ ਕਈ ਵਾਰ ਰਾਜਨੀਤਕ ਖ਼ਬਰਾਂ 'ਤੇ ਚੁੰਝ-ਚਰਚਾ ਕਰਦੇ ਵੀ ਸੁਣਾਈ ਦੇ ਜਾਂਦੇ ਸਨ। ਅਖ਼ਬਾਰ ਵਿੱਚ ਜਸਵੰਤ ਸਿੰਘ ਕੰਵਲ ਦੇ ਲੱਛੇਦਾਰ ਸ਼ੈਲੀ ਵਿੱਚ ਲਿਖੇ ਲੇਖਾਂ ਨੂੰ ਘਰ ਵਿੱਚ ਕਦੇ-ਕਦੇ ਪਾਠ ਕਰਨ ਵਾਂਗ ਵੀ ਪੜ੍ਹਿਆ ਜਾਂਦਾ ਸੀ। ਪਿੰਡ ਵਿੱਚ ਬਣੀ 'ਨੌਜਵਾਨ ਸਭਾ' ਵੱਲੋਂ ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕਾਂ ਨੂੰ ਵੀ ਸਾਲ ਵਿੱਚ ਇੱਕ ਵਾਰ ਪਿੰਡ ਵਿੱਚ ਕਰਵਾਉਣ ਦੀ ਪਿਰਤ ਵੀ ਕੁਝ ਸਾਲ ਚਲਦੀ ਰਹੀ ਸੀ। ਮੈਨੂੰ ਜਾਪਦਾ ਹੈ ਕਿ ਇਸ ਸਾਰੇ ਮਾਹੌਲ ਦੀ ਮੇਰੇ ਮਨ ਦੀ ਜ਼ਮੀਨ ਨੂੰ ਸਾਹਿਤਕਾਰੀ ਲਈ ਤਿਆਰ ਕਰਨ ਵਿੱਚ ਕੁਝ ਨਾ ਕੁਝ ਭੂਮਿਕਾ ਜ਼ਰੂਰ ਰਹੀ ਹੋਵੇਗੀ। ਇਸ ਦੇ ਬਾਵਜੂਦ ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਸਾਡੇ ਘਰ ਵਿੱਚ ਪੜ੍ਹਾਈ ਵਾਲਾ ਮਾਹੌਲ ਤਾਂ ਸੀ, ਪਰ ਇਸ ਨੂੰ ਸਾਹਿਤਕਾਰੀ ਵਾਲਾ ਮਾਹੌਲ ਕਹਿਣਾ ਵਾਜਿਬ ਨਹੀਂ ਹੋਵੇਗਾ। ਇਹ ਪੜ੍ਹਾਈ ਸਿਲੇਬਸ ਦੀਆਂ ਕਿਤਾਬਾਂ ਰਟ ਕੇ ਚੰਗੇ ਨੰਬਰ ਲੈਣ ਨਾਲ ਸੰਬੰਧਤ ਸੀ। ਘਰ ਦੇ ਚਾਹੁੰਦੇ ਸਨ ਕਿ ਮੈਂ ਚੰਗਾ ਪੜ੍ਹ-ਲਿਖ ਕੇ ਕਿਸੇ ਵਧੀਆ ਨੌਕਰੀ ਜਾਂ ਕਾਰੋਬਾਰ ਦੇ ਯੋਗ ਹੋ ਸਕਾਂ। ਇਸ ਕਾਰਨ ਹੀ ਮੈਨੂੰ ਕਾਲਜ ਵਿੱਚ ਮੈਡੀਕਲ ਦੀ ਪੜ੍ਹਾਈ ਦੇ ਰਸਤੇ ਤੋਰਿਆ ਗਿਆ ਸੀ। ਇਸ ਮਾਹੌਲ ਵਿੱਚ ਮੈਨੂੰ ਨਹੀਂ ਜਾਪਦਾ ਕਿ ਸਾਹਿਤਕਾਰੀ ਲਈ ਕੋਈ ਖਾਸ ਥਾਂ ਸੀ, ਗੱਲ ਸਗੋਂ ਉਲਟੀ ਸੀ। ਮੈਨੂੰ ਉਹ ਘਟਨਾ ਕਦੇ ਨਹੀਂ ਭੁੱਲਦੀ, ਜਦੋਂ ਦਸਵੀਂ ਦੇ ਪੇਪਰ ਦੇ ਕੇ ਮੈਂ ਇੱਕ ਵਾਰ ਚੁਬਾਰੇ ਵਿੱਚ ਬੈਠਾ ਨਾਵਲ ਪੜ੍ਹਦਾ ਫੜਿਆ ਗਿਆ ਸਾਂ। ਪਿਤਾ ਜੀ ਨੇ ਚੰਗੀ ਡਾਂਟ-ਡਪਟ ਕੀਤੀ ਸੀ। ਨਾਵਲ ਪੜ੍ਹਨਾ ਉਨ੍ਹਾਂ ਦਿਨਾਂ ਵਿੱਚ ਮੁੰਡਿਆਂ ਦੇ ਵਿਗੜਨ ਦਾ ਲੱਛਣ ਸਮਝਿਆ ਜਾਂਦਾ ਸੀ। ਮੈਂ ਇਹ 1982 ਦੇ ਆਸ-ਪਾਸ ਦੀ ਗੱਲ ਕਰ ਰਿਹਾਂ ਹਾਂ। ਨਿਰੋਲ ਸਾਹਿਤਕਾਰੀ ਲਈ ਥਾਂ ਉਸ ਸਮੇਂ ਵੀ ਮੌਜੂਦ ਨਹੀਂ ਸੀ ਤੇ ਮੰਦੇ ਭਾਗੀਂ ਇਹ ਅੱਜ ਵੀ ਨਹੀਂ ਹੈ। ਪੰਜਾਬ ਵਿੱਚ ਇਹ ਆਪਣੇ ਮੂਲ ਕਿੱਤੇ ਦੇ ਨਾਲ ਪਾਲਿਆ/ ਨਿਭਾਇਆ ਜਾਣ ਵਾਲਾ ਸ਼ੌਕ ਹੀ ਹੈ। ਇਸ ਸਥਿਤੀ ਵਿੱਚ ਬਹੁਤਾ ਬਦਲਾਅ ਸੰਭਵ ਨਹੀਂ ਹੋ ਸਕਿਆ। ਇਸ ਪੱਖੋਂ ਪੰਜਾਬੀ ਅਧਿਐਨ ਅਧਿਆਪਨ ਦੇ ਕਿੱਤੇ ਨਾਲ ਜੁੜੇ ਲੋਕ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਕਿੱਤੇ ਦੇ ਨਾਲ-ਨਾਲ ਹੀ ਸਾਹਿਤਕਾਰੀ ਦਾ ਕਾਰਜ ਕਰਨ ਲਈ ਢੁਕਵੀਂ ਵੱਤਰ ਜ਼ਮੀਨ ਮਿਲਣ ਦੀਆਂ ਸੰਭਾਵਨਾਵਾਂ ਬਾਕੀ ਸਾਰਿਆਂ ਤੋਂ ਵਧੇਰੇ ਹਨ। ਚੰਗੀ ਗੱਲ ਹੈ ਕਿ ਮੈਂ ਵੀ ਇਹੋ ਜਿਹੇ ਖੁਸ਼ਕਿਸਮਤ ਲੋਕਾਂ ਵਿੱਚ ਸ਼ਾਮਲ ਹਾਂ।

**? ਤੁਸੀਂ ਜ਼ਿਕਰ ਕੀਤਾ ਹੈ ਕਿ ਘਰ ਵਾਲਿਆਂ ਤੁਹਾਨੂੰ ਮੈਡੀਕਲ ਦੀ ਪੜ੍ਹਾਈ ਲਈ ਕਾਲਜ ਪੜ੍ਹਨੇ ਪਾਇਆ ਸੀ। ਕੀ ਤੁਸੀਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਪੜ੍ਹਾਈ ਦੇ ਸਫ਼ਰ ਲਈ ਪਹਿਲਾਂ ਹੀ ਸੋਚਿਆ ਹੋਇਆ ਸੀ ਜਾਂ ਫਿਰ ਇਹ ਇਤਫਾਕਨ ਹੀ ਵਾਪਰ ਗਿਆ।**

—ਬਹੁਤੀ ਵਾਰ ਮੈਨੂੰ ਜਾਪਦਾ ਹੈ ਕਿ ਜਿਵੇਂ ਕੁਦਰਤ ਮੈਨੂੰ ਇਸ ਪਾਸੇ ਆਪ ਖਿੱਚ ਕੇ ਲਿਆਈ ਹੋਵੇ। ਪੜ੍ਹਾਈ ਵਿੱਚ ਮੈਂ ਚੰਗਾ ਵਿਦਿਆਰਥੀ ਸੀ। ਸਕੂਲ ਵਿੱਚ ਸਾਰੀਆਂ ਕਲਾਸਾਂ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤੀਆਂ। ਇਸ ਦਾ ਫ਼ਲ ਮੈਨੂੰ ਘਰਦਿਆਂ ਨੇ ਮੈਡੀਕਲ ਦੀ ਪੜ੍ਹਾਈ ਦੇ ਰਸਤੇ ਤੋਰ ਕੇ ਦਿੱਤਾ। ਮਾਂ-ਬਾਪ ਦੇ ਆਗਿਆਕਾਰੀ ਪੁੱਤਰ ਹੋਣ ਕਾਰਨ ਮੈਂ ਇਹ ਪੜ੍ਹਾਈ ਕਰਦਾ ਤਾਂ ਰਿਹਾ, ਪਰ ਵਿੱਚੋਂ ਮੇਰਾ ਮਨ ਇਸ ਪੜ੍ਹਾਈ ਵਿੱਚ ਪੂਰਾ ਨਹੀਂ ਸੀ ਖੁਭਦਾ। ਬੀ ਐੱਸ ਸੀ ਤੱਕ ਦੀ ਪੜ੍ਹਾਈ ਦੌਰਾਨ ਜਦ ਵੀ ਦਾਅ ਲੱਗਦਾ, ਕੋਈ ਨਾ ਕੋਈ ਨਾਵਲ ਜਾਂ ਕੋਈ ਹੋਰ ਸਾਹਿਤਕ ਰਚਨਾ ਪੜ੍ਹ ਛੱਡਦਾ। ਲੇਖਕਾਂ ਦਾ ਸਿਰਜਿਆ ਸੰਸਾਰ ਮੈਨੂੰ ਉਚੇਚਾ ਖਿੱਚ ਪਾਉਂਦਾ। ਮਨ ਹੀ ਮਨ ਸੋਚਦਾ, 'ਕਾਸ਼! ਕਿਤੇ ਇਹ ਸਭ ਪੜ੍ਹਨ ਦਾ ਖੁੱਲ੍ਹਾ ਮੌਕਾ ਮਿਲ ਜਾਵੇ!' ਕਹਿੰਦੇ ਨੇ ਜਿਹੜੀ ਚੀਜ਼ ਬਹੁਤ ਸ਼ਿੱਦਤ ਨਾਲ ਚਾਹੀ ਜਾਵੇ, ਉਸ ਦੀ ਪ੍ਰਾਪਤੀ ਲਈ ਮੌਕੇ-ਮੇਲ ਬਣ ਹੀ ਜਾਂਦੇ ਨੇ। ਮੇਰੇ ਲਈ ਵੀ ਇੱਕ ਸਮੇਂ ਅਜਿਹਾ ਮੌਕਾ-ਮੇਲ ਬਣ ਗਿਆ। ਗੱਲ ਕੁਝ ਇਵੇਂ ਵਾਪਰੀ ਕਿ ਬੀ ਐੱਸ ਸੀ ਦੀ ਡਿਗਰੀ ਉਪਰੰਤ ਜਦ ਸਾਇੰਸ ਦੀ ਮਾਸਟਰ ਡਿਗਰੀ ਲਈ ਮੈਂ ਯੂਨੀਵਰਸਿਟੀ ਅਪਲਾਈ ਕੀਤਾ ਤਾਂ ਲਿਸਟ ਵਿੱਚ ਨਾਂਅ ਹੋਣ ਦੇ ਬਾਵਜੂਦ ਇੱਕ ਛੋਟੀ ਜਿਹੀ ਤਕਨੀਕੀ ਗਲਤੀ ਕਾਰਨ ਮੇਰਾ ਦਾਖਲਾ ਹੁੰਦਾ-ਹੁੰਦਾ ਰਹਿ ਗਿਆ। ਮਨ ਨੂੰ ਘੋਰ ਨਿਰਾਸ਼ਾ ਨੇ ਘੇਰ ਲਿਆ। ਇੱਕ ਵਾਰ ਇਵੇਂ ਜਾਪਿਆ, ਜਿਵੇਂ ਮੇਰੇ ਅੱਗੇ ਦੇ ਸਭ ਰਸਤੇ ਬੰਦ ਹੋ ਗਏ ਹੋਣ। ਕੁਝ ਦਿਨ ਤਾਂ ਇਸ ਨਿਰਾਸ਼ਾ ਵਿੱਚ ਹੀ ਗੁਜ਼ਰ ਗਏ। ਹੌਲੀ-ਹੌਲੀ ਆਪਣੇ ਆਪ ਨੂੰ ਟਟੋਲਣਾ ਸ਼ੁਰੂ ਕੀਤਾ। ਮਨ ਵਿੱਚ ਕਈ ਕੁਝ ਜਰਬ, ਤਕਸੀਮ ਹੁੰਦਾ ਰਿਹਾ। ਹਨੇਰ ਨਾਲ ਭਰੇ ਮਨ ਵਿੱਚ ਹੌਲੀ-ਹੌਲੀ ਲੋਅ ਪ੍ਰਗਟ ਹੋਣੀ ਸ਼ੁਰੂ ਹੋ ਗਈ। ਆਪਣੇ ਆਪ ਨਾਲ ਸੰਵਾਦ ਚੱਲਣਾ ਸ਼ੁਰੂ ਹੋ ਗਿਆ। ਮਨ ਨੇ ਹੁੰਗਾਰਾ ਭਰਿਆ –

'ਦੁਨੀਆਂ ਦੀ ਛੱਡ... ਉਹ ਗੱਲ ਕਰ, ਜਿਸ ਦੀ ਤੇਰਾ ਮਨ ਗਵਾਹੀ ਦਿੰਦਾ ਐ!'

ਬੱਸ ਫਿਰ ਪੰਜਾਬੀ ਦੀ ਪੜ੍ਹਾਈ ਲਈ ਇਸ ਖੇਤਰ ਵਿੱਚ ਆਣ ਕੁੱਦਿਆ। ਉਹ ਦਿਨ ਜਾਵੇ, ਮੁੜ ਪਿੱਛੇ ਭਉਂ ਕੇ ਨਹੀਂ ਵੇਖਿਆ। ਪਿਛਲੇ ਪੈਂਤੀ ਸਾਲਾਂ ਤੋਂ ਇਹ ਸਫ਼ਰ ਲਗਾਤਾਰ ਜਾਰੀ ਹੈ।

**? ਇਨ੍ਹਾਂ ਪੈਂਤੀ ਸਾਲਾਂ ਦੇ ਸਫ਼ਰ ਦੀਆਂ ਬਹੁਤ ਸਾਰੀਆਂ ਯਾਦਾਂ ਹੋਣਗੀਆਂ। ਕੁਝ ਸਾਡੇ ਨਾਲ ਵੀ ਸਾਂਝੀਆਂ ਕਰੋ।**

—ਇਹ ਪੈਂਤੀ ਸਾਲ ਮੇਰੀ ਜ਼ਿੰਦਗੀ ਦੇ ਉਹ ਹੁਸੀਨ ਪਲ ਹਨ, ਜਿਨ੍ਹਾਂ ਵਿੱਚ ਮੇਰੀ ਹੋਂਦ ਨੇ ਆਪਣੇ ਅਰਥ ਗ੍ਰਹਿਣ ਕੀਤੇ ਹਨ। ਪਹਿਲਾਂ ਸਾਹਿਤ ਅਧਿਐਨ ਦੇ ਖੇਤਰ ਵਿੱਚ ਕਦਮ ਧਰ ਹੋਣਾ। ਉਥੋਂ ਪਸੰਦ ਵਾਲੀ ਪੱਕੀ ਸਰਕਾਰੀ ਕਾਲਜ ਅਧਿਆਪਕ ਦੀ ਨੌਕਰੀ 'ਤੇ ਜਾ ਲੱਗਣਾ। ਅਧਿਐਨ ਤੋਂ ਅਧਿਆਪਨ ਦੀ ਵੱਡੀ ਛਾਲ। ਗ੍ਰਹਿਸਤ ਦੀ ਗੱਡੀ ਦਾ ਸਵਾਰ ਬਣਨਾ। ਲੇਖਕਾਂ ਦੀਆਂ ਲਿਖਤਾਂ ਦੀ ਪਰਖ-ਪੜਚੋਲ ਤੇ ਉਨ੍ਹਾਂ ਨਾਲ ਮੇਲ-ਮਿਲਾਪ ਦੇ ਮੌਕੇ। ਜਲਦੀ ਹੀ ਆਲੋਚਕ ਵਜੋਂ ਜਾਣਿਆ ਜਾਣਾ। ਆਲੋਚਕ ਵਜੋਂ ਬਣੀ ਭੱਲ ਦੇ ਬਲਬੂਤੇ ਇੰਗਲੈਂਡ ਅਤੇ ਕੈਨੇਡਾ ਦੀਆਂ ਵਿਸ਼ਵ ਕਾਨਫ਼ਰੰਸਾਂ ਵਿੱਚ ਸ਼ਾਮਲ ਹੋਣ ਦੇ ਸਬੱਬ ਬਣਨੇ। ਇਨ੍ਹਾਂ ਸਬੱਬਾਂ ਦੇ ਬਲਬੂਤੇ ਇਨ੍ਹਾਂ ਮੁਲਕਾਂ ਨੂੰ ਨੇੜਿਓਂ ਵੇਖਣ ਦੇ ਅਨੁਭਵ ਅਤੇ ਇਸ 'ਚੋਂ ਨਿਕਲਦੇ ਦੋ ਸਫ਼ਰਨਾਮੇ 'ਲੰਡਨ ਨੂੰ ਮਿਲਦਿਆਂ' ਅਤੇ 'ਕੈਨੇਡਾ : ਇੱਕ ਬਾਗ ਬਹੁਰੰਗੀ' ਦਾ ਛਪਣਾ। ਪੰਜਾਬੀ ਚਿੰਤਕਾਂ ਅਤੇ ਪਾਠਕਾਂ ਦਾ ਇਨ੍ਹਾਂ ਲਿਖਤਾਂ ਨੂੰ ਵੱਡੀ ਪ੍ਰਵਾਨਗੀ ਦੇਣਾ। ਮੇਰੇ ਅੰਦਰਲੇ ਸਿਰਜਕ ਮਨ ਦਾ ਅੰਗੜਾਈ ਲੈਣਾ। ਅੰਦਰ ਬੈਠੇ ਕਹਾਣੀਕਾਰ ਦਾ ਬਾਹਰ ਆਉਣਾ। ਕਹਾਣੀ ਸੰਗ੍ਰਹਿ 'ਫੁੱਲਾਂ ਦੀ ਫ਼ਸਲ' ਦਾ ਹੋਂਦ ਧਾਰਨ ਕਰਨਾ। ਹੋਂਦ ਧਾਰਨ ਤੋਂ ਪਹਿਲਾਂ ਹੀ ਕਹਾਣੀਆਂ ਨੂੰ ਪੰਜਾਬੀ ਪਾਠਕਾਂ ਦੀ ਵੱਡੀ ਪ੍ਰਵਾਨਗੀ ਹਾਸਲ ਹੋ ਜਾਣਾ। ਇਉਂ ਜਦੋਂ ਮੈਂ ਆਪਣੇ ਪਿਛਲੇ ਸਾਢੇ ਤਿੰਨ ਦਹਾਕਿਆਂ ਦੇ ਆਪਣੇ ਸਾਹਿਤਕ ਜੀਵਨ ਸਫ਼ਰ 'ਤੇ ਝਾਤ ਮਾਰਦਾ ਹਾਂ ਤਾਂ ਆਪਣੇ ਜੀਵਨ-ਪੰਧ ਵਿੱਚ ਇਹ ਕੁਝ ਚਮਕਦੇ ਮੁਕਾਮ ਵਿਖਾਈ ਦਿੰਦੇ ਹਨ।

**? ਆਮ ਤੌਰ 'ਤੇ ਬਹੁਤੇ ਲੇਖਕਾਂ ਦੀ ਸ਼ੁਰੂਆਤ ਕਵਿਤਾ ਤੋਂ ਹੀ ਹੁੰਦੀ ਹੈ। ਤੁਹਾਡੀ ਸਾਹਿਤ ਸਿਰਜਣਾ ਦੇ ਸ਼ੁਰੂਆਤੀ ਦੌਰ ਵਿੱਚ ਅਜਿਹਾ ਕੁਝ ਵਾਪਰਿਆ? ਤੁਹਾਡੀ ਪਹਿਲੀ ਸਾਹਿਤਕ ਰਚਨਾ ਕਿਹੜੀ ਸੀ ਤੇ ਉਸ ਦਾ ਜਨਮ ਕਿਵੇਂ ਹੋਇਆ।**

—ਤੁਹਾਡੀ ਗੱਲ ਤਾਂ ਠੀਕ ਹੈ, ਪਰ ਮੇਰੇ ਸੰਬੰਧ ਵਿੱਚ ਇਵੇਂ ਨਹੀਂ ਵਾਪਰਿਆ। ਮੈਨੂੰ ਯਾਦ ਆਉਂਦਾ ਹੈ 'ਮਿੰਟਗੁਮਰੀ ਗੁਰੂ ਨਾਨਕ ਕਾਲਜ, ਜਲੰਧਰ' ਵਿੱਚ ਬੀ ਐੱਡ ਕਰਦਿਆਂ ਸਾਡੇ ਅਧਿਆਪਕਾਂ ਨੇ ਕਾਲਜ ਮੈਗਜ਼ੀਨ ਲਈ ਰਚਨਾਵਾਂ ਮੰਗੀਆਂ ਸਨ। 1988 ਦੇ ਉਨ੍ਹਾਂ ਸਮਿਆਂ ਵਿੱਚ ਪੰਜਾਬ ਵਿੱਚ ਖਾੜਕੂਵਾਦ/ਅੱਤਵਾਦ ਦਾ ਪੂਰਾ ਬੋਲਬਾਲਾ ਸੀ। ਮੈਗਜ਼ੀਨ ਲਈ ਮੈਂ ਵੀ ਉਸ ਦੌਰ ਨੂੰ ਆਧਾਰ ਬਣਾ ਕੇ ਇੱਕ ਕਹਾਣੀ ਲਿਖੀ ਸੀ। ਇਹ ਦੋ ਦੋਸਤਾਂ ਦੀ ਕਹਾਣੀ ਸੀ। ਇੱਕ ਖਾੜਕੂ ਸਫਾਂ ਵਿੱਚ ਜਾ ਰਲਦਾ ਹੈ ਤੇ ਦੂਜਾ ਪੁਲਸ ਵਿੱਚ ਭਰਤੀ ਹੋ ਜਾਂਦਾ ਹੈ। ਸਾਰਾ ਪਲਾਟ ਉਨ੍ਹਾਂ ਦੀ ਸੋਚ ਦੇ ਵਖਰੇਵੇਂ ਨੂੰ ਉਭਾਰਨ ਲਈ ਘੜਿਆ ਸੀ। ਕਹਾਣੀ ਦੇ ਅੰਤ 'ਤੇ ਪੁਲਸ ਵਾਲੇ ਹੱਥੋਂ ਖਾੜਕੂ ਦੋਸਤ ਮਾਰਿਆ ਜਾਂਦਾ ਹੈ। ਉਦੋਂ ਜਿੰਨੀ ਕੁ ਸਮਝ ਸੀ, ਉਸ ਮੁਤਾਬਕ ਮੈਂ ਦੋਵਾਂ ਧਿਰਾਂ ਦੇ ਦੁੱਖਾਂ-ਦਰਦਾਂ ਨੂੰ ਬਿਆਨਣ ਦਾ ਯਤਨ ਕੀਤਾ ਸੀ। ਭਾਵੇਂ ਕਿ ਮੇਰੀ ਅੰਦਰਲੀ ਹਮਦਰਦੀ ਮਾਰੇ ਗਏ ਦੋਸਤ ਨਾਲ ਵਧੇਰੇ ਸੀ। ਇਹ ਮੈਨੂੰ ਜਾਪਦਾ ਹੈ ਕਿ ਮੇਰੀ ਪਹਿਲੀ ਕਹਾਣੀ ਸੀ। ਭਾਵੇਂ ਕਿ ਇਸ ਦੀ ਕਾਪੀ ਮੇਰੇ ਕੋਲ ਮੌਜੂਦ ਨਹੀਂ ਤੇ ਮੈਨੂੰ ਇਸ ਦਾ ਨਾਂਅ ਤੱਕ ਵੀ ਮੈਨੂੰ ਭੁੱਲ ਗਿਆ ਹੈ। ਉਦੋਂ ਕਾਲਜ ਦੇ ਮੈਗਜ਼ੀਨ ਵਿੱਚ ਛਪੀ ਸੀ ਇਹ ਕਹਾਣੀ। ਬਾਅਦ ਵਿੱਚ ਮੈਂ ਇਹ ਗੱਲ ਨੋਟ ਕੀਤੀ ਸੀ ਕਿ ਮੈਗਜ਼ੀਨ ਵਿੱਚ ਜ਼ਿਆਦਾਤਰ ਸਮਗਰੀ ਕਵਿਤਾਵਾਂ/ ਲੇਖਾਂ ਅਤੇ ਚੁਟਕਲਿਆਂ ਨਾਲ ਸੰਬੰਧਤ ਸੀ। ਕਹਾਣੀ ਤਾਂ ਸਿਰਫ਼ ਮੇਰੀ ਹੀ ਸੀ ਜਾਂ ਸ਼ਾਇਦ ਕੋਈ ਇੱਕ-ਅੱਧ ਹੋਰ ਕਿਸੇ ਵੱਲੋਂ ਇਧਰੋਂ-ਉਧਰੋਂ ਚੁੱਕ ਕੇ ਆਪਣੇ ਨਾਂਅ ਥੱਲੇ ਛਪਵਾਈ ਹੋਈ ਸੀ। ਇਉਂ ਆਪਣੀ ਤਾਂ ਸ਼ੁਰੂਆਤ ਹੀ ਕਹਾਣੀ ਤੋਂ ਹੋਈ ਹੈ (ਹੱਸਦੇ ਹੋਏ) ਜਨਾਬ, ਪੈਦਾਇਸ਼ੀ ਕਹਾਣੀਕਾਰ ਹਾਂ!

ਖ਼ੈਰ! ਇਹ ਤਾਂ ਚੜ੍ਹਦੀ ਜੁਆਨੀ ਦੀਆਂ ਗੱਲਾਂ ਨੇ। ਅਸਲ ਵਿੱਚ ਮੇਰੀ ਸਾਹਿਤਕ ਸਿਰਜਣਕਾਰੀ ਦਾ ਅਸਲ ਸਫ਼ਰ ਇੰਗਲੈਂਡ ਯਾਤਰਾ ਨਾਲ ਬੱਝਦਾ ਹੈ। 2002 ਵਿੱਚ ਇੰਗਲੈਂਡ ਵਿੱਚ ਹੋਈ 'ਆਲਮੀ ਪੰਜਾਬੀ ਕਾਨਫ਼ਰੰਸ' ਵਿੱਚ ਜਾਣ ਦਾ ਮੌਕਾ ਮਿਲਦਾ ਹੈ। ਅਮੀਨ ਮਲਿਕ ਅਤੇ ਉਨ੍ਹਾ ਦੇ ਸਾਥੀਆਂ ਨੇ ਇਸ ਕਾਨਫ਼ਰੰਸ ਲਈ ਜੁਗਾੜ ਬਣਾਇਆ ਸੀ। ਇਧਰੋਂ ਦੀਪਕ ਮਨਮੋਹਨ ਸਿੰਘ ਹੁਰੀਂ ਇਸ ਦੇ ਪ੍ਰਬੰਧਕ ਸਨ। ਕਾਨਫ਼ਰੰਸ ਤਾਂ ਤਿੰਨ ਦਿਨ ਦੀ ਹੀ ਸੀ, ਪਰ ਇਸ ਦੇ ਪਰਾਂ 'ਤੇ ਸਵਾਰ ਹੋ ਕੇ ਮੈਂ ਪੂਰੇ ਚਾਲੀ ਦਿਨ ਇੰਗਲੈਂਡ ਦੀ ਯਾਤਰਾ 'ਤੇ ਚੜ੍ਹਿਆ ਰਿਹਾ। ਇੱਕ ਬੰਨੇ ਜੁਆਨੀ ਦਾ ਠਾਠਾਂ ਮਾਰਦਾ ਵੇਗ ਅਤੇ ਦੂਜੇ ਬੰਨੇ ਇੰਗਲੈਂਡ ਦੀ ਦੂਰੋਂ ਨਜ਼ਰ ਆਉਂਦੀ ਖ਼ੂਬਸੂਰਤੀ। ਭਾਰਤ ਅਤੇ ਇੰਗਲੈਂਡ ਦੀਆਂ ਧਰਤੀਆਂ ਦੀ ਜ਼ਿੰਦਗੀ ਵਿਚ ਜ਼ਮੀਨ-ਅਸਮਾਨ ਜਿਹਾ ਫਰਕ ਮਹਿਸੂਸ ਹੋਇਆ। ਜਦ ਇਸ ਜ਼ਿੰਦਗੀ ਨੂੰ ਨੇੜਿਓਂ ਨੀਝ ਨਾਲ ਤੱਕਿਆ ਤਾਂ ਕਈ ਕੁਝ ਅੰਦਰੋਂ ਟੁੱਟਦਾ-ਭੱਜਦਾ ਅਤੇ ਬਾਹਰੋਂ ਲਿੱਪਾ-ਪੋਚੀ ਵਾਲਾ ਜਾਪਿਆ। ਇਸ ਸਭ ਕਾਸੇ ਨੇ ਮਨ ਨੂੰ ਇੱਕੋ ਵੇਲੇ ਜੇ ਵਿਸਮਾਦਤ ਕੀਤਾ ਤਾਂ ਨਾਲ ਦੀ ਨਾਲ ਬੇਚੈਨ ਵੀ ਕਰੀ ਰੱਖਿਆ। ਵਾਪਸ ਪਰਤਿਆ ਤਾਂ ਮਨ ਦੇ ਵਲਵਲੇ ਕਾਗਜ਼ਾਂ 'ਤੇ ਝਰੀਟਣ ਲੱਗ ਪਿਆ। ਇਸ ਕਾਰਜ ਵਿੱਚ ਡੁੱਬਿਆਂ ਛੇ ਮਹੀਨੇ ਲੰਘ ਗਏ। ਸਫ਼ਰਨਾਮਾ ਦੇ ਕੁਝ ਕਾਂਡ ਲਿਖ ਕੇ ਮੈਨੂੰ ਖ਼ੁਦ ਜਾਪਿਆ ਜਿਵੇਂ ਮੇਰਾ ਆਪਣਾ ਅੰਦਰ ਇਨ੍ਹਾਂ ਵਿੱਚ ਵਹਿ ਤੁਰਿਆ ਹੋਵੇ। ਇਸ ਸਭ ਨਾਲ ਮੈਂ ਕਦੇ ਹੱਸਿਆ, ਕਦੇ ਰੋਇਆ। ਕਦੇ ਸ਼ਾਂਤੀ ਤੇ ਕਦੇ ਬੈਚੈਨੀ ਨਾਲ ਭਰਦਾ ਰਿਹਾ। ਇਹ ਜੋ ਵੀ ਸੀ 'ਲੰਡਨ ਨੂੰ ਮਿਲਦਿਆਂ' ਨਾਂਅ ਧਾਰ ਕੇ ਪਾਠਕਾਂ ਦੀ ਕਚਹਿਰੀ ਵਿੱਚ ਪਹੁੰਚਿਆ। ਅੱਗੋਂ ਸਾਹਿਤਕ ਸਿਆਣਿਆਂ ਨੇ ਇਸ ਲਿਖਤ ਨੂੰ ਏਨਾ ਮਾਣ ਬਖਸ਼ਿਆ ਕਿ ਮੈਨੂੰ ਜਾਪਣ ਲੱਗਾ ਕਿ ਮੇਰੇ ਕਰਨ ਵਾਲਾ ਅਸਲੀ ਕਾਰਜ ਇਹੀ ਹੈ।

**? ਆਲੋਚਕ ਵਜੋਂ ਸ਼ੁਰੂਆਤ, ਸਫ਼ਰਨਾਮਾਕਾਰ ਵਜੋਂ ਸਾਹਿਤਕ ਹਲਕਿਆਂ ਵਿੱਚ ਆਪਣੀ ਪਛਾਣ ਬਣਾਉਣਾ ਤੇ ਫਿਰ ਕਹਾਣੀ ਵਿਧਾ ਵੱਲ ਮੋੜਾ ਕੱਟਣਾ, ਕਹਾਣੀਕਾਰ ਵਜੋਂ ਆਪਣੇ ਇਸ ਸਾਹਿਤਕ ਸਫ਼ਰ ਨੂੰ ਕਿਵੇਂ ਵੇਖਦੇ ਹੋ।**

—ਆਲੋਚਕ ਵਜੋਂ ਸ਼ੁਰੂਆਤ ਦਾ ਮੁੱਖ ਕਾਰਨ ਮੇਰੀ ਉੱਚ ਸਿੱਖਿਆ ਦੀ ਪੜ੍ਹਾਈ ਦੀ ਟ੍ਰੇਨਿੰਗ ਵਿੱਚ ਪਿਆ ਹੈ। ਪੀ ਐੱਚ ਡੀ ਦੀ ਪੜ੍ਹਾਈ ਦੌਰਾਨ ਸਾਹਿਤਕ ਲਿਖਤਾਂ ਦੀ ਪਰਖ-ਪੜਚੋਲ ਹੀ ਕੀਤੀ ਜਾਂਦੀ ਹੈ ਤੇ ਇਸੇ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ। ਅੱਗੋਂ ਨੌਕਰੀ ਲੈਣ ਲਈ ਵੀ ਇਹੀ ਕੁਝ ਕੰਮ ਆਉਂਦਾ ਹੈ। ਸਿਰਜਣਾ ਦੇ ਕਾਰਜ ਲਈ ਸਾਡੀਆਂ ਯੂਨੀਵਰਸਿਟੀਆਂ ਵਿਚਲੀ ਉਚੇਰੀ ਸਿੱਖਿਆ ਵਿੱਚ ਨਾ ਤਾਂ ਕੋਈ ਖਾਸ ਪ੍ਰਬੰਧ ਹੈ ਅਤੇ ਨਾ ਹੀ ਨੌਕਰੀ ਵੇਲੇ ਇਸ ਦੀ ਕੋਈ ਬਹੁਤੀ ਵੁੱਕਤ ਪੈਂਦੀ ਹੈ। ਤੁਹਾਡੀ ਡਿਗਰੀ ਅਤੇ ਆਲੋਚਨਾ ਦੀਆਂ ਕਿਤਾਬਾਂ ਹੀ ਤੁਹਾਨੂੰ ਇੰਟਰਵਿਊ ਦੇ ਭਵ-ਸਾਗਰ ਤੋਂ ਪਾਰ ਕਰਵਾਉਣ ਦਾ ਹੀਲਾ-ਵਸੀਲਾ ਬਣਦੀਆਂ ਹਨ। ਸਿਰਜਣਾ ਦੀਆਂ ਕਿਤਾਬਾਂ ਨੂੰ ਤਾਂ ਵਿਦਵਾਨ ਸੱਜਣ ਹੁਰੀਂ ਹਲਕਾ ਜਿਹਾ ਝਾਕ ਕੇ ਇੱਕ ਪਾਸੇ ਸਰਕਾ ਦਿੰਦੇ ਹਨ। ਇਸ ਸਾਰੇ ਮਾਹੌਲ ਵਿੱਚ ਮੇਰਾ ਸਫ਼ਰ ਵੀ ਸਾਹਿਤਕ ਰਚਨਾਵਾਂ ਦੀ ਪਰਖ-ਪੜਚੋਲ ਕਰਨ ਵਾਲੇ ਪਾਸਿਓਂ ਹੀ ਸ਼ੁਰੂ ਹੁੰਦਾ ਹੈ। ਮੇਰੇ ਚੰਗੇ ਭਾਗ ਇਸ ਬੰਨੇ ਮੇਰੇ ਜਲਦੀ ਪੈਰ ਲੱਗ ਜਾਂਦੇ ਹਨ ਤੇ ਪਛਾਣ ਬਣਨੀ ਸ਼ੁਰੂ ਹੋ ਜਾਂਦੀ ਹੈ। ਡਾਕਟਰੇਟ ਦੀ ਡਿਗਰੀ ਲਈ ਮੇਰੇ ਕੀਤੇ ਗਏ ਕੰਮ ਦਾ ਇੱਕ ਹਿੱਸਾ 2002 ਵਿੱਚ 'ਬਿਰਤਾਂਤ ਸ਼ਾਸਤਰ: ਉੱਤਰ ਆਧੁਨਿਕ ਪਰਿਪੇਖ' ਨਾਂਅ ਹੇਠ ਛਪਦਾ ਹੈ। ਇਸ ਪੁਸਤਕ ਦਾ ਗੰਭੀਰ ਚਿੰਤਨੀ ਹਲਕਿਆਂ ਵਿੱਚ ਭਰਵਾਂ ਸਵਾਗਤ ਹੁੰਦਾ ਹੈ। 'ਬਿਰਤਾਂਤ ਸ਼ਾਸਤਰ' ਸੰਬੰਧੀ ਪੰਜਾਬੀ ਵਿਚਲਾ ਮੁੱਢਲਾ ਕੰਮ ਹੋਣ ਕਰਕੇ ਮੇਰੀ ਵਾਹਵਾ ਭੱਲ ਬਣ ਜਾਂਦੀ ਹੈ। ਇਸ ਭੱਲ ਦੇ ਬਲਬੂਤੇ ਵਿਦੇਸ਼ਾਂ (ਇੰਗਲੈਂਡ, ਕੈਨੇਡਾ) ਦੇ ਚੱਕਰ ਲੱਗ ਜਾਂਦੇ ਹਨ, ਜਿਹੜੇ ਮੇਰੇ ਅੰਦਰਲੇ ਬੰਦੇ ਨੂੰ ਨਵੇਂ ਸਿਰਿਓਂ ਘੜਦੇ-ਬੀੜਦੇ ਹਨ। 2003 ਵਿੱਚ 'ਲੰਡਨ ਨੂੰ ਮਿਲਦਿਆਂ' ਦੇ ਛਪਣ ਨਾਲ ਮੇਰੇ ਅੰਦਰਲਾ ਸਿਰਜਕ ਨਵੇਂ ਰੂਪ ਵਿੱਚ ਸਾਹਮਣੇ ਆਉਂਦਾ ਹੈ। 2005 ਵਿੱਚ 'ਕੈਨੇਡਾ: ਇੱਕ ਬਾਗ ਬਹੁਰੰਗੀ' ਦੇ ਛਪਣ ਨਾਲ ਮੇਰੀ ਸਫ਼ਰਨਾਮਾਕਾਰ ਦੇ ਤੌਰ 'ਤੇ ਪਛਾਣ ਹੋਰ ਗੂੜ੍ਹੀ ਹੋ ਜਾਂਦੀ ਹੈ। ਇਸ ਉਪਰੰਤ ਮੇਰੇ ਸਿਰਜਕ ਅਤੇ ਆਲਚੋਕ ਵਾਲੇ ਦੋਨੋਂ ਰੂਪ ਇਕੱਠਿਆਂ ਜਾਰੀ ਰਹਿੰਦੇ ਹਨ। ਇਸੇ ਦੌਰਾਨ ਹੀ 2010 ਵਿੱਚ ਮੇਰੇ ਅੰਦਰਲਾ ਕਹਾਣੀਕਾਰ ਅੰਗੜਾਈ ਭੰਨਦਾ ਹੈ ਅਤੇ 'ਸੰਤ ਦਾ ਕਤਲ' ਕਹਾਣੀ ਲਿਖ ਹੋ ਜਾਂਦੀ ਹੈ। ਕਹਾਣੀ ਨੂੰ ਉਸ ਵਕਤ ਸਾਹਿਤਕ ਹਲਕਿਆਂ ਵਿੱਚ ਨਵੀਂ ਆਮਦ ਦਾ ਸੁਨੇਹਾ ਬਣੇ 'ਹੁਣ' ਰਸਾਲੇ ਨੂੰ ਭੇਜਦਾ ਹਾਂ। ਅਵਤਾਰ ਜੰਡਿਆਲਵੀ ਵੱਲੋਂ ਸ਼ੁਰੂ ਕੀਤਾ 'ਹੁਣ' ਰਸਾਲਾ ਉਸ ਵੇਲੇ ਪੂਰੀ ਤਰ੍ਹਾਂ ਸਥਾਪਤ ਹੋ ਚੁੱਕਾ ਸੀ। ਵੱਡੇ-ਵੱਡੇ ਲੇਖਕ ਇਸ ਵਿੱਚ ਛਪਣਾ ਆਪਣੀ ਸ਼ਾਨ ਦੀ ਗੱਲ ਸਮਝਦੇ ਸਨ। ਕਹਾਣੀ ਇਸ ਰਸਾਲੇ ਦੇ ਸਤੰਬਰ-ਦਸੰਬਰ 2010 ਵਾਲੇ 16ਵੇਂ ਅੰਕ ਵਿੱਚ ਛਪਦੀ ਹੈ। ਕਹਾਣੀ ਨਾਲ ਇੱਕ ਛੋਟੀ ਜਿਹੀ ਟਿੱਪਣੀ ਵੀ ਦਰਜ ਕੀਤੀ ਹੋਈ ਸੀ। ਟਿੱਪਣੀ ਦੀਆਂ ਅੰਤਮ ਸਤਰਾਂ ਵਿੱਚ ਦਰਜ ਸੀ, "...ਆਮ ਤੌਰ 'ਤੇ ਮੌਲਿਕ ਲੇਖਕ ਹੌਲੀ-ਹੌਲੀ ਆਲੋਚਨਾ ਵੱਲ ਖਿਸਕਦੇ ਜਾਂਦੇ ਹਨ, ਪਰ ਸੁਖਪਾਲ ਥਿੰਦ ਆਲੋਚਨਾ ਤੋਂ ਕਹਾਣੀ ਲਿਖਣ ਵੱਲ ਆਇਆ ਹੈ। ਇਸ ਨੂੰ ਸ਼ੁਭ ਸ਼ਗਨ ਸਮਝਦਿਆਂ 'ਹੁਣ' ਸੁਖਪਾਲ ਥਿੰਦ ਦੀ ਪਹਿਲੀ ਕਹਾਣੀ ਛਾਪਣ ਦਾ ਮਾਣ ਲੈ ਰਿਹਾ ਹੈ।"

ਕਹਾਣੀ ਨੂੰ ਚੰਗਾ ਹੁੰਗਾਰਾ ਮਿਲਦਾ ਹੈ। ਬੱਸ ਫਿਰ ਇਹ ਸਿਲਸਿਲਾ ਤੁਰ ਪੈਂਦਾ ਹੈ। ਮੇਰੀ ਹਰ ਕਹਾਣੀ 'ਹੁਣ' ਦੇ ਪੰਨਿਆਂ ਦਾ ਸ਼ਿੰਗਾਰ ਬਣਦੀ ਹੈ। ਮੇਰੀਆਂ ਇਸ ਤੋਂ ਅਗਲੀਆ ਕਹਾਣੀਆਂ 'ਵਾਰਸ', 'ਫੁੱਲਾਂ ਦੀ ਫ਼ਸਲ', 'ਕਾਲਖ਼ ਕੋਠੜੀ' ਆਦਿ ਇਸ ਰਸਾਲੇ ਵਿੱਚ ਹੀ ਛਪਦੀਆਂ ਹਨ ਅਤੇ ਵੱਡੀ ਪਾਠਕ ਪ੍ਰਵਾਨਗੀ ਹਾਸਲ ਕਰਦੀਆਂ ਹਨ। 'ਫੁੱਲਾਂ ਦੀ ਫ਼ਸਲ' ਕਹਾਣੀ ਰਾਹੀਂ ਤਾਂ ਪਾਠਕਾਂ ਦੀ ਰਹਿਮਤ ਦੀ ਇੱਕ ਤਰ੍ਹਾਂ ਛਹਿਬਰ ਹੀ ਛਿੜ ਜਾਂਦੀ ਹੈ। 2020 ਵਿੱਚ ਕਹਾਣੀ ਪੁਸਤਕ 'ਫੁੱਲਾਂ ਦੀ ਫ਼ਸਲ' ਛਪਦੀ ਹੈ। ਪੁਸਤਕ ਨੂੰ ਪਾਠਕ ਹੱਥੋ-ਹੱਥ ਲੈਂਦੇ ਹਨ। ਪ੍ਰਸਿੱਧ ਕਹਾਣੀਕਾਰ ਦਲਬੀਰ ਚੇਤਨ ਅਤੇ ਉੱਚ ਦੁਮਾਲੜੇ ਲੇਖਕ ਜਸਵੰਤ ਸਿੰਘ ਕੰਵਲ ਦੀ ਯਾਦ ਵਿੱਚ ਸਥਾਪਤ ਇਨਾਮਾਂ ਲਈ 'ਫੁੱਲਾਂ ਦੀ ਫ਼ਸਲ' ਪੁਸਤਕ ਨੂੰ ਸਾਲ 2020 ਦੀ ਬਿਹਤਰੀਨ ਕਹਾਣੀ ਪੁਸਤਕ ਵਜੋਂ ਸਨਮਾਨਿਆ ਜਾਂਦਾ ਹੈ। ਮੇਰੀ ਸਿਰਜਣਾ 'ਤੇ ਟਕਸਾਲੀ ਠੱਪਾ ਲੱਗਦਾ ਹੈ। ਜਿਨ੍ਹਾਂ ਲੇਖਕਾਂ ਨੂੰ ਪੜ੍ਹ ਕੇ ਸਾਹਿਤ ਖੇਤਰ ਲਈ ਪ੍ਰੇਰਿਆ ਗਿਆ ਸਾਂ, ਉਨ੍ਹਾਂ ਦੀ ਯਾਦ ਵਿੱਚ ਸਥਾਪਤ ਇਨਾਮਾਂ ਦਾ ਮੇਰੀ ਸਿਰਜਣਕਾਰੀ ਬਲਬੂਤੇ ਮੇਰੀ ਝੋਲੀ ਪੈਣਾ ਮੈਨੂੰ ਮਾਣ ਨਾਲ ਭਰਦਾ ਹੈ। ਨਿਸ਼ਚੇ ਹੀ ਇਨ੍ਹਾਂ ਇਨਾਮਾਂ/ਸਨਮਾਨਾਂ ਨੇ ਸਿਰਜਣਾ ਦੇ ਕਾਰਜ ਨੂੰ ਹੋਰ ਵੀ ਮਿਹਨਤ ਅਤੇ ਗੰਭੀਰਤਾ ਨਾਲ ਕਰਨ ਲਈ ਪ੍ਰੇਰਿਆ ਹੈ। ਹੁਣ ਜਾਪਦਾ ਹੈ ਜਿਵੇਂ ਮੇਰੀ ਸਾਹਿਤਕ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੋਵੇ। ਇਸੇ ਦੀ ਬਦੌਲਤ ਅੱਜ-ਕੱਲ੍ਹ ਮੈਨੂੰ ਆਪਣੀ ਸਿਰਜਣਕਾਰੀ ਵਾਲਾ ਕਾਰਜ ਕਿਸੇ ਵੀ ਹੋਰ ਕਾਰਜ ਨਾਲੋਂ ਵਧੇਰੇ ਮਹੱਤਵਪੂਰਨ ਜਾਪਣ ਲੱਗ ਪਿਆ ਹੈ।

**? ਕਹਾਣੀਕਾਰ ਵਜੋਂ ਇਸ ਨਵੇਂ ਮੋੜ ਕੱਟਣ ਨਾਲ ਫਿਰ ਤੁਹਾਡੇ ਅੰਦਰਲੇ ਆਲੋਚਕ ਦਾ ਕੀ ਹਾਲ ਹੈ।**

—(ਹੱਸਦੇ ਹੋਏ) ਉਂ ਤਾਂ ਆਲੋਚਕ ਪੂਰਾ ਕੈਮ ਐ!...ਆਲੋਚਨਾ ਬਿਨਾਂ ਕਿੱਥੇ ਕੰਮ ਚਲਦਾ? ਸਿਰਜਣਾ ਵਿੱਚ ਵੀ ਆਲੋਚਕ ਦਾ ਪੂਰਾ ਰੋਲ ਰਹਿੰਦਾ, ਪਰ ਮੈਂ ਇਥੇ 'ਸਿਰਜਣਾਤਮਕ ਆਲੋਚਕ' ਦੀ ਗੱਲ ਕਰ ਰਿਹਾ। ਭਾਰੀ ਭਰਕਮ ਆਲੋਚਨਾ ਦੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



'ਫੁੱਲਾਂ ਦੀ ਫਸਲ' ਸੰਗ੍ਰਹਿ ਲਈ ਦਲਬੀਰ ਚੇਤਨ ਸਨਮਾਨ ਪ੍ਰਾਪਤ ਕਰਦੇ ਹੋਏ।

## ਬਾਲ ਕੋਨਾ



ਗਿਫ਼ਟੀ, ਤੀਜੀ, ਰਿਆਨ ਇੰਟਰਨੈਸ਼ਨਲ ਸਕੂਲ, ਪਟਿਆਲਾ



ਗਿਫ਼ਟੀ, ਤੀਜੀ, ਰਿਆਨ ਇੰਟਰਨੈਸ਼ਨਲ ਸਕੂਲ, ਪਟਿਆਲਾ



ਗਿਫ਼ਟੀ, ਤੀਜੀ, ਰਿਆਨ ਇੰਟਰਨੈਸ਼ਨਲ ਸਕੂਲ, ਪਟਿਆਲਾ